**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969


Jassi Gill
CA DRE# 00966763

**Hardeep S.Rai**
ਇੰਮੀਗਰੇਸ਼ਨ ਵਕੀਲ Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO TEL: 415.693.9131 FAX. 415.693.9135
rai@hsrai.com www.hsrai.com
Fremont TEL: 510-791-1111 FAX: 510-791-1119

**Obama Care Covered CA**
ਐਪਲੀਕੇਸ਼ਨ ਭਰਨ ਲਈ ਸਾਨੂੰ ਫੋਨ ਕਰੋ
ਕੋਈ ਫੀਸ ਨਹੀਂ
COVERED CALIFORNIA Certified Insurance Agent
Ph: 510-797-7989
e-mail: Duabba1@gmail.com
2450 Peralta Blvd. # 203, Fremont, CA 94536
Insurance Services Since 1999 License # 0C70672

Eighteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 02, January 14, 2017 20451 N Plum Grove Rd., Palatine, IL 60074 Ph:847-359-0746, Fax:847-705-9388

# ‘ਆਪ’ ਨੂੰ ਪਿਆਰ ਤੇ ਅਕਾਲੀਆਂ ਨੂੰ ਮਾਰ ਨੇ ਬਦਲਿਆ ਚੋਣ ਦ੍ਰਿਸ਼

## ਤਿੰਨ ਧਿਰੀ ਮੁਕਾਬਲੇ ਨੇ ਚਾੜ੍ਹਿਆ ਪੰਜਾਬ ਦਾ ਸਿਆਸੀ ਪਾਰਾ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਧਾਨ ਸਭਾ ਚੋਣਾਂ ਲਈ 4 ਫਰਵਰੀ ਨੂੰ ਵੋਟਾਂ ਦੇ ਐਲਾਨ ਦੇ ਨਾਲ ਹੀ ਸੂਬੇ ਦਾ ਸਿਆਸੀ ਪਾਰਾ ਚੜ੍ਹ ਗਿਆ ਹੈ। ਵਿਧਾਨ ਸਭਾ ਚੋਣਾਂ ਵਿਚ ਪਹਿਲੀ ਵਾਰ ਰਵਾਇਤੀ ਧਿਰਾਂ-ਬਾਦਲਾਂ ਵਾਲਾ ਅਕਾਲੀ ਦਲ ਤੇ ਕਾਂਗਰਸ ਤੋਂ ਇਲਾਵਾ ਆਮ ਆਦਮੀ ਪਾਰਟੀ (ਆਪ) ਨਵੀਂ ਧਿਰ ਵਜੋਂ ਚੋਣ ਮੈਦਾਨ ਵਿਚ ਹੈ। ਪੰਜਾਬ ਵਿਚ ਹਰ ਪੰਜ ਸਾਲਾਂ ਬਾਅਦ ਚੋਣਾਂ ਵੇਲੇ ਭਾਵੇਂ ਖੁੰਬਾਂ ਵਾਂਗ ਸਿਆਸੀ ਪਾਰਟੀਆਂ ਖੜ੍ਹੀਆਂ ਹੁੰਦੀਆਂ ਹਨ, ਪਰ ਇਸ ਨਵੀਂ ਧਿਰ (ਆਪ) ਨੂੰ ਸੂਬੇ ਵਿਚ ਮਿਲ ਰਹੇ ਹੁੰਗਾਰੇ ਨੇ ਇਸ ਵਾਰ ਪੰਜਾਬ ਦਾ ਚੋਣ ਦ੍ਰਿਸ਼ ਕੁਝ ਵੱਖਰਾ ਕਰ ਦਿੱਤਾ ਹੈ।

ਦੂਜੇ ਪਾਸੇ ਪਿਛਲੇ ਦਸ ਸਾਲਾਂ ਤੋਂ ਸੱਤਾ ਦਾ ਸੁਖ ਭੋਗ ਰਹੇ ਸ਼੍ਰੋਮਣੀ ਅਕਾਲੀ ਦਲ ਲਈ ਲੋਕ ਰੋਹ ਚੁਣੌਤੀ ਬਣਿਆ ਹੋਇਆ ਹੈ। ਇਹ ਪਹਿਲੀ ਵਾਰ ਹੈ ਜਦੋਂ ਸੱਤਾਧਾਰੀ ਧਿਰ ਨੂੰ ਇੰਨੇ ਵੱਡੇ ਪੱਧਰ ਉਤੇ ਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਾਦਲਾਂ ਨੂੰ ਸਭ ਤੋਂ ਵੱਡੀ ਵੰਗਾਰ ਉਨ੍ਹਾਂ ਦੇ ਰਵਾਇਤੀ ਹਲਕਿਆਂ ਵਿਚ ਹੀ ਮਿਲ ਰਹੀ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਕਾਫਲੇ ਨੂੰ ਉਸ ਦੇ ਆਪਣੇ ਹਲਕੇ ਜਲਾਲਾਬਾਦ ਵਿਚ ਲੋਕਾਂ ਦੀ ਪੱਥਰਾਅ ਦਾ ਸ਼ਿਕਾਰ ਹੋਣਾ ਪਿਆ। ਇਸ ਤੋਂ ਪਹਿਲਾਂ ਸਿਕੰਦਰ ਸਿੰਘ ਮਲੂਕਾ, ਜਗਦੀਪ ਸਿੰਘ ਨਕਈ ਅਤੇ ਕਈ ਹੋਰ ਲੀਡਰਾਂ ਦਾ ਪਿੰਡਾਂ ਵਿਚ ਵਿਰੋਧ ਹੋਇਆ ਹੈ। ਖੁਫੀਆ ਏਜੰਸੀਆਂ ਨੇ ਚੋਣ ਅਫਸਰਾਂ ਨੂੰ ਚੌਕਸ ਕੀਤਾ ਹੈ ਕਿ ਲੋਕਾਂ ਵਿਚ ਰੋਹ ਕਾਰਨ ਬਾਦਲਾਂ ਦੀਆਂ ਰੈਲੀਆਂ ਦੌਰਾਨ ਗੜਬੜ ਹੋਣ ਦੇ ਆਸਾਰ ਹਨ।



*ਸੰਗਤ ਦਰਸ਼ਨ ਦੌਰਾਨ ਮੁੱਖ ਮੰਤਰੀ ‘ਤੇ ਸਵਾਲਾਂ ਦੀ ਵਾਛੜ।*

ਇਹ ਵੀ ਸਾਹਮਣੇ ਆਇਆ ਹੈ ਕਿ ਚੋਣ ਜ਼ਾਬਤੇ ਪਿੱਛੋਂ ਅਕਾਲੀਆਂ ਦੀ ਗੁਲਾਮ ਬਣੀ ਪੰਜਾਬ ਪੁਲਿਸ ਵੀ ‘ਸ਼ੇਰ’ ਬਣ ਗਈ ਹੈ। ਇਸ ਦੀ ਮਿਸਾਲ ਚੋਣ ਜ਼ਾਬਤੇ ਦੇ ਅਗਲੇ ਹੀ ਦਿਨ ਮਿਲੀ ਜਦੋਂ ਫਾਜ਼ਿਲਕਾ ਜੇਲ੍ਹ ਵਿਚ ਅਕਾਲੀ ਆਗੂ ਸ਼ਿਵ ਲਾਲ ਡੋਡਾ ਨਾਲ ਚੋਣ ਮੀਟਿੰਗ ਕਰ ਰਹੇ 25 ਅਕਾਲੀ ਆਗੂਆਂ ਨੂੰ ਪੁਲਿਸ ਨੇ ਚੁੱਕ ਲਿਆ। ਿ

ਇਸ ਤੋਂ ਇਲਾਵਾ ਫਰੀਦਕੋਟ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪਰਮਬੰਸ ਸਿੰਘ ਬੰਟੀ ਰੋਮਾਣਾ ਦੇ ਚੋਣ ਦਫਤਰ ਦੇ ਉਦਘਾਟਨ ਵੇਲੇ ਸੜਕ ਉਥੇ ਲਾਈਆਂ ਤਿੰਨ ਹਜ਼ਾਰ ਕੁਰਸੀਆਂ ਪੁਲਿਸ ਚੁੱਕ ਕੇ ਚਲਦੀ ਬਣੀ ਤੇ ਅਕਾਲੀਆਂ ਨੇ ਖੜ੍ਹੇ-ਖੜ੍ਹੇ ਹੀ ਰੈਲੀ ਭੁਗਤਾਈ। ਇਹ ਪਹਿਲੀ

(ਬਾਕੀ ਸਫਾ 6 ’ਤੇ)

## ਉਮੀਦਵਾਰ ਵਜੋਂ ਗੈਰਸਿਆਸੀ ਹਸਤੀਆਂ ਨੂੰ ਮਿਲੀ ਪਹਿਲ...

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਇਸ ਵਾਰ ਸਿਆਸੀ ਹਸਤੀਆਂ ਦੀ ਥਾਂ ਐਨ.ਆਰ.ਆਈ., ਪੱਤਰਕਾਰ, ਗਾਇਕ, ਖਿਡਾਰੀ, ਕਲਾਕਾਰ ਤੇ ਅਫਸਰ ਚੋਣ ਮੈਦਾਨ ਵਿਚ ਹਨ। ਸਿਆਸਤ ਤੋਂ ਦੂਰੀ ਬਣਾਈ ਰੱਖਣ ਵਾਲਾ ਗੁਰਪ੍ਰੀਤ ਸਿੰਘ ਘੁੱਗੀ ਹੁਣ ਵੜੈਚ ਬਣ ਕੇ ਨਾ ਸਿਰਫ ‘ਆਪ’ ਦਾ ਪੰਜਾਬ ਦਾ ਕਨਵੀਨਰ ਹੈ, ਬਲਕਿ ਬਟਾਲਾ ਤੋਂ ਚੋਣ ਮੈਦਾਨ ਵਿਚ ਵੀ ਹੈ। ਇਸ ਚੋਣ ਵਿਚ ਇਕ ਦਰਜਨ ਦੇ ਕਰੀਬ ਅਫਸਰ ਚੋਣ ਮੈਦਾਨ ਵਿਚ ਹਨ। ਅਕਾਲੀ ਦਲ ਵੱਲੋਂ ਮੁਹਾਲੀ ਦੇ ਡੀ.ਸੀ. ਰਹੇ ਮੌਜੂਦਾ ਮੰਡੀ ਬੋਰਡ ਦੇ ਸਕੱਤਰ ਰਹੇ ਤੇਜਿੰਦਰ ਪਾਲ ਸਿੰਘ ਸਿੱਧੂ ਅਤੇ ਕਾਂਗਰਸ ਵੱਲੋਂ ਮੋਗਾ ਦੇ ਡਿਪਟੀ ਕਮਿਸ਼ਨਰ ਕੁਲਦੀਪ ਵੈਦ ਅਸਤੀਫੇ ਦੇ ਕੇ ਚੋਣ ਮੈਦਾਨ ਵਿਚ ਉਤਾਰੇ ਗਏ ਹਨ। ਆਈ.ਪੀ.ਐਸ. ਕਰਤਾਰ ਸਿੰਘ, ਪੀ.ਪੀ.ਐਸ. ਸੱਜਣ ਸਿੰਘ ਚੀਮਾ ਆਪ ਦੇ ਉਮੀਦਵਾਰ ਹਨ।

## ਮੁੱਖ ਮੰਤਰੀ ਦੇ ਉਮੀਦਵਾਰ ਬਾਰੇ ਮਘੀ ਸਿਆਸਤ

**ਚੰਡੀਗੜ੍ਹ:** ਪੰਜਾਬ ਦੌਰੇ ਉਤੇ ਆਏ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਉਤੇ ਅਰਵਿੰਦ ਕੇਜਰੀਵਾਲ ਦੇ ਸੂਬੇ ਦਾ ਮੁੱਖ ਮੰਤਰੀ ਬਣਨ ਵੱਲ ਇਸ਼ਾਰਾ ਕਰ ਕੇ ਪੰਜਾਬ ਦੀ ਸਿਆਸਤ ਵਿਚ ਨਵਾਂ ਉਬਾਲ ਲੈ ਆਂਦਾ। ਸਿਸੋਦੀਆ ਦੇ ਮੂੰਹੋਂ ਇਹ ਸ਼ਬਦ ਨਿਕਲਣ ਦੀ ਦੇਰ ਸੀ ਕਿ ਵਿਰੋਧੀ ਧਿਰਾਂ ਦੇ ਨਾਲ-ਨਾਲ ਆਪ ਦੇ ਸੰਸਦ ਮੈਂਬਰ ਭਗਵੰਤ ਮਾਣ ਵੀ ਇਸ ਦੇ ਵਿਰੋਧ ਵਿਚ ਆ ਖੜ੍ਹੇ ਹੋਏ। ਦੱਸਣਯੋਗ ਹੈ ਕਿ ਵਿਰੋਧ ਧਿਰਾਂ ਹੁਣ ਤੱਕ ਆਪ ਨੂੰ ਬਾਹਰੀ ਆਗੂਆਂ ਦੇ ਦਬਦਬੇ ਵਾਲੀ ਪਾਰਟੀ ਆਖ ਕੇ ਭੰਡਦੀਆਂ ਰਹੀਆਂ ਹਨ, ਪਰ ਸਿਸੋਦੀਆ ਦੇ ਇਸ ਬਿਆਨ ਨੇ ਇਨ੍ਹਾਂ ਧਿਰਾਂ ਨੂੰ ਖੁੱਲ੍ਹੇ ਕੇ ਵਿਰੋਧ ਕਰਨ ਦਾ ਮੌਕਾ ਦੇ ਦਿੱਤਾ। ਦੂਜੇ ਪਾਸੇ ਮੁੱਖ ਮੰਤਰੀ ਉਮੀਦਵਾਰ ਵਜੋਂ ਆਪਣੇ ਆਪ ਨੂੰ ਪੇਸ਼ ਕਰ ਰਹੇ ਭਗਵੰਤ ਮਾਣ ਨੇ ਨਾਲ ਦੀ ਨਾਲ ਸਫਾਈ ਦੇ ਦਿੱਤੀ ਕਿ ਮੁੱਖ ਮੰਤਰੀ ਪੰਜਾਬ ਤੋਂ ਹੀ ਹੋਵੇਗਾ।




ਸ੍ਰੀ ਸਿਸੋਦੀਆ ਦੇ ਇਸ ਮੁੱਦੇ ਉਪਰ ਭੰਬਲਭੂਸੇ ਵਾਲੇ ਬਿਆਨ ਨੇ ਪਲਾਂ ਵਿਚ ਹੀ ਪੰਜਾਬੀ ਬਨਾਮ ਗੈਰ-ਪੰਜਾਬੀ ਦਾ ਮੁੱਦਾ ਬਣਾ ਦਿੱਤਾ ਹੈ। ਪਿਛਲੇ ਸਮੇਂ ਜਦੋਂ ਆਮ ਆਦਮੀ ਪਾਰਟੀ ਨੇ ਸੁੱਚਾ ਸਿੰਘ ਛੋਟੇਪੁਰ ਨੂੰ ਬਰਖਾਸਤ

(ਬਾਕੀ ਸਫਾ 6 ’ਤੇ)

**We Do Real Estate in Bay Area & Central Valley**
We do loans anywhere in California


Cell: 408-816-0408
Tel: 209-918-6464
Fax: 866-594-4680
email: realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime Realty & Mortgage
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
**Raja™ SWEETS & CATERING®**
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345


Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)


Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

# 350ਵਾਂ ਪ੍ਰਕਾਸ਼ ਪੁਰਬ: ਬਿਹਾਰ ਦੀ ਧਰਤੀ ਉਤੇ ਸ਼ਰਧਾ ਦਾ ਸੈਲਾਬ

**ਪਟਨਾ ਸਾਹਿਬ:** ਗੁਰੂ ਦੀਆਂ ਲਾਡਲੀਆਂ ਫੌਜਾਂ ਵਜੋਂ ਜਾਣੇ ਜਾਂਦੇ ਨਿਹੰਗ ਸਿੰਘਾਂ ਵੱਲੋਂ ਕੱਢੇ ਮਹੱਲੇ ਨਾਲ ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਦੇ ਸਮਾਗਮ ਸਮਾਪਤ ਹੋ ਗਏ ਹਨ। ਸਮਾਗਮ ਵਿਚ ਦੇਸ਼ਾਂ ਵਿਦੇਸ਼ਾਂ ਤੋਂ ਵੱਡੀ ਗਿਣਤੀ ਸੰਗਤਾਂ ਨੇ ਹਾਜ਼ਰੀ ਭਰੀ। ਪ੍ਰਕਾਸ਼ ਪੁਰਬ ਨੂੰ ਸਮਰਪਤ ਵਿਸ਼ਾਲ ਨਗਰ ਕੀਰਤਨ ਗਾਂਧੀ ਮੈਦਾਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਸਜਾਇਆ ਗਿਆ, ਜਿਸ ਵਿਚ ਲੱਖਾਂ ਦੀ ਗਿਣਤੀ 'ਚ ਸੰਗਤਾਂ ਨੇ ਸਮੁੱਚਾ ਪਟਨਾ ਸਾਹਿਬ ਖਾਲਸਈ ਜੈਕਾਰਿਆਂ ਨਾਲ ਗੁੰਜਾ ਦਿੱਤਾ।

ਨਿਹੰਗ ਸਿੰਘਾਂ ਨੇ ਰਵਾਇਤੀ ਸ਼ਸਤਰ ਨੇਜੇ, ਬਰਛੀਆਂ, ਤੀਰ ਕਮਾਨ, ਕਿਰਪਾਨ ਆਦਿ ਨਾਲ ਸਜੇ ਹਾਥੀਆਂ ਦੀ ਸਵਾਰੀ, ਊਠਾਂ, ਘੋੜਿਆਂ ਅਤੇ ਖੁੱਲ੍ਹੀਆਂ ਗੱਡੀਆਂ ਵਿਚ ਸਵਾਰ ਹੋ ਕੇ ਨਗਾਰੇ ਦੀ ਚੋਟ 'ਤੇ ਜੈਕਾਰਾ ਗੁੰਜਾਉਂਦੇ ਤਾਂ ਨਜ਼ਾਰਾ ਹੋਰ ਵੀ ਦਿਲਕਸ਼ ਬਣ ਗਿਆ। ਸੜਕਾਂ ਦੇ ਦੋਵੇਂ ਕਿਨਾਰਿਆਂ ਉਤੇ ਖੜ੍ਹੇ ਸ਼ਰਧਾਲੂਆਂ ਵੱਲੋਂ ਮਹਿਕਦੇ ਫੁੱਲਾਂ ਦੀ ਵਰਖਾ ਕੀਤੀ ਜਾ ਰਹੀ ਸੀ। ਕਈ ਕਿਲੋਮੀਟਰ ਤੱਕ ਸਜੇ ਨਗਰ ਕੀਰਤਨ ਦੇ ਦਰਸ਼ਨ ਕਰਨ ਲਈ ਜਿਥੇ ਪਟਨਾ ਸਾਹਿਬ ਦਾ ਬਾਜ਼ਾਰ ਮੁਕੰਮਲ ਬੰਦ ਸੀ, ਉਥੇ ਹੀ ਸੜਕ ਦੇ ਦੋਵੇਂ ਪਾਸੇ ਉਚੀਆਂ-ਉਚੀਆਂ ਇਮਾਰਤਾਂ ਉਤੇ ਖੜ੍ਹੇ ਦੋਵੇਂ ਹੱਥ ਜੋੜ ਅਲੌਕਿਕ ਦ੍ਰਿਸ਼ ਦਾ ਬੜੀ ਸ਼ਰਧਾ-ਭਾਵਨਾ ਨਾਲ ਆਨੰਦ ਮਾਣ ਰਹੇ ਸਨ।

ਇਸ ਮੌਕੇ ਪਾਲਕੀ ਸਾਹਿਬ 'ਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ 'ਚ ਤਖਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਤੋਂ ਇਲਾਵਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਬੈਠੇ ਸਨ। ਬਿਹਾਰ ਸਰਕਾਰ ਵੱਲੋਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ। ਪ੍ਰਕਾਸ਼ ਪੁਰਬ ਮਨਾਉਣ ਲਈ ਦੁਨੀਆਂ ਭਰ ਵਿਚੋਂ ਲੱਖਾਂ ਦੀ ਗਿਣਤੀ ਵਿਚ ਪਹੁੰਚੇ ਸਿੱਖ ਸ਼ਰਧਾਲੂਆਂ ਲਈ ਬੀਬੀ ਇੰਦਰਜੀਤ ਕੌਰ ਯੋਗੀ ਦੀ ਅਗਵਾਈ ਵਿਚ ਆਇਆ ਤਕਰੀਬਨ ਸਵਾ ਸੌ ਅਮਰੀਕਨ ਸਿੰਘ ਸਿੰਘਣੀਆਂ ਦਾ ਜਥਾ ਵਿਸ਼ੇਸ਼ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਪੂਰੀ ਤਰ੍ਹਾਂ ਸਿੱਖੀ ਬਾਣੇ ਵਿਚ ਸਜੇ ਪੰਜ ਕਕਾਰੀ ਗੋਰੇ ਸਿੰਘ, ਸਿੰਘਣੀਆਂ ਅਤੇ ਬੱਚਿਆਂ ਦਾ ਇਹ ਜਥਾ ਜਿੱਧਰ ਵੀ ਜਾਂਦਾ ਹੈ, ਸਿੱਖ ਸ਼ਰਧਾਲੂਆਂ ਦੇ ਨਾਲ-ਨਾਲ ਸਥਾਨਕ ਲੋਕ ਵੀ ਉਨ੍ਹਾਂ ਨੂੰ ਖੜ੍ਹ-ਖੜ੍ਹ ਕੇ ਵੇਖਦੇ ਹਨ। ਗੋਰੇ ਸਿੰਘ ਸਿੰਘਣੀਆਂ ਦਾ ਇਹ ਜਥਾ ਵਿਦੇਸ਼ਾਂ ਵਿਚ ਸਿੱਖੀ ਦੇ ਪ੍ਰਚਾਰ-ਪਸਾਰ ਲਈ ਕਈ ਦਹਾਕਿਆਂ ਤੋਂ ਸਰਗਰਮ ਅਮਰੀਕਾ ਦੀ 'ਸਿੱਖ ਧਰਮ ਇੰਟਰਨੈਸ਼ਨਲ' ਸੰਸਥਾ ਨਾਲ ਸਬੰਧਤ ਹੈ।

## ਦੇਸ਼-ਵਿਦੇਸ਼ ਵਿਚੋਂ ਸੰਗਤਾਂ ਨੇ ਭਰੀ ਹਾਜ਼ਰੀ



## ਦਸਮ ਪਿਤਾ ਦੀ ਕੁਰਬਾਨੀ ਪ੍ਰੇਰਨਾਦਾਇਕ: ਮੋਦੀ

**ਪਟਨਾ ਸਾਹਿਬ:** ਪ੍ਰਕਾਸ਼ ਪੁਰਬ ਸਬੰਧੀ ਸਮਾਗਮ ਮੌਕੇ ਇਥੋਂ ਦੇ ਗਾਂਧੀ ਮੈਦਾਨ ਵਿਚ ਪਹੁੰਚੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਗੁਰੂ ਸਾਹਿਬ ਦਾ ਜੀਵਨ ਪੂਰੀ ਦੁਨੀਆਂ ਲਈ ਪ੍ਰੇਰਨਾਦਾਇਕ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਦੁਨੀਆਂ ਭਰ ਵਿਚ ਭਾਰਤੀ ਸਫਾਰਤਖਾਨਿਆਂ ਨੂੰ ਪ੍ਰਕਾਸ਼ ਪੁਰਬ ਭਾਰਤੀਆਂ ਖਾਸ ਕਰ ਕੇ ਸਿੱਖ ਭਾਈਚਾਰੇ ਨੂੰ ਨਾਲ ਲੈ ਕੇ ਮਨਾਉਣ ਲਈ ਕਿਹਾ ਹੈ।

ਉਨ੍ਹਾਂ ਆਪਣਾ ਭਾਸ਼ਣ ਗੁਰੂ ਗੋਬਿੰਦ ਸਿੰਘ ਜੀ ਦੇ ਤਿਆਗ, ਯੁੱਧਨੀਤੀ, ਸਾਹਿਤਕ ਰੁਚੀਆਂ ਅਤੇ ਜਾਤ-ਪਾਤ ਤੋਂ ਬਿਨਾਂ ਸਮਾਜ ਸਿਰਜਣ ਦੀ ਦੂਰ-ਅੰਦੇਸ਼ੀ ਦੁਆਲੇ ਕੇਂਦਰਿਤ ਰੱਖਿਆ। ਉਨ੍ਹਾਂ ਪ੍ਰਕਾਸ਼ ਪੁਰਬ ਲਈ ਕੀਤੇ ਸ਼ਾਨਦਾਰ ਪ੍ਰਬੰਧਾਂ ਲਈ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਸ਼ਲਾਘਾ ਕੀਤੀ। ਸ੍ਰੀ ਮੋਦੀ ਨੇ ਕਿਹਾ ਕਿ ਗੁਰੂ ਸਾਹਿਬ ਦਾ ਆਪਣੇ ਪਿਤਾ ਤੇ ਪੁੱਤਰਾਂ ਦਾ ਬਲੀਦਾਨ ਆਪਣੇ ਆਪ ਵਿਚ ਬਹੁਤ ਵੱਡੀ ਕੁਰਬਾਨੀ ਹੈ।

## ਗਿਆਨੀ ਗੁਰਬਚਨ ਸਿੰਘ ਵੱਲੋਂ ਕੌਮ ਦੇ ਨਾਂ ਸੰਦੇਸ਼

**ਪਟਨਾ ਸਾਹਿਬ:** ਪ੍ਰਕਾਸ਼ ਪੁਰਬ ਮੌਕੇ ਦੇਸ਼-ਵਿਦੇਸ਼ ਤੋਂ ਆਈਆਂ ਲੱਖਾਂ ਸੰਗਤਾਂ ਵੱਲੋਂ ਜਿਥੇ ਤਖਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਵਿਖੇ ਬੜੀ ਸ਼ਰਧਾ ਤੇ ਭਾਵਨਾ ਨਾਲ ਮੱਥਾ ਟੇਕਿਆ ਗਿਆ, ਉਥੇ ਹੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਵੱਲੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ ਗਿਆ। ਤਖਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਦੇ ਸੱਜੇ ਪਾਸੇ ਕਰਵਾਏ ਗਏ ਵਿਸ਼ੇਸ਼ ਗੁਰਮਤਿ ਸਮਾਗਮ ਦੀ ਆਰੰਭਤਾ ਭਾਈ ਹਰਜੀਤ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਬੰਗਲਾ ਸਾਹਿਬ ਵੱਲੋਂ ਆਸਾ ਦੀ ਵਾਰ ਦੇ ਰਸਭਿੰਨੇ ਕੀਰਤਨ ਨਾਲ ਹੋਈ, ਉਪਰੰਤ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ ਅਰਦਾਸ ਕੀਤੀ ਗਈ ਜਦ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਹੁਕਮਨਾਮਾ ਲਿਆ ਗਿਆ।

## ਮੁੱਖ ਮੰਤਰੀ ਦੀ ਪਤਨੀ ਦੇ ਕੀਰਤਨ ਨੇ ਕੀਤਾ ਨਿਹਾਲ

**ਮੁੰਬਈ:** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਸ਼ਤਾਬਦੀ ਸਮਾਗਮ ਦੁਨੀਆਂ ਭਰ ਵਿਚ ਸ਼ਾਨੋ ਸ਼ੌਕਤ ਨਾਲ ਮਨਾਏ ਗਏ। ਗੁਰੂ ਸਾਹਿਬ ਦੇ ਪ੍ਰਕਾਸ਼ ਵਾਲੀ ਧਰਤੀ ਪਟਨਾ ਸਾਹਿਬ ਦੇ ਨਾਲ ਦੁਨੀਆਂ ਦੇ ਹਰ ਗੁਰੂ ਘਰ ਵਿਚ ਪ੍ਰਕਾਸ਼ ਪੁਰਬ ਦੀਆਂ ਰੌਣਕਾਂ ਹਨ। ਮੁੰਬਈ ਦੇ ਗੁਰਦੁਆਰੇ ਧਨ ਪੋਠੋਹਾਰ, ਸੈਂਟਾ ਕਰੂਜ਼ ਵਿਖੇ ਗੁਰਪੁਰਬ ਸਮਾਗਮਾਂ ਵਿਚ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਪਤਨੀ ਅਮਰੁਤਾ ਫੜਨਵੀਸ ਨੇ ਵੀ ਸ਼ਰਧਾ ਨਾਲ ਹਾਜ਼ਰੀ ਲਵਾਈ। ਅਮਰੁਤਾ ਨੇ ਸਿਰਫ ਹਾਜ਼ਰੀ ਹੀ ਨਹੀਂ ਲਗਵਾਈ, ਸਗੋਂ ਗੁਰੂ ਦੀ ਹਾਜ਼ਰੀ ਵਿਚ ਸ਼ਬਦ ਕੀਰਤਨ ਵੀ ਗਾਇਨ ਕੀਤਾ।



ਅਮਰੁਤਾ ਫੜਨਵੀਸ ਨੇ ਰਾਗੀ ਸਿੰਘਾਂ ਨਾਲ ਮਿਲ ਕੇ ਦਸਮ ਗ੍ਰੰਥ ਦੀ ਰਚਨਾ 'ਦੇਹਿ ਸ਼ਿਵਾ ਬਰ ਮੋਹਿ ਇਹੈ' ਦਾ ਰਸਭਿੰਨਾ ਗਾਇਨ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿਚ ਗੁਰੂ ਘਰ ਪਹੁੰਚੀ ਸੰਗਤ ਨੇ ਕੀਰਤਨ ਦਾ ਆਨੰਦ ਮਾਣਿਆ। ਗੁਰਦੁਆਰਾ ਪ੍ਰਬੰਧਕਾਂ ਵੱਲੋਂ ਮੁੱਖ ਮੰਤਰੀ ਦੀ ਪਤਨੀ ਦਾ ਸਨਮਾਨ ਵੀ ਕੀਤਾ ਗਿਆ।

ਗੁਰੂ ਘਰ ਕੀਰਤਨ ਦੀ ਹਾਜ਼ਰੀ ਲਵਾਉਣ ਤੋਂ ਬਾਅਦ ਅਮਰੁਤਾ ਨੇ ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਦਿੰਦਿਆਂ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਮੌਕੇ ਕੀਰਤਨ ਕਰਨ ਦਾ ਸੁਭਾਗ ਹਾਸਲ ਹੋਣਾ ਮੇਰੇ ਲਈ ਬਹੁਤ ਹੀ ਵੱਖਰਾ ਅਨੁਭਵ ਸੀ। ਮੁੱਖ ਮੰਤਰੀ ਦੀ ਪਤਨੀ ਨੂੰ ਗਾਉਣ ਦਾ ਸ਼ੌਕ ਹੈ ਅਤੇ ਉਹ ਹਿੰਦੀ ਫਿਲਮ ਜੈ ਗੰਗਾਜਲ ਲਈ 'ਸਭ ਧਨ ਮਾਟੀ' (ਪਲੇਅਬੈਕ) ਗਾਣਾ ਗਾ ਚੁੱਕੀ ਹੈ।


Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW (Only In WA)
*Divorce *Annulment
*International Custody

INCORPORATIONS (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available





# ਬਿਹਾਰੀਆਂ ਦੀ ਸ਼ਰਧਾ ਨੇ ਜਿੱਤ ਲਿਆ ਸਿੱਖ ਸੰਗਤ ਦਾ ਦਿਲ

**ਪਟਨਾ ਸਾਹਿਬ:** ਬਿਹਾਰ ਸਰਕਾਰ ਨੇ ਪਟਨਾ ਸਾਹਿਬ ਦੇ ਸਕੂਲਾਂ ਤੇ ਕਾਲਜਾਂ ਦੇ ਦਰਵਾਜ਼ੇ ਵੀ ਸੰਗਤ ਲਈ ਖੋਲ ਦਿੱਤੇ ਹਨ। ਬਿਹਾਰ ਵਿਚ 3-5 ਜਨਵਰੀ ਤੱਕ ਸਕੂਲਾਂ-ਕਾਲਜਾਂ ਵਿਚ ਛੁੱਟੀ ਦਾ ਐਲਾਨ ਕੀਤਾ ਗਿਆ ਸੀ। ਸੰਗਤ ਦੇ ਠਹਿਰਨ ਲਈ ਪਟਨਾ ਸ਼ਹਿਰ ਦੇ ਨਿਵਾਸੀਆਂ ਨੇ ਵੀ ਆਪਣੇ ਦਿਲਾਂ ਦੇ ਨਾਲ-ਨਾਲ ਘਰਾਂ ਦੇ ਬੂਹੇ ਵੀ ਖੋਲ ਦਿੱਤੇ। ਸੰਗਤ ਦਾ ਇੰਨਾ ਵਿਸ਼ਾਲ ਹੜ੍ਹ ਸੀ ਕਿ ਪਟਨਾ ਸਾਹਿਬ ਦੇ ਸਾਰੇ ਨਿਵਾਸ, ਕਿਰਾਏ ਦੇ ਹੋਟਲ, ਟੈਂਟ ਸਿਟੀ ਅਤੇ ਹੋਰ ਜਿੰਨੀਆਂ ਵੀ ਰਿਹਾਇਸ਼ਗਾਹਾਂ ਸਭ ਸੰਗਤ ਨਾਲ ਭਰ ਗਈਆਂ, ਪਰ ਇਸ ਦੌਰਾਨ ਬਿਹਾਰ ਸਰਕਾਰ ਤੇ ਸਥਾਨਕ ਲੋਕਾਂ ਨੇ ਸ਼ਰਧਾ ਦਿਖਾਉਂਦਿਆਂ ਜਿਹੜੇ ਪ੍ਰਬੰਧ ਕੀਤੇ ਹਨ, ਉਹ ਕਾਬਲੇ ਤਾਰੀਫ ਹਨ। ਹਰ ਕਿਸੇ ਦੀ ਜ਼ੁਬਾਨ 'ਤੇ ਬਿਹਾਰੀਆਂ ਲਈ ਸਨੇਹ ਦੇ ਬੋਲ ਨਿਕਲ ਰਹੇ ਹਨ।

ਬਿਹਾਰ ਸਰਕਾਰ ਨੇ ਪਟਨਾ ਸਾਹਿਬ ਦੇ ਸਕੂਲਾਂ ਤੇ ਕਾਲਜਾਂ ਦੇ ਦਰਵਾਜ਼ੇ ਵੀ ਸੰਗਤ ਲਈ ਖੋਲ ਦਿੱਤੇ ਹਨ। ਸੰਗਤ ਇੰਨੇ ਪਿਆਰ ਸਤਿਕਾਰ ਨਾਲ ਕੀਤੇ ਪ੍ਰਬੰਧਾਂ ਲਈ ਬਿਹਾਰ ਸਰਕਾਰ ਤੇ ਪਟਨਾ ਵਾਸੀਆਂ ਦਾ ਵਾਰ-ਵਾਰ ਧੰਨਵਾਦ ਕਰ ਰਹੀ ਹੈ। ਬਿਹਾਰ ਸਰਕਾਰ ਨੇ ਸੰਗਤਾਂ ਦੀ ਸੇਵਾ ਲਈ 250 ਬੱਸਾਂ ਦਾ ਪ੍ਰਬੰਧ ਕੀਤਾ ਸੀ ਤਾਂ ਜੋ ਉਹ ਆਸਾਨੀ ਨਾਲ ਇਕ ਥਾਂ ਤੋਂ ਦੂਜੀ ਥਾਂ ਤੇ ਪੈਂਦੇ ਇਤਿਹਾਸਕ ਗੁਰਧਾਮਾਂ ਦੇ ਆਸਾਨੀ ਨਾਲ ਦਰਸ਼ਨ ਕਰ ਸਕਣ, ਪਰ ਸੰਗਤ ਦੀ ਗਿਣਤੀ ਦੇ ਹਿਸਾਬ ਨਾਲ ਬੱਸਾਂ ਦੀ ਗਿਣਤੀ ਵੀ ਥੋੜੀ ਜਾਪਦੀ ਹੈ। ਸੰਗਤ ਦੀ ਆਮਦ ਇੰਨੀ ਵਧ ਗਈ ਸੀ ਕਿ ਹਵਾਈ ਅੱਡਾ, ਪਟਨਾ ਦੇ ਰੇਲਵੇ ਸਟੇਸ਼ਨ, ਬੱਸ ਅੱਡੇ, ਬਾਜ਼ਾਰ, ਸਾਰੇ ਗੁਰਦੁਆਰੇ ਅਤੇ ਗਾਂਧੀ ਮੈਦਾਨ ਸੰਗਤਾਂ ਨਾਲ ਨੱਕੋ-ਨੱਕ ਭਰ ਗਏ ਹਨ।



## ਬਿਹਾਰ ਸਰਕਾਰ ਵੱਲੋਂ ਸਿੱਖਾਂ ਲਈ ਵੱਡਾ ਐਲਾਨ

**ਚੰਡੀਗੜ੍ਹ:** ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਬਿਹਾਰ ਵਿਚ ਸਿੱਖ ਸਰਕਟ ਬਣਾਉਣ ਦਾ ਐਲਾਨ ਕੀਤਾ ਹੈ, ਜਿਸ ਤਹਿਤ ਬਿਹਾਰ ਵਿਚ ਸੁਭਾਇਮਾਨ ਸਾਰੇ ਗੁਰਧਾਮਾਂ ਦੀ ਦਿੱਖ ਨੂੰ ਸੰਵਾਰਨ ਦਾ ਕਾਰਜ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਬਿਹਾਰ ਦੀ ਧਰਤੀ ਸਿੱਖ ਸੰਗਤ ਲਈ ਬਹੁਤ ਮਹੱਤਵ ਰੱਖਦੀ ਹੈ ਕਿਉਂਕਿ ਇਥੇ 3 ਗੁਰੂ ਸਾਹਿਬਾਨਾਂ ਨੇ ਆਪਣੇ ਚਰਨ ਪਾਏ ਅਤੇ ਅਸੀਂ ਬਿਹਾਰ ਅੰਦਰ ਸਥਿਤ ਸਾਰੀਆਂ ਇਤਿਹਾਸਕ ਥਾਵਾਂ ਨੂੰ ਹੋਰ ਵਿਕਸਿਤ ਕਰਾਂਗੇ ਅਤੇ ਸਿੱਖ ਗੁਰੂਆਂ ਨਾਲ ਸਬੰਧਤ ਸਥਾਨਾਂ ਉਤੇ ਬਿਹਤਰ ਨੈੱਟਵਰਕ ਕਾਇਮ ਕਰਕੇ ਬੋਧੀ ਸਰਕਟ ਦੀ ਤਰਜ਼ ਉਤੇ ਸਿੱਖ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰੇਗੀ ਨਿਤੀਸ਼ ਕੁਮਾਰ ਦਾ ਸਨਮਾਨ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਟਨਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਮੌਕੇ ਕੀਤੇ ਲਾਮਿਸਾਲ ਪ੍ਰਬੰਧਾਂ ਲਈ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਤੇ ਉਨ੍ਹਾਂ ਦੇ ਕੈਬਨਿਟ ਮੰਤਰੀਆਂ ਦਾ ਸਨਮਾਨ ਕਰੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਉਹ ਜਲਦੀ ਹੀ ਕਮੇਟੀ ਦੀ ਮੀਟਿੰਗ ਸੱਦ ਕੇ ਸਨਮਾਨ ਸਮਾਗਮ ਦੀ ਰੂਪ-ਰੇਖਾ ਤਿਆਰ ਕਰਨਗੇ। ਉਨ੍ਹਾਂ ਕਿਹਾ ਕਿ ਪਿਛਲੇ ਹਫ਼ਤੇ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਪਟਨਾ ਸਾਹਿਬ ਗਏ ਹਰ ਸਿੱਖ ਨੇ ਮੁੱਖ ਮੰਤਰੀ ਨਿਤੀਸ਼ ਕੁਮਾਰ ਤੇ ਉਨ੍ਹਾਂ ਦੀ ਸਰਕਾਰ ਵੱਲੋਂ ਸਮਾਗਮਾਂ ਨੂੰ ਸਫ਼ਲ ਤੇ ਯਾਦਗਾਰੀ ਬਣਾਉਣ ਲਈ ਕੀਤੇ ਪ੍ਰਬੰਧਾਂ ਲਈ ਉਨ੍ਹਾਂ ਦੀ ਤਾਰੀਫ਼ ਕੀਤੀ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਸਮਾਗਮਾਂ ਦੇ ਆਖਰੀ ਦਿਨ ਨਿਤੀਸ਼ ਕੁਮਾਰ ਨੂੰ ਨਿੱਜੀ ਤੌਰ 'ਤੇ ਮਿਲ ਕੇ ਉਨ੍ਹਾਂ ਦਾ ਧੰਨਵਾਦ ਕੀਤਾ, ਪਰ ਅਜੇ ਇਸ ਪਾਸੇ ਹੋਰ ਬਹੁਤ ਕੁਝ ਕੀਤੇ ਜਾਣ ਦੀ ਲੋੜ ਹੈ। ਸ. ਬਡੂੰਗਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨਿਤੀਸ਼ ਕੁਮਾਰ ਦੇ ਸਨਮਾਨ ਲਈ ਅੰਮ੍ਰਿਤਸਰ ਵਿਚ ਵੱਡਾ ਸਮਾਗਮ ਕਰਵਾਏਗੀ।

## ਪ੍ਰਕਾਸ਼ ਪੁਰਬ ਦੇ ਪ੍ਰਬੰਧਾਂ ਨੇ ਨਿਤੀਸ਼ ਦਾ ਕੱਦ ਵਧਾਇਆ

**ਪਟਨਾ ਸਾਹਿਬ:** ਪ੍ਰਕਾਸ਼ ਪੁਰਬ ਲਈ ਕੀਤੇ ਬਿਹਤਰੀਨ ਪ੍ਰਬੰਧਾਂ ਨੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਅਕਸ ਉਚਾ ਕਰ ਦਿੱਤਾ ਹੈ। ਇਥੇ ਪਹੁੰਚੀਆਂ ਸੰਗਤਾਂ ਦੀ ਜ਼ੁਬਾਨ ਉਤੇ ਪ੍ਰਬੰਧਾਂ ਬਾਰੇ ਇਕੋ ਹੀ ਨਾਂ ਨਿਤੀਸ਼ ਕੁਮਾਰ ਦਾ ਹੈ। ਸੰਗਤਾਂ ਮੁੱਖ ਮੰਤਰੀ ਦੀ ਪ੍ਰਸੰਸਾ ਕਰਦੀਆਂ ਖੁਸ਼ੀ ਵਿਚ ਆਪਣੀਆਂ ਅੱਖਾਂ ਨਮ ਕਰ ਲੈਂਦੀਆਂ ਹਨ। ਪੰਜਾਬ ਤੋਂ ਆਈਆਂ ਸਿੱਖ ਸੰਗਤਾਂ ਸੁਭਾਵਿਕ ਹੀ ਇਨ੍ਹਾਂ ਪ੍ਰਬੰਧਾਂ ਦੀ ਤੁਲਨਾ ਸੂਬੇ ਵਿਚ ਅਕਾਲੀ ਸਰਕਾਰਾਂ ਵੱਲੋਂ ਮਨਾਈਆਂ ਗਈਆਂ ਸ਼ਤਾਬਦੀਆਂ ਨਾਲ ਕਰ ਰਹੀਆਂ ਹਨ। ਕਈ ਵਾਰ ਤਾਂ ਇਸ ਚਰਚਾ ਨੂੰ ਲੈ ਕੇ ਪੰਜਾਬੀ ਆਪਸ ਵਿਚ ਬਹਿਸਦੇ ਤੇ ਉਲਝਦੇ ਵੀ ਦੇਖੇ ਗਏ। ਪੰਜਾਬੀ ਆਪਣੇ ਘਰਾਂ ਨੂੰ ਫੋਨ ਕਰ ਕੇ ਬਿਹਤਰੀਨ ਪ੍ਰਬੰਧਾਂ ਦੀ ਚਰਚਾ ਕਰ ਰਹੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੀ ਪ੍ਰਕਾਸ਼ ਪੁਰਬ ਲਈ ਕੀਤੇ ਗਏ ਪ੍ਰਬੰਧਾਂ ਦੀ ਸਿਫਤ ਸਲਾਹ ਕਰ ਚੁੱਕੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਵੀ ਸਥਾਨਕ ਅਫਸਰਾਂ ਨੂੰ ਬੇਮਿਸਾਲ ਪ੍ਰਬੰਧਾਂ ਲਈ ਵਧਾਈ ਦਿੱਤੀ।

## ਬੇਘਰੇ ਸਾਬਕਾ ਫੌਜੀਆਂ ਦੀ ਮਦਦ ਲਈ ਮੇਅਰ ਰਿਕਾਰਡੋ ਨੂੰ ਭਰੋਸਾ



**ਸੈਨ ਹੋਜ਼ੇ (ਬਿਊਰੋ):** ਸਿਟੀ ਦੇ ਮੇਅਰ ਸੈਮ ਰਿਕਾਰਡੋ ਨੇ ਬੀਤੇ ਐਤਵਾਰ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਨਾਲ ਗੁਰੂ ਘਰ ਵਿਖੇ ਮੀਟਿੰਗ ਕੀਤੀ ਜਿਸ ਵਿਚ ਉਨ੍ਹਾਂ ਅਮਰੀਕਾ ਦੇ ਬੇਘਰੇ ਹੋਏ ਸਾਬਕਾ ਫੌਜੀਆਂ ਨੂੰ ਸਹਾਇਤਾ ਦੇਣ ਲਈ ਆਪਣਾ ਪ੍ਰੋਗਰਾਮ ਪ੍ਰਬੰਧਕਾਂ ਨਾਲ ਸਾਂਝਾ ਕੀਤਾ।

ਗੁਰਦੁਆਰਾ ਪ੍ਰਬੰਧਕਾਂ ਨੇ ਇਸ ਵਿਸ਼ੇ 'ਤੇ ਮੇਅਰ ਨੂੰ ਹਰ ਤਰ੍ਹਾਂ ਨਾਲ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਇਸ ਸਮੇਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਜ਼ਦੀਕੀ ਸਲਾਹਕਾਰ ਜਰਨੈਲ ਸਿੰਘ ਸੋਹਲ ਨੇ ਮੇਅਰ ਸੈਮ ਰਿਕਾਰਡੋ ਨੂੰ ਸਨਮਾਨ ਵਜੋਂ ਨਿਸ਼ਾਨ ਮੈਗਜ਼ੀਨ ਭੇਟ ਕੀਤਾ।

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ
ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?
■ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ?
■1% ਡਾਊਨ ਪੇਮੈਂਟ 'ਤੇ ਲੋਨ
(ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ)
■ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?
ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ
408-905-9849
email: sanjana4loans@gmail.com
Arcus LENDING America's Premier Mortgage Experts
Arcus NMLS # 1035734



ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ
NMLS # 378390
ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰੀਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ

# ਸਿਆਸੀ ਪਾਰਟੀਆਂ ਦੇ ਭੇੜ ਦਾ ਗੜ੍ਹ ਬਣਿਆ ਮਾਲਵਾ ਖੇਤਰ

**ਚੰਡੀਗੜ੍ਹ:** ਪੰਜਾਬ ਵਿਚ ਮੁੱਖ ਮੰਤਰੀ ਦੀ ਕੁਰਸੀ ਉਤੇ ਲੰਮਾ ਸਮਾਂ ਕਬਜ਼ਾ ਜਮਾਈ ਰੱਖਣ ਵਾਲਾ ਮਾਲਵਾ ਖੇਤਰ ਸਿਆਸੀ ਪਾਰਟੀਆਂ ਦੇ ਭੇੜ ਦਾ ਸਭ ਤੋਂ ਅਹਿਮ ਮੈਦਾਨ ਹੈ। ਸ਼੍ਰੋਮਣੀ ਅਕਾਲੀ ਦਲ ਦੇ ਮੂਲ ਆਧਾਰ ਵਾਲੇ ਇਸ ਖੇਤਰ ਵਿਚ ਪੰਥਕ ਅਤੇ ਕਿਸਾਨੀ ਵੋਟ ਨੂੰ ਮੁੜ ਇਕਜੁੱਟ ਕਰਨ ਲਈ ਅਕਾਲੀ ਦਲ ਦੀ ਦਸ ਸਾਲਾਂ ਦੀ ਕੋਸ਼ਿਸ਼ ਹਾਲੇ ਪੂਰੀ ਤਰ੍ਹਾਂ ਕਾਮਯਾਬ ਹੁੰਦੀ ਦਿਖਾਈ ਨਹੀਂ ਦਿੱਤੀ। ਕੈਪਟਨ ਅਮਰਿੰਦਰ ਸਿੰਘ ਵੱਲੋਂ ਲਗਾਈ ਸੰਨ੍ਹ ਦਾ ਅਸਰ ਅਜੇ ਤੱਕ ਬਰਕਰਾਰ ਹੈ ਅਤੇ ਆਮ ਆਦਮੀ ਪਾਰਟੀ ਦਾ ਮੁੱਖ ਫੋਕਸ ਵੀ ਮਾਲਵਾ ਦਾ ਵੋਟ ਬੈਂਕ ਮੰਨਿਆ ਜਾ ਰਿਹਾ ਹੈ।




ਹਲਕਿਆਂ ਦੀ ਮੁੜ ਹੱਦਬੰਦੀ ਤੋਂ ਬਾਅਦ ਮਾਲਵਾ ਖੇਤਰ ਦਾ ਪ੍ਰਭਾਵ ਹੋਰ ਵੀ ਵਧ ਗਿਆ ਹੈ। ਪੰਜਾਬ ਦੀਆਂ ਕੁੱਲ 117 ਵਿਧਾਨ ਸਭਾ ਸੀਟਾਂ ਵਿਚੋਂ ਮਾਝਾ-ਦੋਆਬਾ ਦੀਆਂ ਸੀਟਾਂ 52 ਤੋਂ ਘਟ ਕੇ 48 ਤੱਕ ਸੀਮਤ ਹੋ ਗਈਆਂ ਅਤੇ ਮਾਲਵਾ ਦੀਆਂ ਸੀਟਾਂ 65 ਤੋਂ ਵਧ ਕੇ 69 ਤੱਕ ਚਲੀਆਂ ਗਈਆਂ ਹਨ। 2002 ਤੋਂ 2007 ਤੱਕ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਸ਼ਤਾਬਦੀਆਂ ਮਨਾਉਣ, ਫਤਹਿਗੜ੍ਹ ਸਾਹਿਬ ਦੇ ਦੁਆਲੇ ਬਣਾਏ ਗੇਟ, ਬੀਟੀ ਕਾਟਨ ਸਬੰਧੀ ਕੀਤੇ ਉਪਰਾਲੇ, ਪੰਜਾਬ ਸਮਝੌਤੇ ਰੱਦ ਕਰਨ ਵਾਲੇ ਕਾਨੂੰਨ ਅਤੇ ਪੰਜਾਂ ਸਾਲਾਂ ਦੌਰਾਨ ਫਸਲਾਂ ਦੀ ਠੀਕ ਤਰੀਕੇ ਨਾਲ ਖਰੀਦ ਹੋਣ ਸਦਕਾ ਅਕਾਲੀ ਦਲ ਦੇ ਰਵਾਇਤੀ ਵੋਟ ਬੈਂਕ ਵਿਚ ਵੱਡੀ ਸੰਨ੍ਹ ਲਗਾ ਲਈ ਸੀ। ਅਮਰਿੰਦਰ ਸਿੰਘ ਦਾ ਆਪਣਾ ਜੱਦੀ ਪਿੰਡ ਮਹਿਰਾਜ ਬਠਿੰਡਾ ਜ਼ਿਲ੍ਹੇ ਦੇ ਰਾਮਪੁਰਾ ਫੂਲ ਖੇਤਰ ਵਿਚ ਪੈਂਦਾ ਹੈ।

2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਕੁੱਲ 65 ਵਿਚੋਂ ਕਾਂਗਰਸ ਨੇ 37 ਸੀਟਾਂ ਜਿੱਤ ਕੇ ਅਕਾਲੀ ਦਲ ਨੂੰ ਵੱਡਾ ਝਟਕਾ ਦਿੱਤਾ ਸੀ। ਕਾਂਗਰਸ ਦੇ ਹੀ ਚਾਰ ਬਾਗੀ ਵੀ ਜਿੱਤਣ ਵਿਚ ਸਫਲ ਰਹੇ ਸਨ। ਬੇਸ਼ੱਕ ਕਾਂਗਰਸ ਕੁੱਲ 44 ਸੀਟਾਂ ਹੀ ਜਿੱਤ ਸਕੀ ਅਤੇ ਸਰਕਾਰ ਅਕਾਲੀ-ਭਾਜਪਾ ਦੀ ਬਣ ਗਈ ਸੀ, ਪਰ ਅਕਾਲੀ ਦਲ ਨੂੰ ਆਪਣੇ ਇਸ ਗੜ੍ਹ ਵਿਚੋਂ 19 ਸੀਟਾਂ ਨਾਲ ਹੀ ਸਬਰ ਕਰਨਾ ਪਿਆ ਸੀ। ਇਨ੍ਹਾਂ ਚੋਣਾਂ ਵਿਚ ਅਕਾਲੀ ਦਲ 49 ਸੀਟਾਂ ਲੈ ਕੇ ਬਹੁਮਤ ਤੋਂ ਕਾਫੀ ਪਿੱਛੇ ਸੀ ਅਤੇ ਭਾਜਪਾ 23 ਵਿਚੋਂ 19 ਸੀਟਾਂ ਜਿੱਤ ਕੇ ਗੱਠਜੋੜ ਵਿਚ ਵੱਡੇ ਦਾਅਵੇਦਾਰ ਵਜੋਂ ਉਭਰੀ ਸੀ। ਮਾਲਵਾ ਖੇਤਰ 'ਚੋਂ ਭਾਜਪਾ ਦੀਆਂ ਵੀ ਪੰਜ ਹੀ ਸੀਟਾਂ ਆਈਆਂ ਸਨ।

ਹਲਕਿਆਂ ਦੀ ਮੁੜ ਹੱਦਬੰਦੀ ਤੋਂ ਬਾਅਦ 2012 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਵੀ ਅਕਾਲੀ-ਭਾਜਪਾ ਗੱਠਜੋੜ ਲਗਾਤਾਰ ਦੂਸਰੀ ਵਾਰ ਜਿੱਤ ਕੇ ਨਵਾਂ ਇਤਿਹਾਸ ਸਿਰਜਣ ਵਿਚ ਕਾਮਯਾਬ ਰਿਹਾ, ਪਰ ਮਾਲਵੇ ਵਿਚ ਇਸ ਦੇ ਰਵਾਇਤੀ ਵੋਟ ਬੈਂਕ ਦੀ ਬੇਗਾਨਗੀ ਪੂਰੀ ਤਰ੍ਹਾਂ ਦੂਰ ਨਹੀਂ ਹੋਈ। ਮਾਲਵੇ ਵਿਚ ਕਾਂਗਰਸ ਦੀ ਕਾਰਗੁਜ਼ਾਰੀ 30 ਸੀਟਾਂ ਨਾਲ ਥੋੜੀ ਹੇਠਾਂ ਆਈ। ਅਕਾਲੀ-ਭਾਜਪਾ ਨੇ 39 ਸੀਟਾਂ ਜਿੱਤਣ ਵਿਚ ਕਾਮਯਾਬੀ ਹਾਸਲ ਕਰ ਲਈ ਸੀ ਅਤੇ ਇਨ੍ਹਾਂ ਨੇ ਮਾਝਾ-ਦੋਆਬਾ ਵਿਚ ਪਹਿਲਾਂ ਵਾਲੀ ਕਾਰਗੁਜ਼ਾਰੀ ਜਾਰੀ ਰੱਖੀ। ਇਸੇ ਲਈ ਅਕਾਲੀ ਦਲ ਸੱਤਾ ਵਿਰੋਧੀ ਭਾਵਨਾਵਾਂ ਦੇ ਬਾਵਜੂਦ 2007 ਦੀਆਂ 49 ਦੇ ਮੁਕਾਬਲੇ 56 ਸੀਟਾਂ ਜਿੱਤਣ ਵਿਚ ਕਾਮਯਾਬ ਹੋ ਗਿਆ ਸੀ। ਭਾਰਤੀ ਜਨਤਾ ਪਾਰਟੀ 19 ਤੋਂ ਹੇਠਾਂ ਆ ਕੇ 12 ਉਤੇ ਅਟਕ ਗਈ, ਪਰ ਦੋਵਾਂ ਦੇ ਗੱਠਜੋੜ ਨੂੰ ਸਰਕਾਰ ਬਣਾਉਣ ਵਿਚ ਕੋਈ ਮੁਸ਼ਕਲ ਨਹੀਂ ਆਈ।

## ਬਾਦਲ ਰਵਾਇਤੀ ਹਲਕਿਆਂ ਤੋਂ ਹੀ ਲੜਨਗੇ ਚੋਣ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਮੁਕਤਸਰ ਜ਼ਿਲ੍ਹੇ ਵਿਚਲੇ ਆਪਣੇ ਰਵਾਇਤੀ ਵਿਧਾਨ ਸਭਾ ਹਲਕੇ ਲੰਬੀ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਜਲਾਲਾਬਾਦ (ਫਾਜ਼ਿਲਕਾ) ਤੋਂ ਹੀ ਚੋਣ ਲੜਨਗੇ। ਸ਼੍ਰੋਮਣੀ ਅਕਾਲੀ ਦਲ ਵੱਲੋਂ ਦੋਹਾਂ ਬਾਦਲਾਂ ਦੀਆਂ ਟਿਕਟਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਅਕਾਲੀ ਦਲ ਨੇ ਖਰੜ, ਪਟਿਆਲਾ (ਸ਼ਹਿਰ) ਅਤੇ ਅੰਮ੍ਰਿਤਸਰ (ਦੱਖਣੀ) ਤਿੰਨ ਵਿਧਾਨ ਸਭਾ ਹਲਕਿਆਂ ਤੋਂ ਅਜੇ ਤੱਕ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ ਹੈ। ਪਾਰਟੀ ਵੱਲੋਂ ਬਾਦਲਾਂ ਦੀਆਂ ਟਿਕਟਾਂ ਦਾ ਐਲਾਨ ਚੋਣ ਜ਼ਾਬਤਾ ਲੱਗਣ ਦੇ ਇਕ ਦਿਨ ਬਾਅਦ ਕੀਤਾ ਗਿਆ ਹੈ। ਮੁੱਖ ਮੰਤਰੀ ਨੂੰ ਆਮ ਆਦਮੀ ਪਾਰਟੀ (ਆਪ) ਦੇ ਆਗੂ ਜਰਨੈਲ ਸਿੰਘ ਟੱਕਰ ਦੇਣਗੇ ਅਤੇ ਉਪ ਮੁੱਖ ਮੰਤਰੀ ਦੇ ਮੁਕਾਬਲੇ 'ਆਪ' ਵੱਲੋਂ ਕਾਮੇਡੀਅਨ ਤੋਂ ਨੇਤਾ ਬਣੇ ਤੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੂੰ ਮੈਦਾਨ ਵਿਚ ਉਤਾਰਿਆ ਗਿਆ ਹੈ। ਜਰਨੈਲ ਸਿੰਘ ਦਿੱਲੀ ਦੇ ਸਿੱਖ ਆਗੂ ਹਨ ਜਿਨ੍ਹਾਂ ਅਜੇ ਆਪਣੀ ਵੋਟ ਵੀ ਬਣਾਉਣੀ ਹੈ।

## 'ਆਪ' ਦੀ ਮਾਲਵਾ ਖੇਤਰ ਵਿਚ ਬਣੀ ਪਕੜ

**ਚੰਡੀਗੜ੍ਹ:** ਲੋਕ ਸਭਾ ਦੀਆਂ 2014 ਦੀਆਂ ਚੋਣਾਂ ਦੌਰਾਨ 'ਆਪ' ਦੇ ਚਾਰ ਸੰਸਦ ਮੈਂਬਰ ਵੀ ਮਾਲਵੇ ਨੇ ਹੀ ਦਿੱਤੇ। ਡਾ. ਧਰਮਵੀਰ ਗਾਂਧੀ ਨੇ ਪਟਿਆਲਾ ਤੋਂ ਪ੍ਰਨੀਤ ਕੌਰ ਨੂੰ ਹਰਾ ਦਿੱਤਾ ਸੀ। ਭਗਵੰਤ ਮਾਨ ਨੇ ਸੁਖਦੇਵ ਸਿੰਘ ਢੀਂਡਸਾ ਨੂੰ ਹਰਾਇਆ ਸੀ। ਇਕ ਲੋਕ ਸਭਾ ਹਲਕੇ ਵਿਚ ਨੌਂ ਵਿਧਾਨ ਸਭਾ ਹਲਕੇ ਪੈਂਦੇ ਹਨ। 'ਆਪ' ਨੂੰ ਮਿਲਣ ਵਾਲੇ ਹੁੰਗਾਰੇ ਦਾ ਜ਼ਿਆਦਾ ਦਾਰੋਮਦਾਰ ਵੀ ਮਾਲਵਾ ਖੇਤਰ ਉਤੇ ਹੈ।

# ਚੋਣਾਂ ਤੋਂ ਪਹਿਲਾਂ ਬਾਗੀਆਂ ਨੇ ਸਾਹੋ-ਸਾਹ ਕੀਤੀਆਂ ਸਿਆਸੀ ਧਿਰਾਂ

**ਚੰਡੀਗੜ੍ਹ:** ਪੰਜਾਬ ਵਿਚ ਵਿਧਾਨ ਸਭਾ ਚੋਣਾਂ ਦੀਆਂ ਸਿਆਸੀ ਸਰਗਰਮੀਆਂ ਬੇਸ਼ੱਕ ਹੌਲੀ-ਹੌਲੀ ਸਿਖਰਾਂ ਵੱਲ ਵਧ ਰਹੀਆਂ ਹਨ, ਪਰ ਹਰ ਪ੍ਰਮੁੱਖ ਪਾਰਟੀ ਨੂੰ ਆਪਣੇ ਬਾਗੀਆਂ ਦਾ ਡਰ ਹਰ ਪਲ ਸਤਾ ਰਿਹਾ ਹੈ।

ਕਾਂਗਰਸ ਦੇ ਕਈ ਬਾਗੀ ਉਮੀਦਵਾਰਾਂ ਨੇ ਤਾਂ ਚੋਣ ਮੈਦਾਨ ਵਿਚ ਆਜ਼ਾਦ ਤੌਰ ਉਤੇ ਲੜਨ ਦਾ ਐਲਾਨ ਵੀ ਕਰ ਦਿੱਤਾ ਹੈ। ਲਹਿਰਾਗਾਗਾ ਹਲਕੇ ਤੋਂ ਕਾਂਗਰਸ ਦੀ ਟਿਕਟ ਉਤੇ ਲੰਮੇ ਸਮੇਂ ਤੋਂ ਜਿੱਤ ਪ੍ਰਾਪਤ ਕਰਦੀ ਆ ਰਹੀ ਬੀਬੀ ਰਾਜਿੰਦਰ ਕੌਰ ਭੱਠਲ ਨੂੰ ਹੀ ਇਸ ਵਾਰ ਕੈਪਟਨ ਅਮਰਿੰਦਰ ਸਿੰਘ ਦੇ ਨੇੜਲੇ ਰਹੇ ਸਾਥੀ ਜ਼ਿਲ੍ਹਾ ਪ੍ਰੀਸ਼ਦ ਦੇ ਸਾਬਕਾ ਚੇਅਰਮੈਨ ਸ਼ਾਮ ਸਿੰਘ ਮਕੋਰੜ ਨੇ ਬਾਗੀ ਸੁਰ ਦਿਖਾ ਦਿੱਤੇ ਹਨ।

ਡੇਰਾ ਬਾਬਾ ਨਾਨਕ ਤੋਂ ਟਿਕਟ ਨਾ ਮਿਲਣ ਕਾਰਨ ਸਵ: ਸੰਤੋਖ ਸਿੰਘ ਰੰਧਾਵਾ ਸਾਬਕਾ ਪ੍ਰਧਾਨ ਪੰਜਾਬ ਕਾਂਗਰਸ ਦੇ ਪੋਤਰੇ ਪੰਜਾਬ ਯੂਥ ਕਾਂਗਰਸ ਦੇ ਸਕੱਤਰ ਦੀਪਇੰਦਰ ਸਿੰਘ ਰੰਧਾਵਾ ਕਾਂਗਰਸ ਨੂੰ ਅਲਵਿਦਾ ਕਹਿ ਚੁੱਕੇ ਹਨ। ਰਾਹੁਲ ਗਾਂਧੀ ਦੇ ਨੇੜਲੇ ਸਾਥੀ ਵਿਜੈਇੰਦਰ ਸਿੰਗਲਾ ਨੂੰ ਸੰਗਰੂਰ ਦੀ ਟਿਕਟ ਮਿਲਣ ਤੋਂ ਬਾਅਦ ਕਾਂਗਰਸ ਦੇ ਸੀਨੀਅਰ ਆਗੂ ਸੁਰਿੰਦਰਪਾਲ ਸਿੰਘ ਸਿਬੀਆ ਕਾਂਗਰਸ ਨੂੰ ਅਲਵਿਦਾ ਕਹਿ ਕੇ ਅਕਾਲੀ ਦਲ ਦੀ ਕਿਸ਼ਤੀ 'ਚ ਸਵਾਰ ਹੋ ਕੇ ਬਰਨਾਲਾ ਤੋਂ ਕਾਂਗਰਸ ਦੇ ਉਮੀਦਵਾਰ ਨੂੰ ਟੱਕਰ ਦੇਣਗੇ।

## ਆਜ਼ਾਦ ਚੋਣ ਲੜਨ ਦੇ ਐਲਾਨ ਨੇ ਵਧਾਈ ਚਿੰਤਾ




ਐਨ.ਐਸ.ਯੂ. ਦੀ ਸਾਬਕਾ ਪ੍ਰਧਾਨ ਦਾਮਨ ਬਾਜਵਾ ਜੋ ਸੁਨਾਮ ਤੋਂ ਕਾਂਗਰਸ ਦੀ ਟਿਕਟ ਉਤੇ ਚੋਣ ਲੜ ਰਹੇ ਹਨ, ਖਿਲਾਫ਼ ਬਾਗੀ ਸੁਰਾਂ ਤਿੱਖੀਆਂ ਹੋ ਰਹੀਆਂ ਹਨ ਅਤੇ ਰਾਜਿੰਦਰ ਦੀਪਾ ਵੱਲੋਂ ਕਾਂਗਰਸ ਤੋਂ ਬਾਗੀ ਹੋ ਕੇ ਲੜਨ ਦੇ ਚਰਚੇ ਵੀ ਜ਼ੋਰ ਫੜ ਰਹੇ ਹਨ। ਧੂਰੀ ਤੇ ਅਮਰਗੜ੍ਹ ਤੋਂ ਕਈ ਕਾਂਗਰਸੀ ਆਗੂ ਬਾਗੀ ਸੁਰਾਂ ਕੱਢ ਰਹੇ ਹਨ।

ਹਲਕਾ ਭਦੌੜ ਵਿਖੇ ਵੀ ਕਾਂਗਰਸੀ ਸੀਨੀਅਰ ਆਗੂ ਰਾਜਿੰਦਰ ਕੌਰ ਮੀਮਸਾ ਦੀ ਨਾਰਾਜ਼ਗੀ ਪਾਰਟੀ ਦੇ ਉਮੀਦਵਾਰ ਦੀ ਨੀਂਦ ਹਰਾਮ ਕਰ ਸਕਦੀ ਹੈ। ਹਲਕਾ ਅਮਰਗੜ੍ਹ ਜਿਥੋਂ ਅਕਾਲੀ ਦਲ (ਬ) ਦੇ ਮੌਜੂਦਾ ਵਿਧਾਇਕ ਇਕਬਾਲ ਸਿੰਘ ਝੂੰਦਾਂ ਫਿਰ ਚੋਣ ਲੜ ਰਹੇ ਹਨ, ਨੂੰ ਕੱਦਵਾਰ ਨੌਜਵਾਨ ਆਗੂ ਜੱਸੀ ਮੰਨਵੀ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਵਿਚ ਪਹਿਲੀ ਵਾਰ ਵਿਧਾਨ ਸਭਾ ਚੋਣ ਲੜ ਰਹੀ ਆਮ ਆਦਮੀ ਪਾਰਟੀ ਜਿਸ ਦੇ ਹਰ ਹਲਕੇ ਤੋਂ 25-30 ਆਗੂ ਟਿਕਟ ਲੈਣ ਦੇ ਚਾਹਵਾਨ ਸਨ। ਸ਼ੁਰੂ ਵਿਚ ਤਾਂ ਐਲਾਨੇ ਹਰ ਉਮੀਦਵਾਰ ਨੂੰ ਭਾਰੀ ਵਿਰੋਧ ਦਾ ਸਾਹਮਣਾ ਕਰਨਾ, ਪਰ ਕਈ ਥਾਵਾਂ ਉਤੇ ਸਥਿਤੀ ਜਾਂ ਤਾਂ ਹੋਲੀ ਹੋਲੀ ਸੁਖਾਵੀਂ ਹੋ ਗਈ ਜਾਂ ਫਿਰ ਕੁਝ ਕੁ ਥਾਵਾਂ ਉਤੇ ਸਰਗਰਮ ਆਗੂਆਂ ਨੇ ਚੋਣ ਮੁਹਿੰਮ ਤੋਂ ਪਾਸਾ ਵੱਟ ਲਿਆ। ਪੰਜਾਬ ਵਿਚ ਸਭ ਤੋਂ ਵੱਧ ਕਾਟੋ ਕਲੇਸ਼ ਲੋਕ ਸਭਾ ਮੈਂਬਰ ਭਗਵੰਤ ਮਾਨ ਦੇ ਲੋਕ ਸਭਾ ਹਲਕਾ ਸੰਗਰੂਰ ਵਿਚ ਹੈ ਜਿਥੋਂ ਭਗਵੰਤ ਮਾਨ ਭਾਰੀ ਵੋਟਾਂ ਦੇ ਫਰਕ ਨਾਲ ਜਿੱਤ ਕੇ ਲੋਕ ਸਭਾ ਵਿਚ ਪਹੁੰਚੇ ਸਨ। ਵਿਧਾਨ ਸਭਾ ਹਲਕਾ ਸੰਗਰੂਰ ਜਿਥੇ ਹਿੰਦੂ ਚਿਹਰੇ ਨੂੰ ਟਿਕਟ ਦੇਣ ਲਈ ਬਜ਼ਿਦ ਪਾਰਟੀ ਨੇ ਜਦੋਂ ਤੋਂ ਦਿਨੇਸ਼ ਬਾਂਸਲ ਨੂੰ ਚੋਣ ਮੈਦਾਨ ਵਿਚ ਉਤਾਰਿਆਂ ਹੈ, ਉਦੋਂ ਤੋਂ ਹਲਕੇ ਦੇ ਕਈ ਸੀਨੀਅਰ ਆਗੂ ਚੋਣ ਪ੍ਰਚਾਰ ਵਿਚ ਜੁਟਣ ਦੀ ਬਜਾਏ ਟਿਕਟ ਬਦਲਾਉਣ ਲਈ ਹਰ ਹੀਲਾ ਵਰਤ ਰਹੇ ਹਨ, ਪਰ ਹਾਈਕਮਾਂਡ ਅਜਿਹਾ ਕਰਨ ਤੋਂ ਦੋ ਟੁਕ ਜਵਾਬ ਦੇ ਚੁੱਕੀ ਹੈ। ਇਸੇ ਤਰ੍ਹਾਂ ਲਹਿਰਾ ਹਲਕੇ ਵਿਚ ਬਾਗੀ ਇਕਜੁੱਟ ਹੋ ਰਹੇ ਹਨ। ਮਲੇਰਕੋਟਲੇ ਦਾ ਪਾਰਟੀ ਵੱਲੋਂ ਐਲਾਨਿਆ ਉਮੀਦਵਾਰ ਅਜੇ ਵੀ ਵਲੰਟੀਅਰਾਂ ਦੇ ਹਜ਼ਮ ਨਹੀਂ ਹੋ ਰਿਹਾ। ਰਾਜਪੁਰਾ ਹਲਕੇ ਵਿਚ ਸਥਿਤੀ ਕਾਬੂ ਵਿਚ ਹੋ ਗਈ ਹੈ। ਭਾਜਪਾ ਨੇ ਬੇਸ਼ੱਕ ਅਜੇ ਆਪਣੇ ਉਮੀਦਵਾਰਾਂ ਦੀ ਸੂਚੀ ਜਾਰੀ ਨਹੀਂ ਕੀਤੀ, ਪਰ ਪਾਰਟੀ ਕਮਲ ਸ਼ਰਮਾ, ਅਵਿਨਾਸ਼ ਰਾਏ ਖੰਨਾ ਅਤੇ ਅਸ਼ਵਨੀ ਸ਼ਰਮਾ ਨਾਂ ਦੇ ਤਿੰਨ ਗੁੱਟਾਂ ਵਿਚ ਵੰਡੀ ਹੋਣ ਕਰ ਕੇ ਉਥੇ ਵੀ ਸਭ ਅੱਛਾ ਨਹੀਂ।

## ਆਪ ਤੋਂ ਬਾਗੀ ਜੱਸੀ ਜਸਰਾਜ ਨੇ ਮੁੜ ਫੜਿਆ 'ਝਾੜੂ'

**ਚੰਡੀਗੜ੍ਹ:** ਆਮ ਆਦਮੀ ਪਾਰਟੀ ਤੋਂ ਬਾਗੀ ਚੱਲ ਰਹੇ ਪੰਜਾਬੀ ਗਾਇਕ ਜੱਸੀ ਜਸਰਾਜ ਦੀ ਪਾਰਟੀ ਵਿਚ ਮੁੜ ਵਾਪਸੀ ਹੋ ਗਈ ਹੈ। ਜੱਸੀ ਜਸਰਾਜ ਨੇ ਚੰਡੀਗੜ੍ਹ ਵਿਖੇ ਆਪ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਮਿਲ ਕੇ ਸੂਬੇ ਵਿਚ ਪਾਰਟੀ ਲਈ ਫਿਰ ਕੰਮ ਕਰਨ ਦੀ ਇੱਛਾ ਜਤਾਈ ਸੀ ਅਤੇ ਕੇਜਰੀਵਾਲ ਵੱਲੋਂ ਜੱਸੀ ਜਸਰਾਜ ਨੂੰ ਪੰਜਾਬ ਇਕਾਈ ਦਾ ਉਪ-ਪ੍ਰਧਾਨ ਅਤੇ ਚੋਣ ਪ੍ਰਚਾਰ ਕਮੇਟੀ ਦੀ ਜਨਰਲ ਸਕੱਤਰ ਨਿਯੁਕਤ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਇਸ ਆਗੂ ਨੂੰ ਪਾਰਟੀ ਦੇ ਬੁਲਾਰੇ ਵਜੋਂ ਨਿਯੁਕਤੀ ਦਿੱਤੀ ਗਈ ਹੈ। ਦੱਸਣਯੋਗ ਹੈ ਕਿ ਜੱਸੀ ਜਸਰਾਜ ਨੇ ਸਾਲ 2014 ਵਿਚ ਬਠਿੰਡਾ ਤੋਂ ਲੋਕ ਸਭਾ ਚੋਣ ਲੜੀ ਸੀ ਅਤੇ ਕੁਝ ਮਤਭੇਦਾਂ ਕਾਰਨ ਆਪ ਤੋਂ ਬਾਗੀ ਚੱਲ ਰਹੇ ਸਨ, ਪਰ ਪਿਛਲੇ ਕੁਝ ਸਮੇਂ ਤੋਂ ਉਹ ਪਾਰਟੀ ਦੀਆਂ ਗਤੀਵਿਧੀਆਂ ਵਿਚ ਮੁੜ ਤੋਂ ਸਰਗਰਮ ਹੋ ਗਏ ਹਨ।

# ਧਰਮ ਦੇ ਨਾਂ 'ਤੇ ਸਿਆਸਤ ਰੋਕਣ ਦੇ ਫੈਸਲੇ ਨੇ ਮਚਾਈ ਉਥਲ-ਪੁਥਲ

**ਚੰਡੀਗੜ੍ਹ:** ਧਰਮ ਅਤੇ ਜਾਤ ਦੇ ਆਧਾਰ ਉਤੇ ਵੋਟ ਮੰਗਣ 'ਤੇ ਰੋਕ ਸਬੰਧੀ ਸੁਪਰੀਮ ਕੋਰਟ ਦਾ ਫੈਸਲਾ ਦੇਸ਼ ਭਰ ਦੀ ਸਿਆਸਤ ਵਿਚ ਉਥਲ-ਪੁਥਲ ਮਚਾ ਸਕਦਾ ਹੈ। ਭਾਸ਼ਾ ਦੇ ਆਧਾਰ ਉਤੇ ਹੋਂਦ ਵਿਚ ਆਏ ਪੰਜਾਬ ਤੇ ਹੋਰਨਾਂ ਸੂਬਿਆਂ ਤੋਂ ਇਲਾਵਾ ਮਹਾਰਾਸ਼ਟਰ, ਪੱਛਮੀ ਬੰਗਾਲ ਅਤੇ ਤਾਮਿਲਨਾਡੂ ਵਰਗੇ ਸੂਬਿਆਂ 'ਚ ਜਿਥੇ ਭਾਸ਼ਾ ਨੂੰ ਵਧੇਰੇ ਮਹੱਤਵ ਦਿੱਤਾ ਜਾਂਦਾ ਹੈ, ਵਿਚ ਸਿਆਸੀ ਪਾਰਟੀਆਂ ਲਈ ਮੁਸ਼ਕਲ ਖੜ੍ਹੀ ਹੋ ਸਕਦੀ ਹੈ। ਲੋਕ ਸਭਾ ਤੇ ਵਿਧਾਨ ਸਭਾ ਤੋਂ ਲੈ ਕੇ ਲੋਕਤੰਤਰ ਦੇ ਹੇਠਲੇ ਥੰਮ੍ਹ ਪੰਚਾਇਤਾਂ ਤੱਕ ਜਾਤੀ ਦੇ ਆਧਾਰ ਉਤੇ ਰਾਖਵਾਂਕਰਨ ਹੋਣ ਕਾਰਨ ਜਾਤ-ਪਾਤ ਨੂੰ ਸਿਆਸਤ ਤੋਂ ਦੂਰ ਰੱਖਣਾ ਵੀ ਸਿਆਸੀ ਪਾਰਟੀਆਂ ਲਈ ਚੁਣੌਤੀ ਬਣ ਸਕਦਾ ਹੈ, ਜਿਸ ਦੇ ਚੱਲਦਿਆਂ ਸੁਪਰੀਮ ਕੋਰਟ ਦਾ ਇਹ ਫੈਸਲਾ ਸੂਬੇ ਦੀ ਸਿਆਸਤ ਨੂੰ ਵੀ ਕਾਫੀ ਹੱਦ ਤੱਕ ਪ੍ਰਭਾਵਿਤ ਕਰ ਸਕਦਾ ਹੈ।

ਇਸ ਸਮੇਂ ਦੇਸ਼ ਦੀ ਸਭ ਤੋਂ ਵੱਡੀ ਪਾਰਟੀ ਭਾਰਤੀ ਜਨਤਾ ਪਾਰਟੀ ਦੀ ਬੁਨਿਆਦ ਹੀ ਇਕ ਤਰ੍ਹਾਂ ਨਾਲ ਇਕ ਵਿਸ਼ੇਸ਼ ਵਰਗ ਉਪਰ ਹੀ ਟਿਕੀ ਹੋਈ ਹੈ। ਪਾਰਟੀ ਉਪਰ ਜਾਤੀਵਾਦ ਨੂੰ ਉਤਸ਼ਾਹਿਤ ਕਰਨ ਦੇ ਦੋਸ਼ ਵੀ ਅਕਸਰ ਸੁਰਖੀਆਂ ਬਣਦੇ ਰਹੇ ਹਨ। ਖਾਸ ਕਰ ਬਾਬਰੀ ਮਸਜਿਦ ਨੂੰ ਢਾਉਣ ਦੇ ਮਾਮਲੇ 'ਚ ਪਾਰਟੀ ਦਾ ਕਟਹਿਰੇ ਵਿਚ ਖੜ੍ਹਨਾ, ਜਾਤੀਵਾਦ ਤੇ ਧਰਮ ਦੀ ਰਾਜਨੀਤੀ ਦਾ ਆਪਸ 'ਚ ਰਲਗੱਡ ਹੋਣ ਦਾ ਸਬੂਤ ਸਮਝਿਆ ਜਾਂਦਾ ਰਿਹਾ ਹੈ। ਅੱਜ ਵੀ ਪਾਰਟੀ ਉਪਰ ਕਿਸੇ ਨਾ ਕਿਸੇ ਰੂਪ 'ਚ ਕਿਸੇ ਵਿਸ਼ੇਸ਼ ਵਰਗ ਉਤੇ ਮਿਹਰਬਾਨ ਹੋਣ ਅਤੇ ਧਰਮ ਤੇ ਜਾਤੀਵਾਦ ਦੀ ਰਾਜਨੀਤੀ ਨੂੰ ਉਤਸ਼ਾਹਿਤ ਕਰਨ ਦੇ ਦੋਸ਼ ਲੱਗਦੇ ਆ ਰਹੇ ਹਨ। ਉਧਰ, ਸੂਬੇ ਵਿਚ ਸੱਤਾ ਉਤੇ ਕਾਬਜ਼ ਭਾਜਪਾ ਦੀ ਭਾਈਵਾਲ ਪਾਰਟੀ ਸ਼੍ਰੋਮਣੀ ਅਕਾਲੀ ਦਲ ਲਈ ਵੀ ਸੁਪਰੀਮ ਕੋਰਟ ਦਾ ਇਹ ਫੈਸਲਾ ਪ੍ਰੇਸ਼ਾਨੀਆਂ ਪੈਦਾ ਕਰਨ ਦੱਸਿਆ ਜਾ ਰਿਹਾ ਹੈ, ਕਿਉਂਕਿ ਅਕਾਲੀ ਦਲ ਦੀ ਸਿਆਸਤ ਵੀ ਜ਼ਿਆਦਾਤਰ ਧਰਮ ਦੇ ਆਲੇ-ਦੁਆਲੇ ਹੀ ਕੇਂਦਰਿਤ ਰਹੀ ਹੈ ਤੇ ਖੁਦ ਪਾਰਟੀ ਦੇ ਬਹੁਤੇ ਆਗੂਆਂ ਦਾ ਵੀ ਇਹ ਮੰਨਣਾ ਰਿਹਾ ਹੈ ਕਿ ਧਰਮ ਅਤੇ ਸਿਆਸਤ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਅਕਾਲੀ ਦਲ ਵੱਲੋਂ ਅਕਸਰ ਪੰਥ ਖਤਰੇ ਵਿਚ ਅਤੇ ਸਾਕਾ ਨੀਲਾ ਤਾਰਾ ਆਦਿ ਘਟਨਾਵਾਂ ਨੂੰ ਚੋਣਾਂ ਦੌਰਾਨ ਜੋਰ ਸ਼ੋਰ ਨਾਲ ਉਭਾਰ ਕੇ ਸਿਆਸੀ ਲਾਹਾ ਲਿਆ ਜਾਂਦਾ ਰਿਹਾ ਹੈ।



ਅਕਾਲੀ ਦਲ ਵੱਲੋਂ ਪਿਛਲੇ ਸਮੇਂ ਦੌਰਾਨ ਸੱਤਾ 'ਤੇ ਕਾਬਜ਼ ਹੋਣ ਲਈ ਭਾਸ਼ਾ ਦੇ ਆਧਾਰ ਉਤੇ ਪੰਜਾਬੀ ਸੂਬੇ ਦੀ ਮੰਗ ਕਰ ਕੇ ਆਪਣੇ ਲਈ ਸਿਆਸੀ ਰਾਹ ਪੱਧਰਾ ਕੀਤਾ ਗਿਆ ਸੀ। ਇਥੇ ਹੀ ਬੱਸ ਨਹੀਂ ਅਕਾਲੀ ਦਲ ਦਾ ਧਾਰਮਿਕ ਵਿੰਗ ਕਹੀ ਜਾਂਦੀ ਸ਼੍ਰੋਮਣੀ ਕਮੇਟੀ, ਜਿਸ ਦੇ ਅਧੀਨ ਵੱਖ-ਵੱਖ ਧਾਰਮਿਕ ਸੰਸਥਾਵਾਂ ਕੰਮ ਕਰਦੀਆਂ ਹਨ, ਵੱਲੋਂ ਵੀ ਚੋਣਾਂ 'ਚ ਪਾਰਟੀ ਦੇ ਹੱਕ ਵਿਚ ਕੰਮ ਕਰਨਾ ਮੁਸ਼ਕਲ ਹੋ ਸਕਦਾ ਹੈ। ਇਸ ਦੇ ਨਾਲ ਹੀ ਪਾਰਟੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦਾ ਮਤਾ, ਜਿਹੜਾ ਹਮੇਸ਼ਾਂ ਚੋਣਾਂ ਦੌਰਾਨ ਹੀ ਪ੍ਰਗਟ ਹੁੰਦਾ ਰਿਹਾ ਹੈ, ਉਸ ਨੂੰ ਵੀ ਉਭਾਰਨਾ ਪਾਰਟੀ ਲਈ ਔਖਾ ਹੋ ਸਕਦਾ ਹੈ। ਇਸੇ ਤਰ੍ਹਾਂ ਬਹੁਜਨ ਸਮਾਜ ਪਾਰਟੀ ਦੀ ਨੀਂਹ ਵੀ ਇਕ ਤਰ੍ਹਾਂ ਨਾਲ ਜਾਤੀਵਾਦ ਉਪਰ ਹੀ ਰੱਖੀ ਗਈ ਸੀ।

ਬੇਸ਼ੱਕ ਪਾਰਟੀ ਨੇ ਸਮੇਂ ਦੇ ਸਾਂਚੇ 'ਚ ਆਪਣੇ ਆਪ ਨੂੰ ਢਾਲਦੇ ਹੋਏ ਉਤਰ ਪ੍ਰਦੇਸ਼ ਵਿਚ ਸਰਬ ਸਮਾਜ ਦਾ ਨਾਅਰਾ ਦੇ ਕੇ ਉਥੇ ਸੱਤਾ ਸੁੱਖ ਵੀ ਭੋਗਿਆ, ਪਰ ਪਾਰਟੀ ਵੱਲੋਂ ਪੰਜਾਬ 'ਚ ਕਦੇ ਵੀ ਅਜਿਹੀ ਸੋਚ ਨਹੀਂ ਰੱਖੀ ਗਈ ਤੇ ਉਸ ਦਾ ਸਮੁੱਚਾ ਦਾਰੋਮਦਾਰ ਸਿਰਫ ਇਕ ਵਿਸ਼ੇਸ਼ ਵਰਗ ਉਪਰ ਹੀ ਰਿਹਾ ਹੈ। ਇਸ ਮਾਮਲੇ ਵਿਚ ਕਾਂਗਰਸ ਵੀ ਅਛੂਤੀ ਨਹੀਂ ਰਹੀ। ਕਾਂਗਰਸ ਦਾ ਰਵਾਇਤੀ ਵੋਟ ਬੈਂਕ ਵੀ ਦਲਿਤ ਤੇ ਪੱਛੜਾ ਵਰਗ ਹੀ ਰਿਹਾ ਹੈ। ਬੇਸ਼ੱਕ ਲੁਕਵੇਂ ਹੀ ਸਹੀ, ਪਰ ਪਾਰਟੀ ਵੱਲੋਂ ਇਸੇ ਏਜੰਡੇ ਤਹਿਤ ਵੋਟਾਂ ਦੀ ਰਾਜਨੀਤੀ ਕੀਤੀ ਜਾਂਦੀ ਰਹੀ ਹੈ। ਸਭ ਤੋਂ ਜ਼ਿਆਦਾ ਪ੍ਰੇਸ਼ਾਨੀ ਆਮ ਆਦਮੀ ਪਾਰਟੀ ਲਈ ਹੋ ਸਕਦੀ ਹੈ, ਕਿਉਂਕਿ ਪਾਰਟੀ ਵਲੋਂ ਸੂਬੇ ਵਿਚ ਕਿਸੇ ਦਲਿਤ ਨੂੰ ਉਪ ਮੁੱਖ ਮੰਤਰੀ ਦਾ ਅਹੁਦਾ ਦੇਣ ਦਾ ਐਲਾਨ ਵੀ ਵਿਵਾਦਾਂ ਵਿਚ ਘਿਰ ਸਕਦਾ ਹੈ।

## ਸੁਪਰੀਮ ਕੋਰਟ ਦੇ ਹੁਕਮਾਂ ਪਿਛੋਂ ਸਿਆਸੀ ਧਿਰਾਂ 'ਚ ਨਿਰਾਸ਼ਾ

# ਕਾਂਗਰਸ ਵੱਲੋਂ ਚੋਣ ਮੈਨੀਫੈਸਟੋ ਵਿਚ ਵਾਅਦਿਆਂ ਦੀ ਝੜੀ

**ਨਵੀਂ ਦਿੱਲੀ:** ਪੰਜਾਬ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਨੇ ਚੋਣ ਮਨੋਰਥ ਪੱਤਰ ਜਾਰੀ ਕਰ ਦਿੱਤਾ ਜਿਸ ਵਿਚ ਪਾਰਟੀ ਦੀ ਸਰਕਾਰ ਬਣਨ ਉਤੇ ਚਾਰ ਹਫਤਿਆਂ ਅੰਦਰ ਨਸ਼ੇ ਖਤਮ ਕਰਨ, ਖੇਤੀ ਕਰਜ਼ੇ ਮੁਆਫ ਕਰਨ, ਮੁਫਤ ਬਿਜਲੀ ਦੇਣ, ਦਰਿਆਈ ਪਾਣੀ ਹੋਰ ਕਿਸੇ ਨੂੰ ਨਾ ਦੇਣ, ਨੌਜਵਾਨਾਂ ਨੂੰ 2500 ਰੁਪਏ ਬੇਰੁਜ਼ਗਾਰੀ ਭੱਤਾ, ਮਹਿਲਾਵਾਂ ਨੂੰ ਸਰਕਾਰੀ ਨੌਕਰੀਆਂ ਵਿਚ 33 ਫੀਸਦੀ ਰਾਖਵਾਂਕਰਨ ਦੇਣ, ਲੜਕੀਆਂ ਲਈ ਪਹਿਲੀ ਤੋਂ ਪੀ.ਐਚ.ਡੀ. ਤੱਕ ਮੁਫਤ ਸਿੱਖਿਆ ਆਦਿ ਜਿਹੇ ਅਹਿਮ ਵਾਅਦੇ ਕੀਤੇ ਗਏ ਹਨ। ਚੋਣ ਮਨੋਰਥ ਪੱਤਰ ਜਾਰੀ ਕਰਦਿਆਂ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਦੋਸ਼ ਲਾਇਆ ਕਿ ਪਿਛਲੇ 10 ਸਾਲਾਂ ਵਿਚ ਅਕਾਲੀ-ਭਾਜਪਾ ਸਰਕਾਰ ਨੇ ਸੂਬੇ ਨੂੰ ਤਬਾਹ ਕਰ ਕੇ ਰੱਖ ਦਿੱਤਾ ਜਿਸ ਨੂੰ ਲੀਹ ਉਤੇ ਲਿਆਉਣ ਲਈ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਦੀ ਲੋੜ ਹੈ।

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਕਿ ਸੂਬੇ 'ਚ ਸਰਕਾਰ ਬਣਨ ਉਤੇ ਪੰਜ ਸਾਲਾਂ ਅੰਦਰ 25 ਲੱਖ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਜਾਵੇਗਾ। ਉਨ੍ਹਾਂ ਨਸ਼ੇ ਅਤੇ ਭ੍ਰਿਸ਼ਟਾਚਾਰ 'ਤੇ ਸਖ਼ਤ ਕਾਰਵਾਈ ਦੇ ਵਾਅਦੇ ਨਾਲ ਹੀ 90 ਦਿਨਾਂ ਅੰਦਰ ਨਵੀਂ ਸਨਅਤੀ ਨੀਤੀ ਲਿਆਉਣ, ਵੀ.ਆਈ.ਪੀ. ਸਭਿਆਚਾਰ ਖਤਮ ਕਰਨ ਅਤੇ ਆਰਥਿਕ ਸੁਧਾਰਾਂ ਦਾ ਵੀ ਵਾਅਦਾ ਕੀਤਾ। ਸਤਲੁਜ ਯਮੁਨਾ ਲਿੰਕ ਨਹਿਰ ਮੁੱਦੇ ਬਾਰੇ ਉਨ੍ਹਾਂ ਕਿਹਾ ਕਿ ਪੰਜਾਬ ਕੋਲ ਹੋਰਾਂ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ ਅਤੇ ਸਰਕਾਰ ਬਣਨ ਤੋਂ ਬਾਅਦ ਵਿਧਾਨ ਸਭਾ 'ਚ ਸੂਬੇ ਦਾ ਪਾਣੀ ਕਿਸੇ ਹੋਰ ਨੂੰ ਨਾ ਦੇਣ ਲਈ ਕਾਨੂੰਨ ਪਾਸ ਕੀਤਾ ਜਾਵੇਗਾ। ਕੈਪਟਨ ਨੇ ਕਿਹਾ ਕਿ ਰਾਜਿੰਦਰ ਕੌਰ ਭੱਠਲ ਦੀ ਅਗਵਾਈ ਹੇਠ ਟੀਮ ਨੇ ਛੇ ਮਹੀਨੇ ਲਾ ਕੇ ਮੈਨੀਫੈਸਟੋ ਤਿਆਰ ਕੀਤਾ ਹੈ ਅਤੇ ਇਸ ਵਿਚ ਮਨਮੋਹਨ ਸਿੰਘ ਕੋਲੋਂ ਵੀ ਰਾਇ ਲਈ ਗਈ ਹੈ।

## ਚਾਰ ਹਫਤਿਆਂ ਅੰਦਰ ਨਸ਼ੇ ਖਤਮ ਕਰਨ ਦਾ ਦਾਅਵਾ




ਮੈਨੀਫੈਸਟੋ ਵਿਚ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਤਸਕਰਾਂ, ਪੁਲਿਸ ਅਧਿਕਾਰੀਆਂ ਅਤੇ ਸਿਆਸਤਦਾਨਾਂ ਨੂੰ ਨਾ ਬਖਸ਼ਣ ਤੇ 30 ਦਿਨਾਂ ਅੰਦਰ ਹੀ ਨਸ਼ੇ ਦੇ ਵਪਾਰੀਆਂ ਦੀਆਂ ਜਾਇਦਾਦਾਂ ਕੁਰਕ ਕਰਨ ਅਤੇ ਹਰ ਸਾਲ 5 ਫੀਸਦੀ ਸ਼ਰਾਬ ਦੇ ਠੇਕੇ ਘਟਾਉਣ ਸਮੇਤ ਨੌਜਵਾਨਾਂ ਨਾਲ ਵਾਅਦੇ ਕੀਤੇ ਗਏ ਹਨ। ਨੌਜਵਾਨਾਂ ਲਈ ਹੁਨਰਮੰਦੀ, ਸ਼ਹੀਦ ਭਗਤ ਸਿੰਘ ਰੁਜ਼ਗਾਰ ਯੋਜਨਾ ਸ਼ੁਰੂ ਕਰਨ, ਰਿਆਇਤੀ ਦਰ ਉਤੇ 1 ਲੱਖ ਟੈਕਸੀਆਂ, ਵਪਾਰਕ ਵਾਹਨ ਮੁਹੱਈਆ ਕਰਵਾਉਣਾ, 25000 ਟਰੈਕਟਰ, ਰਜਿਸਟਰਡ ਬੇਰੁਜ਼ਗਾਰਾਂ ਨੂੰ 2500 ਰੁਪਏ ਭੱਤਾ ਦੇਣਾ, ਸਨਅਤੀ ਇਕਾਈਆਂ ਨੂੰ 5 ਰੁਪਏ ਤਕ ਬਿਜਲੀ ਦੇਣਾ, ਜਲੰਧਰ ਵਿਚ ਨਵੇਂ ਫੋਕਲ ਪੁਆਇੰਟ ਰਾਹੀਂ ਖੇਡਾਂ ਦਾ ਸਮਾਨ ਤੇ ਖੋਜ ਕੇਂਦਰ ਸਥਾਪਤ ਕਰਨਾ, ਕਪਾਹ ਸਨਅਤ ਤੇ ਸ਼ੈਲਰ ਸਨਅਤ ਨੂੰ ਉਤਸ਼ਾਹਤ ਕਰਨ, ਸਨਅਤੀ ਫੰਡ 1000 ਕਰੋੜ ਕਰਨ, ਐਡਵਾਂਸ ਕਰ ਹਟਾਉਣ ਅਤੇ ਵਪਾਰ ਸੈੱਲ ਸਥਾਪਤ ਕਰਨ ਦੇ ਵਾਅਦੇ ਕੀਤੇ ਗਏ ਹਨ।

ਕਿਸਾਨਾਂ ਨਾਲ ਕੀਤੇ ਗਏ ਵਾਅਦਿਆਂ ਵਿਚ ਕਿਸਾਨਾਂ ਨੂੰ ਮੁਫਤ ਬਿਜਲੀ ਦੀ ਯੋਜਨਾ ਜਾਰੀ ਰੱਖਣ, ਜ਼ਮੀਨਾਂ ਦੀ ਕੁਰਕੀ ਰੋਕਣ ਲਈ ਨਵਾਂ ਕਾਨੂੰਨ, ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਲਈ 10 ਲੱਖ ਰੁਪਏ, ਕਿਸਾਨਾਂ ਲਈ ਪੈਨਸ਼ਨ ਯੋਜਨਾ, ਫਸਲ ਬੀਮਾ ਲਾਗੂ ਕਰਨਾ ਆਦਿ ਵਾਅਦੇ ਸ਼ਾਮਲ ਹਨ।

ਕਾਂਗਰਸ ਨੇ ਦਲਿਤਾਂ ਅਤੇ ਓ.ਬੀ.ਸੀ. ਵਰਗ ਨੂੰ ਰਿਝਾਉਣ ਲਈ ਰਾਖਵਾਂਕਰਨ ਵਧਾ ਕੇ 12 ਤੋਂ 15 ਫੀਸਦੀ ਕਰਨ, 5 ਲੱਖ ਤੋਂ ਘੱਟ ਦੀ ਆਮਦਨ ਵਾਲਿਆਂ ਨੂੰ ਮੁਫਤ ਘਰ ਜਾਂ 5 ਮਰਲਾ ਜ਼ਮੀਨ, ਰਾਖਵਾਂਕਰਨ ਤਹਿਤ ਐਸੀ.ਸੀ. ਵਰਗ ਦੇ ਪਰਿਵਾਰ ਦੇ ਇਕ ਵਿਅਕਤੀ ਨੂੰ ਨੌਕਰੀ ਦੇਣੀ, ਸਿੱਖਿਆ ਸੰਸਥਾਵਾਂ ਵਿਚ ਓ.ਬੀ.ਸੀ. ਵਿਦਿਆਰਥੀਆਂ ਦਾ ਕੋਟਾ 5 ਤੋਂ ਵਧਾ ਕੇ 10 ਫੀਸਦੀ ਕਰਨਾ, ਜੀ.ਡੀ.ਪੀ. ਦਾ 6 ਫੀਸਦੀ ਸਿੱਖਿਆ ਉਪਰ ਖਰਚਣਾ, ਘੱਟ ਗਿਣਤੀਆਂ ਨੂੰ ਸਵੈ ਰੁਜ਼ਗਾਰ ਲਈ ਕਰਜ਼ਾ ਮੁਆਫੀ, ਠੇਕੇ ਉਤੇ ਰੱਖੇ ਅਧਿਆਪਕ ਪੱਕੇ ਕਰਨ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ, ਸਰਕਾਰੀ ਕਾਲਜਾਂ ਅੰਦਰ ਗ਼ਰੀਬਾਂ, ਐਸ.ਸੀ., ਓ.ਬੀ.ਸੀ., ਵਿਦਿਆਰਥੀਆਂ ਲਈ 33 ਫੀਸਦੀ ਸੀਟਾਂ ਰਾਖਵੀਆਂ ਕਰਨ ਦੇ ਵਾਅਦੇ ਕੀਤੇ ਗਏ ਹਨ।

## ਚਾਰਜਸ਼ੀਟ ਰਾਹੀਂ ਸਰਕਾਰ ਦੀਆਂ ਅਸਫਲਤਾਵਾਂ ਦਾ ਜ਼ਿਕਰ

ਮੈਨੀਫੈਸਟੋ ਵਿਚ ਬਾਦਲ ਪ੍ਰਸ਼ਾਸਨ ਖਿਲਾਫ 10 ਪੰਨਿਆਂ ਦੀ ਚਾਰਜਸ਼ੀਟ ਰਾਹੀਂ ਬੀਤੇ 10 ਸਾਲਾਂ ਦੌਰਾਨ ਅਕਾਲੀ-ਭਾਜਪਾ ਸਰਕਾਰ ਦੀਆਂ ਅਸਫਲਤਾਵਾਂ ਦਾ ਜ਼ਿਕਰ ਕਰਦਿਆਂ ਲੁੱਟਣ, ਕੁੱਟਣ ਅਤੇ ਮਾਰਨ ਦੀ ਨੀਤੀ ਦਾ ਪਰਦਾਫਾਸ਼ ਕੀਤਾ ਗਿਆ ਹੈ। ਚਾਰਜਸ਼ੀਟ ਵਿਚ ਕਿਹਾ ਗਿਆ ਹੈ ਕਿ ਲੋਕਾਂ ਨੂੰ ਅਕਾਲੀ-ਭਾਜਪਾ ਕੁਸ਼ਾਸਨ ਤੋਂ ਮੁਕਤ ਕਰਵਾਉਣਾ ਮਹੱਤਵਪੂਰਨ ਹੈ। ਬਾਦਲ ਸਰਕਾਰ ਉਪਰ ਸੂਬੇ ਅਤੇ ਲੋਕਾਂ ਨੂੰ ਵਿੱਤੀ ਘੁਟਾਲੇ, ਆਰਥਿਕ ਘੁਟਾਲੇ, ਅਰਾਜਕਤਾ, ਨੀਤੀਗਤ ਠਹਿਰਾਅ ਅਤੇ ਤਰੱਕੀ 'ਚ ਸ਼ਰਮਨਾਕ ਗਿਰਾਵਟ ਰਾਹੀਂ ਡੂੰਘੇ ਹਨੇਰੇ ਵਿਚ ਧੱਕਣ ਦਾ ਦੋਸ਼ ਲਗਾਇਆ ਗਿਆ ਹੈ।

## ਕਾਂਗਰਸੀ ਮੈਨੀਫੈਸਟੋ 'ਤੇ ਬਾਦਲ ਦੇ ਸਵਾਲ

**ਸ੍ਰੀ ਮੁਕਤਸਰ ਸਾਹਿਬ:** ਕਾਂਗਰਸ ਪਾਰਟੀ ਦੇਸ਼ ਆਜ਼ਾਦ ਹੋਣ ਮਗਰੋਂ ਹੁਣ ਤੱਕ ਲਗਾਤਾਰ ਚੋਣ ਮਨੋਰਥ ਪੱਤਰ ਜਾਰੀ ਕਰਦੀ ਆ ਰਹੀ ਹੈ, ਪਰ ਇਨ੍ਹਾਂ ਦਾਅਵਿਆਂ ਉਤੇ ਹੋਇਆ ਕੁਝ ਵੀ ਨਹੀਂ। ਕਾਂਗਰਸ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਜਾਰੀ ਕੀਤੇ ਚੋਣ ਮਨੋਰਥ ਪੱਤਰ 'ਤੇ ਸਵਾਲ ਖੜ੍ਹੇ ਕਰਦਿਆਂ ਮੁੱਖ ਮੰਤਰੀ ਬਾਦਲ ਨੇ ਕੁਝ ਇਸੇ ਅੰਦਾਜ਼ ਵਿਚ ਹਮਲਾ ਬੋਲਿਆ ਹੈ।

ਮੁੱਖ ਮੰਤਰੀ ਬਾਦਲ ਨੇ ਕਾਂਗਰਸ ਦੇ ਚੋਣ ਮਨੋਰਥ ਪੱਤਰ ਨੂੰ ਝੂਠ ਦਾ ਪੁਲੰਦਾ ਕਰਾਰ ਦਿੰਦਿਆਂ ਕਿਹਾ ਕਿ ਦਾਅਵਾ ਕੀਤਾ ਜਾ ਰਿਹਾ ਹੈ ਕਿ ਕਿਸਾਨਾਂ ਦੇ ਕਰਜ਼ ਮੁਆਫ ਕੀਤੇ ਜਾਣਗੇ, ਪਰ ਕਾਂਗਰਸ ਆਪਣਾ ਵਾਅਦਾ ਕਦੇ ਪੂਰਾ ਨਹੀਂ ਕਰਦੀ। ਪੰਜਾਬ ਵਿਚੋਂ ਨਸ਼ਾ ਚਾਰ ਹਫਤਿਆਂ ਅੰਦਰ ਖਤਮ ਕਰਨ ਦੇ ਦਾਅਵੇ 'ਤੇ ਟਿੱਪਣੀ ਕਰਦਿਆਂ ਬਾਦਲ ਨੇ ਕਿਹਾ ਕਿ ਚਾਰ ਹਫਤਿਆਂ ਵਿਚ ਤਾਂ ਬੁਖਾਰ ਨਹੀਂ ਉਤਰਦਾ ਤੇ ਇਹ ਨਸ਼ਾ ਕਿਵੇਂ ਖਤਮ ਕਰਨਗੇ।

# ਖੁੱਸਿਆ ਵੋਟ ਬੈਂਕ ਮੁੜ ਹਾਸਲ ਕਰਨਾ ਕਾਂਗਰਸ ਲਈ ਬਣੀ ਚੁਣੌਤੀ

**ਚੰਡੀਗੜ੍ਹ:** ਪੰਜਾਬ ਦੀ ਸਿਆਸਤ ਵਿਚ ਸ਼ਹਿਰੀ ਹਿੰਦੂ ਅਤੇ ਦਲਿਤ ਦੇ ਮਿਲੇ ਜੁਲੇ ਵੋਟ ਬੈਂਕ ਨੂੰ ਬਰਕਰਾਰ ਰੱਖਣ ਦੀ ਰਣਨੀਤੀ ਉਤੇ ਚੱਲਦੀ ਰਹੀ ਕਾਂਗਰਸ ਪਾਰਟੀ ਨੂੰ ਪੰਜਾਬ ਵਿਚ ਆਪਣਾ ਖੁੱਸਿਆ ਵੋਟ ਬੈਂਕ ਮੁੜ ਹਾਸਲ ਕਰਨ ਦੀ ਗੰਭੀਰ ਚੁਣੌਤੀ ਦਰਪੇਸ਼ ਹੈ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਪਾਰਟੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਰਵਾਇਤੀ ਵੋਟ ਬੈਂਕ ਵਿਚ ਸੰਨ੍ਹ ਲਗਾਉਣ ਵਿਚ ਤਾਂ ਸਫਲਤਾ ਹਾਸਲ ਕੀਤੀ, ਪਰ ਇਸ ਦਾ ਆਪਣਾ ਵੋਟ ਬੈਂਕ ਗੁਆਚ ਗਿਆ ਲੱਗਦਾ ਹੈ।

ਕੈਪਟਨ ਅਮਰਿੰਦਰ ਸਿੰਘ 2002 ਤੋਂ 2007 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ। ਅਮਰਿੰਦਰ ਸਿੰਘ ਵੱਲੋਂ ਕਿਸੇ ਸਮੇਂ ਖਾੜਕੂਵਾਦ ਨਾਲ ਜੁੜੇ ਰਹੇ ਆਗੂਆਂ ਨੂੰ ਕਾਂਗਰਸ ਵਿਚ ਸ਼ਾਮਲ ਕਰਨ ਦਾ ਵਿਰੋਧ ਸ਼ਮਸ਼ੇਰ ਸਿੰਘ ਦੂਲੋਂ, ਰਾਜਿੰਦਰ ਕੌਰ ਭੱਠਲ ਸਮੇਤ ਪਾਰਟੀ ਦੇ ਕਈ ਆਗੂ ਵੱਖ-ਵੱਖ ਮੰਚਾਂ ਤੋਂ ਕਰਦੇ ਰਹੇ ਹਨ। ਅਕਾਲੀ ਦਲ ਵੱਲੋਂ 2007 ਦੀ ਚੋਣ ਵਿਚ ਲਿਆਂਦੀ ਚਾਰ ਰੁਪਏ ਕਿਲੋ ਆਟਾ ਤੇ 20 ਰੁਪਏ ਕਿਲੋ ਦਾਲ ਦੇ ਐਲਾਨ ਨੂੰ 420 ਕਹਿ ਕੇ ਕਾਊਂਟਰ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਅਕਾਲੀ ਦਲ ਤੋਂ ਦੂਰੀ ਬਣਾਈ ਰੱਖਣ ਵਾਲੇ ਦਲਿਤ ਵਰਗ ਦਾ ਇੱਕ ਹਿਸਾ ਚੋਣਾਂ ਦੌਰਾਨ ਇਸ ਦਾ ਸਮਰਥਨ ਕਰਦਾ ਦਿਖਾਈ ਦਿੱਤਾ।

ਚੋਣ ਨਤੀਜਿਆਂ ਨੂੰ ਦੇਖਿਆ ਜਾਵੇ ਤਾਂ ਕਾਂਗਰਸ ਨੇ ਮਾਲਵੇ ਵਿਚ 2007 ਅਤੇ 2012 ਵਿਚ ਚੰਗਾ ਪ੍ਰਦਰਸ਼ਨ ਕੀਤਾ ਅਤੇ ਅਕਾਲੀ-ਭਾਜਪਾ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ, ਪਰ ਦੋਆਬਾ ਅਤੇ ਮਾਝਾ ਵਿਚ ਪਾਰਟੀ ਦੀ ਸਥਿਤੀ ਪਹਿਲਾਂ ਵਰਗੀ ਨਹੀਂ ਰਹੀ। ਦੋਆਬੇ ਅਤੇ ਮਾਝੇ ਨੇ 2002 ਵਿਚ 52 ਵਿਚੋਂ 33 ਸੀਟਾਂ ਦੇ ਕੇ ਕਾਂਗਰਸ ਦੀ ਸਰਕਾਰ ਬਣਾਉਣ ਵਿਚ ਵੱਡੀ ਮਦਦ ਕੀਤੀ ਸੀ। 2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਮਾਝਾ ਅਤੇ ਦੋਆਬਾ ਤੋਂ ਮਾਤ ਖਾ ਜਾਣ ਕਾਰਨ ਕੈਪਟਨ ਅਮਰਿੰਦਰ ਸਿੰਘ ਇਤਿਹਾਸ ਸਿਰਜਣ ਤੋਂ ਰਹਿ ਗਏ। ਮਾਲਵੇ ਤੋਂ 37 ਸੀਟਾਂ ਲੈ ਜਾਣ ਦੇ ਬਾਵਜੂਦ ਮਾਝੇ ਅਤੇ ਦੋਆਬੇ ਦੀਆਂ ਕੁੱਲ 52 ਸੀਟਾਂ ਵਿਚੋਂ ਮਹਿਜ਼ 7 ਉਤੇ ਹੀ ਸਬਰ ਕਰਨਾ ਪਿਆ। ਪਾਰਟੀ ਨੂੰ ਮਾਝੇ ਵਿਚੋਂ ਸਿਰਫ 3 ਅਤੇ ਦੋਆਬੇ 'ਚੋਂ 4 ਸੀਟਾਂ ਹੀ ਮਿਲੀਆਂ।

ਕਾਂਗਰਸ ਦਾ ਗੜ੍ਹ ਮੰਨੇ ਜਾਣ ਵਾਲੇ ਜਲੰਧਰ ਜ਼ਿਲ੍ਹੇ ਦੀਆਂ ਨੌਂ ਦੀਆਂ ਨੌਂ ਸੀਟਾਂ ਤੋਂ ਕਾਂਗਰਸ ਖਾਲੀ ਹੱਥ ਰਹੀ। ਅਕਾਲੀ-ਭਾਜਪਾ ਗੱਠਜੋੜ ਦੇ ਤੌਰ ਉਤੇ ਭਾਜਪਾ ਨੂੰ ਆਮ ਤੌਰ 'ਤੇ ਸ਼ਹਿਰੀ ਪ੍ਰਭਾਵ ਵਾਲੀਆਂ 23 ਸੀਟਾਂ ਮਿਲਦੀਆਂ ਹਨ। ਭਾਜਪਾ 23 ਵਿਚੋਂ ਦੋਆਬੇ ਵਿਚੋਂ 14 ਅਤੇ ਮਾਲਵੇ 'ਚੋਂ 5 ਸੀਟਾਂ ਸਮੇਤ ਕੁੱਲ 19 ਸੀਟਾਂ ਜਿੱਤੇ ਕੇ ਇਹ ਪ੍ਰਭਾਵ ਬਣਾਉਣ ਵਿਚ ਸਫਲ ਰਹੀ ਕਿ ਸ਼ਹਿਰੀ ਵਰਗ ਉਸ ਵੱਲ ਪਰਤ ਰਿਹਾ ਹੈ।

ਵਿਧਾਨ ਸਭਾ ਚੋਣਾਂ 2012 ਦੌਰਾਨ ਸੀਟਾਂ ਦੀ ਮੁੜ ਹੱਦਬੰਦੀ ਹੋਣ ਕਾਰਨ ਮਾਝੇ ਅਤੇ ਦੋਆਬੇ ਦੀਆਂ ਸੀਟਾਂ 52 ਤੋਂ ਘੱਟ ਕੇ 48 ਰਹਿ ਗਈਆਂ। ਇਨ੍ਹਾਂ ਚੋਣਾਂ ਦੇ ਨਤੀਜੇ ਦਰਸਾਉਂਦੇ ਹਨ ਕਿ ਕਾਂਗਰਸ ਨੇ ਪਹਿਲਾਂ ਨਾਲੋਂ ਸੁਧਾਰ ਤਾਂ ਕੀਤਾ, ਪਰ ਪੁਰਾਣੇ ਟੀਚੇ ਦੇ ਪੰਜਾਹ ਫੀਸਦੀ ਹਿੱਸੇ ਤੱਕ ਵੀ ਨਹੀਂ ਪਹੁੰਚ ਸਕੀ। ਪਾਰਟੀ ਨੂੰ ਮਾਝੇ ਦੀਆਂ 25 ਵਿਚੋਂ 9 ਅਤੇ ਦੋਆਬੇ ਦੀਆਂ 23 ਵਿਚੋਂ 7 ਸੀਟਾਂ ਹੀ ਮਿਲ ਸਕੀਆਂ। ਭਾਵ 48 ਵਿਚੋਂ 16 ਦੇ ਮੁਕਾਬਲੇ ਅਕਾਲੀ ਭਾਜਪਾ ਗੱਠਜੋੜ ਇਸ ਤੋਂ ਦੁੱਗਣੀਆਂ ਸੀਟਾਂ ਲੈ ਜਾਣ ਵਿਚ ਕਾਮਯਾਬ ਰਿਹਾ। ਜਲੰਧਰ ਜ਼ਿਲ੍ਹੇ ਦੀਆਂ 9 ਸੀਟਾਂ ਵਿਚੋਂ ਕਾਂਗਰਸ ਦੇ ਪੱਲੇ ਇਕ ਵੀ ਨਹੀਂ ਪਈ। ਕਾਂਗਰਸ ਦੇ ਇਕ ਸਾਬਕਾ ਪ੍ਰਧਾਨ ਮੁਤਾਬਕ ਪਾਰਟੀ ਆਪਣੇ ਮੂਲ ਵੋਟ ਬੈਂਕ ਤੋਂ ਭਟਕ ਗਈ ਹੈ ਤੇ ਹਾਲੇ ਤੱਕ ਵੀ ਦਰੁਸਤੀ ਵੱਲ ਕਦਮ ਨਹੀਂ ਉਠਾਏ ਜਾ ਰਹੇ। ਸੁਪਰੀਮ ਕੋਰਟ ਦੀ ਧਰਮ, ਜਾਤ ਅਤੇ ਭਾਸ਼ਾ ਆਦਿ ਨੂੰ ਚੋਣ ਮੁਹਿੰਮ ਜਾਂ ਚੋਣ ਮਨੋਰਥ ਪੱਤਰ ਦਾ ਹਿੱਸਾ ਨਾ ਬਣਾਉਣ ਦੀ ਹਦਾਇਤ ਨੇ ਇਨ੍ਹਾਂ ਭਾਈਚਾਰਿਆਂ ਦੀਆਂ ਮੰਗਾਂ ਉਠਾਉਣ ਉਤੇ ਵੀ ਇਕ ਤਰ੍ਹਾਂ ਨਾਲ ਸਵਾਲ ਖੜ੍ਹਾ ਕਰ ਦਿੱਤਾ ਹੈ।



## 'ਆਪ' ਦੀ ਰਣਨੀਤੀ ਨੇ ਰਾਹ ਕੀਤਾ ਔਖਾ


**ਚੰਡੀਗੜ੍ਹ:** ਵਿਧਾਨ ਸਭਾ ਦੀਆਂ 4 ਫਰਵਰੀ ਨੂੰ ਪੈਣ ਵਾਲੀਆਂ ਵੋਟਾਂ ਵਿਚ ਇਕ ਨਵਾਂ ਖਿਡਾਰੀ ਆਮ ਆਦਮੀ ਪਾਰਟੀ ਦੇ ਰੂਪ ਵਿਚ ਸਾਹਮਣੇ ਹੈ। ਅਰਵਿੰਦ ਕੇਜਰੀਵਾਲ ਨੇ ਦਲਿਤ ਨੂੰ ਉਪ ਮੁੱਖ ਮੰਤਰੀ ਬਣਾਉਣ ਦਾ ਐਲਾਨ ਕਰ ਕੇ ਨਵੀਂ ਚਰਚਾ ਛੇੜ ਦਿੱਤੀ ਹੈ। ਗਰੀਬਾਂ ਦੀ ਤੰਗੀਆਂ ਤੁਰਸ਼ੀਆਂ ਵੱਲ ਝਾਤ ਮਾਰਨ ਵਾਲੀ ਖੱਬੇ ਪੱਖੀ ਧਿਰ ਦੀ ਕਮਜ਼ੋਰੀ ਕਾਰਨ ਮਜ਼ਦੂਰ ਵਰਗ ਵੋਟ ਪ੍ਰਣਾਲੀ ਲਈ ਨਵੇਂ ਆਗੂਆਂ ਦੀ ਭਾਲ ਵਿਚ ਹੈ। ਅਜਿਹੇ ਮੌਕੇ ਕਾਂਗਰਸ ਆਪਣੇ ਰਵਾਇਤੀ ਵੋਟ ਬੈਂਕ ਨੂੰ ਨਾਲ ਜੋੜਨ ਲਈ ਕੀ ਹੀਲਾ ਕਰਦੀ ਹੈ, ਨਤੀਜੇ ਇਸ ਗੱਲ ਉਤੇ ਵੀ ਨਿਰਭਰ ਹਨ।

## ਕਾਂਗਰਸ ਦੇ ਹੱਕ ਵਿਚ ਡਟੇ ਸਾਬਕਾ ਫੌਜੀ

**ਨਵੀਂ ਦਿੱਲੀ:** 'ਇਕ ਰੈਂਕ ਇਕ ਪੈਨਸ਼ਨ' ਦੇ ਮੁੱਦੇ ਉਪਰ ਪ੍ਰਦਰਸ਼ਨ ਦੌਰਾਨ ਚਰਚਾ ਦਾ ਵਿਸ਼ਾ ਬਣੀ 'ਇੰਡੀਅਨ ਐਕਸ ਸਰਵਿਸਮੈਨ ਮੂਵਮੈਂਟ' (ਆਈ.ਈ.ਐਸ.ਐਮ.) ਨੇ ਚੋਣਾਂ ਵਿਚ ਪੰਜਾਬ ਸਮੇਤ ਹੋਰ ਸੂਬਿਆਂ ਵਿਚ ਕਾਂਗਰਸ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਪੰਜਾਬ ਵਿਚ ਆਪਣੇ ਮੈਨੀਫੈਸਟੋ ਵਿਚ 21 ਸੂਤਰੀ ਏਜੰਡਾ ਸ਼ਾਮਲ ਕੀਤਾ ਹੈ। ਪੰਜਾਬ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ, ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਵੀਰਭੱਦਰ ਸਿੰਘ ਤੇ ਉਤਰਾਖੰਡ ਦੇ ਮੁੱਖ ਮੰਤਰੀ ਹਰੀਸ਼ ਰਾਵਤ ਨੇ ਚੇਅਰਮੈਨ ਮੇਜਰ ਜਨਰਲ (ਸੇਵਾ ਮੁਕਤ) ਸਤਬੀਰ ਸਿੰਘ ਦੀ ਅਗਵਾਈ ਵਾਲੇ ਆਈ.ਈ.ਐਸ.ਐਮ. ਮੈਂਬਰਾਂ ਦਾ ਸਵਾਗਤ ਕੀਤਾ।

## ਬਰਨਾਲਾ ਤੋਂ ਚੋਣ ਲੜਨਗੇ ਸਿਮਰਨਜੀਤ ਸਿੰਘ ਮਾਨ

**ਅੰਮ੍ਰਿਤਸਰ**: ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ 15 ਹੋਰ ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਕੀਤੀ ਹੈ। ਉਮੀਦਵਾਰਾਂ ਦੀ ਜਾਰੀ ਸੂਚੀ ਅਨੁਸਾਰ ਸਿਮਰਨਜੀਤ ਸਿੰਘ ਮਾਨ ਬਰਨਾਲਾ (ਜਨਰਲ) ਤੋਂ ਚੋਣ ਲੜਨਗੇ।



ਦਲਿਤ ਕਮੇਟੀ ਦਲ ਦੇ ਪ੍ਰਧਾਨ ਲਾਲ ਸਿੰਘ ਸੁਲਹਾਨੀ (ਫਿਰੋਜ਼ਪੁਰ ਰਾਖਵਾਂ), ਰਣਜੀਤ ਸਿੰਘ ਸੰਤੋਖਗੜ੍ਹ (ਰੋਪੜ), ਪਰਮਿੰਦਰ ਸਿੰਘ ਚੀਮਾ (ਜਲੰਧਰ ) ਮਾਸਟਰ ਨਿਰਮਲ ਸਿੰਘ ਬਲੀਨਾ (ਆਦਮਪੁਰ ਰਾਖਵਾਂ), ਜਗੀਰ ਸਿੰਘ ਫਤਿਹਪੁਰ (ਸਨੌਰ), ਲਖਵੀਰ ਸਿੰਘ ਸ਼ੌਂਟੀ (ਅਮਲੋਹ), ਹਰਭਜਨ ਸਿੰਘ (ਆਨੰਦਪੁਰ ਸਾਹਿਬ), ਬੂਟਾ ਸਿੰਘ ਰਣਸਹੇਕੇ (ਬਾਘਾ ਪੁਰਾਣਾ), ਸਹਿਬਾਜ਼ ਸਿੰਘ ਡਸਕਾ (ਸੁਨਾਮ), ਪਰਮਜੀਤ ਸਿੰਘ ਸੇਖੋਂ (ਭਦੌੜ), ਕੁਲਦੀਪ ਸਿੰਘ (ਨਿਹਾਲ ਸਿੰਘ ਵਾਲਾ, ਮੋਗਾ ਰਾਖਵਾਂ), ਅਮਰੀਕ ਸਿੰਘ ਨੰਗਲ (ਅਜਨਾਲਾ, ਅੰਮ੍ਰਿਤਸਰ) ਅਤੇ ਮੱਖਣ ਸਿੰਘ ਸਾਵਣਾ (ਫ਼ਾਜ਼ਿਲਕਾ) ਤੋਂ ਉਮੀਦਵਾਰ ਹੋਣਗੇ। ਸ. ਮਾਨ ਨੇ ਕਿਹਾ ਕਿ ਹੁਣ ਤੱਕ 55 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ ਅਤੇ ਜਲਦੀ ਹੀ ਬਾਕੀ ਰਹਿੰਦੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਜਾਵੇਗਾ।

# ਹੁਣ ਡਾ. ਅੰਬੇਦਕਰ ਦਾ ਪੋਤਰਾ ਤੇ ਛੋਟੇਪੁਰ ਮਿਲ ਕੇ ਲੜਨਗੇ ਚੋਣਾਂ

**ਜਲੰਧਰ:** ਡਾ. ਬੀ.ਆਰ. ਅੰਬੇਦਕਰ ਦੇ ਪੋਤਰੇ ਦੀ 'ਰਿਪਬਲਿਕ ਪਾਰਟੀ ਆਫ ਪੰਜਾਬ' ਅਤੇ ਸੁੱਚਾ ਸਿੰਘ ਛੋਟੇਪੁਰ ਦੀ 'ਆਪਣਾ ਪੰਜਾਬ ਪਾਰਟੀ' ਨੇ ਮਿਲ ਕੇ ਵਿਧਾਨ ਸਭਾ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ। ਇਸ ਮੌਕੇ ਡਾ. ਅੰਬੇਦਕਰ ਦੇ ਪੋਤਰੇ ਪ੍ਰਕਾਸ਼ ਅੰਬੇਦਕਰ ਨੇ ਕਿਹਾ ਕਿ ਕੌਮੀ ਪਾਰਟੀਆਂ ਦਾ ਖਾਤਮਾ ਸ਼ੁਰੂ ਹੋ ਗਿਆ ਹੈ ਅਤੇ ਆਉਣ ਵਾਲੇ ਸਮੇਂ 'ਚ ਖੇਤਰੀ ਪਾਰਟੀਆਂ ਦੇਸ਼ ਦੀ ਸਿਆਸਤ ਵਿਚ ਜ਼ਿਆਦਾ ਯੋਗਦਾਨ ਪਾਉਣਗੀਆਂ। ਸ੍ਰੀ ਅੰਬੇਦਕਰ ਨੇ ਕਿਹਾ ਕਿ ਭਾਜਪਾ ਅਤੇ ਆਰ.ਐਸ.ਐਸ. ਨੇ ਦੇਸ਼ ਦਾ ਕਾਨੂੰਨ ਬਦਲਣ ਦੀ ਤਿਆਰੀ ਕਰ ਲਈ ਹੈ ਅਤੇ ਇਸੇ ਦੀ ਤਿਆਰੀ ਕਰਦਿਆਂ ਉਨ੍ਹਾਂ ਨੇ ਗਰੀਬਾਂ ਦੇ ਫਾਇਦੇ ਵਾਲੀਆਂ ਸਕੀਮਾਂ ਹੌਲੀ-ਹੌਲੀ ਘਟਾ ਦਿੱਤੀਆਂ ਹਨ। ਉਨ੍ਹਾਂ ਦੱਸਿਆ ਕਿ ਉਹ ਪਿਛਲੇ ਕਾਫੀ ਸਮੇਂ ਤੋਂ ਪੰਜਾਬ 'ਚ ਵਿਚਰ ਰਹੇ ਹਨ ਅਤੇ ਸੂਬੇ ਦੀਆਂ ਸਾਰੀਆਂ ਸਮੱਸਿਆਵਾਂ ਤੋਂ ਜਾਣੂ ਹਨ। ਇਸ ਮੌਕੇ ਉਨ੍ਹਾਂ ਪਾਰਟੀ ਦੇ ਸੂਬਾ ਪ੍ਰਧਾਨ ਸੁਰਜੀਤ ਸਿੰਘ ਮੰਡ ਅਤੇ ਹੋਰ ਅਹੁਦੇਦਾਰ ਵੀ ਸ਼ਾਮਲ ਸਨ।



ਆਪਣਾ ਪੰਜਾਬ ਪਾਰਟੀ ਦੇ ਮੁਖੀ ਸੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਦੋਹੇਂ ਪਾਰਟੀਆਂ ਆਉਣ ਵਾਲੇ ਦਿਨਾਂ 'ਚ ਬੈਠ ਕੇ ਸੀਟਾਂ ਦੀ ਵੰਡ ਕਰਨਗੀਆਂ। ਉਨ੍ਹਾਂ ਨੇ ਆਪ ਉਤੇ ਹੱਲਾ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਨੇ 90 ਫੀਸਦੀ ਟਿਕਟਾਂ ਪੈਸੇ ਲੈ ਕੇ ਦਿੱਤੀਆਂ ਹਨ। ਸ੍ਰੀ ਛੋਟੇਪੁਰ ਨੇ ਕਿਹਾ ਕਿ ਜਦੋਂ ਉਹ ਪਾਰਟੀ ਦੇ ਕਨਵੀਨਰ ਸਨ ਤਾਂ ਸ੍ਰੀ ਕੇਜਰੀਵਾਲ ਨੇ ਬੈਂਸ ਭਰਾਵਾਂ 'ਤੇ ਕੇਸ ਚੱਲਦੇ ਹੋਣ ਦਾ ਹਵਾਲਾ ਦੇ ਕੇ ਉਨ੍ਹਾਂ ਨੂੰ ਪਾਰਟੀ 'ਚ ਸ਼ਾਮਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਪਰ ਹੁਣ ਪਾਰਟੀ ਦੇ ਡਿੱਗਦੇ ਗਰਾਫ ਨੂੰ ਦੇਖਦਿਆਂ ਉਹ ਸਭ ਨੂੰ ਸ਼ਾਮਲ ਕਰ ਰਹੇ ਹਨ।

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਫਿਲਮ ਪੋਸਟਰ ਰਿਲੀਜ਼ ਕਰ ਕੇ ਘਿਰੇ ਜਥੇਦਾਰ

**ਚੰਡੀਗੜ੍ਹ:** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਇਥੇ ਫਿਲਮ 'ਭਾਈ ਜੈਤਾ' ਦਾ ਪੋਸਟਰ ਰਿਲੀਜ਼ ਕੀਤਾ ਗਿਆ। ਪੋਸਟਰ ਰਿਲੀਜ਼ ਹੋਣ ਤੋਂ ਬਾਅਦ ਮੀਡੀਆ ਵਿਚ ਤਸਵੀਰਾਂ ਆਉਂਦਿਆਂ ਹੀ ਇਸ ਦਾ ਵਿਰੋਧ ਸ਼ੁਰੂ ਹੋ ਗਿਆ। ਇਹ ਫਿਲਮ ਰਸ਼ੀਦ ਰੰਗਰੇਜ਼ ਤੇ ਸਿਮਰਜੀਤ ਸਿੰਘ ਦੀ ਲਿਖੀ ਹੋਈ ਹੈ। ਅਦਾਕਾਰ ਗਿੱਪੀ ਗਰੇਵਾਲ ਮੁੱਖ ਕਿਰਦਾਰ ਵਿਚ ਨਜ਼ਰ ਆਉਣਗੇ।

ਫਿਲਮ ਦਾ ਵਿਰੋਧ ਸਿੱਖ ਭਾਈਚਾਰੇ ਵੱਲੋਂ ਕੀਤਾ ਜਾ ਰਿਹਾ ਹੈ। ਵਿਰੋਧ ਦਾ ਮੁੱਖ ਕਾਰਨ ਗਿੱਪੀ ਗਰੇਵਾਲ ਵੱਲੋਂ ਪਤਿਤ ਹੋਣ 'ਤੇ ਸਿੱਖ ਇਤਿਹਾਸ ਦੇ ਮਹਾਨ ਗੁਰਸਿੱਖ ਭਾਈ ਜੈਤਾ ਦਾ ਕਿਰਦਾਰ ਨਿਭਾਉਣਾ ਹੈ। ਇਸੇ ਦੇ ਵਿਰੋਧ ਵਿਚ ਵੱਖ-ਵੱਖ ਵਰਗਾਂ ਨਾਲ ਜੁੜੇ ਸਿੱਖ ਭਾਈਚਾਰੇ ਦੇ ਲੋਕ ਇਸ ਫਿਲਮ ਦੇ ਵਿਰੋਧ ਵਿਚ ਆਪੋ-ਆਪਣੇ ਤਰਕ ਦੇ ਰਹੇ ਹਨ। ਇਕ ਸਿੱਖ ਫਿਲਮ ਡਾਇਰੈਕਟਰ ਨੇ ਲਿਖਿਆ ਹੈ ਕਿ ਸਿੱਖ ਇਤਿਹਾਸ ਦੇ ਕਿਸੇ ਵੀ ਪਾਤਰ ਦੇ ਕਿਰਦਾਰ ਦਾ ਰੋਲ ਨਿਭਾਉਣ ਲਈ ਪਤਿਤ ਦੀ ਬਜਾਏ ਗੁਰਸਿੱਖ ਕਲਾਕਾਰ ਨੂੰ ਲੈਣ ਸਬੰਧੀ ਸਖਤ ਕਾਨੂੰਨ ਬਣਨਾ ਚਾਹੀਦਾ ਹੈ, ਨਹੀਂ ਤਾਂ ਅਗਲੀਆਂ ਪੀੜ੍ਹੀਆਂ ਲਈ ਸਿੱਖਾਂ ਦਾ ਇਤਿਹਾਸ ਕੁਝ ਹੋਰ ਹੋਵੇਗਾ। ਦੂਜੇ ਪਾਸੇ ਫਿਲਮ ਦੀ ਸਟਾਰਕਾਸਟ ਨੇ ਆਪਣੀ ਗਰੁੱਪ ਫੋਟੋ ਫੇਸਬੁੱਕ 'ਤੇ ਸ਼ੇਅਰ ਕਰਦਿਆਂ ਇਸ ਫਿਲਮ ਬਾਰੇ ਐਲਾਨ ਕਰਦਿਆਂ ਮਾਣ ਮਹਿਸੂਸ ਕੀਤਾ ਹੈ। ਇਸ ਦਰਮਿਆਨ ਵਿਰੋਧ ਗਿਆਨੀ ਗੁਰਬਚਨ ਸਿੰਘ ਦਾ ਵੀ ਹੋ ਰਿਹਾ ਹੈ। ਉਨ੍ਹਾਂ ਨੇ ਖਾਸ ਤੌਰ 'ਤੇ ਸ਼ਿਰਕਤ ਕਰਕੇ ਪੋਸਟਰ ਰਿਲੀਜ਼ ਕੀਤਾ। ਡੇਰਾ ਸਿਰਸਾ ਮੁਖੀ ਨੂੰ ਦਿੱਤੀ ਮੁਆਫੀ ਤੋਂ ਬਾਅਦ ਵਿਸ਼ਵ ਪੱਧਰ 'ਤੇ ਸਿੱਖ ਕੌਮ ਵੱਲੋਂ ਤਖਤਾਂ ਦੇ ਜਥੇਦਾਰਾਂ ਦਾ ਵਿਰੋਧ ਲਗਾਤਾਰ ਜਾਰੀ ਹੈ।




ਯਾਦ ਰਹੇ ਕਿ ਭਾਈ ਜੈਤਾ ਉਹ ਮਹਾਨ ਸਿੱਖ ਹਨ ਜੋ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਦੀ ਹਿੰਦੂ ਧਰਮ ਖਾਤਰ ਦਿੱਲੀ ਵਿਖੇ ਦਿੱਤੀ ਕੁਰਬਾਨੀ ਵੇਲੇ ਉਨ੍ਹਾਂ ਦੇ ਨਾਲ ਸਨ। ਸ਼ਹੀਦੀ ਤੋਂ ਬਾਅਦ ਭਾਈ ਜੈਤਾ ਦਿੱਲੀ ਤੋਂ ਸ਼ਹੀਦ ਗੁਰੂ ਤੇਗ ਬਹਾਦਰ ਦਾ ਸੀਸ ਲੈ ਕੇ ਆਨੰਦਪੁਰ ਸਾਹਿਬ ਪਹੁੰਚੇ ਸਨ। ਇਸ 'ਤੇ ਦਸਮ ਪਿਤਾ ਨੇ ਭਾਈ ਜੈਤਾ ਨੂੰ ਛਾਤੀ ਨਾਲ ਲਾਉਂਦਿਆਂ 'ਰੰਗਰੇਟਾ ਗੁਰੂ ਕਾ ਬੇਟਾ' ਕਹਿ ਕੇ ਮਾਣ ਬਖਸ਼ਿਆ ਸੀ। ਉਸ ਤੋਂ ਬਾਅਦ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਭਾਈ ਜੈਤਾ ਭਾਈ ਜੀਵਨ ਸਿੰਘ ਬਣ ਗਏ ਸਨ।

## ਬੱਚਿਆਂ ਦੀਆਂ ਅੱਖਾਂ ਦਾ ਪਾਣੀ ਸੁਕਾ ਸਕਦੈ ਸਮਾਰਟਫੋਨ

**ਸਿਓਲ:** ਜਿਹੜੇ ਬੱਚੇ ਜ਼ਿਆਦਾ ਸਮਾਂ ਆਪਣੇ ਸਮਾਰਟਫੋਨਾਂ ਅਤੇ ਕੰਪਿਊਟਰ ਉਪਕਰਨਾਂ ਉਤੇ ਬਿਤਾਉਂਦੇ ਹਨ, ਉਨ੍ਹਾਂ ਨੂੰ ਅੱਖਾਂ ਦਾ ਪਾਣੀ ਸੁੱਕਣ ਦੀ ਬਿਮਾਰੀ ਹੋ ਸਕਦੀ ਹੈ। ਦੱਖਣੀ ਕੋਰੀਆ ਦੀ ਚੁੰਗ ਆਂਗ ਯੂਨੀਵਰਸਿਟੀ ਹਸਪਤਾਲ ਦੇ ਖੋਜਾਰਥੀਆਂ ਨੇ ਦਿਖਾਇਆ ਕਿ ਸਮਾਰਟਫੋਨਾਂ ਜਾਂ ਕੰਪਿਊਟਰਾਂ ਵਿਚ ਵਰਤੀ ਜਾਂਦੀ ਵੀਡੀਓ ਡਿਸਪਲੇਅ ਟਰਮੀਨਲ (ਵੀ.ਡੀ.ਟੀ.) ਨਾਲ ਬੱਚਿਆਂ ਨੂੰ ਅੱਖਾਂ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ।

ਇਸ ਸਬੰਧੀ 916 ਬੱਚਿਆਂ ਉਤੇ ਪਰਖ ਕੀਤੀ ਗਈ। ਬੱਚਿਆਂ ਦੇ ਮਾਪਿਆਂ ਤੇ ਪਰਿਵਾਰਾਂ ਨੂੰ ਵੀ.ਡੀ.ਟੀ. ਦੀ ਵਰਤੋਂ, ਬਾਹਰ ਜਾ ਕੇ ਖੇਡਣ, ਸਿੱਖਣ ਅਤੇ ਅੱਖਾਂ ਦੀ ਬਿਮਾਰੀ ਸਬੰਧੀ ਪ੍ਰਸ਼ਨਾਵਲੀ ਦਿੱਤੀ ਗਈ। ਇਨ੍ਹਾਂ ਬੱਚਿਆਂ ਨੂੰ ਦੋ ਗਰੁੱਪਾਂ ਵਿਚ ਵੰਡਿਆ ਗਿਆ ਜਿਨ੍ਹਾਂ ਵਿਚੋਂ 630 ਬੱਚੇ ਸ਼ਹਿਰੀ ਇਲਾਕਿਆਂ ਦੇ ਇਕ ਗਰੁੱਪ ਅਤੇ 286 ਪੇਂਡੂ ਇਲਾਕਿਆਂ ਦੇ ਦੂਜੇ ਗਰੁੱਪ ਵਿਚ ਰੱਖੇ ਗਏ। ਸ਼ਹਿਰੀ ਬੱਚਿਆਂ ਦੇ ਗਰੁੱਪ ਦੇ 8.3 ਫੀਸਦੀ ਬੱਚਿਆਂ ਦਾ ਅੱਖਾਂ ਦਾ ਪਾਣੀ ਸੁੱਕਣ ਦੀ ਬਿਮਾਰੀ ਦਾ ਇਲਾਜ ਹੋ ਚੁੱਕਿਆ ਸੀ ਜਦੋਂਕਿ ਪੇਂਡੂ ਗਰੁੱਪ ਦੇ ਬੱਚਿਆਂ ਵਿਚ ਇਹ ਫ਼ੀਸਦ 2.8 ਸੀ।

## ਕੌਮੀ ਸੰਸਥਾਵਾਂ ਕਾਲੇ ਧਨ ਬਾਰੇ ਰਿਪੋਰਟਾਂ ਦੇਣੋਂ ਇਨਕਾਰੀ

**ਨਵੀਂ ਦਿੱਲੀ:** ਵਿੱਤ ਮੰਤਰਾਲੇ ਦੇ ਹੁਕਮ ਉਤੇ ਕਾਲੇ ਧਨ ਨਾਲ ਬਣਾਈ ਜਾਇਦਾਦ ਬਾਰੇ ਸਰਵੇਖਣ ਕਰਨ ਵਾਲੀਆਂ ਦੇਸ਼ ਦੀਆਂ ਦੋ ਉੱਘੀਆਂ ਸੰਸਥਾਵਾਂ ਨੇ ਭਾਰਤੀਆਂ ਵੱਲੋਂ ਦੇਸ਼ ਤੇ ਵਿਦੇਸ਼ ਵਿਚ ਰੱਖੇ ਕਾਲੇ ਧਨ ਦੀ ਰਾਸ਼ੀ ਬਾਰੇ ਰਿਪੋਰਟਾਂ ਜਨਤਕ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਇਨ੍ਹਾਂ ਵਿਚ ਦਿੱਲੀ ਅਧਾਰਤ 'ਨੈਸ਼ਨਲ ਇੰਸਟੀਚਿਊਟ ਆਫ ਪਬਲਿਕ ਫਾਇਨਾਂਸ ਤੇ ਪਾਲਿਸੀ', 'ਨੈਸ਼ਨਲ ਕੌਂਸਲ ਆਫ ਅਪਲਾਈਡ ਇਕਨੌਮਿਕ ਰਿਸਰਚ' ਅਤੇ 'ਨੈਸ਼ਨਲ ਇੰਸਟੀਚਿਊਟ ਆਫ ਫਾਇਨਾਂਸ਼ੀਅਲ ਮੈਨੇਜਮੈਂਟ' ਸ਼ਾਮਲ ਹਨ।

## ਮਿਸ਼ੇਲ ਵੱਲੋਂ ਸਿੱਖਿਆ ਮੁਹਿੰਮ ਲਈ ਭਾਰਤੀ-ਅਮਰੀਕੀ ਕੁੜੀ ਦੀ ਚੋਣ

**ਵਾਸ਼ਿੰਗਟਨ:** ਅਮਰੀਕਾ ਦੀ ਪ੍ਰਥਮ ਮਹਿਲਾ ਮਿਸ਼ੇਲ ਓਬਾਮਾ ਨੇ ਅਮਰੀਕਾ ਵਿਚ ਅੱਲ੍ਹੜਾਂ ਨੂੰ ਸਿੱਖਿਆ ਦੇ ਮੌਕੇ ਮੁਹੱਈਆ ਕਰਾਉਣ ਸਬੰਧੀ ਇਕ ਸਿੱਖਿਆ ਮੁਹਿੰਮ ਦੇ ਵਿਦਿਆਰਥੀ ਸਲਾਹਕਾਰ ਬੋਰਡ ਲਈ ਭਾਰਤੀ ਮੂਲ ਦੀ 16 ਸਾਲਾ ਅਮਰੀਕੀ ਕੁੜੀ ਸ਼ਵੇਤਾ ਪ੍ਰਭਾਕਰਨ ਦੀ ਚੋਣ ਕੀਤੀ ਹੈ।

ਕੰਪਿਊਟਰ ਵਿਗਿਆਨ ਦੇ ਖੇਤਰ ਵਿਚ ਸਿੱਖਿਅਤ ਕਰਨ ਲਈ ਸ਼ਵੇਤਾ ਦੇ ਯਤਨਾਂ ਨੂੰ ਦੇਖਦਿਆਂ ਉਸ ਨੂੰ 'ਬੈਟਰ ਮੇਕ ਰੂਮ' ਮੁਹਿੰਮ ਵਿਚ ਵਿਦਿਆਰਥੀ ਸਲਾਹਕਾਰ ਬੋਰਡ ਲਈ ਚੁਣਿਆ ਗਿਆ ਹੈ। ਸ਼ਵੇਤਾ ਦੇ ਮਾਪੇ ਸਾਲ 1988 ਵਿਚ ਤਾਮਿਲ ਨਾਡੂ ਦੇ ਤਿਰੂਨੇਲਵੇਲੀ ਤੋਂ ਇਥੇ ਆ ਕੇ ਵਸੇ ਸਨ। ਇੰਡੀਆਨਾਪੋਲਿਸ ਵਿਚ ਜੰਮੀ ਸ਼ਵੇਤਾ ਉਨ੍ਹਾਂ 17 ਵਿਦਿਆਰਥੀਆਂ ਵਿਚ ਸ਼ਾਮਲ ਹੈ, ਜਿਨ੍ਹਾਂ ਨੂੰ 'ਬੈਟਰ ਮੇਕ ਰੂਮ' ਮੁਹਿੰਮ ਦੇ ਵਿਦਿਆਰਥੀ ਸਲਾਹਕਾਰ ਬੋਰਡ ਲਈ ਚੁਣਿਆ ਗਿਆ ਹੈ। ਬੋਰਡ ਵਿਚ ਹਾਈ ਸਕੂਲ ਦੇ 12 ਵਿਦਿਆਰਥੀ ਅਤੇ ਕਾਲਜ ਦੇ ਪੰਜ ਵਿਦਿਆਰਥੀ ਸ਼ਾਮਲ ਹਨ।

ਸ਼ਵੇਤਾ ਨੌਜਵਾਨਾਂ ਦੀ ਅਗਲੀ ਪੀੜ੍ਹੀ ਨੂੰ ਇੰਜੀਨੀਅਰ, ਸਾਇੰਸਦਾਨ ਅਤੇ ਉਦਮੀ ਬਣਾਉਣ ਲਈ ਸ਼ਕਤੀਕਰਨ ਕਰਨ ਵਾਲੀ ਇਕ ਗੈਰਸਰਕਾਰੀ ਸੰਸਥਾ 'ਐਵਰੀਬਾਡੀ ਕੋਡ ਨਾਓ' ਦੀ ਸੀ.ਈ.ਓ. ਤੇ ਬਾਨੀ ਹੈ। ਉਹ ਇਸ ਸੂਚੀ ਵਿਚ ਸ਼ਾਮਲ ਹੋਣ ਵਾਲੀ ਭਾਰਤੀ ਮੂਲ ਦੀ ਇਕਲੌਤੀ ਕੁੜੀ ਹੈ। ਸ਼ਵੇਤਾ ਸਿੱਖਿਅਤ ਭਰਤਨਾਟਿਅਮ ਨ੍ਰਤਕੀ ਹੈ, ਜਿਸ ਨੂੰ 2015 ਵ੍ਹਾਈਟ ਹਾਊਸ ਚੈਂਪੀਅਨ ਆਫ ਚੇਂਜ ਐਵਾਰਡ ਨਾਲ ਸਨਮਾਨ ਮਿਲਿਆ ਸੀ।

## 'ਆਪ' ਨੂੰ ਪਿਆਰ ਤੇ ਅਕਾਲੀਆਂ ਨੂੰ ਮਾਰ ਨੇ ਬਦਲਿਆ ਚੋਣ ਦ੍ਰਿਸ਼

*(ਸਫਾ ਇਕ ਦੀ ਬਾਕੀ)*

ਵਾਰ ਹੈ ਜਦੋਂ ਪੁਲਿਸ ਨੇ ਕਿਸੇ ਅਕਾਲੀ ਆਗੂ ਦੇ ਸਮਾਗਮ ਵਿਚ ਇੰਨੀ ਦਲੇਰੀ ਵਿਖਾਈ ਹੋਵੇ। ਅਕਾਲੀ ਦਲ ਤੋਂ ਇਲਾਵਾ ਸੂਬੇ ਦੀ ਦੂਜੀ ਮੁੱਖ ਧਿਰ ਕਾਂਗਰਸ ਨੂੰ ਅੰਦਰੂਨੀ ਬਗਾਵਤ ਦੀ ਮਾਰ ਪੈ ਰਹੀ ਹੈ। ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਬਗਾਵਤ ਦੇ ਡਰੋਂ ਆਪਣੇ ਉਮੀਦਵਾਰ ਐਲਾਨਣ ਵਿਚ ਪੱਛੜੀ ਰਹੀ।

ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ 'ਆਪ' ਦੀ ਆਮਦ ਨਾਲ 15ਵੀਂ ਵਿਧਾਨ ਸਭਾ ਲਈ ਚੋਣ ਦ੍ਰਿਸ਼ ਕੁਝ ਹਟ ਕੇ ਹੋਵੇਗਾ। 2012 ਦੌਰਾਨ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.), ਦੋ ਖੱਬੇ ਪੱਖੀ ਪਾਰਟੀਆਂ ਤੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਉਤੇ ਆਧਾਰਤ ਸਾਂਝੇ ਮੋਰਚੇ ਨੇ ਰਵਾਇਤੀ ਧਿਰਾਂ ਨੂੰ ਟੱਕਰ ਦੇਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਹ ਰਣਨੀਤੀ ਪੱਖੋਂ ਮਾਰ ਖਾ ਗਏ ਸਨ। ਦੂਜੇ ਪਾਸੇ ਆਪ ਦੀ ਰਣਨੀਤੀ ਨੇ ਕਾਂਗਰਸ ਤੇ ਅਕਾਲੀ ਦਲ ਨੂੰ ਚੱਕਰਾਂ ਵਿਚ ਪਾਇਆ ਹੋਇਆ ਹੈ। ਇਸ ਨਵੀਂ ਪਾਰਟੀ ਨੇ ਜਿਥੇ ਉਮੀਦਵਾਰ ਅਲਾਨਣ ਵਿਚ ਪਹਿਲ ਕਰ ਕੇ ਇਨ੍ਹਾਂ ਧਿਰਾਂ ਨੂੰ ਮਾਤ ਦਿੱਤੀ, ਉਥੇ ਚੋਣ ਰਣਨੀਤੀ ਤੇ ਲੋਕਾਂ ਤੱਕ ਪਹੁੰਚ ਕਰ ਕੇ ਵੱਖਰੇ ਸਿਆਸੀ ਸਮੀਕਰਨਾਂ ਦੇ ਸੰਕੇਤ ਦਿੱਤੇ ਹਨ।

ਸਾਲ 2014 ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਪੰਜਾਬ ਵਿਚ ਵੱਡਾ ਹੁੰਗਾਰਾ ਮਿਲਿਆ ਸੀ। ਇਸ ਧਿਰ ਨੇ ਸੂਬੇ ਦੀਆਂ 13 ਲੋਕ ਸਭਾ ਸੀਟਾਂ ਵਿਚੋਂ 4 'ਤੇ ਜਿੱਤ ਹਾਸਲ ਕੀਤੀ ਸੀ, ਜਦੋਂ ਕਿ ਸ਼੍ਰੋਮਣੀ ਅਕਾਲੀ ਦਲ 4 ਸੀਟਾਂ ਹੀ ਜਿੱਤ ਸਕਿਆ ਸੀ। ਕਾਂਗਰਸ 3 ਸੀਟਾਂ ਲੈ ਕੇ ਤੀਜੇ ਨੰਬਰ ਉਤੇ ਰਹੀ ਸੀ ਅਤੇ ਭਾਰਤੀ ਜਨਤਾ ਪਾਰਟੀ ਨੂੰ 2 ਸੀਟਾਂ ਪ੍ਰਾਪਤ ਹੋਈਆਂ ਸਨ। ਇਨ੍ਹਾਂ ਚੋਣਾਂ ਵਿਚ 117 ਵਿਧਾਨ ਸਭਾ ਹਲਕਿਆਂ ਵਿਚੋਂ 33 ਵਿਧਾਨ ਸਭਾ ਹਲਕਿਆਂ ਵਿਚ ਆਮ ਆਦਮੀ ਪਾਰਟੀ ਅੱਗੇ ਰਹੀ ਸੀ।

ਇਸੇ ਲਈ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਤਰਜੀਹੀ ਆਧਾਰ 'ਤੇ ਲੈ ਰਹੇ ਹਨ, ਜਦੋਂ ਕਿ ਅਕਾਲੀ ਦਲ ਵਿਕਾਸ ਦੇ ਮੁੱਦੇ ਉਤੇ ਚੋਣਾਂ ਲੜਨ ਦਾ ਮਨ ਬਣਾਈ ਬੈਠਾ ਹੈ ਅਤੇ ਕਾਂਗਰਸ ਅਕਾਲੀ ਦਲ ਦੀਆਂ ਪਿਛਲੇ 10 ਸਾਲਾਂ ਵਿਚ ਰਹਿ ਗਈਆਂ ਪ੍ਰਸ਼ਾਸਨਿਕ ਘਾਟਾਂ ਨੂੰ ਉਜਾਗਰ ਕਰਨ ਦਾ ਯਤਨ ਕਰਦੀ ਦਿਖਾਈ ਦੇ ਰਹੀ ਹੈ।

## ਮਾਓ ਦਾ ਨਿਰਾਦਰ ਕਰਨ ਵਾਲਾ ਪ੍ਰੋਫੈਸਰ ਬਰਤਰਫ

**ਪੇਈਚਿੰਗ:** ਪੀਪਲ'ਜ਼ ਰਿਪਬਲਿਕ ਆਫ ਚਾਈਨਾ ਦੇ ਬਾਨੀ ਚੇਅਰਮੈਨ ਮਾਓ ਜੇ ਤੁੰਗ ਦੇ ਅਨਾਦਰ ਦੇ ਦੋਸ਼ ਵਿਚ ਪੂਰਬੀ ਚੀਨ ਦੇ ਸ਼ੈਨਡੌਂਗ ਸੂਬੇ ਵਿਚ ਇਕ ਪ੍ਰੋਫੈਸਰ ਨੂੰ ਪੁਲਿਟੀਕਲ ਐਡਵਾਈਜ਼ਰ ਦੇ ਅਹੁਦੇ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਸ਼ੈਨਡੌਂਗ ਜਿਆਂਜੂ ਯੂਨੀਵਰਸਿਟੀ ਦੇ ਪ੍ਰੋਫੈਸਰ ਡੇਂਗ ਸ਼ਿਆਂਗਚਾਓ ਨੂੰ ਚਾਇਨੀਜ਼ ਪੀਪਲ'ਜ਼ ਪੁਲਿਟੀਕਲ ਕੰਸਲਟੇਟਿਵ ਕਾਨਫਰੰਸ ਦੀ ਸ਼ੈਨਡੌਂਗ ਸੂਬਾਈ ਕਮੇਟੀ ਦੀ ਸਥਾਈ ਕਮੇਟੀ ਦੇ ਮੈਂਬਰ ਵਜੋਂ ਬਰਖਾਸਤ ਕਰ ਦਿੱਤਾ ਗਿਆ ਹੈ।

## ਮੁੱਖ ਮੰਤਰੀ ਦੇ ਉਮੀਦਵਾਰ ਬਾਰੇ ਮਘੀ ਸਿਆਸਤ

*(ਸਫਾ ਇਕ ਦੀ ਬਾਕੀ)*

ਕੀਤਾ ਸੀ ਤਾਂ ਉਦੋਂ ਵੀ ਇਹ ਵੱਡਾ ਮੁੱਦਾ ਬਣ ਗਿਆ ਸੀ ਅਤੇ ਪਾਰਟੀ ਨੂੰ ਵੱਡਾ ਖਮਿਆਜ਼ਾ ਭੁਗਤਣਾ ਪਿਆ ਸੀ। ਪਾਰਟੀ ਨੂੰ ਚੁੱਪ ਚੁਪੀਤੇ ਪੰਜਾਬ ਵਿਚ ਤਾਇਨਾਤ ਦਿੱਲੀ ਦੇ 52 ਅਬਜ਼ਰਵਰਾਂ ਦਾ ਬਿਸਤਰਾ ਗੋਲ ਕਰਨਾ ਪੈ ਗਿਆ ਸੀ। ਉਪਰੰਤ ਪਾਰਟੀ ਨੇ ਪੰਜਾਬੀਆਂ ਦੇ ਗੁੱਸੇ ਨੂੰ ਭਾਂਪਦਿਆਂ ਸੂਬਾ ਪੱਧਰ ਤੋਂ ਵੀ ਦਿੱਲੀ ਦੀ ਟੀਮ ਨੂੰ ਪਿੱਛੇ ਖਿਸਕਾ ਕੇ ਪੰਜਾਬੀ ਚਿਹਰੇ ਮੂਹਰੇ ਲਿਆਂਦੇ ਸਨ। ਹੁਣ ਮਸਾਂ ਇਹ ਮੁੱਦਾ ਖਤਮ ਹੋਇਆ ਸੀ ਕਿ ਸ੍ਰੀ ਸਿਸੋਦੀਆ ਨੇ ਚੋਣ ਸਭਾ ਦੌਰਾਨ ਇਹ ਕਹਿ ਕੇ ਮੁੜ ਇਹ ਦੱਬਿਆ ਮੁੱਦਾ ਉਛਾਲ ਦਿੱਤਾ ਕਿ ਪੰਜਾਬੀ ਇਹ ਸਮਝ ਕੇ ਵੋਟਾਂ ਪਾਉਣ ਕਿ ਸ੍ਰੀ ਕੇਜਰੀਵਾਲ ਨੇ ਹੀ ਪੰਜਾਬ ਦਾ ਮੁੱਖ ਮੰਤਰੀ ਬਣਨਾ ਹੈ। ਉਂਜ ਉਨ੍ਹਾਂ ਨਾਲ ਇਹ ਵੀ ਕਿਹਾ ਕਿ ਮੁੱਖ ਮੰਤਰੀ ਦਾ ਫੈਸਲਾ ਚੁਣੇ ਵਿਧਾਇਕ ਹੀ ਕਰਨਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਉਮੀਦਵਾਰ ਦੇ ਸਾਰੇ ਚਿਹਰੇ ਕੇਜਰੀਵਾਲ ਹੀ ਮੰਨੇ ਜਾਣ। ਭਾਵੇਂ ਇਨ੍ਹਾਂ ਬਿਆਨਾਂ ਵਿਚ ਸ੍ਰੀ ਸਿਸੋਦੀਆ ਨੇ ਸਿੱਧੇ ਤੌਰ ਉਤੇ ਸ੍ਰੀ ਕੇਜਰੀਵਾਲ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਨਹੀਂ ਐਲਾਨਿਆ, ਪਰ ਇਹ ਵੱਡਾ ਸਿਆਸੀ ਮੁੱਦਾ ਜ਼ਰੂਰ ਬਣ ਗਿਆ ਹੈ। ਉਧਰ ਵਿਰੋਧੀ ਧਿਰਾਂ ਨੇ ਚੁਫੇਰਿਓਂ ਇਸ ਮੁੱਦੇ ਦੀ ਨੁਕਤਾਚੀਨੀ ਕਰਦਿਆਂ ਸਿਆਸੀ ਭੂਚਾਲ ਲਿਆ ਦਿੱਤਾ ਹੈ। ਦੂਸਰੇ ਪਾਸੇ ਪਾਰਟੀ ਦਾ ਕਹਿਣਾ ਹੈ ਕਿ ਸ੍ਰੀ ਸਿਸੋਦੀਆ ਨੇ ਕਿਸੇ ਤਰ੍ਹਾਂ ਵੀ ਸ੍ਰੀ ਕੇਜਰੀਵਾਲ ਨੂੰ ਮੁੱਖ ਮੰਤਰੀ ਦਾ ਉਮੀਦਵਾਰ ਬਣਾਉਣ ਦੀ ਗੱਲ ਨਹੀਂ ਕਹੀ। ਉਨ੍ਹਾਂ ਤਾਂ ਪਾਰਟੀ ਸੁਪਰੀਮੋ ਦੀ ਪੰਜਾਬ ਦੇ ਵੋਟਰਾਂ ਨਾਲ ਸਮਰਪਣ ਭਾਵਨਾ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ ਸ੍ਰੀ ਕੇਜਰੀਵਾਲ ਪਾਰਟੀ ਦੇ ਮੁਖੀ ਵਜੋਂ ਇਕ-ਇਕ ਵੋਟ ਦਾ ਕਰਜ਼ ਉਤਾਰਨ ਲਈ ਵਚਨਬੱਧ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਸੁਖਬੀਰ ਦੇ 'ਸੁਖਵਿਲਾਸ' ਲਈ ਸਭ ਅੜਿੱਕੇ ਪਾਰ

**ਚੰਡੀਗੜ੍ਹ:** ਚੋਣ ਜ਼ਾਬਤਾ ਲੱਗਣ ਤੋਂ ਮਹਿਜ਼ ਇਕ ਦਿਨ ਪਹਿਲਾਂ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੇ 200 ਫੁੱਟ ਚੌੜੀ ਸੜਕ ਲਈ 100 ਏਕੜ ਤੋਂ ਵੱਧ ਜ਼ਮੀਨ ਐਕੁਆਇਰ ਕਰ ਬਾਰੇ ਨੋਟੀਫਿਕੇਸ਼ਨ ਜਾਰੀ ਕੀਤਾ। ਅਧਿਕਾਰੀਆਂ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਸੜਕ ਨਾਲ ਨਿਊ ਚੰਡੀਗੜ੍ਹ ਨਾਲ ਸੰਪਰਕ ਸੁਧਰੇਗਾ ਪਰ ਅਸਲ 'ਚ ਇਹ ਸੜਕ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਲਗਜ਼ਰੀ ਰੇਸਤਰਾਂ ਸੁੱਖਵਿਲਾਸ ਦਾ ਮੁਹਾਲੀ ਦੇ ਕੌਮਾਂਤਰੀ ਹਵਾਈ ਅੱਡੇ ਨਾਲ ਸੰਪਰਕ ਸੁਧਾਰੇਗੀ।

ਸੂਤਰਾਂ ਮੁਤਾਬਕ ਪੰਜਾਬ ਸਰਕਾਰ ਦੇ ਹਾਊਸਿੰਗ ਤੇ ਸ਼ਹਿਰੀ ਵਿਕਾਸ ਵਿਭਾਗ ਨੇ 3 ਜਨਵਰੀ ਨੂੰ 'ਲੋਕਾਂ ਦੇ ਖਰਚੇ ਉਤੇ ਜਨਤਕ ਕਾਰਜ ਲਈ' ਅੱਠ ਪਿੰਡਾਂ ਦੀ 112.61 ਏਕੜ ਜ਼ਮੀਨ ਗ੍ਰਹਿਣ ਕਰਨ ਬਾਰੇ ਨੋਟੀਫਿਕੇਸ਼ਨ ਜਾਰੀ ਕੀਤਾ। ਇਸ ਜ਼ਮੀਨ 'ਤੇ 200 ਫੁੱਟ ਚੌੜੀ ਸੜਕ ਬਣਾਈ ਜਾਣੀ ਹੈ। ਇਹ ਸੜਕ ਚੰਡੀਗੜ੍ਹ-ਖਰੜ ਹਾਈਵੇਅ ਉਤੇ ਏਅਰਪੋਰਟ ਰੋਡ ਨੇੜੇ ਸਥਿਤ ਪਿੰਡ ਦੇਸੂ ਮਾਜਰਾ ਤੋਂ ਸ਼ੁਰੂ ਹੋਵੇਗੀ। ਇਹ ਸੜਕ ਅੱਠ ਪਿੰਡਾਂ ਨਾਲ ਦੀ ਲੰਘੇਗੀ ਅਤੇ ਪਿੰਡ ਰਾਣੀ ਮਾਜਰਾ ਵਿਚ ਖ਼ਤਮ ਹੋਵੇਗੀ ਜੋ ਨਵੀਂ ਬਣੀ 100 ਫੁੱਟ ਚੌੜੀ ਬੂਥਗੜ੍ਹ-ਨਿਊ ਚੰਡੀਗੜ੍ਹ ਰੋਡ ਉਤੇ ਹੈ। ਇਹ ਸੜਕ ਕੁਰਾਲੀ-ਚੰਡੀਗੜ੍ਹ ਨਾਲ ਜੁੜਦੀ ਹੈ ਜੋ ਪਿੰਡ ਪੱਲ੍ਹਣਪੁਰ ਸਥਿਤ ਸੁਖਬੀਰ ਬਾਦਲ ਦੇ ਸੁੱਖਵਿਲਾਸ ਨੂੰ ਜਾਂਦੀ ਹੈ।

ਗਮਾਡਾ ਵਿਚਲੇ ਸੂਤਰਾਂ ਮੁਤਾਬਕ ਨਿਊ ਚੰਡੀਗੜ੍ਹ ਨੂੰ ਚੰਡੀਗੜ੍ਹ ਜਾਂ ਪੰਜਾਬ ਨਾਲ ਜੋੜਨ ਲਈ ਪਹਿਲਾਂ ਹੀ ਤਿੰਨ ਸੜਕਾਂ ਹਨ ਅਤੇ ਇਹ ਸੜਕ ਸੁਖਬੀਰ ਬਾਦਲ ਦੇ ਸੁੱਖਵਿਲਾਸ ਰੇਸਤਰਾਂ ਤੇ ਹਵਾਈ ਅੱਡੇ ਵਿਚਾਲੇ ਬਿਹਤਰ ਸੰਪਰਕ ਲਈ ਵਿਸ਼ੇਸ਼ ਤੌਰ 'ਤੇ ਡਿਜ਼ਾਈਨ ਕੀਤੀ ਗਈ ਹੈ। ਇਸ ਪ੍ਰਾਜੈਕਟ ਦੇ ਅਸਰ ਮੁਲਾਂਕਣ ਬਾਰੇ ਰਿਪੋਰਟ ਮੁਤਾਬਕ ਇਸ ਸੜਕ ਦੇ ਨਿਰਮਾਣ ਲਈ ਕੁੱਲ 197 ਪਰਿਵਾਰਾਂ ਨੂੰ ਹੋਰ ਜਗ੍ਹਾ ਜਾਣਾ ਪਵੇਗਾ। ਗੌਰਤਲਬ ਹੈ ਕਿ ਬਾਦਲ-ਓਬਰਾਏ ਦੇ ਉਦਮ 'ਦਿ ਓਬਰਾਏ ਸੁੱਖਵਿਲਾਸ ਰਿਜ਼ੋਰਟਜ਼ ਐਂਡ ਸਪਾ' ਖ਼ਿਲਾਫ਼ ਵਾਤਾਵਰਨ ਨਿਯਮਾਂ ਦੀ ਉਲੰਘਣਾ ਦੀ ਸ਼ਿਕਾਇਤ ਉਤੇ ਕੇਂਦਰੀ ਵਾਤਾਵਰਨ, ਜੰਗਲਾਤ ਤੇ ਜਲਵਾਯੂ ਤਬਦੀਲੀ ਬਾਰੇ ਮੰਤਰਾਲੇ ਦੇ ਖੇਤਰੀ ਦਫ਼ਤਰ ਨੇ ਸੂਬਾਈ ਸਰਕਾਰ ਤੋਂ ਰਿਪੋਰਟ ਮੰਗੀ ਹੈ।

# ਹੁਣ ਸੀ.ਬੀ.ਆਈ. ਕਰੇਗੀ ਮਾਤਾ ਚੰਦ ਕੌਰ ਤੇ ਦੋ ਹੋਰ ਕਤਲਾਂ ਦੀ ਜਾਂਚ

**ਨਵੀਂ ਦਿੱਲੀ:** ਸੀ.ਬੀ.ਆਈ. ਨਾਮਧਾਰੀ ਸੰਪਰਦਾ ਦੇ ਮੁਖੀ ਸਤਗੁਰੂ ਜਗਜੀਤ ਸਿੰਘ ਦੀ 84 ਸਾਲਾ ਪਤਨੀ ਮਾਤਾ ਚੰਦ ਕੌਰ ਦੇ ਕਤਲ ਸਮੇਤ ਲੁਧਿਆਣਾ ਤੇ ਜਲੰਧਰ ਵਿਚ ਹੋਏ ਤਿੰਨ ਕਤਲਾਂ ਦੀ ਜਾਂਚ ਕਰੇਗੀ। ਸ਼ੱਕ ਕੀਤਾ ਜਾਂਦਾ ਹੈ ਕਿ ਇਹ ਤਿੰਨੇ ਕਤਲ ਆਪਸ ਵਿਚ ਜੁੜੇ ਹੋਏ ਹਨ। ਮਾਤਾ ਚੰਦ ਕੌਰ ਦੀ ਪਿਛਲੇ ਸਾਲ ਅਪਰੈਲ ਵਿਚ ਲੁਧਿਆਣਾ ਨੇੜੇ ਭੈਣੀ ਸਾਹਿਬ ਵਿਖੇ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ।

ਇਸ ਤੋਂ ਇਲਾਵਾ ਸੀ.ਬੀ.ਆਈ. ਨੇ ਦਸੰਬਰ 2015 ਵਿਚ ਕਾਰ ਬੰਬ ਧਮਾਕੇ ਨਾਲ ਸਬੰਧਤ ਦੋ ਹੋਰ ਐਫ.ਆਈ.ਆਰਜ਼ ਦਰਜ ਕੀਤੀਆਂ ਹਨ ਜਿਸ ਵਿਚ ਜਲੰਧਰ ਤੋਂ 20 ਕਿਲੋਮੀਟਰ ਦੂਰ ਦੁਗਰੀ ਪਿੰਡ ਵਿਚ ਕਪੜਾ ਵਪਾਰੀ ਅਜੇ ਕੁਮਾਰ ਦੀ ਮੌਤ ਹੋ ਗਈ ਸੀ। ਇਕ ਐਫ.ਆਈ.ਆਰ. ਅਪਰੈਲ 2011 ਵਿਚ ਨਾਮਧਾਰੀ ਨੇਤਾ ਅਵਤਾਰ ਸਿੰਘ ਧਾਰੀ ਦੇ ਕਤਲ ਨਾਲ ਸਬੰਧਤ ਹੈ ਜਿਸ ਵਿਚ ਦਲੀਪ ਸਿੰਘ ਨੂੰ ਦੋਸ਼ੀ ਵਜੋਂ ਨਾਮਜ਼ਦ ਕੀਤਾ ਗਿਆ ਸੀ। ਸੂਤਰਾਂ ਨੇ ਦੱਸਿਆ ਕਿ ਤਿੰਨੇ ਮਾਮਲੇ ਨਾਮਧਾਰੀ ਸੰਪਰਦਾ ਦੇ ਵੱਖ ਵੱਖ ਗਰੁੱਪਾਂ ਵਿਚ ਪੈਦਾ ਹੋਈ ਦੁਸ਼ਮਣੀ ਦਾ ਨਤੀਜਾ ਹੈ। ਸੀ.ਬੀ.ਆਈ. ਨੇ ਪੰਜਾਬ ਪੁਲਿਸ ਕੋਲੋਂ ਜਾਂਚ ਆਪਣੇ ਹੱਥਾਂ ਵਿਚ ਲਈ ਹੈ।


ਰੈਸਟੋਰੈਂਟ ਲਈ ਲੋੜ ਹੈ



ਬੇਅ ਏਰੀਏ ਵਿਚ ਇਕ
ਇੰਡੀਅਨ ਰੈਸਟੋਰੈਂਟ ਲਈ
ਤੰਦੂਰੀਏ, ਕਿਚਨ ਹੈਲਪਰ, ਵੇਟਰ
ਅਤੇ ਡਿਸ਼ਵਾਸ਼ਰ ਦੀ ਲੋੜ ਹੈ।

ਸੰਪਰਕ ਕਰੋ: 408-836-8754

1-2



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ
ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**7021 Village Park Way, Dublin, CA 94568**

Email:
Homeomedicine@yahoo.com



**Satwant Singh Insurance Services**

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

**Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.**



Satwant Singh, CLCS, MBA
*(CA Lic # 0H11256)*

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ
ਫੋਨ 'ਤੇ ਜਵਾਬ ਦਿੰਦੇ ਹਾਂ

**Call today for your FREE, no-obligation quote:**

**1-408-771-2438**

satwant@satwantins.com

Allied Insurance
a Nationwide Insurance® company

# ਕੇਜਰੀਵਾਲ ਵੱਲੋਂ ਪੰਜਾਬੀਆਂ ਦਾ ਸੁਪਨਾ ਦੋ ਮਹੀਨਿਆਂ ਵਿਚ ਪੂਰਾ ਕਰਨ ਦਾ ਵਾਅਦਾ



**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਜ਼ਾਬਤਾ ਲਾਗੂ ਕਰਨ ਦੇ ਨਾਲ ਹੀ ਪੰਜਾਬੀਆਂ ਦਾ 'ਆਪ' ਦੀ ਸਰਕਾਰ ਬਣਾਉਣ ਦਾ ਸੁਪਨਾ ਦੋ ਮਹੀਨਿਆਂ ਵਿਚ ਸਾਕਾਰ ਹੋ ਜਾਵੇਗਾ।

ਉਨ੍ਹਾਂ ਕਿਹਾ ਕਿ 'ਆਪ' ਪੰਜਾਬ ਵਿਚ ਦਿੱਲੀ ਦਾ ਇਤਿਹਾਸ ਦੁਹਰਾਏਗੀ ਅਤੇ 100 ਤੋਂ ਵੱਧ ਸੀਟਾਂ ਜਿੱਤੇਗੀ। ਉਨ੍ਹਾਂ ਚੋਣ ਕਮਿਸ਼ਨ ਕੋਲੋਂ ਮੰਗ ਕੀਤੀ ਕਿ ਪੰਜਾਬ ਵਿਚ ਨਿਰਪੱਖ ਅਤੇ ਭੈਅ-ਮੁਕਤ ਚੋਣ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਸੂਬੇ ਵਿਚ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਆਮ ਲੋਕਾਂ ਦੀ ਸਰਕਾਰ ਬਣਾਉਣ ਲਈ ਆਜ਼ਾਦ ਹਨ। 'ਆਪ' ਨੂੰ ਗੋਆ ਅਤੇ ਪੰਜਾਬ ਵਿਚ ਸਮਰਥਨ ਦੇਣ ਲਈ ਵੱਡੀ ਗਿਣਤੀ ਲੋਕ ਬਾਹਰ ਨਿਕਲਣਗੇ ਅਤੇ ਗੋਆ ਵਿਚ ਵੀ ਭਾਜਪਾ ਸਰਕਾਰ ਦੀ ਪੁੱਠੀ ਗਿਣਤੀ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਹਾ ਕਿ ਸੂਬਿਆਂ ਵਿਚ ਭੈਅ ਮੁਕਤ ਅਤੇ ਨਿਰਪੱਖ ਚੋਣਾਂ ਕਰਵਾਉਣ ਲਈ ਹੋਰ ਜ਼ਿਆਦਾ ਅਰਧ ਸੈਨਿਕ ਬਲਾਂ ਦੀਆਂ ਟੁਕੜੀਆਂ ਤਾਇਨਾਤ ਕੀਤੀਆਂ ਜਾਣ।

ਇਸੇ ਦੌਰਾਨ ਆਪ ਪੰਜਾਬ ਦੇ ਇੰਚਾਰਜ ਸੰਜੇ ਸਿੰਘ ਨੇ ਆਪਣੇ ਭਾਈਵਾਲ ਲੋਕ ਇਨਸਾਫ ਪਾਰਟੀ ਦੇ ਆਗੂ ਬਲਵਿੰਦਰ ਸਿੰਘ ਬੈਂਸ ਸਮੇਤ ਗਠਜੋੜ ਦੇ ਹੋਰ ਉਮੀਦਵਾਰਾਂ ਦਾ ਐਲਾਨ ਕਰਦਿਆਂ ਦਾਅਵਾ ਕੀਤਾ ਕਿ ਪਾਰਟੀ ਦੀ ਚੜ੍ਹਤ ਨੂੰ ਦੇਖਦਿਆਂ ਕਾਂਗਰਸ, ਅਕਾਲੀ ਦਲ ਤੇ ਭਾਜਪਾ ਨੇ ਉਨ੍ਹਾਂ ਵਿਰੁੱਧ ਮਹਾਗਠਬੰਧਨ ਬਣਾ ਲਿਆ ਹੈ।

### 'ਆਪ' ਦੇ ਸਿੱਖ ਵਿਧਾਇਕ ਪੰਜਾਬ 'ਚ ਕਰਨਗੇ ਚੋਣ ਪ੍ਰਚਾਰ

**ਨਵੀਂ ਦਿੱਲੀ:** ਦਿੱਲੀ ਸਰਕਾਰ ਦੇ ਸਾਰੇ ਮੰਤਰੀ ਤੇ ਸਿੱਖ ਵਿਧਾਇਕ ਪੰਜਾਬ ਵਿਚ ਪ੍ਰਚਾਰ ਕਰਨਗੇ। ਦਿੱਲੀ ਦਾ ਕੰਮਕਾਜ ਪ੍ਰਭਾਵਿਤ ਨਾ ਹੋਵੇ, ਇਸ ਲਈ ਟਰਾਂਸਪੋਰਟ ਮੰਤਰੀ ਗੋਪਾਲ ਰਾਏ ਤੇ ਇਮਰਾਨ ਹੁਸੈਨ ਦਿੱਲੀ ਵਿਚ ਰਹਿ ਕੇ ਸਰਕਾਰੀ ਕੰਮ ਦੇਖਣਗੇ ਜਦੋਂ ਕਿ ਬਾਕੀ ਮੰਤਰੀ ਪੰਜਾਬ ਵਿਚ ਛੋਟੇ ਛੋਟੇ ਦੌਰੇ ਕਰਦੇ ਰਹਿਣਗੇ। ਸੂਤਰਾਂ ਮੁਤਾਬਕ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਦਿੱਲੀ ਦੇ ਸਿੱਖਿਆ ਸੁਧਾਰਾਂ ਬਾਰੇ ਪੰਜਾਬ ਵਾਸੀਆਂ ਨੂੰ ਦੱਸਣਗੇ। ਸਿਹਤ ਮੰਤਰੀ ਸਤਿੰਦਰ ਜੈਨ ਪੰਜਾਬ ਵਿਚ ਦਿੱਲੀ ਦੀਆਂ ਸਿਹਤ ਸੇਵਾਵਾਂ ਅਤੇ ਭਾਸ਼ਾ ਮੰਤਰੀ ਕਪਿਲ ਮਿਸ਼ਰਾ ਦਿੱਲੀ ਦੀ ਪੰਜਾਬੀ ਅਕਾਦਮੀ ਦੇ ਕੰਮਾਂ ਬਾਰੇ ਪੰਜਾਬੀਆਂ ਨੂੰ ਦੱਸਣਗੇ।

### ਸੁਪਰੀਮ ਕੋਰਟ ਵੱਲੋਂ ਲੰਗਾਹ ਨੂੰ ਚੋਣ ਲੜਨ ਦੀ ਇਜਾਜ਼ਤ

**ਚੰਡੀਗੜ੍ਹ:** ਦੇਸ਼ ਦੀ ਸਰਬ-ਉਚ ਅਦਾਲਤ ਨੇ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਅਤੇ ਹਲਕਾ ਡੇਰਾ ਬਾਬਾ ਨਾਨਕ ਨਾਲ ਸਬੰਧਤ ਜਥੇਦਾਰ ਸੁੱਚਾ ਸਿੰਘ ਲੰਗਾਹ ਨੂੰ ਵੱਡੀ ਰਾਹਤ ਦਿੰਦਿਆਂ ਵਿਧਾਨ ਸਭਾ ਚੋਣਾਂ ਲੜਨ ਦੀ ਇਜਾਜ਼ਤ ਦੇ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਮੁਹਾਲੀ ਦੀ ਅਦਾਲਤ ਵੱਲੋਂ ਜਥੇਦਾਰ ਲੰਗਾਹ ਨੂੰ 3 ਸਾਲ ਦੀ ਸਜ਼ਾ ਅਤੇ ਜੁਰਮਾਨਾ ਸੁਣਾਇਆ ਸੀ। ਇਸ ਫੈਸਲੇ ਵਿਰੁੱਧ ਜਥੇਦਾਰ ਲੰਗਾਹ ਨੇ ਹਾਈ ਕੋਰਟ ਵਿਚ ਅਪੀਲ ਕੀਤੀ ਸੀ ਤਾਂ ਜੋ ਉਹ ਚੋਣ ਲੜ ਸਕਣ, ਪਰ ਹਾਈ ਕੋਰਟ ਵੱਲੋਂ ਇਹ ਅਰਜ਼ੀ ਰੱਦ ਕਰ ਦਿੱਤੇ ਜਾਣ ਕਾਰਨ ਉਨ੍ਹਾਂ ਨੇ ਸੁਪਰੀਮ ਕੋਰਟ ਕੋਲ ਪਹੁੰਚ ਕੀਤੀ। ਜ਼ਿਕਰਯੋਗ ਹੈ ਕਿ ਅਕਾਲ ਆਗੂ ਲੰਗਾਹ ਨੂੰ ਅਕਾਲੀ ਦਲ ਵੱਲੋਂ ਆਪਣੀ ਪਹਿਲੀ ਸੂਚੀ ਵਿਚ ਹੀ ਇਸ ਹਲਕੇ ਤੋਂ ਉਮੀਦਵਾਰ ਐਲਾਨਿਆ ਜਾ ਚੁੱਕਾ ਹੈ ਅਤੇ ਪਿਛਲੀ ਵਾਰ ਵੀ ਉਹ ਇਸ ਹਲਕੇ ਤੋਂ ਚੋਣ ਲੜੇ ਸਨ। ਜਥੇਦਾਰ ਲੰਗਾਹ ਨੇ ਇਸ ਫੈਸਲੇ ਨੂੰ ਕਾਨੂੰਨ ਅਤੇ ਸੱਚਾਈ ਦੀ ਜਿੱਤ ਦੱਸਦਿਆਂ ਕਿਹਾ ਕਿ ਉਨ੍ਹਾਂ ਨੂੰ ਅਦਾਲਤ 'ਤੇ ਪੂਰਾ ਵਿਸ਼ਵਾਸ ਹੈ ਅਤੇ ਉਹ ਹਰ ਮਾਮਲੇ ਵਿਚ ਨਿਰਦੋਸ਼ ਸਿੱਧ ਹੋਣਗੇ।

# ਸਾਬਕਾ ਵਿਧਾਇਕ ਕੀਤੂ ਦੇ ਭਤੀਜੇ ਸਣੇ 5 ਨੂੰ 5-5 ਸਾਲ ਕੈਦ

**ਮੁਹਾਲੀ:** ਅਦਾਲਤ ਨੇ ਪੁਲਿਸ ਕਰਮਚਾਰੀਆਂ ਉਤੇ ਫਾਇਰਿੰਗ ਕਰਨ ਦੇ ਮਾਮਲੇ ਵਿਚ ਸਾਬਕਾ ਵਿਧਾਇਕ ਮਲਕੀਤ ਸਿੰਘ ਕੀਤੂ ਦੇ ਭਤੀਜੇ ਜਸਪ੍ਰੀਤ ਸਿੰਘ ਜੱਸਾ ਸਮੇਤ 5 ਦੋਸ਼ੀਆਂ ਨੂੰ 5-5 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਸਰਕਾਰੀ ਧਿਰ ਤੇ ਬਚਾਅ ਪੱਖ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਦੋਸ਼ੀ ਜਸਪ੍ਰੀਤ ਸਿੰਘ ਜੱਸਾ, ਅਰਸ਼ਦੀਪ ਸਿੰਘ, ਇੰਦਰਜੀਤ ਸਿੰਘ, ਰਸ਼ਪਾਲ ਸਿੰਘ ਤੇ ਜਗਸੀਰ ਸਿੰਘ ਨੂੰ ਇਰਾਦਾ ਕਤਲ ਤੇ ਹੋਰਨਾਂ ਧਾਰਾਵਾਂ ਤਹਿਤ 5-5 ਸਾਲ ਦੀ ਕੈਦ ਤੇ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

ਮਾਮਲੇ ਅਨੁਸਾਰ ਥਾਣਾ ਡੇਰਾਬੱਸੀ ਅਧੀਨ ਪੈਂਦੇ ਖੇਤਰ ਨਿੰਬੂਆਂ ਵਿਚ ਪੁਲਿਸ ਨੇ ਨਾਕਾਬੰਦੀ ਕੀਤੀ ਹੋਈ ਸੀ। ਇਸ ਦੌਰਾਨ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਕਿ ਸਾਬਕਾ ਵਿਧਾਇਕ ਮਲਕੀਤ ਸਿੰਘ ਕੀਤੂ ਦਾ ਕਤਲ ਕਰਨ ਵਾਲਾ ਉਸ ਦਾ ਭਤੀਜਾ ਸਾਥੀਆਂ ਸਮੇਤ ਘੁੰਮ ਰਿਹਾ ਹੈ। ਪੁਲਿਸ ਨੇ ਤੁਰਤ ਕਾਰਵਾਈ ਕਰਦਿਆਂ ਤਲਾਸ਼ੀ ਮੁਹਿੰਮ ਤਹਿਤ ਇਕ ਵਰਨਾ ਕਾਰ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਕਤ ਕਾਰ ਸਵਾਰਾਂ ਨੇ ਪੁਲਿਸ ਉਤੇ ਫਾਇਰਿੰਗ ਕਰ ਦਿੱਤੀ ਤੇ ਕਾਰ ਸਵਾਰ ਖੇਤਾਂ ਵੱਲ ਨੂੰ ਭੱਜਣ ਲੱਗ ਪਏ। ਪੁਲਿਸ ਨੇ ਵੀ ਆਪਣੇ ਬਚਾਅ 'ਚ ਉਕਤ ਕਾਰ ਸਵਾਰਾਂ ਉਤੇ ਜਵਾਬੀ ਫਾਇਰਿੰਗ ਕੀਤੀ। ਪੁਲਿਸ ਨੇ ਉਕਤ ਕਾਰ ਸਵਾਰਾਂ ਦਾ ਕਾਫੀ ਦੂਰ ਤੱਕ ਪਿੱਛਾ ਕੀਤਾ ਤੇ ਇਕ ਨੌਜਵਾਨ ਨੂੰ ਅਸਲੇ ਸਮੇਤ ਗ੍ਰਿਫਤਾਰ ਕਰ ਲਿਆ। ਗ੍ਰਿਫਤਾਰ ਨੌਜਵਾਨ ਦੀ ਪਛਾਣ ਰਸ਼ਪਾਲ ਸਿੰਘ ਵਜੋਂ ਹੋਈ।

ਰਸ਼ਪਾਲ ਸਿੰਘ ਨੇ ਪੁਲਿਸ ਨੂੰ ਪੁੱਛਗਿੱਛ ਦੌਰਾਨ ਦੱਸਿਆ ਸੀ ਕਿ ਜਸਪ੍ਰੀਤ ਸਿੰਘ ਜੱਸਾ, ਇੰਦਰਜੀਤ ਸਿੰਘ, ਜਗਸੀਰ ਸਿੰਘ ਅਤੇ ਅਰਸ਼ਦੀਪ ਸਿੰਘ ਨੇ ਪੁਲਿਸ ਤੋਂ ਬਚਣ ਲਈ ਫਾਇਰਿੰਗ ਕੀਤੀ ਸੀ। ਜਸਪ੍ਰੀਤ ਸਿੰਘ ਜੱਸਾ ਇਸ ਸਮੇਂ ਜੇਲ੍ਹ 'ਚ ਹੈ ਅਤੇ ਸਾਬਕਾ ਵਿਧਾਇਕ ਮਲਕੀਤ ਸਿੰਘ ਕੀਤੂ ਦੇ ਕਤਲ ਮਾਮਲੇ ਵਿਚ ਪੇਸ਼ੀਆਂ ਭੁਗਤ ਰਿਹਾ ਹੈ।

# ਚੋਣਾਂ ਤੋਂ ਪਹਿਲਾਂ ਦਾਗੀ ਨੇਤਾਵਾਂ ਬਾਰੇ ਸੁਪਰੀਮ ਕੋਰਟ ਸਖਤ

**ਨਵੀਂ ਦਿੱਲੀ:** ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਕਿਹਾ ਕਿ ਉਹ ਇਨ੍ਹਾਂ ਸਵਾਲਾਂ ਬਾਰੇ ਫੈਸਲਾ ਕਰਨ ਲਈ ਪੰਜ ਜੱਜਾਂ ਦਾ ਬੈਂਚ ਗਠਿਤ ਕਰੇਗਾ ਕਿ ਗੰਭੀਰ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਚੋਣ ਲੜਨ ਦੀ ਇਜਾਜ਼ਤ ਦਿੱਤੀ ਜਾਵੇ ਜਾਂ ਨਾ ਅਤੇ ਮਾਮਲੇ ਦੀ ਕਿਸ ਸਥਿਤੀ ਉਤੇ ਇਕ ਕਾਨੂੰਨਘਾੜੇ ਨੂੰ ਅਯੋਗ ਕਰਾਰ ਦਿੱਤਾ ਜਾਵੇ।

ਚੀਫ ਜਸਟਿਸ ਜਗਦੀਸ਼ ਸਿੰਘ ਖੇਹਰ ਦੀ ਅਗਵਾਈ ਵਾਲੇ ਬੈਂਚ ਨੇ ਇਕ ਜਨਹਿਤ ਪਟੀਸ਼ਨ ਉਤੇ ਵਿਚਾਰ ਕਰਦਿਆਂ ਕਿਹਾ ਕਿ ਸਾਡੇ ਲਈ ਇਸ ਮਾਮਲੇ ਨੂੰ ਸਪਸ਼ਟ ਕਰਨਾ ਲਾਜ਼ਮੀ ਹੈ ਤਾਂ ਜੋ ਲੋਕਾਂ ਨੂੰ ਅਗਲੀ ਚੋਣ ਤਕ ਕਾਨੂੰਨ ਬਾਰੇ ਪਤਾ ਲੱਗੇ। ਪਟੀਸ਼ਨ ਵਿਚ ਕਿਹਾ ਗਿਆ ਸੀ ਕਿ ਇਨ੍ਹਾਂ ਮੁੱਦਿਆਂ ਉਤੇ ਤੁਰਤ ਫੈਸਲਾ ਕਰਨ ਦੀ ਲੋੜ ਹੈ ਕਿਉਂਕਿ ਕਈ ਖ਼ੂੰਖਾਰ ਅਪਰਾਧੀ ਜਿਨ੍ਹਾਂ ਖਿਲਾਫ ਅਦਾਲਤਾਂ ਨੇ ਗੰਭੀਰ ਮਾਮਲਿਆਂ ਵਿਚ ਦੋਸ਼ ਆਇਦ ਕੀਤੇ ਹਨ, ਵਿਧਾਨ ਸਭਾਵਾਂ ਦੀਆਂ ਚੋਣਾਂ ਲੜਨ ਦੀ ਯੋਜਨਾ ਬਣਾ ਰਹੇ ਹਨ। ਵਕੀਲ ਅਤੇ ਦਿੱਲੀ ਭਾਜਪਾ ਦੇ ਬੁਲਾਰੇ ਅਸ਼ਵਨੀ ਕੁਮਾਰ ਉਪਾਧਿਆਏ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਵਿਕਾਸ ਸਿੰਘ ਨੇ ਉਕਤ ਮੁੱਦਿਆਂ ਨੂੰ ਜਨਹਿਤ ਪਟੀਸ਼ਨ ਵਿਚ ਉਠਾਇਆ ਹੈ। ਪਟੀਸ਼ਨ 'ਤੇ ਸੁਣਵਾਈ ਦੌਰਾਨ ਬੈਂਚ ਨੇ ਇਹ ਵੀ ਕਿਹਾ ਕਿ ਅਸੀਂ ਇਨ੍ਹਾਂ ਸਵਾਲਾਂ ਦਾ ਤੁਰਤ ਜਵਾਬ ਨਹੀਂ ਦੇ ਸਕਦੇ ਕਿਉਂਕਿ ਚੋਣਾਂ ਵਿਚ ਝੂਠੇ ਕੇਸ ਦਾਇਰ ਕਰਨ ਦਾ ਖਦਸ਼ਾ ਹੈ।

# ਮੁਫਤ ਬਿਜਲੀ ਰੋਕਣ ਲਈ ਸਰਕਾਰ ਨੂੰ ਨੋਟਿਸ

**ਨਵੀਂ ਦਿੱਲੀ:** ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਟਿਊਬਵੈੱਲਾਂ ਲਈ ਦਿੱਤੀ ਜਾ ਰਹੀ ਮੁਫਤ ਬਿਜਲੀ ਦੀ ਨੀਤੀ ਨੂੰ ਰੱਦ ਕਰਨ ਲਈ ਦਾਇਰ ਇਕ ਪਟੀਸ਼ਨ ਦੇ ਆਧਾਰ ਉਤੇ ਸੁਪਰੀਮ ਕੋਰਟ ਨੇ ਰਾਜ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਇਹ ਪਟੀਸ਼ਨ ਹੁਸ਼ਿਆਰਪੁਰ ਅਧਾਰਤ ਐਨ.ਜੀ.ਓ. 'ਸਫਲ ਭਾਰਤ ਗੁਰੂ ਪਰੰਪਰਾ' ਨੇ ਦਾਇਰ ਕੀਤੀ ਹੈ, ਜਿਸ ਨੇ ਨਾਲ ਹੀ ਟਿਊਬਵੈੱਲਾਂ ਦੇ ਕੁਨੈਕਸ਼ਨ ਸੀਮਤ ਕਰਨ ਲਈ ਇਕ ਨੇਮਬੰਦੀ ਢਾਂਚਾ ਕਾਇਮ ਕਰਨ ਅਤੇ ਸਫੈਦੇ ਦੇ ਰੁੱਖ ਲਾਉਣ ਉਤੇ ਮੁਕੰਮਲ ਪਾਬੰਦੀ ਦੀ ਮੰਗ ਵੀ ਕੀਤੀ ਹੈ ਤਾਂ ਕਿ ਪੰਜਾਬ ਵਿਚ ਜ਼ਮੀਨਦੋਜ਼ ਪਾਣੀ ਦੇ ਤੇਜ਼ੀ ਨਾਲ ਡਿੱਗ ਰਹੇ ਪੱਧਰ ਨੂੰ ਬਚਾਇਆ ਜਾ ਸਕੇ।

ਡਿਵੀਜ਼ਨ ਬੈਂਚ ਨੇ ਪੰਜਾਬ ਸਰਕਾਰ ਨੂੰ ਆਖਿਆ ਕਿ ਉਹ ਐਨ.ਜੀ.ਓ. ਦੇ ਇਸ ਇਤਰਾਜ਼ ਦਾ ਜਵਾਬ ਦੇਵੇ ਕਿ ਸੂਬੇ ਵਿਚ ਧਰਤੀ ਹੇਠਲੇ ਪਾਣੀ ਦੀ ਵੱਧ ਵਰਤੋਂ ਪਹਿਲਾਂ ਹੀ 80 ਫੀਸਦੀ ਤੱਕ ਪੁੱਜ ਚੁੱਕੀ ਹੈ, ਪਰ ਇਸ ਦੇ ਬਾਵਜੂਦ ਲਗਾਤਾਰ ਵੱਧ ਤੋਂ ਵੱਧ ਟਿਊਬਵੈੱਲ ਕੁਨੈਕਸ਼ਨ ਦਿੱਤੇ ਜਾ ਰਹੇ ਹਨ। ਐਨ.ਜੀ.ਓ. ਨੇ ਇਸ ਸਬੰਧੀ ਆਪਣੀ ਅਪੀਲ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਵੱਲੋਂ ਰੱਦ ਕਰ ਦਿੱਤੇ ਜਾਣ ਪਿਛੋਂ ਸੁਪਰੀਮ ਕੋਰਟ ਦਾ ਬੂਹਾ ਖੜਕਾਇਆ ਹੈ।

ਪਹਿਲਾਂ ਐਨ.ਜੀ.ਟੀ. ਕੋਲ ਪਹੁੰਚ ਕਰ ਕੇ ਮੁਫਤ ਬਿਜਲੀ ਸਕੀਮ ਉਤੇ ਰੋਕ ਲਾਏ ਜਾਣ ਦੀ ਮੰਗ ਕੀਤੀ ਗਈ ਸੀ। ਐਨ.ਜੀ.ਟੀ. ਨੇ ਇਸ ਆਧਾਰ ਉਤੇ ਅਪੀਲ ਖਾਰਜ ਕਰ ਦਿੱਤੀ ਸੀ ਕਿ ਉਸ ਨੂੰ ਨੀਤੀ ਮਾਮਲਿਆਂ ਵਿਚ ਦਖਲ ਦਾ ਅਖਤਿਆਰ ਨਹੀਂ ਹੈ। ਕੌਮੀ ਟ੍ਰਿਬਿਊਨਲ ਨੇ ਇਹ ਵੀ ਕਿਹਾ ਸੀ ਕਿ ਹਾਲੀਆ ਅਧਿਐਨਾਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਸਫੈਦੇ ਦੇ ਰੁੱਖ ਵਾਤਾਵਰਨ ਨੂੰ ਨੁਕਸਾਨ ਨਹੀਂ ਪਹੁੰਚਾਉਂਦੇ।

# ਥਾਣੇ ਅੱਗੇ ਧਰਨੇ ਦੌਰਾਨ ਕਵੀਸ਼ਰੀ ਪੇਸ਼ ਕਰਦੇ ਕਿਸਾਨ ਦੀ ਮੌਤ

**ਲਹਿਰਾਗਾਗਾ:** ਜ਼ੁਲਮ ਜਬਰ ਵਿਰੋਧੀ ਸੰਘਰਸ਼ ਕਮੇਟੀ ਦੇ ਸੱਦੇ ਉਤੇ ਥਾਣੇ ਦਾ ਘਿਰਾਓ ਕਰ ਕੇ ਧਰਨਾ ਦੇ ਰਹੇ ਵਿਅਕਤੀਆਂ ਵਿਚੋਂ ਇਕ ਕਿਸਾਨ ਦੀ ਮੌਤ ਹੋ ਗਈ। ਪਿੰਡ ਛਾਜਲੀ ਦਾ ਛੋਟਾ ਕਿਸਾਨ ਪ੍ਰੀਤਮ ਸਿੰਘ (66) ਪੁੱਤਰ ਮੋਦਨ ਸਿੰਘ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਵਰਕਰਾਂ ਨਾਲ ਲਹਿਰਾਗਾਗਾ ਧਰਨੇ ਵਿਚ ਸ਼ਾਮਲ ਹੋਇਆ ਸੀ। ਉਹ ਧਰਨੇ ਦੌਰਾਨ ਜਦੋਂ ਇਨਕਲਾਬੀ ਕਵੀਸ਼ਰੀ ਪੇਸ਼ ਕਰਨ ਲੱਗਿਆ ਤਾਂ ਉਸ ਨੂੰ ਦੌਰਾ ਪੈ ਗਿਆ। ਉਸ ਨੂੰ ਤੁਰਤ ਸਿਵਲ ਹਸਪਤਾਲ ਲਿਜਾਇਆ ਗਿਆ, ਜਿਥੇ ਉਸ ਨੂੰ ਮ੍ਰਿਤਕ ਕਰਾਰ ਦਿੱਤਾ ਗਿਆ। ਪ੍ਰੀਤਮ ਸਿੰਘ ਦੇ ਪੁੱਤਰ ਕਰਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪਿਤਾ ਅਨਪੜ੍ਹ ਸੀ ਪਰ ਆਪ ਹੀ ਕਵੀਸ਼ਰੀ ਤਿਆਰ ਕਰ ਕੇ ਕਿਸਾਨੀ ਸੰਘਰਸ਼ਾਂ ਵਿਚ ਗਾਉਂਦਾ ਸੀ। ਪ੍ਰੀਤਮ ਸਿੰਘ ਨੇ ਆਪਣੀ ਕਰੀਬ ਢਾਈ ਏਕੜ ਜ਼ਮੀਨ ਕੁਝ ਸਮਾਂ ਪਹਿਲਾਂ ਹੀ ਵੇਚੀ ਸੀ ਅਤੇ ਉਸ ਦੇ ਸਿਰ ਪੰਜ ਲੱਖ ਦਾ ਕਰਜ਼ਾ ਸੀ। ਕਰਮ ਸਿੰਘ ਨੇ ਦੱਸਿਆ ਕਿ ਉਹ ਦਿਹਾੜੀ ਕਰ ਕੇ ਘਰ ਦਾ ਗੁਜ਼ਾਰਾ ਕਰਦੇ ਹਨ।

# ਫਾਜ਼ਿਲਕਾ ਜੇਲ੍ਹ ਵਿਚ ਘੁਸਪੈਠ ਕਰਦੇ ਅਕਾਲੀ ਆਗੂ ਆਏ ਅੜਿੱਕੇ



**ਚੰਡੀਗੜ੍ਹ:** ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਵਿਰੁੱਧ ਵੱਡੀ ਕਾਰਵਾਈ ਕਰਦਿਆਂ ਪੁਲਿਸ ਨੇ ਫਾਜ਼ਿਲਕਾ ਜੇਲ੍ਹ ਵਿਚ ਗੈਰਕਾਨੂੰਨੀ ਢੰਗ ਨਾਲ ਦਾਖਲ ਹੋਏ 25 ਅਕਾਲੀ ਆਗੂਆਂ ਨੂੰ ਗ੍ਰਿਫਤਾਰ ਕਰ ਲਿਆ। ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਜਥਾ ਅਬੋਹਰ ਦੇ ਪ੍ਰਧਾਨ ਅਸ਼ੋਕ ਅਹੂਜਾ, ਅਕਾਲੀ ਦਲ ਦੇ ਜ਼ਿਲ੍ਹਾ ਜਨਰਲ ਸਕੱਤਰ ਹਰਚਰਨ ਸਿੰਘ ਤੋਂ ਇਲਾਵਾ 24 ਡੋਡਾ ਸਮਰਥਕਾਂ ਤੇ ਡਿਪਟੀ ਸੁਪਰਡੈਂਟ ਸਬ ਜੇਲ੍ਹ ਸਮੇਤ 25 ਜਣਿਆ ਮਾਮਲਾ ਦਰਜ ਕੀਤਾ ਗਿਆ ਹੈ।

ਚੋਣ ਕਮਿਸ਼ਨ ਦੀਆਂ ਹਦਾਇਤਾਂ ਉਤੇ ਸਹਾਇਕ ਜੇਲ੍ਹ ਸੁਪਰਡੈਂਟ ਜਸ਼ਨਦੀਪ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਸੂਤਰਾਂ ਮੁਤਾਬਕ ਇਨ੍ਹਾਂ ਅਕਾਲੀ ਆਗੂਆਂ ਦੀ ਅਗਵਾਈ ਜਲਾਲਾਬਾਦ ਦਾ ਇਕ ਸੀਨੀਅਰ ਅਕਾਲੀ ਆਗੂ ਕਰ ਰਿਹਾ ਸੀ।

ਫਾਜ਼ਿਲਕਾ ਦੀ ਡੀ.ਸੀ. ਨੂੰ ਸੂਚਨਾ ਮਿਲੀ ਸੀ ਕਿ ਅਕਾਲੀ ਆਗੂਆਂ ਦਾ ਵੱਡਾ ਗਰੁੱਪ ਫਾਜ਼ਿਲਕਾ ਜੇਲ੍ਹ 'ਚ ਬੰਦ ਸ਼੍ਰੋਮਣੀ ਅਕਾਲੀ ਦਲ ਦੇ ਅਬੋਹਰ ਵਿਧਾਨ ਸਭਾ ਹਲਕੇ ਦੇ ਇੰਚਾਰਜ ਸ਼ਿਵ ਲਾਲ ਡੋਡਾ ਨਾਲ ਮੁਲਾਕਾਤ ਕਰਨ ਗਿਆ ਹੈ। ਡੀ.ਸੀ. ਨੇ ਜੇਲ੍ਹ 'ਤੇ ਛਾਪਾ ਮਾਰ ਕੇ ਸਾਰੇ ਅਕਾਲੀ ਆਗੂਆਂ ਨੂੰ ਸ਼ਿਵ ਲਾਲ ਡੋਡਾ ਨਾਲ ਮੁਲਾਕਾਤ ਕਰਦਿਆਂ ਮੌਕੇ 'ਤੇ ਫੜ ਲਿਆ। ਸ਼ਿਵ ਲਾਲ ਡੋਡਾ ਅਬੋਹਰ ਦੇ ਦਲਿਤ ਨੌਜਵਾਨ ਭੀਮ ਟਾਂਕ ਦੇ ਕਤਲ ਦੀ ਸਾਜ਼ਿਸ਼ ਦੇ ਦੋਸ਼ਾਂ ਅਧੀਨ ਜੇਲ੍ਹ 'ਚ ਬੰਦ ਹੈ। ਰਾਜਸੀ ਹਲਕਿਆਂ ਵਿਚ ਚਰਚਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼ਿਵ ਲਾਲ ਡੋਡਾ ਦੀ ਜ਼ਮਾਨਤ ਕਰਾ ਕੇ ਅਬੋਹਰ ਵਿਧਾਨ ਸਭਾ ਹਲਕੇ ਤੋਂ ਆਜ਼ਾਦ ਜਾਂ ਭਾਜਪਾ ਨਾਲ ਹਲਕੇ ਦੀ ਤਬਦੀਲੀ ਕਰ ਕੇ ਚੋਣ ਲੜਾਏ ਜਾਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਫਾਜ਼ਿਲਕਾ ਦੀ ਡੀ.ਸੀ. ਦੀ ਕਾਰਵਾਈ ਨੇ ਅਕਾਲੀ ਦਲ ਦੀਆਂ ਯੋਜਨਾਵਾਂ 'ਤੇ ਪਾਣੀ ਫੇਰ ਦਿੱਤਾ ਹੈ। ਚੋਣ ਅਧਿਕਾਰੀਆਂ ਨੇ ਦੱਸਿਆ ਕਿ ਜੇਲ੍ਹ 'ਚ ਗੈਰਕਾਨੂੰਨੀ ਤੌਰ 'ਤੇ ਦਾਖਲ ਹੋਣ ਸਬੰਧੀ ਕੇਸ ਦਰਜ ਕੀਤਾ ਜਾ ਰਿਹਾ ਹੈ। ਦੱਸਣਯੋਗ ਹੈ ਕਿ ਨਾਭਾ ਦੀ ਅਤਿ ਸੁਰੱਖਿਅਤ ਜੇਲ੍ਹ ਵਿਚੋਂ 5 ਗੈਂਗਸਟਰਾਂ ਦੇ ਫਰਾਰ ਹੋਣ ਅਤੇ ਉਸ ਬਾਅਦ ਪੁਲਿਸ ਵੱਲੋਂ ਇਨ੍ਹਾਂ ਅਪਰਾਧੀਆਂ ਨੂੰ ਫੜੇ ਨਾ ਜਾਣ ਕਾਰਨ ਸ਼੍ਰੋਮਣੀ ਅਕਾਲੀ ਦਲ 'ਤੇ ਵਿਰੋਧੀ ਪਾਰਟੀਆਂ ਵੱਲੋਂ ਨਿਸ਼ਾਨਾ ਸੇਧਿਆ ਜਾ ਰਿਹਾ ਹੈ।

### 'ਆਪ' ਨੇ ਅਕਾਲੀਆਂ ਨੂੰ ਘੇਰਿਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਆਗੂ ਸੰਜੇ ਸਿੰਘ ਨੇ ਕਿਹਾ ਕਿ ਜੇਲ੍ਹਾਂ ਵਿਚ ਅਪਰਾਧੀਆਂ ਨਾਲ ਮੀਟਿੰਗ ਦਾ ਚੋਣ ਕਮਿਸ਼ਨ ਨੂੰ ਸਖਤ ਨੋਟਿਸ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਦੌਰਾਨ ਵੋਟਰਾਂ ਨੂੰ ਡਰਾਉਣ ਲਈ ਅਪਰਾਧੀਆਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਅਬੋਹਰ ਦੇ ਅਕਾਲੀ ਆਗੂਆਂ ਦੀ ਫਾਜ਼ਿਲਕਾ ਜੇਲ੍ਹ ਵਿਚ ਸ਼ਿਵ ਲਾਲ ਡੋਡਾ ਨਾਲ ਮੀਟਿੰਗ ਅਧਿਕਾਰੀਆਂ ਦੀ ਅੱਖਾਂ ਖੋਲ੍ਹਣ ਵਾਲੀ ਹੈ। ਆਪ ਆਗੂ ਨੇ ਕਿਹਾ ਕਿ ਡੋਡਾ ਵੱਲੋਂ ਜੇਲ੍ਹ ਵਿਚ ਖੁੱਲ੍ਹੇ ਤੌਰ ਉਤੇ ਸੰਗਤ ਦਰਸ਼ਨ ਲਗਾਇਆ ਜਾਂਦਾ ਸੀ, ਪਰ ਅਫਸਰਾਂ ਵੱਲੋਂ ਬਾਦਲਾਂ ਦੇ ਦਬਾਅ ਕਾਰਨ ਉਨ੍ਹਾਂ ਖਿਲਾਫ ਕੋਈ ਕਾਰਵਾਈ ਕਰਨ ਤੋਂ ਪਾਸਾ ਵੱਟਿਆ ਜਾਂਦਾ ਸੀ।

### ਕਾਂਗਰਸ ਨੇ ਮੰਗੀ ਜੇਲ੍ਹ ਕਾਂਡ ਦੀ ਜਾਂਚ

**ਚੰਡੀਗੜ੍ਹ:** ਪੰਜਾਬ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਬਾਦਲ ਸਰਕਾਰ ਨੂੰ ਤੁਰਤ ਬਰਖਾਸਤ ਕਰਨ ਦੀ ਮੰਗ ਕਰਦਿਆਂ ਕਿਹਾ ਹੈ ਕਿ ਸਰਕਾਰ ਦਾ ਫਾਜ਼ਿਲਕਾ ਜੇਲ੍ਹ ਦੀ ਘਟਨਾ ਨਾਲ ਪੂਰੀ ਤਰ੍ਹਾਂ ਭਾਂਡਾਫੋੜ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਨਜ਼ਦੀਕੀ ਨੂੰ ਜੇਲ੍ਹ ਵਿਚ ਅਪਰਾਧੀਆਂ ਨਾਲ ਮੀਟਿੰਗ ਕਰਦਿਆਂ ਪਾਇਆ ਗਿਆ। ਕੈਪਟਨ ਅਮਰਿੰਦਰ ਨੇ ਕਿਹਾ ਕਿ ਕੇਸ 'ਚ ਮੁੱਖ ਦੋਸ਼ੀ ਡੋਡਾ ਸਾਫ ਤੌਰ ਉਤੇ ਡਿਪਟੀ ਮੁੱਖ ਮੰਤਰੀ ਦੇ ਵਫਾਦਾਰ ਵਜੋਂ ਕੰਮ ਕਰਦਿਆਂ ਦੋ ਦਰਜਨ ਲੋਕਾਂ ਨਾਲ ਮੀਟਿੰਗ ਕਰ ਰਿਹਾ ਸੀ, ਜਿਨ੍ਹਾਂ ਦੇ ਅਕਾਲੀਆਂ ਨਾਲ ਨਜ਼ਦੀਕੀ ਸਬੰਧ ਮੰਨੇ ਜਾਂਦੇ ਹਨ ਅਤੇ ਇਸ ਦੌਰਾਨ ਉਹ ਫੜਿਆ ਗਿਆ।

## Matrimonial

**ਵਰ ਦੀ ਲੋੜ ਹੈ**

Gursikh family seeks clean shaven Doctor match for their Doctor Dentist, US Citizen daughter, 33 years, 5'-4". Raised in USA. Caste no bar. Contact: 916-544-0251 or email: matrimon711@gmail.com

52-2

**ਕੰਨਿਆ ਦੀ ਲੋੜ ਹੈ**

Wanted suitable match for Ramgarhia Sikh boy 25yrs, 5'-10". Holding Civil Engineering & Architecture Degree, currently pursing Post Graduate studies in Canada. Have 10yrs multiple visa for USA. US Citizen preferred. Contact: 734-377-5135 (USA) or 91-85287-00081 (India).

1-4



**Punjab Times**

*Punjabtimes1@gmail.com*


# ਬਾਦਲਾਂ ਦੇ ਹਵਾਈ ਝੂਟੇ 157 ਕਰੋੜ ਵਿਚ ਪਏ

**ਚੰਡੀਗੜ੍ਹ:** ਕਾਂਗਰਸ ਵੱਲੋਂ ਆਪਣੇ ਚੋਣ ਮੈਨੀਫੈਸਟੋ ਵਿਚ ਇਸ ਦੇ ਮੁੱਖ ਮੰਤਰੀ ਵੱਲੋਂ ਸਰਕਾਰੀ ਹੈਲੀਕਾਪਟਰ ਦਾ ਇਸਤੇਮਾਲ ਨਾ ਕਰਨ ਦਾ ਵਾਅਦਾ ਕੀਤੇ ਜਾਣ ਨਾਲ ਸਰਕਾਰੀ ਹੈਲੀਕਾਪਟਰ ਦੀ ਗ਼ਲਤ ਵਰਤੋਂ ਦਾ ਮਾਮਲਾ ਇਕ ਵਾਰੀ ਫਿਰ ਸਾਹਮਣੇ ਆ ਗਿਆ ਹੈ। ਸਰਕਾਰੀ ਰਿਕਾਰਡ ਤੋਂ ਖੁਲਾਸਾ ਹੋਇਆ ਹੈ ਕਿ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਦੇ 10 ਸਾਲਾ ਕਾਰਜਕਾਲ ਦੌਰਾਨ ਮੁੱਖ ਮੰਤਰੀ ਅਤੇ ਇਸ ਦੇ ਸਿਖਰਲੇ ਸਹਾਇਕਾਂ ਨੂੰ ਵਾਸਤੇ ਹੈਲੀਕਾਪਟਰ ਦੀ ਵਰਤੋਂ ਨਾਲ ਸਰਕਾਰੀ ਖ਼ਜ਼ਾਨੇ ਉਤੇ 157 ਕਰੋੜ ਰੁਪਏ ਦਾ ਭਾਰ ਪਿਆ ਹੈ।

ਇਸ ਰਕਮ ਵਿਚ ਸਰਕਾਰ ਵੱਲੋਂ ਆਪਣੇ ਦੂਜੇ ਕਾਰਜਕਾਲ ਦੇ ਪਹਿਲੇ ਵਰ੍ਹੇ ਬੈੱਲ-427 ਹਵਾਈ ਜਹਾਜ਼ ਦੀ ਖ਼ਰੀਦ ਵੀ ਸ਼ਾਮਲ ਹੈ। ਪੰਜਾਬ ਦੇ ਸ਼ਹਿਰੀ ਹਵਾਬਾਜ਼ੀ ਡਾਇਰੈਕਟੋਰੇਟ ਕੋਲ ਉਪਲਬਧ ਰਿਕਾਰਡ ਮੁਤਾਬਕ ਜਨਵਰੀ 2007 ਤੋਂ ਅਗਸਤ 2016 ਦੌਰਾਨ ਸਰਕਾਰ ਨੇ ਨਿੱਜੀ ਕੰਪਨੀਆਂ ਨੂੰ ਵੱਖ-ਵੱਖ ਮੌਕਿਆਂ ਉਤੇ ਹੈਲੀਕਾਪਟਰ ਭਾੜੇ 'ਤੇ ਲੈਣ ਲਈ 112 ਕਰੋੜ ਰੁਪਏ ਅਦਾ ਕੀਤੇ।

ਇਸ ਦੌਰਾਨ 2012 ਵਿਚ ਸਰਕਾਰ ਨੇ ਕਰੀਬ 38 ਕਰੋੜ ਰੁਪਏ ਵਿਚ ਬੈੱਲ-429 ਜਹਾਜ਼ ਖ਼ਰੀਦਿਆ।

ਦੱਸਣਯੋਗ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਖ਼ਾਸ ਕਰ ਛੋਟੇ ਫ਼ਾਸਲਿਆਂ ਲਈ ਵੀ ਸਰਕਾਰੀ ਹਵਾਈ ਜਹਾਜ਼ ਦਾ ਇਸਤੇਮਾਲ ਕੀਤੇ ਜਾਣ ਦਾ ਮਾਮਲਾ ਕਾਂਗਰਸ ਅਤੇ 'ਆਪ' ਵੱਲੋਂ ਲਗਾਤਾਰ ਉਠਾਇਆ ਜਾਂਦਾ ਰਿਹਾ ਹੈ। ਸਰਕਾਰੀ ਹੈਲੀਕਾਪਟਰਾਂ ਨੇ ਮਈ 2013 ਤੋਂ ਅਗਸਤ 2016 ਦੌਰਾਨ 2.14 ਕਰੋੜ ਰੁਪਏ ਦਾ ਈਂਧਣ ਸਾੜਿਆ ਅਤੇ 5.08 ਕਰੋੜ ਰੁਪਏ ਸਾਂਭ-ਸੰਭਾਲ ਉਤੇ ਖ਼ਰਚੇ ਗਏ। ਇਨ੍ਹਾਂ ਲਈ 2013-14 ਦੌਰਾਨ ਬੀਮਾ ਪ੍ਰੀਮੀਅਮ ਵਜੋਂ 24.15 ਲੱਖ ਰੁਪਏ, 2014-15 ਦੌਰਾਨ 19.96 ਲੱਖ ਅਤੇ 2015-16 ਦੌਰਾਨ 17.46 ਲੱਖ ਰੁਪਏ ਦੀ ਅਦਾਇਗੀ ਕੀਤੀ ਗਈ।



# ਅਵਿਨਾਸ਼ ਖੰਨਾ ਦੀ ਨਿਯੁਕਤੀ ਨੂੰ ਬਰੇਕਾਂ

**ਨਵੀਂ ਦਿੱਲੀ:** ਭਾਜਪਾ ਦੇ ਮੀਤ ਪ੍ਰਧਾਨ ਅਵਿਨਾਸ਼ ਰਾਏ ਖੰਨਾ ਨੇ 'ਘਰੇਲੂ ਰੁਝੇਵਿਆਂ' ਦਾ ਹਵਾਲਾ ਦੇ ਕੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦਾ ਮੈਂਬਰ ਬਣਨ ਲਈ ਦਿੱਤੀ ਆਪਣੀ ਰਜ਼ਾਮੰਦੀ ਵਾਪਸ ਲੈ ਲਈ ਹੈ।

ਇਹ ਜਾਣਕਾਰੀ ਸੁਪਰੀਮ ਕੋਰਟ ਦੇ ਦੇ ਬੈਂਚ ਨੂੰ ਐਡੀਸ਼ਨਲ ਸਾਲਿਸਟਰ ਜਨਰਲ ਆਤਮਾ ਰਾਮ ਨਾਦਕਰਨੀ ਨੇ ਦਿੱਤੀ। ਇਸ ਪਿੱਛੋਂ ਬੈਂਚ ਨੇ ਇਸ ਨਿਯੁਕਤੀ ਖ਼ਿਲਾਫ਼ ਇਕ ਵਿਦਿਆਰਥਣ ਅਨੁਪ੍ਰਿਆ ਨਾਗੌਰੀ ਵੱਲੋਂ ਦਾਇਰ ਲੋਕ ਹਿੱਤ ਪਟੀਸ਼ਨ ਖ਼ਾਰਜ ਕਰ ਦਿੱਤੀ। ਉਸ ਨੇ ਸਰਗਰਮ ਸਿਆਸਤਦਾਨ ਦੀ ਇਸ ਅਹੁਦੇ ਲਈ ਨਿਯੁਕਤੀ ਦਾ ਵਿਰੋਧ ਕੀਤਾ ਸੀ ਅਤੇ ਅਦਾਲਤ ਨੇ ਇਸ ਸਬੰਧੀ ਸਰਕਾਰ ਤੋਂ ਜਵਾਬ ਤਲਬ ਕਰ ਲਿਆ ਸੀ। ਅਜਿਹਾ ਪਹਿਲੀ ਵਾਰ ਹੋ ਰਿਹਾ ਸੀ ਕਿ ਕਿਸੇ ਸਿਆਸੀ ਆਗੂ ਨੂੰ ਕਮਿਸ਼ਨ ਦਾ ਮੈਂਬਰ ਬਣਾਇਆ ਜਾ ਰਿਹਾ ਸੀ।

# ਟਰੰਪ ਪ੍ਰਸ਼ਾਸਨ ਤੋਂ ਭਰੋਸਾ ਚਾਹੁੰਦੇ ਹਨ ਸਿੱਖ

**ਵਾਸ਼ਿੰਗਟਨ:** ਅਮਰੀਕਾ 'ਚ ਚੋਣਾਂ ਤੋਂ ਬਾਅਦ ਘੱਟ ਗਿਣਤੀ ਭਾਈਚਾਰੇ ਦੇ ਖਿਲਾਫ ਨਫਰਤੀ ਅਪਰਾਧ ਦੀਆਂ ਘਟਨਾਵਾਂ 'ਚ ਸੰਭਾਵੀ ਵਾਧੇ ਦੀਆਂ ਰਿਪੋਰਟਾਂ ਵਿਚਾਲੇ ਅਮਰੀਕਾ ਦੇ ਸਿੱਖ ਭਾਈਚਾਰੇ ਨੇ ਆਗਾਮੀ ਬਣਨ ਵਾਲੇ ਟਰੰਪ ਪ੍ਰਸਾਸ਼ਨ ਤੋਂ ਇਹ ਭਰੋਸਾ ਲੈਣ ਕਿ ਉਹ ਨਫਰਤੀ ਅਪਰਾਧਾਂ ਦੇ ਕੇਸਾਂ ਖਿਲਾਫ ਸਖਤੀ ਨਾਲ ਨਜਿੱਠੇ, ਇਸ ਲਈ ਉਚ ਅਮਰੀਕੀ ਸੈਨੇਟ ਮੈਂਬਰਾਂ ਤੋਂ ਮੰਗ ਕੀਤੀ ਹੈ। ਸਿੱਖ ਕੁਲੀਸ਼ਨ ਨੇ ਸੈਨੇਟ ਦੀ ਨਿਆਂ ਕਮੇਟੀ ਦੇ ਚੇਅਰਮੈਨ ਚੱਕ ਗ੍ਰੈਸਲੇ ਅਤੇ ਰੈਂਕਿੰਗ ਮੈਂਬਰ ਡੀਆਨ ਫੈਨਸਟਿਨ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਹੈ ਕਿ ਉਹ ਅਮਰੀਕੀ ਅਟਾਰਨੀ ਜਨਰਲ ਵੱਜੋਂ ਨਾਮਜ਼ਦ ਕੀਤੇ ਗਏ ਜੈਫ ਸੈਸ਼ਨਜ਼ ਦੇ ਅੱਗੇ ਉਕਤ ਸਮੱਸਿਆ ਉਠਾਉਣ।

# ਪੰਜਾਬ ਠੰਢ ਦੀ ਜਕੜ ਵਿਚ

**ਚੰਡੀਗੜ੍ਹ:** ਮੀਂਹ ਅਤੇ ਹਿਮਾਚਲ ਵਿਚ ਹੋ ਰਹੀ ਬਰਫਬਾਰੀ ਕਾਰਨ ਪੰਜਾਬ ਤੇ ਹਰਿਆਣਾ ਨੂੰ ਠੰਢ ਨੇ ਆਪਣੀ ਜਕੜ ਵਿਚ ਲੈ ਲਿਆ ਹੈ। ਦੋਹਾਂ ਸੂਬਿਆਂ ਦੇ ਜ਼ਿਆਦਾਤਰ ਹਿੱਸਿਆਂ ਵਿਚ ਹੇਠਲਾਂ ਤਾਪਮਾਨ ਆਮ ਨਾਲੋਂ ਘੱਟ ਰਿਹਾ।

ਮੌਸਮ ਵਿਭਾਗ ਮੁਤਾਬਕ ਪੰਜਾਬ ਦਾ ਅੰਮ੍ਰਿਤਸਰ ਦੋਵੇਂ ਸੂਬਿਆਂ ਵਿਚੋਂ ਸਭ ਤੋਂ ਠੰਢਾ ਰਿਹਾ। ਗੁਰੂ ਕੀ ਨਗਰੀ ਦਾ ਤਾਪਮਾਨ 1.7 ਡਿਗਰੀ ਸੈਲਸੀਅਸ ਰਿਹਾ ਜੋ ਆਮ ਨਾਲੋਂ ਇਕ ਦਰਜਾ ਹੇਠਾਂ ਹੈ। ਇਨ੍ਹਾਂ ਦੋਵੇਂ ਸੂਬਿਆਂ ਦੇ ਜ਼ਿਆਦਾਤਰ ਹਿੱਸਿਆਂ ਵਿਚ ਭਾਵੇਂ ਧੁੱਪ ਵੀ ਖਿੜੀ ਰਹੀ ਪਰ ਸੀਤ ਹਵਾਵਾਂ ਨੇ ਠੰਢ ਦੀ ਜਕੜ ਮਜ਼ਬੂਤ ਕਰ ਦਿੱਤੀ ਹੈ।


# ਲੁਧਿਆਣਾ ਬੈਂਕ ਡਕੈਤੀ ਕੇਸ ਵਿਚ 10 ਜਣੇ ਬਰੀ

**ਲੁਧਿਆਣਾ:** ਪੰਜਾਬ ਵਿਚ ਖਾੜਕੂਵਾਦ ਦੌਰਾਨ 1987 ਵਿਚ ਮਿਲਰਗੰਜ ਸਥਿਤ ਪੰਜਾਬ ਨੈਸ਼ਨਲ ਬੈਂਕ ਵਿਚ ਹੋਈ 5 ਕਰੋੜ 70 ਲੱਖ ਦੀ ਬੈਂਕ ਡਕੈਤੀ ਦੇ ਮਾਮਲੇ ਵਿਚ 30 ਸਾਲ ਬਾਅਦ ਸੁਪਰੀਮ ਕੋਰਟ ਵੱਲੋਂ 10 ਕਥਿਤ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਗਿਆ। ਅਦਾਲਤ ਵੱਲੋਂ 30 ਸਾਲ ਬਾਅਦ ਦਿੱਤੇ ਫੈਸਲੇ ਨਾਲ ਜਿਥੇ ਨਿਆਂਇਕ ਪ੍ਰਣਾਲੀ ਦੀ ਸੁਸਤ ਰਫ਼ਤਾਰ ਦਾ ਖੁਲਾਸਾ ਹੋਇਆ ਹੈ, ਉਥੇ ਇਸ ਮਾਮਲੇ ਵਿਚ ਬਰੀ ਹੋਏ ਵਿਅਕਤੀਆਂ ਨੂੰ ਤਿੰਨ ਦਹਾਕਿਆਂ ਬਾਅਦ ਇਨਸਾਫ਼ ਮਿਲਿਆ ਹੈ।

ਜਾਣਕਾਰੀ ਅਨੁਸਾਰ 12 ਫਰਵਰੀ 1987 ਨੂੰ ਦੇਸ਼ ਦੀ ਸਭ ਤੋਂ ਵੱਡੀ ਹੋਈ ਡਕੈਤੀ ਵਿਚ 5 ਕਰੋੜ 70 ਲੱਖ ਰੁਪਏ ਲੁੱਟ ਲਿਆ ਗਿਆ ਸੀ। ਪੁਲਿਸ ਵੱਲੋਂ ਇਸ ਮਾਮਲੇ ਵਿਚ 45 ਵਿਅਕਤੀਆਂ ਖਿਲਾਫ਼ ਕੇਸ ਦਰਜ ਕੀਤਾ ਗਿਆ ਸੀ ਜਿਨ੍ਹਾਂ ਵਿਚ ਹਰਜਿੰਦਰ ਸਿੰਘ ਕਾਲੀ, ਦਲਜੀਤ ਸਿੰਘ ਬਿੱਟੂ, ਗੁਰਸ਼ਰਨ ਸਿੰਘ ਗਾਮਾ, ਹਰਜਿੰਦਰ ਸਿੰਘ ਜਿੰਦਾ, ਬਾਬਾ ਦਲੀਪ ਸਿੰਘ, ਸੁਖਦੇਵ ਸਿੰਘ ਉਰਫ਼ ਲਾਭ ਸਿੰਘ, ਬਲਵੀਰ ਸਿੰਘ ਖਮਾਣੋ, ਰਣਧੀਰ ਸਿੰਘ ਉਰਫ਼ ਧੀਰੂ, ਜਗਜੀਤ ਸਿੰਘ, ਹਰਦੇਵ ਸਿੰਘ ਉਰਫ਼ ਪੰਜਵੜ ਆਦਿ ਸ਼ਾਮਲ ਸਨ। ਇਸ ਬੈਂਕ ਡਕੈਤੀ ਵਿਚ 5 ਕਰੋੜ 68 ਲੱਖ 91 ਹਜ਼ਾਰ 416 ਰੁਪਏ ਦੀ ਰਕਮ ਲੁੱਟੀ ਗਈ ਸੀ। ਪੁਲਿਸ ਵੱਲੋਂ ਬਾਅਦ ਵਿਚ ਇਸ ਰਕਮ ਵਿਚੋਂ 67 ਲੱਖ 8 ਹਜ਼ਾਰ 876 ਰੁਪਏ ਬਰਾਮਦ ਕਰ ਲਏ ਗਏ ਸਨ। ਉਸ ਵੇਲੇ ਜਾਂਚ ਦਾ ਕੰਮ ਸੀ.ਬੀ.ਆਈ. ਨੂੰ ਸੌਂਪ ਦਿੱਤਾ ਗਿਆ ਸੀ ਅਤੇ ਸੀ.ਬੀ.ਆਈ. ਵੱਲੋਂ ਇਸ ਮਾਮਲੇ ਵਿਚ 14 ਜੁਲਾਈ 1988, 22 ਅਕਤੂਬਰ 1991 ਤੇ 24 ਸਤੰਬਰ 1996 ਨੂੰ ਚਾਰਜਸ਼ੀਟ ਦਾਇਰ ਕੀਤੀ ਸੀ।

ਕੇਸ ਦੇ ਅਖੀਰ ਵਿਚ 12 ਨਾਮਜ਼ਦ ਦੋਸ਼ੀਆਂ ਨੂੰ ਅਦਾਲਤ ਵੱਲੋਂ 10-10 ਸਾਲ ਦੀ ਸਜ਼ਾ ਸੁਣਾਈ ਗਈ ਸੀ ਜਿਨ੍ਹਾਂ ਵਿਚ ਭਾਈ ਦਲਜੀਤ ਸਿੰਘ ਬਿੱਟੂ ਤੇ ਭਾਈ ਗੁਰਸ਼ਰਨ ਸਿੰਘ ਗਾਮਾ ਨੇ ਸੁਣਵਾਈ ਦੌਰਾਨ ਹੀ ਆਪਣੀ ਸਜ਼ਾ ਪੂਰੀ ਕਰ ਲਈ ਸੀ, ਜਦਕਿ ਇਸ ਮਾਮਲੇ ਵਿਚ ਨਾਮਜ਼ਦ ਡਾ. ਆਸਾ ਸਿੰਘ ਨੂੰ ਸਾਲ 2014 ਵਿਚ ਸੁਪਰੀਮ ਕੋਰਟ ਵੱਲੋਂ ਜ਼ਮਾਨਤ ਦੇ ਦਿੱਤੀ ਸੀ। ਇਸ ਮਾਮਲੇ ਵਿਚ ਗੁਰਜੰਟ ਸਿੰਘ, ਹਰਜਿੰਦਰ ਸਿੰਘ ਕਾਲੀ, ਮਾਨ ਸਿੰਘ ਢੋਲੇਵਾਲ, ਹਰਭਜਨ ਸਿੰਘ, ਸਰੂਪ ਸਿੰਘ, ਬਲਵਿੰਦਰ ਸਿੰਘ, ਸੇਵਾ ਸਿੰਘ, ਅਵਤਾਰ ਸਿੰਘ ਅਤੇ ਮੋਹਣ ਸਿੰਘ ਵੱਖ-ਵੱਖ ਜੇਲ੍ਹਾਂ ਵਿਚ ਬੰਦ ਹਨ। ਪੁਲਿਸ ਵੱਲੋਂ ਬੈਂਕ ਡਕੈਤੀ ਤੋਂ ਕਾਫੀ ਸਮੇਂ ਬਾਅਦ ਇਨ੍ਹਾਂ ਨੂੰ ਗ੍ਰਿਫਤਾਰ ਕੀਤਾ ਸੀ, ਪਰ ਅਦਾਲਤ ਵੱਲੋਂ ਕੁੱਝ ਮਹੀਨਿਆਂ ਬਾਅਦ ਇਨ੍ਹਾਂ ਨੂੰ ਜ਼ਮਾਨਤਾਂ ਦੇ ਦਿੱਤੀਆਂ ਸਨ। ਸਥਾਨਕ ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ ਤੋਂ ਬਾਅਦ ਪੁਲਿਸ ਨੇ ਇਨ੍ਹਾਂ ਨੂੰ ਹਿਰਾਸਤ ਵਿਚ ਲੈ ਕੇ ਜੇਲ੍ਹ ਭੇਜ ਦਿੱਤਾ ਸੀ ਤੇ ਅੱਜ ਕੱਲ੍ਹ ਇਹ ਸਾਰੇ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਨ।


## ਰੈਸਟੋਰੈਂਟ ਲਈ ਲੋੜ ਹੈ



ਵਿਸਕਾਨਸਿਨ ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ।

ਸੰਪਰਕ ਕਰੋ

ਫੋਨ: 262-391-7666

1-2

## ਪੰਜਾਬ ਵਿਚ ਵਿਕਾਊ ਜ਼ਮੀਨ ਦੀ ਲੋੜ ਹੈ

ਐਨ ਆਰ ਆਈ ਪਾਰਟੀ ਨੂੰ ਪੰਜਾਬ ਵਿਚ ਵਿਕਾਊ ਜ਼ਮੀਨ ਦੀ ਲੋੜ ਹੈ, ਜੋ ਸਭ ਝਗੜਿਆਂ ਤੋ ਮੁਕਤ ਹੋਵੇ

*ਮਾਲਕ ਜ਼ਮੀਨ 'ਤੇ ਖੁਦ ਕਾਬਜ਼ ਹੋਵੇ

*ਮੁਸ਼ਤਰਕਾ ਖਾਤੇ ਦੀ ਸੂਰਤ 'ਚ ਸਾਰੇ ਭਾਈਵਾਲ ਵੇਚਣ ਲਈ ਰਾਜ਼ੀ ਹੋਣ

*ਲੁਧਿਆਣਾ ਤੇ ਜਲੰਧਰ ਖੇਤਰ 'ਚ ਸੜਕ ਨਾਲ ਲਗਦੀ ਜ਼ਮੀਨ ਨੂੰ ਪਹਿਲ

ਜ਼ਮੀਨ ਦਾ ਸੌਦਾ ਪੰਜਾਬ ਵਿਚ ਹੋਵੇਗਾ ਅਤੇ ਸਾਰਾ ਭੁਗਤਾਨ ਬੈਂਕ ਡਰਾਫਟ ਰਾਹੀਂ ਇਕ ਨੰਬਰ ਵਿਚ ਹੋਵੇਗਾ।

ਸੰਪਰਕ ਕਰੋ: 01191-98884-80673

Issue 53-2

WEBSITE - DHOLRADIO.CO

DHOL RADIO

ਪਿੰਡ ਤੋ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

REQUEST SONG

MUSIC 24/7

LISTEN ON PHONE



ਹੁਣ ਸ਼ਿਕਾਗੋ ਤੋ

Application For Android and iPhone - Dhol Radio

LIVE CALLS → USA 951-824-6365

skype - DHOLRADIO.ORG

LISTEN BY CALL → USA 702-489-0211

Sukhpal Gill 10 pm to 12 am (IST)

Puran singh waraich 2:30 pm to 4 pm (IST)

# ਅਰਦਾਸ ਦੀ ਨਕਲ ਮਾਮਲੇ ਵਿਚ ਮਲੂਕਾ ਤਨਖਾਹੀਆ ਕਰਾਰ



**ਅੰਮ੍ਰਿਤਸਰ:** ਸਿੱਖ ਅਰਦਾਸ ਨਕਲ ਮਾਮਲੇ ਨੂੰ ਅਕਾਲ ਤਖਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਵੱਲੋਂ ਵਿਚਾਰਨ ਮਗਰੋਂ ਅਕਾਲੀ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਤਨਖਾਹੀਆ ਕਰਾਰ ਦੇ ਦਿੱਤਾ ਗਿਆ ਅਤੇ ਖਿਮਾ ਯਾਚਨਾ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਤੇ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਚਾਰ ਦਿਨ ਸੰਗਤ ਦੇ ਜੋੜੇ ਅਤੇ ਜੂਠੇ ਭਾਂਡੇ ਸਾਫ ਕਰਨ ਦੀ ਤਨਖਾਹ ਲਾਈ ਗਈ। ਅਕਾਲ ਤਖਤ ਸਾਹਿਬ ਦੇ ਸਕੱਤਰੇਤ ਵਿਚ ਹੋਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਘਬੀਰ ਸਿੰਘ ਅਤੇ ਸ੍ਰੀ ਅਕਾਲ ਤਖਤ ਦੇ ਗ੍ਰੰਥੀ ਗਿਆਨੀ ਗੁਰਬਖਸ਼ੀਸ਼ ਸਿੰਘ ਸ਼ਾਮਲ ਸਨ।

ਇਸ ਮਾਮਲੇ ਨੂੰ ਵਿਚਾਰਨ ਮਗਰੋਂ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਫੈਸਲਾ ਸੁਣਾਉਂਦਿਆਂ ਜਥੇਦਾਰ ਗੁਰਬਚਨ ਸਿੰਘ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਰਾਮਪੁਰਾ ਫੂਲ ਵਿਚ ਚੋਣ ਦਫਤਰ ਦੇ ਉਦਘਾਟਨ ਸਮੇਂ ਅਕਾਲੀ ਮੰਤਰੀ ਮਲੂਕਾ ਵੱਲੋਂ ਗੁਰਮਤਿ ਨੂੰ ਅੱਖੋਂ ਪਰੋਖੇ ਕਰ ਕੇ ਹੋਰ ਧਰਮ ਦੇ ਗ੍ਰੰਥ ਦਾ ਪਾਠ ਕਰਾਇਆ ਗਿਆ ਸੀ, ਜਿਸ ਤਹਿਤ ਸਿੱਖ ਰਹਿਤ ਮਰਿਆਦਾ ਅਨੁਸਾਰ ਤਿਆਰ ਖਾਲਸਈ ਰਵਾਇਤ ਦੀ ਰੀਸ ਕਰਦਿਆਂ ਹੋਰ ਢੰਗ ਤਰੀਕੇ ਦੀ ਅਰਦਾਸ ਕੀਤੀ ਗਈ ਸੀ। ਇਸ ਨਾਲ ਸਿੱਖ ਭਾਵਨਾਵਾਂ ਨੂੰ ਵੱਡੀ ਠੇਸ ਪੁੱਜੀ ਹੈ। ਇਸ ਮਾਮਲੇ 'ਚ ਸ਼੍ਰੋਮਣੀ ਕਮੇਟੀ ਵੱਲੋਂ ਕਾਇਮ ਕੀਤੀ ਤਿੰਨ ਮੈਂਬਰੀ ਜਾਂਚ ਕਮੇਟੀ ਨੇ ਆਪਣੀ ਰਿਪੋਰਟ ਵਿਚ ਅਕਾਲੀ ਮੰਤਰੀ ਨੂੰ ਦੋਸ਼ੀ ਕਰਾਰ ਦਿੱਤਾ ਹੈ।

ਇਸ ਰਿਪੋਰਟ ਦੇ ਆਧਾਰ ਉਤੇ ਅਕਾਲੀ ਮੰਤਰੀ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਹੈ। ਉਸ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਉਹ ਖਿਮਾ ਯਾਚਨਾ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਇਕ ਅਖੰਡ ਪਾਠ ਕਰਾਵੇ, ਤਿੰਨ ਦਿਨਾਂ ਦੌਰਾਨ ਰੋਜ਼ਾਨਾ ਇਕ ਘੰਟਾ ਸੰਗਤ ਦੇ ਜੋੜੇ ਸਾਫ ਕਰੇ, ਇਕ ਘੰਟਾ ਸੰਗਤ ਦੇ ਜੂਠੇ ਬਰਤਨ ਸਾਫ ਕਰੇ ਅਤੇ ਚੱਲ ਰਹੇ ਅਖੰਡ ਪਾਠ ਦੀ ਗੁਰਬਾਣੀ ਸਰਵਣ ਕਰੇ। ਇਸ ਦੌਰਾਨ ਸ੍ਰੀ ਅਕਾਲ ਤਖਤ ਵਿਖੇ 51 ਹਜ਼ਾਰ ਰੁਪਏ ਦੀ ਰਸੀਦ ਕਟਾਵੇ। ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਇਕ ਦਿਨ ਲੰਗਰ ਅਤੇ ਜੂਠੇ ਬਰਤਨ ਸਾਫ ਕਰਨ ਦੀ ਸੇਵਾ ਕਰੇ। ਉਥੇ 31 ਹਜ਼ਾਰ ਰੁਪਏ ਗੋਲਕ 'ਚ ਪਾ ਕੇ ਉਸ ਦੀ ਰਸੀਦ ਕਟਾਵੇ। ਇਸ ਬਾਅਦ ਅਕਾਲ ਤਖਤ ਸਾਹਿਬ ਵਿਖੇ 500 ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਕਰਾ ਕੇ ਖਿਮਾ ਯਾਚਨਾ ਦੀ ਅਰਦਾਸ ਕਰਾਵੇ।

ਇਸ ਮੌਕੇ ਅਕਾਲ ਤਖਤ ਸਾਹਮਣੇ ਦਾੜ੍ਹੀ ਖੋਲ੍ਹ ਕੇ ਖੜ੍ਹੇ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਅਕਾਲ ਤਖਤ ਸਾਹਿਬ ਤੋਂ ਸੁਣਾਏ ਗਏ ਫੈਸਲੇ ਨੂੰ ਉਹ ਪ੍ਰਵਾਨ ਕਰਦੇ ਹਨ, ਪਰ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੇ ਦੋਸ਼ ਪ੍ਰਵਾਨ ਕੀਤੇ ਹਨ ਤਾਂ ਉਨ੍ਹਾਂ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਅਕਾਲ ਤਖਤ ਦਾ ਹੁਕਮ ਪ੍ਰਵਾਨ ਹੈ। ਮੀਡੀਆ ਸਾਹਮਣੇ ਉਨ੍ਹਾਂ ਨੇ ਆਪਣੇ ਦੋਸ਼ ਮੰਨਣ ਤੋਂ ਇਨਕਾਰ ਕੀਤਾ ਜਦੋਂ ਕਿ ਅਕਾਲ ਤਖਤ ਦੇ ਜਥੇਦਾਰ ਨੇ ਕਿਹਾ ਕਿ ਮਲੂਕਾ ਨੇ ਲਿਖਤੀ ਰੂਪ 'ਚ ਆਪਣੇ ਦੋਸ਼ ਸਵੀਕਾਰ ਕੀਤੇ ਹਨ।

## ਸਿਕੰਦਰ ਮਲੂਕਾ ਦੀਆਂ ਮੁਸ਼ਕਿਲਾਂ ਵਧੀਆਂ

**ਅੰਮ੍ਰਿਤਸਰ:** ਸਿੱਖ ਅਰਦਾਸ ਦੀ ਤੋੜ-ਮਰੋੜ ਦੇ ਮਾਮਲੇ ਵਿਚ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰਾਂ ਸਾਹਮਣੇ ਪੇਸ਼ ਨਹੀਂ ਹੋਏ। ਜਥੇਦਾਰਾਂ ਨੇ ਇਹ ਤਰੀਕ ਅੱਗੇ ਪਾਉਂਦਿਆਂ ਮਲੂਕਾ ਨੂੰ ਹੁਣ 24 ਜਨਵਰੀ ਨੂੰ ਤਲਬ ਕੀਤਾ ਹੈ। 26 ਦਸੰਬਰ ਨੂੰ ਰਾਮਪੁਰਾ ਫੂਲ ਵਿਚ ਅਕਾਲੀ ਆਗੂ ਮਲੂਕਾ ਦੀ ਹਾਜ਼ਰੀ ਵਿਚ ਅਖੌਤੀ ਅਰਦਾਸ ਹੋਈ ਸੀ। ਇਸ ਮਾਮਲੇ ਵਿਚ ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰਾਂ ਨੇ ਮਲੂਕਾ ਨੂੰ 9 ਜਨਵਰੀ ਨੂੰ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋਣ ਲਈ ਸੱਦਿਆ ਸੀ, ਪਰ ਮਲੂਕਾ ਪੇਸ਼ ਨਹੀਂ ਹੋਏ। ਜਥੇਦਾਰਾਂ ਨੇ ਇਹ ਤਰੀਕ 24 ਜਨਵਰੀ ਉਤੇ ਪਾ ਦਿੱਤੀ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਥਾਪੇ ਗਏ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਕੌਮ ਨੂੰ ਅਪੀਲ ਕੀਤੀ ਹੈ ਕਿ ਸਮੂਹ ਸੰਗਤ 24 ਜਨਵਰੀ ਤੱਕ ਸਿਕੰਦਰ ਸਿੰਘ ਮਲੂਕਾ ਦਾ ਬਾਈਕਾਟ ਕਰੇ।

## ਕੋਰਮ ਪੂਰਾ ਕਰਨ ਲਈ ਕਰਨੀ ਪਈ ਭੱਜ-ਨੱਠ

**ਅੰਮ੍ਰਿਤਸਰ:** ਅਕਾਲ ਤਖਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਤਕਰੀਬਨ ਦੋ ਘੰਟੇ ਦੇਰ ਨਾਲ ਸ਼ੁਰੂ ਹੋਈ ਕਿਉਂਕਿ ਇਕੱਤਰਤਾ ਲਈ ਪੰਜ ਸਿੰਘ ਸਾਹਿਬਾਨ ਦਾ ਕੋਰਮ ਪੂਰਾ ਨਹੀਂ ਹੋ ਸਕਿਆ ਸੀ। ਪੰਜਾਬ ਤੋਂ ਬਾਹਰਲੇ ਤਖਤਾਂ (ਤਖਤ ਪਟਨਾ ਸਾਹਿਬ ਅਤੇ ਤਖਤ ਹਜ਼ੂਰ ਸਾਹਿਬ) ਦੇ ਨੁਮਾਇੰਦੇ ਨਹੀਂ ਪੁੱਜੇ ਸਨ। ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਵੀ ਸ਼ਾਮਲ ਹੋਣ ਲਈ ਨਹੀਂ ਆਏ ਸਨ। ਇਹ ਚਰਚਾ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਸਮੂਹ ਗ੍ਰੰਥੀਆਂ ਵੱਲੋਂ ਫੈਸਲਾ ਕੀਤਾ ਗਿਆ ਸੀ ਕਿ ਅਕਾਲੀ ਮੰਤਰੀ ਨੂੰ ਅਰਦਾਸ ਨਕਲ ਮਾਮਲੇ 'ਚ ਮੁਆਫੀ ਦੇਣ ਦੇ ਫੈਸਲੇ ਵਿਚ ਉਹ ਸ਼ਾਮਲ ਨਹੀਂ ਹੋਣਗੇ। ਇਸ ਲਈ ਕਾਫੀ ਸਮਾਂ ਜੋੜ ਤੋੜ ਦਾ ਸਿਲਸਿਲਾ ਜਾਰੀ ਰਿਹਾ। ਕਰੀਬ ਢਾਈ ਵਜੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਵਜੋਂ ਗਿਆਨੀ ਰਘਬੀਰ ਸਿੰਘ ਪੁੱਜੇ ਜਿਸ ਬਾਅਦ ਮੀਟਿੰਗ ਸ਼ੁਰੂ ਹੋਈ, ਜੋ ਕੁਝ ਹੀ ਮਿੰਟਾਂ ਵਿਚ ਸਮਾਪਤ ਹੋ ਗਈ।

# ਭਾਰਤੀ-ਅਮਰੀਕੀਆਂ ਵੱਲੋਂ ਕਾਂਗਰਸ ਮੈਂਬਰਾਂ ਵਜੋਂ ਹਲਫ

**ਵਾਸ਼ਿੰਗਟਨ:** ਅਮਰੀਕੀ ਵਸੋਂ ਦਾ ਮਹਿਜ਼ ਇਕ ਫੀਸਦੀ ਘੱਟ ਗਿਣਤੀ ਭਾਰਤੀ-ਅਮਰੀਕੀ ਭਾਈਚਾਰੇ ਦੇ ਪੰਜ ਆਗੂਆਂ ਨੇ ਅਮਰੀਕੀ ਕਾਂਗਰਸ ਦੇ ਮੈਂਬਰ ਵਜੋਂ ਹਲਫ ਲੈ ਕੇ ਇਤਿਹਾਸ ਸਿਰਜ ਦਿੱਤਾ ਹੈ। ਕਮਲਾ ਹੈਰਿਸ (52) ਨੇ ਕੈਲੀਫੋਰਨੀਆ ਦੀ ਸੈਨੇਟਰ ਵਜੋਂ ਹਲਫ ਲਿਆ। ਉਨ੍ਹਾਂ ਨੂੰ ਅਮਰੀਕਾ ਦੇ ਉਪ ਰਾਸ਼ਟਰਪਤੀ ਜੋਏ ਬਿਡੇਨ ਨੇ ਸਹੁੰ ਚੁਕਾਈ। ਕਮਲਾ ਦੀ ਮਾਂ ਭਾਰਤ ਤੇ ਪਿਤਾ ਜਮਾਇਕਾ ਤੋਂ ਸੀ। ਉਹ ਅਜਿਹੀ ਪਹਿਲੀ ਭਾਰਤੀ ਅਮਰੀਕੀ ਹੈ, ਜੋ ਸੈਨੇਟ ਵਿਚ ਆਪਣੀਆਂ ਸੇਵਾਵਾਂ ਦੇਵੇਗੀ। ਇਸ ਤੋਂ ਪਹਿਲਾਂ ਉਹ ਕੈਲੀਫੋਰਨੀਆ ਦੀ ਅਟਾਰਨੀ ਜਨਰਲ ਸੀ। ਉਨ੍ਹਾਂ ਨੇ ਸੈਨੇਟਰ ਬਾਰਬਰਾ ਬਾਕਸਰ ਦੀ ਜਗ੍ਹਾ ਲਈ ਹੈ।



ਇਸ ਮੌਕੇ ਕਮਲਾ ਨੇ ਕਿਹਾ ਕਿ ਅੱਜ ਮੈਂ ਅਮਰੀਕੀ ਸੈਨੇਟ ਵਜੋਂ ਹਲਫ ਲਈ ਹੈ। ਮੈਂ ਤੁਹਾਡੀ ਅਤੇ ਕੈਲੀਫੋਰਨੀਆ ਦੇ ਲੋਕਾਂ ਦੀ ਸੇਵਾ ਲਈ ਆਪਣੇ ਆਪ ਨੂੰ ਵਡਭਾਗਾ ਅਤੇ ਸਨਮਾਨਤ ਮਹਿਸੂਸ ਕਰ ਰਹੀ ਹਾਂ। ਆਓ ਕੰਮ ਵਿਚ ਜੁਟੀਏ। ਆਪਣੀ ਚੋਣ ਬਾਅਦ ਉਨ੍ਹਾਂ ਨੇ ਸਪਸ਼ਟ ਕੀਤਾ ਕਿ ਉਨ੍ਹਾਂ ਦੀ ਸਭ ਤੋਂ ਵੱਡੀ ਤਰਜੀਹ ਰਿਪਬਲੀਕਨ ਮੈਂਬਰਾਂ ਦੀ ਵੰਡੀਆਂ ਪਾਉਣ ਵਾਲੀਆਂ ਨੀਤੀਆਂ ਨਾਲ ਲੜਨਾ ਹੋਵੇਗਾ।

ਕੁਝ ਹੀ ਘੰਟਿਆਂ ਬਾਅਦ ਚਾਰ ਭਾਰਤੀ ਅਮਰੀਕੀਆਂ ਨੇ ਹਾਊਸ ਚੈਂਬਰਜ਼ ਦੇ ਮੈਂਬਰਾਂ ਵਜੋਂ ਹਲਫ ਲਿਆ। ਇਨ੍ਹਾਂ ਵਿਚ ਕਾਂਗਰਸ ਮੈਂਬਰ ਐਮੀ ਬੇਰਾ ਵੀ ਸਨ, ਜਿਨ੍ਹਾਂ ਨੂੰ ਲਗਾਤਾਰ ਤੀਜੇ ਕਾਰਜਕਾਲ ਲਈ ਚੁਣਿਆ ਗਿਆ ਹੈ। ਇਸ ਤਰ੍ਹਾਂ ਐਮੀ ਬੇਰਾ (51) ਨੇ ਦਲੀਪ ਸਿੰਘ ਸੰਧੂ ਦੇ ਰਿਕਾਰਡ ਦੀ ਬਰਾਬਰੀ ਕਰ ਲਈ ਹੈ। ਇਨ੍ਹਾਂ ਭਾਰਤੀਆਂ ਵਿਚ ਸਿਲੀਕਾਨ ਵੈਲੀ ਦੀ ਨੁਮਾਇੰਦਗੀ ਕਰਨ ਵਾਲੇ ਰੋ ਖੰਨਾ (40) ਵੀ ਹਨ। ਕਾਂਗਰਸ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ (42) ਨੇ ਇਲੀਨੌਇ ਤੋਂ ਚੋਣ ਜਿੱਤਣ ਬਾਅਦ ਗੀਤਾ ਉਤੇ ਹੱਥ ਰੱਖ ਕੇ ਸਹੁੰ ਖਾਧੀ। ਤੁਲਸੀ ਗਬਾਰਡ ਬਾਅਦ ਉਹ ਦੂਜੇ ਅਮਰੀਕੀ ਸੰਸਦ ਮੈਂਬਰ ਹਨ, ਜਿਸ ਨੇ ਗੀਤਾ ਉਤੇ ਹੱਥ ਰੱਖ ਕੇ ਹਲਫ ਲਿਆ। ਅਮਰੀਕੀ ਕਾਂਗਰਸ ਲਈ ਚੁਣੀ ਗਈ ਪਹਿਲੀ ਹਿੰਦੂ ਤੁਲਸੀ ਗਬਾਰਡ ਨੇ ਲਗਾਤਾਰ ਤੀਜੇ ਕਾਰਜਕਾਲ ਲਈ ਹਲਫ ਲਿਆ।

ਕੌਮੀ ਪੱਧਰ 'ਤੇ ਆਪਣੀ ਵੱਖਰੀ ਜਗ੍ਹਾ ਬਣਾ ਚੁੱਕੀ ਪ੍ਰਮਿਲਾ ਜੈਪਾਲ (51) ਹਲਫ ਲੈਣ ਤੋਂ ਪਹਿਲਾਂ ਹੀ ਅਮਰੀਕੀ ਪ੍ਰਤੀਨਿਧ ਸਭਾ ਵਿਚ ਪਹਿਲੀ ਭਾਰਤੀ ਅਮਰੀਕੀ ਮਹਿਲਾ ਬਣ ਚੁੱਕੀ ਹੈ। ਇਸ ਮੌਕੇ ਖਾਸ ਤੌਰ ਉਤੇ ਭਾਰਤ ਤੋਂ ਪਹੁੰਚੀ ਉਨ੍ਹਾਂ ਦੀ 78 ਸਾਲਾ ਮਾਂ ਗੈਲਰੀ ਵਿਚ ਬੈਠ ਕੇ ਹਲਫਦਾਰੀ ਸਮਾਗਮ ਦੇਖ ਰਹੀ ਸੀ।

# ਕੈਪਟਨ ਅਮਰਿੰਦਰ ਵਿਰੁਧ ਕੇਸ ਰੱਦ ਕਰਨ ਦਾ ਫੈਸਲਾ ਰਾਖਵਾਂ ਰੱਖਿਆ

**ਮੁਹਾਲੀ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇੰਪਰੂਵਮੈਂਟ ਟਰੱਸਟ ਘੁਟਾਲਾ ਮਾਮਲੇ ਵਿਚ ਹੋਰਨਾਂ ਮੁਲਜ਼ਮਾਂ ਸਮੇਤ ਅਦਾਲਤ ਵਿਚ ਪੇਸ਼ ਹੋਏ। ਅਦਾਲਤ ਵੱਲੋਂ ਵਿਧਾਨ ਸਭਾ ਦੀ ਸਕੱਤਰ ਸ਼ਸ਼ੀ ਲਖਨਪਾਲ ਮਿਸ਼ਰਾ ਵੱਲੋਂ ਦਿੱਤੇ ਬਿਆਨਾਂ ਤੇ ਵਿਜੀਲੈਂਸ ਵੱਲੋਂ ਮਾਮਲਾ ਖਾਰਜ ਕਰਨ ਸਬੰਧੀ ਦਿੱਤੀ ਰਿਪੋਰਟ ਸਬੰਧੀ ਪਹਿਲਾਂ ਤਾਂ ਦੁਪਹਿਰ ਤੋਂ ਬਾਅਦ ਫੈਸਲਾ ਰਾਖਵਾਂ ਰੱਖ ਲਿਆ ਸੀ, ਪਰ ਬਾਅਦ ਦੁਪਹਿਰ ਜੱਜ ਨੇ ਇਸ ਮਾਮਲੇ 'ਚ ਆਪਣਾ ਫੈਸਲਾ ਰਾਖਵਾਂ ਰੱਖਦਿਆਂ 20 ਜਨਵਰੀ ਦੀ ਤਰੀਕ ਤੈਅ ਕੀਤੀ ਹੈ। ਅਦਾਲਤ ਵਿਚ ਪਿਛਲੀ ਪੇਸ਼ੀ ਉਤੇ ਸ਼ਸ਼ੀ ਲਖਨਪਾਲ ਮਿਸ਼ਰਾ ਨੇ ਕਿਹਾ ਸੀ ਕਿ ਵਿਧਾਨ ਸਭਾ ਦੀ ਬਣਾਈ ਗਈ ਕਮੇਟੀ ਵੱਲੋਂ ਉਸ ਸਮੇਂ ਕੈਪਟਨ ਅਮਰਿੰਦਰ ਸਿੰਘ ਤੇ ਹੋਰਨਾਂ ਖਿਲਾਫ ਮਾਮਲਾ ਦਰਜ ਕਰਵਾਇਆ ਗਿਆ ਸੀ, ਪਰ ਹਾਈ ਕੋਰਟ ਨੇ ਕੈਪਟਨ ਅਮਰਿੰਦਰ ਸਿੰਘ ਤੇ ਹੋਰਨਾਂ ਦੀ ਅਰਜ਼ੀ 'ਤੇ ਇਸ ਮਾਮਲੇ ਨੂੰ ਨਵੇਂ ਸਿਰਿਉਂ ਜਾਂਚ ਕਰਨ ਲਈ ਕਿਹਾ ਸੀ।



ਵਿਜੀਲੈਂਸ ਵੱਲੋਂ ਇਸ ਮਾਮਲੇ ਦੀ ਨਵੇਂ ਸਿਰਿਉਂ ਕੀਤੀ ਜਾਂਚ ਵਿਚ ਕੈਪਟਨ ਅਮਰਿੰਦਰ ਸਿੰਘ ਤੇ ਹੋਰਨਾਂ ਨੂੰ ਨਿਰਦੋਸ਼ ਦੱਸਦਿਆਂ ਅਦਾਲਤ 'ਚ ਮਾਮਲਾ ਖਾਰਜ ਕਰਨ ਸਬੰਧੀ ਜੋ ਕੈਂਸਲੇਸ਼ਨ ਰਿਪੋਰਟ ਪੇਸ਼ ਕੀਤੀ ਹੈ, ਉਹ ਉਸ ਰਿਪੋਰਟ ਨਾਲ ਸਹਿਮਤ ਹਨ।

# ਅਪਾਹਜਾਂ ਨਾਲ ਵਿਤਕਰਾ ਕਰਨ 'ਤੇ ਪੰਜਾਬ ਸਰਕਾਰ ਦੀ ਖਿਚਾਈ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅਪਾਹਜਾਂ ਨਾਲ ਵਿਤਕਰਾ ਕਰਨ ਉਤੇ ਪੰਜਾਬ ਸਰਕਾਰ ਦੀ ਝਾੜ-ਝੰਬ ਕੀਤੀ। ਉਚ ਅਦਾਲਤ ਨੇ ਸੂਬਾ ਸਰਕਾਰ ਨੂੰ ਗੂੰਗੇ ਤੇ ਬੋਲੇ ਮੁਲਾਜ਼ਮਾਂ ਨੂੰ ਸਵਾਰੀ ਭੱਤਾ ਦੇਣ ਲਈ ਨੀਤੀ ਬਣਾਉਣ ਵਾਸਤੇ ਕਿਹਾ।

ਇਹ ਹਦਾਇਤ ਜਸਟਿਸ ਦਯਾ ਚੌਧਰੀ ਨੇ ਮਦਨ ਲਾਲ ਵੱਲੋਂ ਪੰਜਾਬ ਸਰਕਾਰ ਤੇ ਹੋਰਾਂ ਵਿਰੁੱਧ ਦਾਇਰ ਪਟੀਸ਼ਨ ਉਤੇ ਕੀਤੀ। ਪਟੀਸ਼ਨਰ ਨੇ ਮੰਗ ਕੀਤੀ ਸੀ ਕਿ ਦ੍ਰਿਸ਼ਟੀਹੀਣ ਤੇ ਅਪਾਹਜ ਮੁਲਾਜ਼ਮਾਂ ਵਾਂਗ ਉਸ ਨੂੰ ਵੀ ਸਵਾਰੀ ਭੱਤਾ ਦਿੱਤਾ ਜਾਵੇ। ਜਸਟਿਸ ਚੌਧਰੀ ਨੂੰ ਦੱਸਿਆ ਗਿਆ ਕਿ ਫਾਜ਼ਿਲਕਾ ਜ਼ਿਲ੍ਹੇ ਦੇ ਇਕ ਸਕੂਲ ਵਿਚ ਮੁੱਖ ਅਧਿਆਪਕ ਮਦਨ ਲਾਲ 86 ਫੀਸਦੀ ਅਪਾਹਜ ਹੈ ਅਤੇ ਉਹ ਗੂੰਗੇ ਤੇ ਬੋਲੇ ਦੀ ਸ਼੍ਰੇਣੀ ਵਿਚ ਆਉਂਦਾ ਹੈ। ਇਸ ਦੇ ਜਵਾਬ ਵਿਚ ਰਾਜ ਸਰਕਾਰ ਦੇ ਵਕੀਲ ਨੇ ਕਿਹਾ ਕਿ ਗੂੰਗੇ ਤੇ ਬੋਲੇ ਦੀ ਸ਼੍ਰੇਣੀ ਵਿਚ ਆਉਂਦਾ ਬਿਨੈਕਾਰ ਸਵਾਰੀ ਭੱਤੇ ਦਾ ਹੱਕਦਾਰ ਨਹੀਂ ਹੈ। ਉਨ੍ਹਾਂ 15 ਜੂਨ 1982 ਨੂੰ ਜਾਰੀ ਹਦਾਇਤਾਂ ਦਾ ਹਵਾਲਾ ਦਿੱਤਾ।

## ਐਚ-1 ਬੀ ਵੀਜ਼ੇ ਦੇ ਨਿਯਮ ਸਖਤ ਕਰਨ ਦੀ ਤਿਆਰੀ

**ਵਾਸ਼ਿੰਗਟਨ:** ਭਾਰਤੀ ਆਈ.ਟੀ. ਕੰਪਨੀਆਂ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਅਮਰੀਕਾ ਐਚ-1.ਬੀ ਵੀਜ਼ਾ ਨਿਯਮ ਹੋਰ ਸਖਤ ਕਰਨ ਜਾ ਰਿਹਾ ਹੈ। ਇਸ ਨਿਯਮ ਤੋਂ ਬਾਅਦ ਅਮਰੀਕੀ ਆਈ.ਟੀ. ਕੰਪਨੀਆਂ ਨੂੰ ਵਿਦੇਸ਼ੀ ਕਾਮੇ ਮੰਗਵਾਉਣੇ ਮੁਸ਼ਕਲ ਹੋ ਜਾਣਗੇ।

ਐਚ-1.ਬੀ ਵੀਜ਼ਾ ਦੇ ਨਵੇਂ ਨਿਯਮ ਵਾਲਾ ਬਿੱਲ ਯੂ.ਐਸ. ਕਾਂਗਰਸ ਵਿਚ ਪੇਸ਼ ਕਰ ਦਿੱਤਾ ਹੈ। ਇਸ ਬਿੱਲ ਵਿਚ ਕਈ ਬਦਲਾਅ ਕੀਤੇ ਗਏ ਹਨ। ਨਵੇਂ ਪ੍ਰਸਤਾਵਾਂ ਅਨੁਸਾਰ ਐਚ-1.ਬੀ ਵੀਜ਼ਾ ਲਈ ਘੱਟੋ-ਘੱਟ ਸੈਲਰੀ ਇਕ ਲੱਖ ਡਾਲਰ ਪ੍ਰਤੀ ਸਾਲ ਹੋਣੀ ਚਾਹੀਦੀ ਹੈ। ਇਸ ਬਿੱਲ ਵਿਚ ਮਾਸਟਰ ਡਿਗਰੀ ਦੀ ਛੋਟ ਦਿੱਤੀ ਗਈ ਹੈ। ਰਿਪਬਲੀਕਨ ਸੰਸਦ ਮੈਂਬਰ ਡਰੇਲ ਈਸਾ ਤੇ ਸਕੋਟ ਪੀਟਰ ਨੇ ਇਹ ਨਵਾਂ ਬਿੱਲ ਕਾਂਗਰਸ ਵਿਚ ਪੇਸ਼ ਕੀਤਾ।

ਯਾਦ ਰਹੇ ਕਿ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ ਐਚ-1.ਬੀ ਵੀਜ਼ਾ ਦੇ ਕੱਟੜ ਵਿਰੋਧੀ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਆਈ.ਟੀ. ਕੰਪਨੀਆਂ ਵਿਚ ਪਹਿਲ ਅਮਰੀਕੀ ਕਾਮਿਆਂ ਨੂੰ ਮਿਲਣੀ ਚਾਹੀਦੀ ਹੈ। ਸਰਕਾਰ ਦੇ ਨਵੇਂ ਨਿਯਮਾਂ ਨਾਲ ਸਭ ਤੋਂ ਜ਼ਿਆਦਾ ਨੁਕਸਾਨ ਅਮਰੀਕਾ ਵਿਚ ਕਾਰੋਬਾਰ ਕਰ ਰਹੀਆਂ ਭਾਰਤੀਆਂ ਕੰਪਨੀਆਂ ਨੂੰ ਹੋ ਸਕਦਾ ਹੈ।

# ਜਲਾਲਾਬਾਦ ਹਲਕੇ ਵਿਚ ਸੁਖਬੀਰ ਦੇ ਕਾਫਲੇ ਉਤੇ ਪਥਰਾਅ

**ਜਲਾਲਾਬਾਦ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਦੇ ਕਾਫਲੇ ਉਤੇ ਜਲਾਲਾਬਾਦ ਹਲਕੇ ਦੇ ਪਿੰਡ ਕੰਧਵਾਲਾ ਹਾਜ਼ਰ ਖਾਨ ਨੇੜੇ ਪਥਰਾਅ ਹੋਇਆ ਜਿਸ 'ਚ ਅਕਾਲੀਆਂ ਦੇ ਚਾਰ ਹਮਾਇਤੀ ਜ਼ਖ਼ਮੀ ਹੋ ਗਏ ਅਤੇ ਪੁਲਿਸ ਜਿਪਸੀ ਨੁਕਸਾਨੀ ਗਈ। ਸੁਖਬੀਰ ਬਾਦਲ ਵਾਲ ਵਾਲ ਬਚ ਗਏ।



ਗ੍ਰਹਿ ਸਕੱਤਰ ਕੇ.ਬੀ.ਐਸ ਸਿੱਧੂ ਨੇ ਘਟਨਾ ਦੀ ਰਿਪੋਰਟ ਮੰਗ ਲਈ ਹੈ। ਇਸ ਘਟਨਾ ਨੇ ਪੰਜਾਬ ਵਿਧਾਨ ਸਭਾ ਦੀਆਂ ਚਾਰ ਫਰਵਰੀ ਨੂੰ ਪੈਣ ਵਾਲੀਆਂ ਵੋਟਾਂ ਤੋਂ ਪਹਿਲਾਂ ਸੁਰੱਖਿਆ ਪ੍ਰਬੰਧਾਂ ਉਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸ੍ਰੀ ਸਿੱਧੂ ਨੇ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਚੋਣ ਅਮਲ ਦੌਰਾਨ ਕਿਸੇ ਨੂੰ ਵੀ ਅਮਨ ਕਾਨੂੰਨ ਵਿਗਾੜਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਫਾਜ਼ਿਲਕਾ ਦੇ ਐਸ.ਐਸ.ਪੀ. ਕੇਤਨ ਬਲੀਰਾਮ ਪਾਟਿਲ ਨੇ ਦੱਸਿਆ ਕਿ ਜਿਵੇਂ ਹੀ ਸੁਖਬੀਰ ਨੇ ਆਪਣਾ ਭਾਸ਼ਣ ਮੁਕੰਮਲ ਕੀਤਾ ਤਾਂ ਕੁਝ ਵਿਅਕਤੀ ਉਨ੍ਹਾਂ ਨੂੰ ਮਿਲਣਾ ਚਾਹੁੰਦੇ ਸਨ, ਪਰ ਸਮਾਂ ਨਾ ਹੋਣ ਕਰ ਕੇ ਉਹ ਮਿਲ ਨਹੀਂ ਸਕੇ।

ਉਨ੍ਹਾਂ ਕਿਹਾ ਕਿ ਕੁਝ ਵਿਅਕਤੀਆਂ ਨੇ ਕਾਫਲੇ ਉਤੇ ਪਥਰਾਅ ਕਰ ਦਿੱਤਾ, ਪਰ ਪੁਲਿਸ ਨੇ ਹਾਲਾਤ ਕਾਬੂ ਹੇਠ ਕਰ ਲਏ। ਪਥਰਾਅ ਕਰਨ ਵਾਲੇ ਵਿਅਕਤੀਆਂ ਦੀ ਸ਼ਨਾਖਤ ਕੀਤੀ ਜਾ ਰਹੀ ਹੈ। ਪਥਰਾਅ ਵਿਚ ਮਾਮੂਖੇੜਾ ਪਿੰਡ ਦੇ ਸਾਬਕਾ ਅਕਾਲੀ ਸਰਪੰਚ ਪਰਮਿੰਦਰ ਸਿੰਘ, ਜਿਨ੍ਹਾਂ ਦੇ ਕੁਝ ਦੰਦ ਟੁੱਟੇ ਹਨ, ਮਨਪ੍ਰੀਤ ਸਿੰਘ, ਗੁਰਵਿੰਦਰ ਸਿੰਘ ਅਤੇ ਬਲਜਿੰਦਰ ਸਿੰਘ ਜ਼ਖ਼ਮੀ ਹੋਏ ਹਨ। ਸਥਾਨਕ ਮਾਰਕਿਟ ਕਮੇਟੀ ਦੇ ਚੇਅਰਮੈਨ ਚਰਨ ਸਿੰਘ ਨੇ ਕਿਹਾ ਕਿ ਕੁਝ ਨਰਾਜ਼ ਨੌਜਵਾਨ ਸੁਖਬੀਰ ਬਾਦਲ ਨਾਲ ਮਿਲਣਾ ਚਾਹੁੰਦੇ ਸਨ, ਪਰ ਜਦੋਂ ਉਹ ਮੌਕੇ ਤੋਂ ਚਲੇ ਗਏ ਤਾਂ ਇਨ੍ਹਾਂ ਨੌਜਵਾਨਾਂ ਨੇ ਪੱਥਰ ਚੁੱਕ ਕੇ ਕਾਫਲੇ ਉਤੇ ਸੁੱਟੇ। ਅਰਨੀਵਾਲਾ ਬਲਾਕ ਸੰਮਤੀ ਦੇ ਚੇਅਰਮੈਨ ਸੁਖਜਿੰਦਰ ਸਿੰਘ ਨੇ ਹਮਲੇ ਪਿੱਛੇ 'ਆਪ' ਵਰਕਰਾਂ ਦਾ ਹੱਥ ਦੱਸਿਆ ਹੈ। ਉਸ ਨੇ ਕਿਹਾ ਕਿ 'ਆਪ' ਵਰਕਰਾਂ ਨੇ ਪਹਿਲਾਂ ਹੀ ਪਥਰਾਅ ਦੀ ਯੋਜਨਾ ਬਣਾਈ ਹੋਈ ਸੀ।

## ਸਤੀਸ਼ ਕੁਮਾਰ ਰੱਲ੍ਹ ਦੇ ਪਿਤਾ ਦਲੀਪ ਚੰਦ ਦਾ ਦੇਹਾਂਤ

**ਸੈਕਰਾਮੈਂਟੋ (ਬਿਊਰੋ):** ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓਲਿੰਡਾ ਦੇ



ਸਾਬਕਾ ਪ੍ਰਧਾਨ ਅਤੇ ਸਟੇਜ ਸਕੱਤਰ ਸਤੀਸ਼ ਕੁਮਾਰ ਰੱਲ੍ਹ ਨੂੰ ਉਦੋਂ ਡੂੰਘਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪਿਤਾ ਦਲੀਪ ਚੰਦ ਰੱਲ੍ਹ ਲੰਘੀ 4 ਜਨਵਰੀ ਨੂੰ ਅਚਾਨਕ ਅਕਾਲ ਚਲਾਣਾ ਕਰ ਗਏ। ਉਹ 86 ਸਾਲ ਦੇ ਸਨ ਅਤੇ ਆਪਣੇ ਪਿੱਛੇ ਪਤਨੀ ਊਧਮ ਕੌਰ, ਪੁੱਤਰ, ਧੀਆਂ ਸਮੇਤ ਭਰਿਆ ਪਰਿਵਾਰ ਛੱਡ ਗਏ ਹਨ।

ਸਵਰਗੀ ਦਲੀਪ ਚੰਦ ਰੱਲ੍ਹ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਲਧਾਣਾ ਉਚਾ ਤੋਂ ਸਨ। ਪੰਜਾਬ ਰਾਜ ਬਿਜਲੀ ਬੋਰਡ ਵਿਚੋਂ ਸੇਵਾ ਮੁਕਤ ਹੋਣ ਪਿਛੋਂ ਕਰੀਬ 22 ਸਾਲ ਪਹਿਲਾਂ ਉਹ ਆਪਣੇ ਪੁੱਤਰ ਸਤੀਸ਼ ਰੱਲ੍ਹ ਕੋਲ ਅਮਰੀਕਾ ਆ ਗਏ ਸਨ। ਉਹ ਪਿੰਡ ਵਿਚ ਸਮਾਜ ਸੇਵੀ ਕੰਮਾਂ ਅਤੇ ਗਰੀਬਾਂ ਦੀ ਮਦਦ ਲਈ ਤੱਤਪਰ ਰਹਿੰਦੇ ਸਨ। ਉਨ੍ਹਾਂ ਦਾ ਸਸਕਾਰ 8 ਜਨਵਰੀ ਨੂੰ ਕਰ ਦਿੱਤਾ ਗਿਆ ਅਤੇ ਅੰਤਿਮ ਅਰਦਾਸ 14 ਜਨਵਰੀ ਨੂੰ ਦੁਪਹਿਰ ਵੇਲੇ ਸ੍ਰੀ ਗੁਰੂ ਰਵਿਦਾਸ ਟੈਂਪਲ (6221 16ਵੀਂ ਸਟਰੀਟ) ਰਿਓਲਿੰਡਾ ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਫੋਨ: 916-214-9092 ਰਾਹੀਂ ਕੀਤਾ ਜਾ ਸਕਦਾ ਹੈ।

*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*

## ਐਨ.ਜੀ.ਓ. ਫੰਡਾਂ ਲਈ ਮੋਦੀ ਦੀ ਖਿਚਾਈ

ਨਵੀਂ ਦਿੱਲੀ: ਸੁਪਰੀਮ ਕੋਰਟ ਨੇ ਗ਼ੈਰ ਸਰਕਾਰੀ ਜਥੇਬੰਦੀਆਂ (ਐਨ.ਜੀ.ਓ'ਜ਼), ਸੁਸਾਇਟੀਆਂ ਤੇ ਸਵੈ-ਸੇਵੀ ਜਥੇਬੰਦੀਆਂ ਨੂੰ ਮਿਲਦੇ ਫੰਡਾਂ ਤੇ ਉਨ੍ਹਾਂ ਦੀ ਵਰਤੋਂ 'ਤੇ ਨਿਗ੍ਹਾ ਰੱਖਣ ਲਈ ਕੋਈ ਵਿਵਸਥਾ ਨਾ ਕੀਤੇ ਜਾਣ ਲਈ ਮੋਦੀ ਸਰਕਾਰ ਦੀ ਨੁਕਤਾਚੀਨੀ ਕੀਤੀ ਹੈ।

ਚੀਫ਼ ਜਸਟਿਸ ਜੇ.ਐਸ. ਖੇਹਰ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ ਪੇਂਡੂ ਵਿਕਾਸ ਸਕੱਤਰ ਨੂੰ ਸਬੰਧਤ ਰਿਕਾਰਡ ਸਮੇਤ ਪੇਸ਼ ਹੋਣ ਲਈ ਕਿਹਾ ਹੈ। ਬੈਂਚ ਵਿਚ ਸ਼ਾਮਲ ਜਸਟਿਸ ਐਨ.ਵੀ. ਰਮੰਨਾ ਅਤੇ ਡੀ.ਵਾਈ. ਚੰਦਰਚੂੜ ਨੇ ਅਧਿਕਾਰੀਆਂ ਨੂੰ ਪੁੱਛਿਆ ਹੈ ਕਿ ਉਨ੍ਹਾਂ ਨੇ 2009 ਮਗਰੋਂ ਐਨ.ਜੀ.ਓ'ਜ਼ ਦਾ 'ਕੈਗ' ਕੋਲੋਂ ਆਡਿਟ ਕਰਵਾਇਆ ਹੈ ਜਾਂ ਨਹੀਂ? ਬੈਂਚ ਨੇ ਇਹ ਵੀ ਪੁੱਛਿਆ ਹੈ ਕਿ ਵਿੱਤ ਮੰਤਰਾਲੇ ਵੱਲੋਂ 2005 ਵਿਚ ਬਣਾਏ ਆਮ ਵਿੱਤੀ ਨੇਮਾਂ ਦੀ ਇਨ੍ਹਾਂ ਐਨ.ਜੀ.ਓ'ਜ਼ ਵੱਲੋਂ ਪਾਲਣਾ ਕੀਤੀ ਜਾਂਦੀ ਹੈ?

## ਸਾਕਸ਼ੀ ਮਹਾਰਾਜ ਵਿਰੁਧ ਕੇਸ ਦਰਜ

**ਮੇਰਠ:** ਅਬਾਦੀ ਉਤੇ ਕਾਬੂ ਪਾਉਣ ਸਬੰਧੀ ਕੀਤੀ ਵਿਵਾਦਤ ਟਿੱਪਣੀ ਤੋਂ ਬਾਅਦ ਭਾਜਪਾ ਦੇ ਸੰਸਦ ਮੈਂਬਰ ਸਾਕਸ਼ੀ ਮਹਾਰਾਜ ਖਿਲਾਫ਼ ਪੁਲਿਸ ਨੇ ਐਫ.ਆਈ.ਆਰ. ਦਰਜ ਕੀਤੀ ਹੈ। ਪੁਲਿਸ ਨੇ ਉਸ ਸਮੇਂ ਇਹ ਕਾਰਵਾਈ ਕੀਤੀ ਹੈ ਜਦੋਂ 'ਸੰਤ ਸੰਮੇਲਨ' ਦੌਰਾਨ ਸਾਕਸ਼ੀ ਮਹਾਰਾਜ ਨੇ ਕਿਹਾ ਸੀ ਕਿ ਦੇਸ਼ 'ਚ ਅਬਾਦੀ ਵਧਣ ਲਈ ਹਿੰਦੂ ਨਹੀਂ ਸਗੋਂ 'ਉਹ' ਜ਼ਿੰਮੇਵਾਰ ਹਨ ਜਿਨ੍ਹਾਂ ਦੀਆਂ ਚਾਰ-ਚਾਰ ਪਤਨੀਆਂ ਅਤੇ 40 ਬੱਚੇ ਹਨ। ਉਨ੍ਹਾਂ ਦੇ ਇਸ ਬਿਆਨ ਨੂੰ ਮੁਸਲਮਾਨਾਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

ਸੁਪਰੀਮ ਕੋਰਟ ਵੱਲੋਂ ਧਰਮ ਜਾਂ ਜਾਤ ਦੇ ਨਾਮ 'ਤੇ ਵੋਟਾਂ ਮੰਗਣ ਨੂੰ ਗੈਰਕਾਨੂੰਨੀ ਕਰਾਰ ਦੇਣ ਮਗਰੋਂ ਇਹ ਬਿਆਨ ਆਉਣ ਨਾਲ ਵਿਵਾਦ ਖੜ੍ਹਾ ਹੋ ਗਿਆ ਹੈ। ਭਾਜਪਾ ਨੇ ਆਪਣੇ ਆਪ ਨੂੰ ਇਸ ਬਿਆਨ ਤੋਂ ਵੱਖ ਕਰ ਲਿਆ ਹੈ।

## ਪਾਕਿ ਅਤਿਵਾਦੀ ਖਿਲਾਫ ਚਾਰਜਸ਼ੀਟ ਦਾਖਲ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਕਸ਼ਮੀਰ 'ਚ ਪਿਛਲੇ ਸਾਲ ਜੁਲਾਈ ਵਿਚ ਫੜੇ ਗਏ ਪਾਕਿਸਤਾਨੀ ਅਤਿਵਾਦੀ ਬਹਾਦਰ ਅਲੀ ਖਿਲਾਫ ਚਾਰਜਸ਼ੀਟ ਦਾਖਲ ਕਰਦਿਆਂ ਦੋਸ਼ ਲਾਏ ਹਨ ਕਿ ਉਹ ਦਹਿਸ਼ਤੀ ਜਥੇਬੰਦੀ ਲਸ਼ਕਰ-ਏ-ਤੋਇਬਾ ਲਈ ਕੰਮ ਕਰਦਾ ਸੀ। ਏਜੰਸੀ ਮੁਤਾਬਕ ਉਹ ਦਿੱਲੀ ਸਮੇਤ ਕਈ ਥਾਵਾਂ 'ਤੇ ਹਮਲੇ ਕਰਨ ਦੀ ਯੋਜਨਾ ਉਲੀਕ ਰਿਹਾ ਸੀ। ਬਹਾਦਰ ਅਲੀ ਅਗਸਤ ਤੋਂ ਜੁਡੀਸ਼ਲ ਹਿਰਾਸਤ 'ਚ ਹੈ ਤੇ ਐਨ.ਆਈ.ਏ. ਨੇ ਵੱਖ ਵੱਖ ਧਾਰਾਵਾਂ ਤਹਿਤ ਚਾਰਜਸ਼ੀਟ ਦਾਖਲ ਕੀਤੀ ਹੈ।

## ਅਦਾਕਾਰ ਓਮ ਪੁਰੀ ਦਾ ਦੇਹਾਂਤ

**ਮੁੰਬਈ:** ਫਿਲਮਾਂ ਵਿਚ ਯਾਦਗਾਰ ਭੂਮਿਕਾਵਾਂ ਨਿਭਾਉਣ ਵਾਲੇ ਉਘੇ ਅਦਾਕਾਰ ਓਮ ਪੁਰੀ ਦਾ ਦਿਲ ਦਾ ਦੌਰਾ ਪੈਣ ਨਾਲ ਦੇਹਾਂਤ ਹੋ ਗਿਆ। 66 ਸਾਲਾ ਅਦਾਕਾਰ ਦੇ ਪਰਿਵਾਰ ਵਿਚ ਵੱਖ ਰਹਿੰਦੀ ਪਤਨੀ ਨੰਦਿਤਾ ਪੁਰੀ ਅਤੇ ਪੁੱਤਰ ਇਸ਼ਾਨ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ



ਓਮ ਪੁਰੀ ਦੇ ਥੀਏਟਰ ਤੇ ਫਿਲਮਾਂ ਦੇ ਉਚ ਲੰਬੇ ਕਰੀਅਰ ਨੂੰ ਯਾਦ ਕਰਦਿਆਂ ਮੌਤ ਉਤੇ ਦੁੱਖ ਪ੍ਰਗਟਾਇਆ ਹੈ।

ਜ਼ਿਕਰਯੋਗ ਹੈ ਕਿ ਓਮ ਪੁਰੀ ਨੂੰ ਫਿਲਮ 'ਅਰੋਹਨ' ਅਤੇ 'ਅਰਧ ਸੱਤਯ' ਲਈ ਦੋ ਵਾਰ ਨੈਸ਼ਨਲ ਐਵਾਰਡ ਤੋਂ ਇਲਾਵਾ ਹੋਰ ਵੀ ਕਈ ਵੱਡੇ ਸਨਮਾਨ ਮਿਲੇ ਸਨ। ਉਨ੍ਹਾਂ ਨੂੰ 1980 ਵਿਚ ਪਦਮਸ੍ਰੀ ਪੁਰਸਕਾਰ ਨਾਲ ਨਵਾਜਿਆ ਗਿਆ। ਅੰਬਾਲਾ (ਹਰਿਆਣਾ) ਨਾਲ ਸਬੰਧਤ ਓਮ ਪੁਰੀ ਨੇ ਫਿਲਮ ਤੇ ਟੈਲੀਵਿਜ਼ਨ ਇੰਸਟੀਚਿਊਟ ਆਫ ਇੰਡੀਆ (ਐਫ. ਟੀ. ਆਈ. ਆਈ.), ਪੁਣੇ ਤੋਂ ਸਿੱਖਿਆ ਪ੍ਰਾਪਤ ਕੀਤੀ। ਉਹ 1973 ਵਿਚ ਨੈਸ਼ਨਲ ਸਕੂਲ ਆਫ ਡਰਾਮਾ ਦੇ ਵਿਦਿਆਰਥੀ ਵੀ ਰਹੇ, ਜਿਥੇ ਨਸੀਰੂਦੀਨ ਸ਼ਾਹ ਉਨ੍ਹਾਂ ਦਾ ਜਮਾਤੀ ਸੀ। ਓਮ ਪੁਰੀ ਨੇ 1976 ਵਿਚ ਮਰਾਠੀ ਫਿਲਮ 'ਘਾਸੀਰਾਮ ਕੋਤਵਾਲ' ਨਾਲ ਫਿਲਮ ਖੇਤਰ ਵਿਚ ਆਇਆ ਅਤੇ ਬਾਅਦ ਵਿਚ ਉਨ੍ਹਾਂ ਨੇ ਭਾਰਤੀ, ਪਾਕਿਸਤਾਨੀ, ਬ੍ਰਿਟਿਸ਼ ਤੇ ਹਾਲੀਵੁੱਡ ਦੀਆਂ ਕਈ ਫਿਲਮਾਂ ਵਿਚ ਯਾਦਗਾਰ ਭੂਮਿਕਾਵਾਂ ਨਿਭਾਈਆਂ।

## ਅਫ਼ਗਾਨ ਧਮਾਕਿਆਂ ਵਿਚ 50 ਹਲਾਕ

**ਕਾਬੁਲ:** ਅਫ਼ਗਾਨਿਸਤਾਨ ਦੇ ਤਿੰਨ ਵੱਖ ਵੱਖ ਸ਼ਹਿਰਾਂ ਵਿਚ ਹੋਏ ਬੰਬ ਧਮਾਕਿਆਂ ਵਿਚ 50 ਲੋਕ ਮਾਰੇ ਗਏ। ਕਾਬੁਲ ਵਿਚ 34, ਕੰਧਾਰ ਵਿਚ 9 ਅਤੇ ਲਸ਼ਕਰ ਗਾਹ ਵਿਚ 7 ਜਣੇ ਮਰਨ ਦੀਆਂ ਖਬਰਾਂ ਹਨ। ਕਾਬੁਲ ਵਾਲੇ ਧਮਾਕੇ ਵਿਚ 80 ਜਣੇ ਫੱਟੜ ਹੋਏ ਹਨ। ਕਾਬੁਲ ਵਿਚ ਪਾਰਲੀਮੈਂਟ ਅਨੈਕਸੀ ਜਿਥੇ ਕਾਨੂੰਨ ਘਾੜਿਆਂ ਦੇ ਦਫਤਰ ਹਨ, ਵਾਲਾ ਧਮਾਕਾ ਸਭ ਤੋਂ ਘਾਤਕ ਸੀ।


# ਰੈਸਟੋਰੈਂਟ ਸਟਾਫ ਦੀ ਲੋੜ ਹੈ

**ਫਲੋਰਿਡਾ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।**

**ਚੰਗੀ ਤਨਖਾਹ ਅਤੇ ਹੋਰ ਸਹੂਲਤਾਂ**

**ਸੰਪਰਕ ਕਰੋ**

**ਫੋਨ: 850-510-3466**

1-2

# Prince's Barber Shop

**37477 Fremont Blvd, suite C, Fremont, CA 94536**

**Men & Children's Hair Cut**

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*

**Business hours:**
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



**Cell: (510)-677-9942**
**Shop: (510)-505-9605**
*www.princebarbershop.com*



# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

**ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ**

**ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ**

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening

• 8 Drive Tires For $3300 Kelly KDA

• Two Steer Tire Michelin $1150 Including Balancing (22.5 LP)

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ**
**1950 E Miner Ave.**
**Stockton, CA 95205**

**Ph: 209.547.9210**

FAX: 209.547.9211
www.gfbontime.com, raj@gfbontime.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 14 ਜਨਵਰੀ 2017*

## ਪੰਜਾਬ ਦਾ ਚੋਣ ਦੰਗਲ

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਾਲਾ ਬਿਗਲ ਆਖਰਕਾਰ ਵਜਾ ਦਿੱਤਾ ਗਿਆ ਹੈ। ਹੁਣ ਤਕਰੀਬਨ ਤਿੰਨ ਹਫਤੇ ਸਿਆਸੀ ਮੇਲਾ ਵਾਹਵਾ ਭਰਿਆ ਰਹਿਣਾ ਹੈ। ਭਾਰਤ ਦਾ ਇਤਿਹਾਸ ਦੱਸਦਾ ਹੈ ਕਿ ਚੋਣਾਂ ਨਾਲ ਕਿਤੇ ਬਹੁਤਾ ਕੁਝ ਖਾਸ ਤਾਂ ਨਹੀਂ ਬਦਲਦਾ, ਪਰ ਐਤਕੀਂ ਪੰਜਾਬ ਦੀ ਸਿਆਸਤ ਦੇ ਪ੍ਰਸੰਗ ਵਿਚ ਬਹੁਤੇ ਵਿਚਾਰਵਾਨ ਵਧੇਰੇ ਆਸਾਂ ਲਾਈ ਬੈਠੇ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਇਸ ਵਾਰ ਸਿਆਸੀ ਪਿੜ ਵਿਚ ਇਕ ਅਜਿਹੀ ਪਾਰਟੀ ਆਣ ਨਿਕਲੀ ਹੈ ਜਿਸ ਨੇ ਕਈ ਮਾਮਲਿਆਂ ਵਿਚ ਰਵਾਇਤੀ ਪਾਰਟੀਆਂ ਨੂੰ ਸਿੱਧੇ ਹੀ ਵੰਗਾਰਾਂ ਸੁੱਟੀਆਂ ਹੋਈਆਂ ਹਨ। ਇਹ ਪਾਰਟੀ ਆਮ ਆਦਮੀ ਪਾਰਟੀ ਹੈ ਜੋ ਅੱਜ ਕੱਲ੍ਹ 'ਆਪ' ਵਜੋਂ ਵਧੇਰੇ ਜਾਣੀ ਜਾਂਦੀ ਹੈ। ਇਹ ਪਾਰਟੀ ਐਨ ਨਵੀਂ ਹੈ, ਇਸ ਕਰ ਕੇ ਇਸ ਕੋਲ ਸਿਆਸੀ ਪਿੜ ਵਿਚ ਆਪਣੀਆਂ ਪੈੜਾਂ ਪਾਉਣ ਲਈ ਬਥੇਰੇ ਤੱਥ ਅਤੇ ਨੁਕਤੇ ਹਨ। ਉਂਜ ਵੀ ਜੇ ਪਿਛਲੇ ਦੋ ਸਾਲਾਂ ਦੌਰਾਨ ਪੰਜਾਬ ਦੀ ਸਿਆਸਤ ਉਤੇ ਤਰਦੀ ਜਿਹੀ ਨਿਗ੍ਹਾ ਵੀ ਮਾਰੀ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਸੂਬੇ ਦੀ ਸਮੁੱਚੀ ਸਿਆਸਤ ਇਸ ਪਾਰਟੀ ਦੁਆਲੇ ਹੀ ਘੁੰਮਦੀ ਆ ਰਹੀ ਹੈ। ਦਰਅਸਲ 2014 ਵਿਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਜੋ ਹੁੰਗਾਰਾ ਇਸ ਨਵੀਂ ਉਠੀ ਪਾਰਟੀ ਨੂੰ ਪੰਜਾਬੀਆਂ ਨੇ ਦਿੱਤਾ, ਉਸ ਨੇ ਰਵਾਇਤੀ ਸਿਆਸਤ ਵਿਚ ਇਕ ਤਰ੍ਹਾਂ ਨਾਲ ਤਰਥੱਲੀ ਮਚਾ ਦਿੱਤੀ ਸੀ। ਸੂਬੇ ਦੀਆਂ ਦੋਵੇਂ ਰਵਾਇਤੀ ਪਾਰਟੀਆਂ-ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਅਤੇ ਵਿਰੋਧੀ ਪਾਰਟੀ ਕਾਂਗਰਸ ਨੇ ਪਹਿਲਾਂ-ਪਹਿਲ ਭਾਵੇਂ ਇਸ ਪਾਰਟੀ ਨੂੰ ਅਣਗੌਲਿਆਂ ਕਰਨ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਪਿਛਲੇ ਦੋ ਸਾਲਾਂ ਦੌਰਾਨ ਇਸ ਪਾਰਟੀ ਨੇ ਪੰਜਾਬ ਦੀ ਸਿਆਸਤ ਵਿਚ ਆਪਣਾ ਰੰਗ ਬਾਕਾਇਦਾ ਛੱਡਿਆ ਹੈ। ਇਸ ਪਾਰਟੀ ਦੇ ਅੰਦਰੂਨੀ ਕਲੇਸ਼ ਅਤੇ ਹੋਰ ਖਾਮੀਆਂ ਦੇ ਬਾਵਜੂਦ ਇਹ ਪਾਰਟੀ ਇਕ ਤਕੜੀ ਧਿਰ ਵਜੋਂ ਹੀ ਨਹੀਂ ਉਭਰੀ, ਸਗੋਂ ਕੁਝ ਸਿਆਸੀ ਮਾਹਿਰ ਤਾਂ ਅਗਲੀ ਸਰਕਾਰ ਇਸ ਪਾਰਟੀ ਦੀ ਬਣਨ ਦੀਆਂ ਕਿਆਸਆਰਾਈਆਂ ਲਗਾ ਰਹੇ ਹਨ।

ਪਿਛਲੇ ਕੁਝ ਸਮੇਂ ਦੌਰਾਨ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨੇ ਭਾਵੇਂ ਸੂਬੇ ਦੀ ਸਿਆਸਤ ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਉਤੇ ਕੇਂਦਰਤ ਕਰ ਕੇ ਆਪਣਾ ਪਿੜ ਮੁੜ ਮੱਲਣ ਦੀ ਸੋਚੀ-ਸਮਝੀ ਕੋਸ਼ਿਸ਼ ਕੀਤੀ, ਪਰ ਸੱਤਾਧਾਰੀਆਂ ਖਿਲਾਫ ਪਿੰਡਾਂ-ਸ਼ਹਿਰਾਂ-ਕਸਬਿਆਂ ਵਿਚ ਰੋਹ ਅਤੇ ਰੋਸ ਇੰਨਾ ਤਕੜਾ ਹੈ ਕਿ ਇਸ ਪਾਰਟੀ ਨੂੰ ਲੈਣੇ ਦੇ ਦੇਣੇ ਪਏ ਹੋਏ ਹਨ। ਜਲਾਲਾਬਾਦ ਵਿਧਾਨ ਸਭਾ ਹਲਕੇ, ਜਿਥੋਂ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਚੋਣ ਲੜ ਰਹੇ ਹਨ, ਦੇ ਇਕ ਪਿੰਡ ਵਿਚ ਜਲਸਾ ਕਰਨ ਗਏ ਸੁਖਬੀਰ ਸਿੰਘ ਬਾਦਲ ਦੇ ਕਾਫਲੇ ਉਤੇ ਚੱਲੇ ਇੱਟਾਂ-ਰੋੜਿਆਂ ਨੇ ਸਪਸ਼ਟ ਕਰ ਦਿੱਤਾ ਕਿ ਹੁਣ ਇਸ ਪਾਰਟੀ ਲਈ ਸੱਤਾ ਤੱਕ ਪੁੱਜਣਾ ਇੰਨਾ ਆਸਾਨ ਨਹੀਂ ਰਿਹਾ। ਸੱਤਾਧਿਰ ਨੇ ਭਾਵੇਂ ਇਸ ਹਮਲੇ ਲਈ ਸਾਰਾ ਦੋਸ਼ ਆਮ ਆਦਮੀ ਪਾਰਟੀ ਸਿਰ ਮੜ੍ਹਨ ਦਾ ਯਤਨ ਕੀਤਾ ਹੈ, ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸੰਗਤ ਦਰਸ਼ਨਾਂ ਦੌਰਾਨ ਲੋਕ ਮੁੱਖ ਮੰਤਰੀ ਨੂੰ ਜਿਸ ਢੰਗ ਨਾਲ ਮੂੰਹ ਉਤੇ ਹੀ ਵੰਗਾਰਦੇ ਰਹੇ ਹਨ, ਉਸ ਤੋਂ ਕੋਈ ਵੀ ਸ਼ਖਸ ਅੰਦਾਜ਼ਾ ਲਾ ਸਕਦਾ ਹੈ ਕਿ ਸਰਕਾਰ ਦੀ 'ਨਾਅਹਿਲੀਅਤ' ਤੋਂ ਸੂਬੇ ਦੇ ਲੋਕ ਕਿਸ ਕਦਰ ਔਖੇ ਹੋਏ ਪਏ ਹਨ। ਮੌਕਾ ਮਿਲਣ 'ਤੇ ਹਰ ਤਬਕਾ ਸਰਕਾਰ ਖਿਲਾਫ ਭੜਾਸ ਕੱਢ ਰਿਹਾ ਹੈ। ਬਾਦਲਾਂ ਨੇ ਆਪਣੇ ਇਸ ਅਕਸ ਨੂੰ ਸੁਧਾਰਨ ਲਈ ਟਿੱਲ ਤਾਂ ਪੂਰਾ ਲਾਇਆ ਹੈ, ਪਰ ਜਾਪਦਾ ਹੈ ਕਿ ਹੁਣ ਪਾਣੀ ਸਿਰ ਉਤੋਂ ਦੀ ਲੰਘ ਚੁੱਕਿਆ ਹੈ ਅਤੇ ਜੇ ਸਿਆਸੀ ਸਮੀਕਰਨਾਂ 'ਚ ਕੋਈ ਵੱਡੀ ਤਬਦੀਲੀ ਨਹੀਂ ਆਉਂਦੀ ਤਾਂ ਸਪਸ਼ਟ ਹੈ ਕਿ ਫਿਲਹਾਲ ਬਾਦਲਾਂ ਦੀ ਸਫ ਲਪੇਟੇ ਜਾਣ ਦਾ ਵਕਤ ਆ ਗਿਆ ਜਾਪਦਾ ਹੈ।

ਜਿਥੋਂ ਤੱਕ ਕਾਂਗਰਸ ਦਾ ਸਵਾਲ ਹੈ, ਇਸ ਪਾਰਟੀ ਦੀ ਕਾਰਗੁਜ਼ਾਰੀ ਵੀ ਆਮ ਆਦਮੀ ਪਾਰਟੀ ਦੀ ਸਫਲਤਾ/ਅਸਫਲਤਾ ਨਾਲ ਜੁੜੀ ਹੋਈ ਹੈ। ਇਹ ਤੱਥ ਸੋਲਾਂ ਆਨੇ ਸੱਚ ਹੈ ਕਿ ਕਾਂਗਰਸ ਕੋਲ ਕੈਪਟਨ ਅਮਰਿੰਦਰ ਸਿੰਘ ਵਰਗਾ ਕੱਦਾਵਰ ਆਗੂ ਹੈ ਜਿਸ ਦੀ ਅਗਵਾਈ ਹੇਠ ਪਾਰਟੀ ਇਹ ਚੋਣਾਂ ਲੜ ਰਹੀ ਹੈ, ਪਰ ਕੈਪਟਨ ਲਈ ਇਹ ਚੋਣਾਂ ਹੁਣ ਤੱਕ ਕੰਡਿਆਲਾ ਰਾਹ ਹੀ ਜਾਪ ਰਿਹਾ ਹੈ। ਪਾਰਟੀ ਦੀ ਆਖਰੀ ਸੂਚੀ ਐਨ ਆਖਰੀ ਵਕਤ ਹੀ ਜਾਰੀ ਕੀਤੀ ਜਾ ਸਕੀ ਹੈ, ਕਿਉਂਕਿ ਪੰਜਾਬ ਇਕਾਈ ਅੰਦਰ ਸਿਰੇ ਦੀ ਧੜੇਬੰਦੀ ਹੋਣ ਕਰ ਕੇ ਕੁਝ ਹਲਕਿਆਂ ਵਿਚ ਨਾਂ ਫਾਈਨਲ ਹੀ ਨਹੀਂ ਸਨ ਕੀਤੇ ਜਾ ਸਕੇ। ਜੇ ਇਹ ਧੜੇਬੰਦੀ ਵੋਟਾਂ ਪੈਣ ਤੱਕ ਇਸੇ ਤਰ੍ਹਾਂ ਬਰਕਰਾਰ ਰਹੀ ਤਾਂ ਪਾਰਟੀ ਲਈ ਪਿਛਲੀ ਵਾਰ ਵਾਂਗ ਐਤਕੀਂ ਵਾਲੀਆਂ ਚੋਣਾਂ ਵੀ ਘਾਟੇ ਵਾਲਾ ਸੌਦਾ ਸਾਬਤ ਹੋ ਸਕਦੀਆਂ ਹਨ। ਦੱਸਣਾ ਬਣਦਾ ਹੈ ਕਿ ਪਿਛਲੀਆਂ ਚੋਣਾਂ, ਜੋ ਕੈਪਟਨ ਦੀ ਅਗਵਾਈ ਹੇਠ ਹੀ ਲੜੀਆਂ ਗਈਆਂ ਸਨ, ਸਿਆਸੀ ਸੂਝ-ਬੂਝ ਅਤੇ ਰਣਨੀਤਕ ਖਾਮੀਆਂ ਕਾਰਨ ਪਾਰਟੀ ਜਿੱਤਦੀ-ਜਿੱਤਦੀ ਹਾਰ ਗਈ ਸੀ ਅਤੇ ਇਸ ਦਾ ਸਿੱਧਾ ਲਾਹਾ ਸੱਤਾਧਾਰੀ ਅਕਾਲੀ ਦਲ ਨੂੰ ਮਿਲਿਆ ਸੀ। ਹੁਣ ਇਨ੍ਹਾਂ ਸਿਆਸੀ ਸਮੀਕਰਨਾਂ ਦੌਰਾਨ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਕੀ ਰਹਿੰਦੀ ਹੈ, ਇਹ ਇਸ ਪਾਰਟੀ ਦੀ ਰਣਨੀਤੀ ਉਤੇ ਹੀ ਨਿਰਭਰ ਕਰੇਗਾ। ਪਾਰਟੀ ਦੇ ਅੰਦਰ ਉਥਲ-ਪੁਥਲ ਕਾਰਨ ਬਿਨਾ ਸ਼ੱਕ ਇਸ ਪਾਰਟੀ ਨੂੰ ਨੁਕਸਾਨ ਜ਼ਰੂਰ ਹੋਇਆ ਹੈ, ਪਰ ਅਜੇ ਵੀ ਜਿਸ ਤਰ੍ਹਾਂ ਦਾ ਸਿਆਸੀ ਮਾਹੌਲ ਪੰਜਾਬ ਅੰਦਰ ਚੱਲ ਰਿਹਾ ਹੈ, ਉਸ ਤੋਂ ਜ਼ਾਹਿਰ ਹੈ ਕਿ ਇਹ ਪਾਰਟੀ ਸੂਬੇ ਅੰਦਰ ਖਾਸ ਭੂਮਿਕਾ ਨਿਭਾਏਗੀ। ਇਹ ਸਾਰਾ ਕੁਝ ਇਸ ਪਾਰਟੀ ਦੀ ਮੌਕੇ ਦੀ ਕਾਰਗੁਜ਼ਾਰੀ ਉਤੇ ਨਿਰਭਰ ਕਰੇਗਾ। ਇਹ ਖਦਸ਼ਾ ਇਸ ਕਰ ਕੇ ਹੈ, ਕਿਉਂਕਿ ਇਸ ਪਾਰਟੀ ਨੂੰ ਆਪਣਾ ਜਥੇਬੰਦਕ ਤਾਣਾ-ਬਾਣਾ ਮਜ਼ਬੂਤ ਕਰਨ ਲਈ ਦੋ ਸਾਲ ਤੋਂ ਵੱਧ ਵਕਤ ਮਿਲਿਆ ਸੀ, ਪਰ ਪਾਰਟੀ ਇਸ ਤਰ੍ਹਾਂ ਮਿਲੇ ਵਕਤ ਤੋਂ ਵਧੇਰੇ ਫਾਇਦਾ ਨਹੀਂ ਉਠਾ ਸਕੀ। ਹੁਣ ਸਾਰਾ ਦਾਰੋਮਦਾਰ ਲੋਕਾਂ ਦੇ ਹੁੰਗਾਰੇ ਉਤੇ ਹੈ। ਜੇ ਇਸ ਪਾਰਟੀ ਨੂੰ ਦਿੱਲੀ ਚੋਣਾਂ ਵਰਗਾ ਹੁੰਗਾਰਾ ਮਿਲਦਾ ਹੈ ਤਾਂ ਇਹ ਪੰਜਾਬ ਦੀ ਸਿਆਸਤ ਵਿਚ ਇਕ ਨਵਾਂ ਅਧਿਆਏ ਹੋਵੇਗਾ ਅਤੇ ਬਿਨਾ ਸ਼ੱਕ, ਇਸ ਤੋਂ ਬਾਅਦ ਸੂਬੇ ਦੀ ਸਿਆਸਤ ਵਿਚ ਵੱਡੀ ਤਬਦੀਲੀ ਲਈ ਰਾਹ ਖੁੱਲ੍ਹ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪਾਠਾਂ ਦੀ 'ਕੋਤਰ?

ਮਨ ਨੀਵਾਂ ਜੇ ਮੱਤ ਨਾ ਹੋਈ ਉਚੀ, ਮੱਥੇ ਹਉਮੈ ਹੰਕਾਰ ਦੀ ਤੜੀ ਰਹਿਣੀ।
ਗੁਰਮਤਿ ਗਿਆਨ ਦੀ ਰੋਸ਼ਨੀ ਲੈਣ ਵਿਰਲੇ, ਗਿਣਤੀ ਅੰਧ-ਵਿਸ਼ਵਾਸ਼ਾਂ ਦੀ ਬੜੀ ਰਹਿਣੀ।
ਵਿਰਲੇ ਬਣਨ ਸਿਖਿਆਰਥੀ ਫਲਸਫੇ ਦੇ, ਬਾਬੇ ਪੂਜਣ ਦੀ ਕਈਆਂ ਦੀ ਅੜੀ ਰਹਿਣੀ।
ਕਥਾਕਾਰ ਤੇ ਕਮਲਾਂ ਬੇਵੱਸ ਹੋਈਆਂ, ਸਾਡੀ ਕੌਮ ਵਿਚ ਘੁਲਦੀ ਇਹ ਕੜ੍ਹੀ ਰਹਿਣੀ।
ਜਦੋਂ ਤੀਕ ਨਾ ਸਮਝਿਆ 'ਸ਼ਬਦ-ਗੁਰੂ' ਨੂੰ, ਗੁਰੂ-ਡੰਮ ਦੀ ਗੁੱਡੀ ਹੀ ਚੜ੍ਹੀ ਰਹਿਣੀ।
ਗਿਆਨ ਲੈਣ ਦੀ ਥਾਂ ਗੁਰੂ ਗ੍ਰੰਥ ਜੀ ਤੋਂ, ਚਲਦੀ 'ਕੋਤਰ ਸੌ ਪਾਠਾਂ ਦੀ ਲੜੀ ਰਹਿਣੀ!

# ਪੰਜਾਬ ਦੀ ਸਿਆਸਤ ਅਤੇ ਹਕੀਕਤਾਂ

*ਪੰਜਾਬ ਵਿਚ ਚੋਣਾਂ ਦੇ ਨਗਾਰੇ ਉਤੇ ਡਗਾ ਵੱਜ ਚੁੱਕਾ ਹੈ। ਸਾਰੀਆਂ ਸਿਆਸੀ ਧਿਰਾਂ ਜਿਹੜੀਆਂ ਤਕਰੀਬਨ ਪਿਛਲੇ ਡੇਢ ਸਾਲ ਤੋਂ ਅਗੇਤੀਆਂ ਹੀ ਚੋਣ-ਮੋਡ ਵਿਚ ਚੱਲ ਰਹੀਆਂ ਸਨ, ਨੇ ਆਪਣੀਆਂ ਸਰਗਰਮੀਆਂ ਹੋਰ ਤਿੱਖੀਆਂ ਕਰ ਦਿੱਤੀਆਂ ਹਨ। ਇਹ ਧਿਰਾਂ ਹੁਣ ਵੋਟਰਾਂ ਲਈ ਚੋਣ ਵਾਅਦਿਆਂ ਅਤੇ ਦਾਅਵਿਆਂ ਦੀ ਝੜੀ ਲਾ ਰਹੀਆਂ ਹਨ। ਡਾ. ਅਨੂਪ ਸਿੰਘ ਨੇ ਆਪਣੇ ਇਸ ਲੇਖ ਵਿਚ ਇਨ੍ਹਾਂ ਵਾਅਦਿਆਂ ਅਤੇ ਦਾਅਵਿਆਂ ਦੇ ਪ੍ਰਸੰਗ ਵਿਚ ਪੰਜਾਬ ਦੇ ਅੱਜ ਦੇ ਹਾਲਾਤ ਦੀ ਚਰਚਾ ਕੀਤੀ ਹੈ ਅਤੇ ਉਨ੍ਹਾਂ ਮਸਲਿਆਂ ਦੀ ਨਿਸ਼ਾਨਦੇਹੀ ਕੀਤੀ ਹੈ ਜਿਨ੍ਹਾਂ ਵੱਲ ਇਨ੍ਹਾਂ ਧਿਰਾਂ ਨੇ ਸਿਰਫ ਰਸਮੀ ਜਿਹਾ ਧਿਆਨ ਹੀ ਦਿੱਤਾ ਹੈ। -ਸੰਪਾਦਕ*

ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਅਗਲੇ ਪੰਜ ਸਾਲਾਂ ਲਈ ਹੋਣੀ ਤੈਅ ਕਰਨ ਲਈ ਪੰਜਾਬ ਦੀ ਵਿਧਾਨ ਸਭਾ ਦੀ ਚੋਣ ਹੋ ਰਹੀ ਹੈ। ਸੰਸਦੀ ਲੋਕਤੰਤਰ ਵਿਚ ਉਂਜ ਤਾਂ ਹਰ ਚੋਣ ਹੀ ਬੜੀ ਮਹੱਤਵਪੂਰਨ ਹੁੰਦੀ ਹੈ, ਪਰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਵਰਤਮਾਨ ਤਰਸਯੋਗ ਹੋਣੀ ਲਈ ਅਤੇ ਅਸਲੋਂ ਨਵੀਂ ਧਿਰ ਦੇ ਚੋਣ ਮੈਦਾਨ ਵਿਚ ਹੋਣ ਕਾਰਨ ਫਰਵਰੀ 2017 ਦੀ ਚੋਣ ਹੋਰ ਵੀ ਮਹੱਤਤਾ ਗ੍ਰਹਿਣ ਕਰ ਗਈ ਹੈ। ਇਸ ਹਾਲਤ ਵਿਚ ਇਥੇ ਕੇਵਲ ਪੰਜਾਬੀਆਂ ਦੀਆਂ ਮੁੱਖ ਮੰਗਾਂ,

ਡਾ. ਅਨੂਪ ਸਿੰਘ
ਫੋਨ: +91-98768-01268

ਮਸਲਿਆਂ ਤੇ ਸਮੱਸਿਆਵਾਂ ਵਾਲਾ ਪਾਸਾਰ ਗੌਲਿਆ ਜਾ ਰਿਹਾ ਹੈ। ਇਸ ਪਾਸਾਰ ਦਾ ਪਿਛੋਕੜ ਤੇ ਪ੍ਰਸੰਗ ਇਹ ਹੈ ਕਿ ਸੱਤਾ ਦੀਆਂ ਦਾਅਵੇਦਾਰ ਮੁੱਖ ਧਿਰਾਂ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕਰ ਰਹੀਆਂ ਹਨ; ਉਨ੍ਹਾਂ ਨੂੰ ਲਾਰੇ ਲਾਏ ਜਾ ਰਹੇ ਹਨ ਅਤੇ ਹਕੀਕਤਾਂ ਤੋਂ ਕੋਹਾਂ ਦੂਰ ਦਾਅਵੇ ਕੀਤੇ ਜਾ ਰਹੇ ਹਨ। ਰਿਆਇਤਾਂ, ਰਾਹਤਾਂ ਤੇ ਖੈਰ ਪਾਉਣ ਦੀ ਦੁਹਾਈ ਦਿੱਤੀ ਜਾ ਰਹੀ ਹੈ।

ਬਿਜਲੀ, ਆਟਾ, ਦਾਲ, ਸਮਾਰਟਫੋਨ, ਸਾਈਕਲ ਤੇ ਲੈਪਟਾਪ ਆਦਿ ਮੁਫ਼ਤ ਵੰਡਣ ਦੇ ਦਾਅਵੇ ਕੀਤੇ ਜਾ ਰਹੇ ਹਨ। ਇਸ ਸਾਰੇ ਕੁਝ ਲਈ ਧਨ ਕਿਥੋਂ ਆਏਗਾ? ਸਾਧਨ ਕਿਥੋਂ ਜੁਟਾਏ ਜਾਣਗੇ? ਯਾਦ ਰਹੇ ਕਿ ਪੰਜਾਬ ਸਿਰ ਕਰਜ਼ਾ ਇੰਨਾ ਚੜ੍ਹ ਗਿਆ ਹੈ ਕਿ ਕਰਜ਼ੇ ਦੀਆਂ ਕਿਸ਼ਤਾਂ ਤੇ ਵਿਆਜ ਅਦਾ ਕਰਨ ਲਈ ਵੀ ਨਵਾਂ ਕਰਜ਼ਾ ਚੁੱਕਣਾ ਪੈ ਰਿਹਾ ਹੈ। ਵੱਡੇ ਪੱਧਰ 'ਤੇ ਠੇਕੇ ਉਤੇ ਭਰਤੀ ਦੇ ਬਾਵਜੂਦ ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖਾਹਾਂ ਨਹੀਂ ਮਿਲ ਰਹੀਆਂ। ਪੇਂਡੂ ਸਿੱਖਿਆ ਤੇ ਸਿਹਤ ਤੰਤਰ ਆਪਣੇ ਆਖਰੀ ਸਾਹ ਗਿਣ ਰਿਹਾ ਹੈ। ਬੇਰੁਜ਼ਗਾਰ ਨੌਜਵਾਨ ਸਮਾਜ ਵਿਰੋਧੀ ਗਤੀਵਿਧੀਆਂ, ਨਸ਼ਿਆਂ ਤੇ ਵਿਦੇਸ਼ਾਂ ਵੱਲ ਧੱਕੇ ਜਾ ਰਹੇ ਹਨ। ਕਿਸਾਨ ਤੇ ਖੇਤ ਮਜ਼ਦੂਰ ਖੁਦਕੁਸ਼ੀਆਂ ਕਰ ਰਹੇ ਹਨ। ਸਭ ਤੋਂ ਦੁਖਦਾਈ ਪੱਖ ਇਹ ਹੈ ਕਿ ਪੰਜਾਬ ਅਨੇਕਾਂ ਪੱਖਾਂ ਤੋਂ ਵਿਸ਼ੇਸ਼ ਆਰਥਿਕ ਪੈਕੇਜ ਦਾ ਹੱਕਦਾਰ ਹੋਣ ਦੇ ਬਾਵਜੂਦ ਇਤਿਹਾਸਕ ਤੇ ਰਾਜਨੀਤਕ ਕਾਰਨਾਂ ਕਰ ਕੇ ਇਸ ਨਾਲ ਬੀਤੇ 70 ਸਾਲਾਂ ਤੋਂ ਘੋਰ ਵਿਤਕਰਾ ਤੇ ਅਨਿਆਂ ਜਾਰੀ ਹੈ। ਇਨ੍ਹਾਂ 70 ਸਾਲਾਂ ਵਿਚ ਕਈ ਵਾਰ ਕੇਂਦਰ ਤੇ ਪੰਜਾਬ ਵਿਚ ਇਕ ਹੀ ਪਾਰਟੀ ਦੀਆਂ ਸਰਕਾਰਾਂ ਰਹੀਆਂ ਜਾਂ ਭਾਈਵਾਲ ਰਹੀਆਂ। ਇਨ੍ਹਾਂ ਹਾਲਾਤ ਵਿਚ ਪੰਜਾਬ ਦਾ ਚੋਣ ਏਜੰਡਾ ਹੇਠ ਲਿਖੇ ਅਨੁਸਾਰ ਤੈਅ ਕੀਤਾ ਜਾ ਸਕਦਾ ਹੈ।

ਪੰਜਾਬੀਆਂ ਨੂੰ ਰਿਆਇਤਾਂ, ਰਾਹਤਾਂ ਅਤੇ ਖੈਰਾਤਾਂ ਦੀ ਥਾਂ ਸਵੈ-ਨਿਰਭਰ ਹੋਣ ਤੇ ਸਵੈ-ਮਾਣ ਨਾਲ ਜਿਉਣ ਦੇ ਯੋਗ ਤੇ ਸਮਰੱਥ ਬਣਾਇਆ ਜਾਵੇ। ਇਸ ਲਈ ਨੌਜਵਾਨਾਂ ਨੂੰ ਲਾਹੇਵੰਦ ਰੁਜ਼ਗਾਰ ਦਿੱਤਾ ਜਾਵੇ। ਉਨ੍ਹਾਂ ਨੂੰ ਉਚ ਪੱਧਰ ਤਕ ਇਕਸਾਰ, ਸਸਤੀ ਅਤੇ ਮਿਆਰੀ ਸਿੱਖਿਆ ਦਿੱਤੀ ਜਾਵੇ। ਇਸ ਵਿਚ ਕਿੱਤਾ ਮੁੱਖ ਸਿੱਖਿਆ ਤੇ ਹੁਨਰ ਸਿਖਲਾਈ ਵੀ ਲਾਜ਼ਮੀ ਹੋਵੇ। ਸਿੱਖਿਆ ਤੰਤਰ ਦਾ ਕੀਤਾ ਜਾ ਰਿਹਾ ਅੰਧਾਧੁੰਦ ਨਿੱਜੀਕਰਨ ਤੇ ਵਪਾਰੀਕਰਨ ਰੋਕਿਆ ਜਾਵੇ ਅਤੇ 18 ਅਗਸਤ 2015 ਨੂੰ ਅਲਾਹਾਬਾਦ ਹਾਈ ਕੋਰਟ ਵੱਲੋਂ ਦਿੱਤੀ ਜੱਜਮੈਂਟ ਅਨੁਸਾਰ ਸਭ ਦੇ ਬੱਚੇ ਇੱਕੋ ਜਿਹੇ ਸਕੂਲਾਂ ਵਿਚ ਪੜ੍ਹਾਉਣੇ ਲਾਜ਼ਮੀ ਕੀਤੇ ਜਾਣ। ਕਿਸੇ ਵੀ ਸਰਕਾਰ ਦਾ ਕੋਈ ਵੀ ਰੈਗੂਲੇਟਰੀ ਢਾਂਚਾ ਪ੍ਰਾਈਵੇਟ ਸਕੂਲਾਂ ਨੂੰ ਨੱਥ ਨਹੀਂ ਪਾ ਸਕਦਾ। ਧਨ ਕੁਬੇਰਾਂ, ਵਜ਼ੀਰਾਂ, ਸਾਬਕਾ ਵਜ਼ੀਰਾਂ ਤੇ ਵਿਧਾਇਕਾਂ ਦੇ ਸਕੂਲਾਂ ਨੂੰ ਕੌਣ ਚੈਕ ਕਰੇਗਾ? ਪੰਜਾਬ ਦੀ ਜਵਾਨੀ ਦੇ ਗਰਕਣ ਦਾ ਇਕ ਕਾਰਨ ਮਾਂ-ਬੋਲੀ/ਭਾਸ਼ਾ, ਅਮੀਰ ਸਭਿਆਚਾਰ ਤੇ ਵਿਰਾਸਤ ਤੋਂ ਬੇਮੁੱਖ ਹੋਣਾ ਹੈ। ਪੰਜਾਬੀ ਕੁਝ ਵੀ ਮੁਫ਼ਤ ਨਹੀਂ ਚਾਹੁੰਦੇ। ਇਹ ਪੂਰੇ ਭਰੋਸੇ ਨਾਲ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਕਿਸਾਨਾਂ ਨੇ ਕਦੇ ਵੀ ਮੁਫ਼ਤ ਬਿਜਲੀ ਦੀ ਮੰਗ ਨਹੀਂ ਸੀ ਕੀਤੀ। ਉਹ ਸਸਤੀ ਤੇ 24 ਘੰਟੇ ਨਿਰਵਿਘਨ ਬਿਜਲੀ ਦੀ ਮੰਗ ਜ਼ਰੂਰ ਕਰਦੇ ਸਨ। ਇਸੇ ਤਰ੍ਹਾਂ ਆਟਾ-ਦਾਲ ਦੀ ਮੰਗ ਵੀ ਕਿਸੇ ਵਰਗ ਨੇ ਨਹੀਂ ਕੀਤੀ ਅਤੇ ਨਾ ਹੀ ਧੀਆਂ ਦੇ ਵਿਆਹਾਂ 'ਤੇ ਸ਼ਗਨ ਦੀ। ਹਰ ਕੋਈ ਜਾਣਦਾ ਹੈ ਕਿ ਕੇਵਲ ਆਟੇ ਅਤੇ ਦਾਲ ਨਾਲ ਘਰ-ਪਰਿਵਾਰ ਨਹੀਂ ਚਲਾਏ ਜਾ ਸਕਦੇ। ਅਜਿਹਾ ਕਰਦੇ ਪੰਜਾਬੀਆਂ ਦੇ ਸਵੈ-ਮਾਣ ਨੂੰ ਠੇਸ ਕਿਉਂ ਪਹੁੰਚਾਉਂਦੇ ਹੋ। ਕੀ ਸਰਕਾਰਾਂ ਨੂੰ ਗੁਰੂ ਨਾਨਕ ਦਾ ਕਥਨ 'ਜੇ ਜੀਵੈ ਪਤਿ ਲਥੀ ਜਾਇ ਸਭੁ ਹਰਾਮੁ ਜੇਤਾ ਕਿਛੁ ਖਾਇ' ਭੁੱਲ ਗਿਆ ਹੈ? ਇਸ ਲਈ ਪੰਜਾਬੀਆਂ ਦੀਆਂ ਅੱਜ ਵੀ ਬੁਨਿਆਦੀ ਲੋੜਾਂ ਉਹੀ ਹਨ ਜੋ ਸਮੁੱਚੀ ਮਾਨਵਤਾ ਦੀਆਂ ਹਨ। ਇਹ ਹਨ: ਰੋਟੀ, ਕੱਪੜਾ, ਮਕਾਨ, ਸਿਹਤ, ਸਿੱਖਿਆ, ਰੁਜ਼ਗਾਰ ਤੇ ਜੀਣ ਦੀ ਸੁਰੱਖਿਆ। ਪੰਜਾਬ ਦੇ ਹਾਕਮਾਂ ਨੂੰ ਦੁਨੀਆ ਭਰ ਦੇ ਸਿਆਣਿਆਂ ਦੀ ਇਹ ਗੱਲ ਕਿਉਂ ਨਹੀਂ ਸਮਝ ਆਉਂਦੀ ਕਿ ਪੜ੍ਹੇ-ਲਿਖੇ ਤੰਦਰੁਸਤ ਲੋਕ ਹੀ ਕਿਸੇ ਸਮਾਜ/ਕੌਮ ਦਾ ਸਭ ਤੋਂ ਕੀਮਤੀ ਅਸਾਸਾ ਹੁੰਦੇ ਹਨ। ਚੀਨ ਵਿਚ ਕਹਾਵਤ ਹੈ ਕਿ ਭੁੱਖੇ ਨੂੰ ਮੱਛੀ ਨਾ ਦਿਉ, ਉਸ ਨੂੰ ਮੱਛੀ ਫੜਨ ਦੀ ਵਿਧੀ/ਢੰਗ-ਤਰੀਕਾ ਸਮਝਾਓ।

ਪੰਜਾਬ ਦੇ ਅਨੇਕਾਂ ਪੇਂਡੂ ਪਰਿਵਾਰਾਂ ਵਿਚ ਇਕ ਵੀ ਮੈਂਬਰ ਮੈਟ੍ਰਿਕ ਪਾਸ ਨਹੀਂ ਹੈ। ਉਹ ਇਲਾਜ ਲਈ ਜਾਦੂ-ਟੂਣਿਆਂ 'ਤੇ ਨਿਰਭਰ ਹਨ। ਉਲਟਾ ਨੁਕਸਾਨ ਇਹ ਹੋ ਰਿਹਾ ਹੈ ਕਿ ਬਾਰਸ਼ਾਂ ਘਟਣ, ਦਰਿਆਈ ਪਾਣੀਆਂ ਦੀ ਨਿਆਂਯੁਕਤ ਵੰਡ ਨਾ ਹੋਣ ਅਤੇ ਝੋਨੇ ਦੀ ਫ਼ਸਲ ਦੀ ਵੱਡੇ ਖੇਤਰ 'ਤੇ ਖੇਤੀ ਕਾਰਨ ਪਾਣੀ ਦਾ ਪੱਧਰ ਖ਼ਤਰਨਾਕ ਹੱਦ ਤਕ ਹੇਠਾਂ ਚਲਾ ਗਿਆ ਹੈ ਅਤੇ ਪੰਜਾਬ ਦੇ ਬੰਜਰ ਧਰਤੀ ਵਿਚ ਤਬਦੀਲ ਹੋਣ ਵਿਚ ਹੁਣ ਬਹੁਤੇ ਸਾਲ ਨਹੀਂ ਬਚੇ। ਪੰਜ ਦਰਿਆਵਾਂ ਦੀ ਧਰਤੀ 'ਤੇ ਪਾਣੀ ਬੋਤਲਾਂ ਵਿਚ ਵਿਕ ਰਿਹਾ ਹੈ ਅਤੇ ਲੱਸੀ ਡੱਬੀਆਂ ਵਿਚ। ਪੰਜਾਬ ਦੀਆਂ ਅਗਲੀਆਂ ਪੀੜ੍ਹੀਆਂ ਲਈ ਪਾਣੀ ਬਚਾਉਣ ਲਈ ਘੱਟ ਤੋਂ ਘੱਟ ਗਰਮੀ ਦੇ ਮੌਸਮ ਵਿਚ (ਜੋ ਹਰ ਸਾਲ ਲੰਮਾ ਹੋ ਰਿਹਾ ਹੈ) ਜਦੋਂ ਪਾਣੀ ਦੀ ਵਧੇਰੇ ਖਪਤ ਹੁੰਦੀ ਹੈ, ਤਾਂ ਬਿਜਲੀ ਦਾ ਮੁੱਲ ਲਿਆ ਜਾਵੇ।

ਅਗਲਾ ਮਹੱਤਵਪੂਰਨ ਮੁੱਦਾ ਪੰਜਾਬ ਵਿਚ ਨਸ਼ਿਆਂ ਦਾ ਹੈ। ਅਕਾਲੀ-ਭਾਜਪਾ ਗੱਠਜੋੜ ਤਾਂ ਨਸ਼ਿਆਂ ਦੀ ਹੋਂਦ ਤੋਂ ਇਨਕਾਰੀ ਹੈ। ਕਾਂਗਰਸ ਤੇ ਆਮ ਆਦਮੀ ਪਾਰਟੀ ਸੱਤਾ ਵਿਚ ਆਉਣ ਦੇ ਇਕ ਮਹੀਨੇ ਵਿਚ ਨਸ਼ਿਆਂ ਨੂੰ ਖ਼ਤਮ ਕਰਨ ਦੇ ਹਵਾਈ ਵਾਅਦੇ ਕਰ ਰਹੇ ਹਨ, ਜਦੋਂਕਿ ਪਾਰਟੀਆਂ ਨੂੰ ਜਿੱਤ ਦੇ ਜਸ਼ਨਾਂ ਵਿਚ ਹੀ ਦੋ ਮਹੀਨੇ ਲੱਗ ਜਾਂਦੇ ਹਨ। ਦੂਜੇ, ਸ਼ਰਾਬ ਜੋ ਨਸ਼ਿਆਂ ਦਾ ਪ੍ਰਵੇਸ਼ ਦੁਆਰ ਹੈ ਅਤੇ ਜਿਸ ਦੀ ਸਿੱਖ ਧਰਮ ਸਮੇਤ ਸਾਰੇ ਮਨਾਹੀ ਕਰਦੇ ਹਨ, ਨੂੰ ਬੰਦ ਕਰਨ ਬਾਰੇ ਕੋਈ ਵੀ ਰਾਜਨੀਤਕ ਧਿਰ ਗੱਲ ਤਕ ਕਰਨ ਨੂੰ ਤਿਆਰ ਨਹੀਂ। ਜੇ ਸ਼ਰਾਬ ਬੰਦ ਨਹੀਂ ਹੁੰਦੀ ਤਾਂ ਦੂਜੇ ਜ਼ਿਆਦਾ ਘਾਤਕ ਨਸ਼ੇ ਵੀ ਬੰਦ ਨਹੀਂ ਹੋ ਸਕਦੇ। ਪੰਜਾਬ ਦੀ ਪੂਰੀ ਤਰ੍ਹਾਂ ਭ੍ਰਿਸ਼ਟ ਅਫ਼ਸਰਸ਼ਾਹੀ ਤੇ ਰੀੜ੍ਹ ਦੀ ਹੱਡੀ ਰਹਿਤ ਪੁਲਿਸ ਤੰਤਰ ਲਗਪਗ ਉਹੀ ਰਹਿਣਾ ਹੈ। ਨਸ਼ਿਆਂ ਦੇ ਤਸਕਰ ਤੇ ਕਾਰੋਬਾਰੀ ਚੋਣ ਮੈਦਾਨ ਵਿਚ ਹਨ।

> *ਪੰਜਾਬ ਵਿਚ ਵਧਦੇ ਅਪਰਾਧ ਚਿੰਤਾ ਦਾ ਵਿਸ਼ਾ ਹਨ। ਅਗਿਆਨਤਾ, ਹਥਿਆਰ, ਨਸ਼ਿਆਂ ਦਾ ਮੱਕੜਜਾਲ ਅਤੇ ਬੇਰੁਜ਼ਗਾਰੀ ਨੇ ਪੰਜਾਬ ਦੀ ਜਵਾਨੀ ਨੂੰ ਅਪਰਾਧ ਦੀ ਦੁਨੀਆਂ ਵਿਚ ਖੜ੍ਹਾ ਕਰ ਦਿੱਤਾ ਹੈ। ਭਲੇਮਾਣਸ ਪੰਜਾਬੀ ਦਾ ਸੁਰੱਖਿਅਤ ਜੀਣਾ ਅਤੇ ਗੈਂਗਵਾਰਾਂ ਕਾਰਨ ਪੰਜਾਬ ਦੀ ਅਮਨ-ਸ਼ਾਂਤੀ ਚਿੰਤਾ ਦਾ ਵਿਸ਼ਾ ਹੈ। ਪੰਜਾਬ ਵਿਚ ਹਜ਼ਾਰਾਂ ਇਸ਼ਤਿਹਾਰੀ ਭਗੌੜੇ ਹਨ ਅਤੇ ਜ਼ਮਾਨਤ 'ਤੇ ਰਿਹਾਅ ਹੋਏ ਮੁਜਰਮ ਵੀ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹਨ।*

ਪੰਜਾਬ ਵਿਚ ਸੜਕੀ ਦੁਰਘਟਨਾਵਾਂ ਵਿਚ ਰੋਜ਼ ਔਸਤਨ ਇਕ ਦਰਜਨ ਵਿਅਕਤੀ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਦਰਜਨਾਂ ਹੋਰ ਜ਼ਖ਼ਮੀ ਹੋ ਜਾਂਦੇ ਹਨ। ਅੱਧੇ ਕੁ ਤਾਂ ਪੂਰੀ ਤਰ੍ਹਾਂ ਅਪੰਗ ਹੋ ਜਾਂਦੇ ਹਨ ਅਤੇ ਕੁਝ ਹਾਲਾਤ ਵਿਚ ਉਨ੍ਹਾਂ ਦੀ ਹਾਲਤ ਮਰਿਆਂ ਤੋਂ ਵੀ ਭੈੜੀ ਹੋ ਜਾਂਦੀ ਹੈ। ਸਰਕਾਰਾਂ ਤੇ ਪ੍ਰਸ਼ਾਸਨ ਟ੍ਰੈਫਿਕ ਨਿਯਮਾਂ ਨੂੰ ਲਾਗੂ ਕਰਵਾਉਣ ਵਿਚ ਵੱਡੀ ਪੱਧਰ 'ਤੇ ਅਸਫ਼ਲ ਰਿਹਾ ਹੈ। ਵੇਲਾ ਵਿਹਾ ਚੁੱਕੇ ਵਾਹਨਾਂ, ਨੁਕਸਾਨਦਾਰ ਵਾਹਨਾਂ ਦੇ ਚੱਲਣ, ਡਰਾਈਵਿੰਗ ਲਾਇਸੈਂਸ ਜਾਰੀ ਕਰਨ, ਨਿਰਧਾਰਿਤ ਰਫ਼ਤਾਰ ਲਾਗੂ ਨਾ ਕਰਵਾ ਸਕਣੀ; ਟੁੱਟੀਆਂ-ਭੱਜੀਆਂ ਸੜਕਾਂ; ਸ਼ਰਾਬੀ ਡਰਾਈਵਰਾਂ ਦੇ ਲਾਇਸੈਂਸ ਰੱਦ ਨਾ ਕਰਨਾ, ਓਵਰਲੋਡਿੰਗ, ਟ੍ਰੈਫਿਕ ਨੂੰ ਨਿਯਮਤ ਨਾ ਕਰ ਸਕਣਾ ਅਤੇ ਫੱਟੜਾਂ ਨੂੰ ਸਮੇਂ ਸਿਰ ਮੈਡੀਕਲ ਸਹਾਇਤਾ ਆਦਿ ਨਾ ਮਿਲਣੀ ਆਦਿ ਮੁੱਖ ਮਸਲੇ ਹਨ।


ਪੰਜਾਬ ਵਿਚ ਵਧਦੇ ਅਪਰਾਧ ਚਿੰਤਾ ਦਾ ਵਿਸ਼ਾ ਹਨ। ਅਗਿਆਨਤਾ, ਹਥਿਆਰ, ਨਸ਼ਿਆਂ ਦਾ ਮੱਕੜਜਾਲ ਅਤੇ ਬੇਰੁਜ਼ਗਾਰੀ ਨੇ ਪੰਜਾਬ ਦੀ ਜਵਾਨੀ ਨੂੰ ਅਪਰਾਧ ਦੀ ਦੁਨੀਆਂ ਵਿਚ ਖੜ੍ਹਾ ਕਰ ਦਿੱਤਾ ਹੈ। ਭਲੇਮਾਣਸ ਪੰਜਾਬੀ ਦਾ ਸੁਰੱਖਿਅਤ ਜੀਣਾ ਅਤੇ ਗੈਂਗਵਾਰਾਂ ਕਾਰਨ ਪੰਜਾਬ ਦੀ ਅਮਨ-ਸ਼ਾਂਤੀ ਚਿੰਤਾ ਦਾ ਵਿਸ਼ਾ ਹੈ। ਪੰਜਾਬ ਵਿਚ ਹਜ਼ਾਰਾਂ ਇਸ਼ਤਿਹਾਰੀ ਭਗੌੜੇ ਹਨ ਅਤੇ ਜ਼ਮਾਨਤ 'ਤੇ ਰਿਹਾਅ ਹੋਏ ਮੁਜਰਮ ਵੀ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹਨ।

ਬਦਕਿਸਮਤੀ ਨੂੰ ਪੰਜਾਬ ਵਿਚ ਰਾਜਨੀਤੀਵਾਨਾਂ, ਉਚ ਅਫ਼ਸਰਾਂ, ਅਪਰਾਧੀਆਂ, ਪੂੰਜੀਪਤੀਆਂ, ਜਾਗੀਰਦਾਰਾਂ ਤੇ ਡੇਰੇਦਾਰਾਂ ਦਾ ਗੱਠਜੋੜ ਬਣ ਗਿਆ ਹੈ। ਇਹ ਸਾਰੇ ਇਕ-ਦੂਜੇ ਦੇ ਪੂਰਕ ਤੇ ਮਦਦਗਾਰ ਹਨ। ਅਪਰਾਧੀਆਂ ਤੇ ਡੇਰੇਦਾਰਾਂ ਦਾ ਵਧਣਾ ਬੇਹੱਦ ਚਿੰਤਾਜਨਕ ਹੈ। ਅਪਰਾਧੀ ਆਮ ਲੋਕਾਂ ਦੀ ਸੁਰੱਖਿਆ ਦਾ ਨਿਖੇਧ ਹਨ। ਅਪਰਾਧੀਆਂ ਹੱਥੋਂ ਛੋਟੇ ਪੁਲਿਸ ਮੁਲਾਜ਼ਮ ਵੀ ਸੁਰੱਖਿਅਤ ਨਹੀਂ ਹਨ ਅਤੇ ਜੇ ਅਜਿਹੇ ਅਪਰਾਧੀਆਂ ਨੂੰ ਸਿਆਸੀ ਪ੍ਰਸ਼ਤਪਨਾਹੀ ਹਾਸਲ ਹੋਵੇ ਤਾਂ ਐਸ.ਪੀ. ਤਕ ਵੀ ਸੁਰੱਖਿਅਤ ਨਹੀਂ ਹਨ। ਆਮ ਲੋਕ ਕਿਸ ਬਾਗ਼ ਦੀ ਮੂਲੀ ਹਨ। ਸਾਰੇ ਡੇਰੇਦਾਰ ਯਥਾਸਥਿਤੀ ਬਣਾਈ ਰੱਖਣ ਦੇ ਹੱਕ ਵਿਚ ਭੁਗਤਦੇ ਹਨ ਅਤੇ ਇਸ ਤਰ੍ਹਾਂ ਸਾਰਥਕ ਤਬਦੀਲੀ ਦੇ ਵਿਰੋਧੀ ਹਨ। ਡੇਰੇਦਾਰ ਅਗਲਾ ਜਨਮ ਸੁਆਰਨ ਦੇ ਛਲਾਵੇ ਤਹਿਤ ਆਮ ਲੋਕਾਂ ਨੂੰ ਆਪਣੀ ਵਰਤਮਾਨ ਤਰਸਯੋਗ ਹੋਣੀ ਭੁੱਲਣ ਲਈ ਪ੍ਰੇਰਦੇ ਹਨ। ਸਭ ਤੋਂ ਦੁਖਦਾਈ ਪੱਖ ਇਹ ਹੈ ਕਿ ਗੁਰੂ ਨਾਨਕ ਦੇ ਕਿਰਤ ਕਰਨ ਦੇ ਫਲਸਫੇ ਦਾ ਅਮਲ ਵਿਚ ਇਹ ਡੇਰੇਦਾਰ ਨਿਖੇਧ ਕਰਦੇ ਹਨ। ਉਹ ਆਪ ਹੱਥੀਂ ਕੋਈ ਕੰਮ ਨਹੀਂ ਕਰਦੇ। ਸਿੱਟੇ ਵਜੋਂ ਉਹ ਕਿਰਤ ਕਰਨ ਦਾ ਉਪਦੇਸ਼ ਵੀ ਨਹੀਂ ਦੇ ਸਕਦੇ। ਲੋਕ ਅਮਲਾਂ/ਵਿਹਾਰ ਤੋਂ ਸਿਖਦੇ ਹਨ, ਲੱਛੇਦਾਰ ਭਾਸ਼ਣਾਂ ਤੋਂ ਨਹੀਂ। ਉਹ ਹਥਿਆਰਬੰਦ ਬਾਡੀਗਾਰਡਾਂ ਨਾਲ ਲਗਜ਼ਰੀ ਕਾਰਾਂ ਵਿਚ ਸਫ਼ਰ ਕਰਦੇ ਹਨ ਅਤੇ ਲੋਕਾਂ ਨੂੰ ਨਿਰਭਓ ਤੇ ਸਾਦਾ ਰਹਿਣੀ ਦਾ ਉਪਦੇਸ਼ ਦਿੰਦੇ ਹਨ। ਇਹ ਭੋਲੇ-ਭਾਲੇ ਪੰਜਾਬੀਆਂ ਨੂੰ ਗੁੰਮਰਾਹ ਕਰਨ ਵਾਲਾ ਹੈ। ਇਹ ਸਾਰਾ ਕੁਝ ਰੁਕਣਾ ਚਾਹੀਦਾ ਹੈ।

ਪੰਜਾਬ ਸਿਆਸਤ

# ਪੰਜਾਬ ਦਾ ਸਿਆਸੀ ਭੇੜ

ਅਕਾਦਮਿਕ ਭਾਈਚਾਰੇ ਵਿਚੋਂ ਸਿੱਖ ਐਕਟੇਵਿਸਟ ਵਜੋਂ ਮੈਂ ਆਪਣੇ ਜਾਣਕਾਰਾਂ ਦੀ ਹਿਟ ਲਿਸਟ 'ਤੇ ਰਹਿੰਦਾ ਹਾਂ। ਮੈਨੂੰ ਇਸ ਤਰ੍ਹਾਂ ਸੰਵਾਦ ਵਿਚ ਰਹਿਣਾ ਚੰਗਾ ਲੱਗਦਾ ਹੈ। ਮਸਲਾ ਉਦੋਂ ਪੈਦਾ ਹੁੰਦਾ ਹੈ ਜਦੋਂ ਚੁਫੇਰੇ ਫੈਲੇ ਸਿਆਸੀ ਭੇੜ ਵਿਚ ਗਲਤੀ ਜਾਂ ਵਧੀਕੀ ਕਿਸੇ ਤੋਂ ਵੀ ਹੋਵੇ, ਕਟਹਿਰੇ ਵਿਚ ਮੈਨੂੰ ਖੜ੍ਹਨਾ ਪੈ ਜਾਂਦਾ ਹੈ। ਸਿਰ 'ਤੇ ਆ ਗਈਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਅਜਬ ਅਜਬ ਸਵਾਲਾਂ ਦਾ ਸਾਹਮਣਾ ਕਰਦਿਆਂ ਕਈ ਵਾਰ ਮੇਰੇ ਹਾਮੀ ਤੇ ਹਿਤੈਸ਼ੀ



ਪ੍ਰੋ. ਬਲਕਾਰ ਸਿੰਘ
ਫੋਨ: +91-93163-01328

ਨਾਰਾਜ਼ ਹੋ ਜਾਂਦੇ ਹਨ ਕਿਉਂਕਿ ਮੇਰੀ ਗੱਲਬਾਤ ਤੋਂ ਉਹ ਅੰਦਾਜ਼ਾ ਲਾ ਲੈਂਦੇ ਹਨ ਕਿ ਮੈਂ ਕੇਜਰੀਵਾਲ ਦੇ ਖਿਲਾਫ ਹਾਂ? ਇਹੋ ਜਿਹੇ ਵੇਲੇ ਸਭ ਨਾਲੋਂ ਵਧ ਇਹ ਸਵਾਲ ਪੁੱਛਿਆ ਜਾਣ ਲੱਗ ਪੈਂਦਾ ਹੈ ਕਿ ਮੈਂ ਕੇਜਰੀਵਾਲ ਦੇ ਖਿਲਾਫ ਕਿਉਂ ਹਾਂ? ਹੱਕ ਵਿਚ ਨਾ ਹੋਣ ਅਤੇ ਖਿਲਾਫ ਹੋਣ ਵਿਚ ਫਰਕ ਕਰਨ ਵਾਸਤੇ ਲੋੜੀਂਦੀ ਚੇਤਨਾ ਵੱਲ ਕੋਈ ਤੁਰਨਾ ਹੀ ਨਹੀਂ ਚਾਹੁੰਦਾ।

ਪੰਜਾਬ ਦੀ ਸਿਆਸਤ ਨਾਲ ਜੁੜੇ ਮੁੱਦੇ ਪਹਿਲਾਂ ਹੀ ਬਹੁਤ ਸਨ ਅਤੇ ਸਿਆਸੀ ਧੜਿਆਂ ਵੱਲੋਂ ਪੈਦਾ ਕੀਤੇ ਗਏ ਗਲਤ ਸਵਾਲਾਂ ਦਾ ਕੋਈ ਵੀ ਜਵਾਬ ਸਭ ਲਈ ਠੀਕ ਕਿਵੇਂ ਹੋ ਸਕਦਾ ਹੈ? ਕਿਸੇ ਵੀ ਰੰਗ ਦੇ ਸਿਆਸਤਦਾਨ ਨੂੰ ਹੱਕ ਵਿਚ ਨਾ ਭੁਗਤਣ ਵਾਲੀ ਸੁਰ ਬੁਰੀ ਲੱਗਣੀ ਕੁਦਰਤੀ ਹੈ। ਪਰ ਇਸ ਨੂੰ ਵਿਰੋਧ ਸਮਝਣ ਵਾਲਿਆਂ ਦਾ ਕੋਈ ਕੀ ਕਰੇ? ਸਿਆਸੀ ਮੁੱਦਿਆਂ 'ਤੇ ਚਰਚਾ ਚੰਗੀ ਗੱਲ ਹੈ। ਪਰ ਸਿਆਸੀ-ਮੁੱਦਿਆਂ ਦੀ ਥਾਂ ਸਿਆਸੀ-ਬੰਦਿਆਂ ਬਾਰੇ ਚਰਚਾ ਧੜੇਬੰਦੀ ਵੱਲ ਨੂੰ ਤੁਰ ਪੈਂਦੀ ਹੈ। ਇਸ ਵੇਲੇ ਪੰਜਾਬ ਦੀ ਸਿਆਸਤ ਦੀ ਇਹੋ ਮਜਬੂਰੀ ਹੈ। ਮੁੱਦਾ ਇਹ ਹੋਣਾ ਚਾਹੀਦਾ ਹੈ ਕਿ ਪੰਜਾਬ ਦੀ ਸਿਆਸੀ ਜਿੰਮੇਵਾਰੀ ਅਕਾਲੀ, ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਵਿਚੋਂ ਕਿਸ ਨੂੰ ਮਿਲਣੀ ਚਾਹੀਦੀ ਹੈ? ਮੁੱਦੇ ਦੀ ਥਾਂ ਤਿੰਨਾਂ ਹੀ ਪਾਰਟੀਆਂ ਦੀਆਂ ਆਗੂ ਸ਼ਖਸੀਅਤਾਂ ਚਰਚਾ ਦਾ ਵਿਸ਼ਾ ਬਣ ਜਾਂਦੀਆਂ ਹਨ। ਮਸਲਾ ਇਥੋਂ ਹੀ ਪੈਦਾ ਹੋ ਜਾਂਦਾ ਹੈ ਕਿਉਂਕਿ ਜਿਸ ਤਰ੍ਹਾਂ ਪੰਜਾਬ ਦੇ ਲੋਕ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਭੇਤੀ ਹਨ, ਉਸ ਤਰ੍ਹਾਂ ਕੇਜਰੀਵਾਲ ਦੇ ਭੇਤੀ ਨਹੀਂ ਹਨ।

ਕੇਜਰੀਵਾਲ ਨੂੰ ਤਬਦੀਲੀ ਦੀ ਰਾਜਨੀਤੀ ਦੇ ਪ੍ਰਤੀਨਿਧ ਵਜੋਂ ਦੇਖਿਆ ਜ਼ਰੂਰ ਜਾ ਰਿਹਾ ਹੈ ਅਤੇ ਇਸ ਨੂੰ ਸਥਾਪਤੀ ਵਿਰੁਧ ਬਦਲਾ ਲੈਣ ਦੀ ਮੁਹਿੰਮ ਵਾਂਗ ਉਸਾਰਨ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ। ਲੋਕ-ਫਤਵਾ ਜੋ ਵੀ ਹੋਏਗਾ, ਸਵੀਕਾਰ ਹੋ ਜਾਵੇਗਾ। ਪਰ ਲੋਕਾਂ ਸਾਹਮਣੇ ਉਹ ਸਾਰੇ ਤੱਥ ਆਉਣੇ ਚਾਹੀਦੇ ਹਨ, ਜਿਹੜੇ ਪੰਜਾਬ ਦੀ ਵਰਤਮਾਨ ਸਥਿਤੀ ਨਾਲ ਜੁੜੇ ਹੋਏ ਹਨ। ਵਰਤਮਾਨ ਸਥਿਤੀ ਬਹੁਤ ਸਾਰੀਆਂ ਸਥਿਤੀਆਂ ਵਿਚੋਂ ਲੰਘ ਕੇ ਇਥੇ ਪਹੁੰਚੀ ਹੈ। ਅੱਗੇ ਵੱਲ ਵਧਣ ਦੀ ਸਿਆਸਤ ਦੀ ਥਾਂ ਪਿੱਛੇ ਵੱਲ ਮੁੜਨ ਦੀ ਸਿਆਸਤ ਤੋਂ ਗੁਰੇਜ ਕਰਨਾ ਚਾਹੀਦਾ ਹੈ। ਸੁਤੰਤਰ ਭਾਰਤ ਵਿਚ ਪੰਜਾਬ ਦੀ ਰਾਜਨੀਤੀ ਸਿੱਖਾਂ ਦੀਆਂ ਸਿਆਸੀ ਅਕਾਂਖਿਆਵਾਂ ਦੇ ਇਰਦ-ਗਿਰਦ ਘੁੰਮਦੀ ਰਹੀ ਹੈ ਅਤੇ ਇਸ ਨੂੰ ਸਿੱਖਾਂ ਦੀ ਬਹੁਸੰਮਤੀ ਵਾਲੇ ਖਿੱਤੇ ਦੀ ਸਿਆਸਤ ਵਜੋਂ ਪੇਸ਼ ਕੀਤਾ ਜਾਂਦਾ ਰਿਹਾ ਹੈ। ਪੰਜਾਬੀ ਬੋਲਦੇ ਖਿੱਤੇ ਦੀ ਨਿਸ਼ਾਨਦੇਹੀ ਨਾਲ ਇਹ ਅਕਾਂਖਿਅਤ-ਖਿੱਤਾ ਪੰਜਾਬੀ ਸੂਬੇ ਦੇ ਰੂਪ ਵਿਚ ਸਾਹਮਣੇ ਆ ਵੀ ਗਿਆ ਹੈ। ਇਸ ਵਾਸਤੇ ਪੰਜਾਬੀਆਂ ਨੂੰ ਬਹੁਤ ਕੀਮਤ ਦੇਣੀ ਪਈ ਹੈ। ਹਿਮਾਚਲ ਅਤੇ ਪੰਜਾਬ ਨੂੰ ਬਿਨਾ ਮੰਗਿਆਂ ਅਤੇ ਬਿਨਾ ਕੋਈ ਕੀਮਤ ਦਿੱਤਿਆਂ ਪੰਜਾਬ ਦੇ ਕੁਦਰਤੀ ਅਤੇ ਸਨਅਤੀ ਅਸਾਸੇ ਜਿਸ ਮਾਤਰਾ ਵਿਚ ਮਿਲ ਗਏ ਹਨ, ਉਸੇ ਮਾਤਰਾ ਵਿਚ ਪੰਜਾਬੀ ਸੂਬਾ ਗਰੀਬ ਹੋ ਗਿਆ ਹੈ। ਜਿਹੋ ਜਿਹਾ ਭਾਸ਼ਾਈ ਸੂਬਾ, ਪੰਜਾਬ ਨੂੰ ਸਿਆਸੀ ਸੰਘਰਸ਼ ਨਾਲ ਮਿਲਿਆ ਹੈ, ਉਹੋ ਜਿਹਾ ਭਾਸ਼ਾਈ ਸੂਬਾ ਹਿਮਾਚਲੀ ਅਤੇ ਹਰਿਆਣਵੀ ਲੋਕਾਂ ਨੂੰ ਬਿਨਾ ਮੰਗਿਆਂ ਮਿਲ ਚੁਕਾ ਹੈ।

ਪੰਜਾਬ ਦੇ ਪਾਣੀਆਂ ਦੀ ਲੜਾਈ ਵੀ ਸੂਬਾਈ ਹਿਤਾਂ ਨਾਲ ਹੀ ਜੁੜੀ ਹੋਈ ਹੈ। ਇਸ ਨੂੰ ਧਿਆਨ ਵਿਚ ਰੱਖ ਕੇ ਹੀ ਪੰਜਾਬ ਦੀ ਸਿਆਸਤ ਬਾਰੇ ਸੋਚਿਆ ਜਾਣਾ ਚਾਹੀਦਾ ਹੈ। ਇਸ ਹਾਲਤ ਵਿਚ ਇਹ ਤੱਥ ਵੀ ਅੱਖੋਂ ਓਹਲੇ ਨਹੀਂ ਹੋਣਾ ਚਾਹੀਦਾ ਕਿ ਕੇਂਦਰੀਕਰਣ ਦੀ ਸਿਆਸਤ ਸੂਬਾਈ ਸਿਆਸਤ ਨੂੰ ਨਾ ਕਦੇ ਪਹਿਲਾਂ ਰਾਸ ਆਈ ਸੀ, ਨਾ ਇਸ ਵੇਲੇ ਆ ਰਹੀ ਹੈ ਅਤੇ ਨਾ ਹੀ ਭਵਿਖ ਵਿਚ ਰਾਸ ਆ ਸਕਣੀ ਹੈ। ਅਕਾਲੀ, ਕਾਂਗਰਸ ਨੂੰ ਇਸੇ ਨੁਕਤੇ 'ਤੇ ਹਰਾਉਂਦੇ ਰਹੇ ਹਨ। ਪੰਜਾਬ ਵਿਚ ਕਾਂਗਰਸ, ਕੇਂਦਰੀ ਲੀਡਰਸ਼ਿਪ ਦੇ ਸਿਰ 'ਤੇ ਕਦੇ ਵੀ ਨਹੀਂ ਜਿੱਤੀ ਅਤੇ ਜਦੋਂ ਵੀ ਜਿੱਤੀ ਹੈ, ਕਾਂਗਰਸ ਦੀ ਸਥਾਪਤ ਸੂਬਾਈ ਲੀਡਰਸ਼ਿਪ ਦੀ ਅਗਵਾਈ ਵਿਚ ਹੀ ਜਿੱਤੀ ਹੈ। ਇਸ ਵੇਲੇ ਵੀ ਕਾਂਗਰਸ ਦੀ ਸਿਆਸਤ, ਕੈਪਟਨ ਅਮਰਿੰਦਰ ਸਿੰਘ ਦੇ ਆਸਰੇ ਨਾਲ ਹੀ ਖੜ੍ਹੀ ਹੈ।

ਸ. ਪ੍ਰਕਾਸ਼ ਸਿੰਘ ਬਾਦਲ ਵੀ ਬੇਸ਼ੱਕ ਇਸੇ ਤਰ੍ਹਾਂ ਅਕਾਲੀ ਸਿਆਸਤ ਦੀ ਧਰੋਹਰ ਹਨ। ਪਰ ਕਿਸੇ ਵੀ ਰੰਗ ਦੀ ਸਿੱਖ ਸਿਆਸਤ ਪੰਜਾਬ ਦੀ ਵਿਰਾਸਤੀ ਸਿਆਸਤ ਵਾਂਗ ਵੇਖੀ ਜਾਂਦੀ ਰਹੀ ਹੈ। ਸ. ਬਾਦਲ ਵੀ ਇਸ ਨੂੰ ਆ ਰਹੀਆਂ ਚੋਣਾਂ ਵਿਚ ਖਰਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਇਸ ਦੇ ਬਦਲ ਵਜੋਂ ਲੋਕਾਂ ਵਿਚ ਜਾ ਰਹੇ ਹਨ। ਦੋਵੇਂ ਲੀਡਰ, ਆਮ ਪੰਜਾਬੀ ਦੀ ਮਾਨਸਿਕਤਾ ਨਾਲ ਕਿਸੇ ਨਾ ਕਿਸੇ ਤਰ੍ਹਾਂ ਜੁੜੇ ਹੋਏ ਹਨ ਅਤੇ ਮੁਕਾਬਲਾ ਵੀ ਇਨ੍ਹਾਂ ਦੋਹਾਂ ਵਿਚਕਾਰ ਲੱਗਦਾ ਹੈ। ਇਸ ਨਾਲ ਮੁੱਦਾ ਇਹ ਪੈਦਾ ਹੋ ਗਿਆ ਹੈ ਕਿ ਕੇਜਰੀਵਾਲ ਦੀ ਅਗਵਾਈ ਵਿਚ ਪੈਦਾ ਹੋ ਗਈ ਤੀਜੀ ਧਿਰ ਨੂੰ ਕਿਸ ਤਰ੍ਹਾਂ ਵੇਖਿਆ ਜਾਵੇ? ਵਾਰਸੀ ਸਿਆਸਤ ਵਿਚ ਟਿਕਾ ਕੇ ਤਾਂ ਇਸ ਨੂੰ ਵੇਖਿਆ ਨਹੀਂ ਜਾ ਸਕਦਾ। ਇਸ ਨਾਲ ਇਹ ਵੇਖੇ ਜਾਣ ਦੀ ਲੋੜ ਪੈ ਗਈ ਹੈ ਕਿ ਕੇਜਰੀਵਾਲ ਨਾਲ ਜੁੜੇ ਹੋਏ ਪੰਜਾਬੀਆਂ ਦੀ ਸਿਆਸਤ ਕੀ ਹੈ ਜਾਂ ਇਸ ਨੂੰ ਸਿਆਸਤ ਕਹਿ ਵੀ ਸਕਦੇ ਹਾਂ ਜਾਂ ਨਹੀਂ?




ਇਹ ਠੀਕ ਹੈ ਕਿ ਕੇਜਰੀਵਾਲ ਨੂੰ ਪੰਜਾਬੀਆਂ ਨੇ ਪਾਰਲੀਮੈਂਟ ਦੀਆਂ ਚਾਰ ਸੀਟਾਂ ਜਿਤਾ ਕੇ ਅਣਭੋਲ ਹੀ ਸੱਦਾ ਦੇ ਲਿਆ ਹੈ ਅਤੇ ਇਸ ਨਾਲ ਪੈਦਾ ਹੋ ਗਿਆ ਸਿਆਸੀ ਭਰਮ ਹੀ ਕੇਜਰੀਵਾਲ ਦੀ ਸਿਆਸਤ ਹੋ ਗਿਆ ਹੈ। ਸਿਧਾਂਤਮੁਕਤ ਸਿਆਸਤ ਦੀ ਇਸ ਨਾਲੋਂ ਵਧੀਆ ਮਿਸਾਲ ਹੋਰ ਕੋਈ ਨਹੀਂ ਹੋ ਸਕਦੀ। ਕੇਜਰੀਵਾਲ ਦੀ ਸਿਆਸਤ, ਨਾਹਰੇਬਾਜ਼ੀ ਦੀ ਸਿਆਸਤ ਹੈ, ਉਧੜਧੁੰਮੀ ਦੀ ਸਿਆਸਤ ਹੈ ਅਤੇ ਅਪਹਰਣ ਦੀ ਸਿਆਸਤ ਹੈ। ਇਸ ਨਾਲ ਕਿਸੇ ਦਾ ਕੀ ਭਲਾ ਹੋ ਸਕਦਾ ਹੈ, ਇਹ ਵਿਚਾਰੇ ਜਾਣ ਦੀ ਲੋੜ ਹੈ। ਇਸ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ ਕਿ ਕੇਜਰੀਵਾਲ ਦੀ ਸਿਆਸਤ ਉਖੜੇ ਹੋਏ ਕੁਹਾੜੇ ਵਾਂਗ ਸ਼ੁਰੂ ਹੋਈ ਸੀ ਅਤੇ ਉਸ ਨੂੰ ਕੁਹਾੜੇ ਦਾ ਦਸਤਾ ਦਿੱਲੀ ਦੀਆਂ ਵਿਧਾਨ ਸਭਾਈ ਚੋਣਾਂ ਦੀ ਜਿੱਤ ਨਾਲ ਮਿਲ ਗਿਆ ਸੀ। ਜਿਸ ਭਾਲ ਵਿਚ ਉਹ ਭਟਕ ਰਿਹਾ ਸੀ, ਉਹ ਉਸ ਨੂੰ ਦਿੱਲੀ ਨਾਲੋਂ ਵਧ ਪੰਜਾਬ ਵਿਚ ਨਜ਼ਰ ਆਉਣ ਲੱਗ ਪਈ ਸੀ।

ਪੰਜਾਬ ਵਿਚ 'ਆਪ' ਦੀ ਅਣਕਿਆਸੀ ਜਿੱਤ ਦਾ ਲੇਖਾ-ਜੋਖਾ ਅਜੇ ਹੋਣਾ ਹੈ ਅਤੇ ਇਸ ਨਾਲ ਮੁਦਾਹੀਨ ਸ਼ੋਰੀਲੀ ਸਿਆਸਤ ਦੀਆਂ ਬਹੁਤ ਸਾਰੀਆਂ ਪਰਤਾਂ ਸਾਹਮਣੇ ਆ ਵੀ ਸਕਦੀਆਂ ਹਨ। ਪਰ ਆ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਕੇਜਰੀਵਾਲ ਤੋਂ ਇਹ ਤਾਂ ਪੁੱਛਿਆ ਹੀ ਜਾਣਾ ਚਾਹੀਦਾ ਹੈ ਕਿ ਉਹ ਪੰਜਾਬ ਦੀ ਸਿਆਸਤ ਨੂੰ ਕਿਧਰ ਨੂੰ ਤੋਰਨਾ ਚਾਹੁੰਦਾ ਹੈ? ਚੰਗਾ ਹੋਵੇ ਜੇ ਤਿੰਨਾਂ ਧਿਰਾਂ ਦੇ ਮੁਖੀਆਂ ਜਾਂ ਮੁਖੀਆਂ ਦੇ ਪ੍ਰਤੀਨਿਧਾਂ ਦਾ ਖੁੱਲ੍ਹਾ ਸੰਵਾਦ ਕਰਵਾ ਲਿਆ ਜਾਵੇ। ਪਰ ਇਸ ਵਾਸਤੇ ਸਮਾਂ ਹੀ ਕਿਥੇ ਰਹਿ ਗਿਆ ਹੈ!

ਮੁੱਦਾ ਇਹ ਹੋ ਗਿਆ ਹੈ ਕਿ ਜਿਹੜੀਆਂ ਧਿਰਾਂ ਤੋਂ ਕੇਜਰੀਵਾਲ ਨੂੰ ਹੁੰਗਾਰਾ ਮਿਲ ਰਿਹਾ ਹੈ, ਕੀ ਉਨ੍ਹਾਂ ਦੀਆਂ ਰੀਝਾਂ ਅਤੇ ਸੁਪਨਿਆਂ ਦੀ ਪਹਿਲਤਾਜ਼ਗੀ ਨੂੰ ਉਹ ਕਾਇਮ ਰੱਖ ਸਕੇਗਾ?

ਪੰਜਾਬੀਆਂ ਦੀ ਸ਼ਰੀਕੇਬਾਜ਼ੀ ਤੋਂ ਉਹ ਜੇ ਵਾਕਫ ਨਹੀਂ ਹੈ ਤਾਂ ਉਸ ਦੀ ਮਾਅਰਕੇਬਾਜ਼ੀ, ਉਸ ਨੂੰ ਪੁੱਠੀ ਵੀ ਪੈ ਸਕਦੀ ਹੈ। ਇਹ ਪੰਜਾਬ, ਗੁਰੂ ਦੇ ਨਾਮ 'ਤੇ ਜਿਉਂਦਾ ਹੈ ਅਤੇ ਕੇਜਰੀਵਾਲ ਦੀ ਜੁੰਡਲੀ ਨੂੰ ਇਸ ਦੀ ਬਿਲਕੁਲ ਸਮਝ ਨਹੀਂ ਹੈ। ਇਸ ਦਾ ਪ੍ਰਗਟਾਵਾ ਲਗਾਤਾਰ ਹੁੰਦਾ ਆ ਰਿਹਾ ਹੈ। ਪੰਜਾਬੀਆਂ ਨੂੰ ਜਿਹੋ ਜਿਹੇ ਸਿੱਧੜ ਉਸ ਦੀ ਜੁੰਡਲੀ ਨੇ ਸਮਝ ਲਿਆ ਹੈ, ਇਸ ਦੀ ਕੀਮਤ ਦੇਣ ਲਈ ਕੇਜਰੀਵਾਲ ਨੂੰ ਤਿਆਰ ਰਹਿਣਾ ਚਾਹੀਦਾ ਹੈ। ਪੰਜਾਬੀਆਂ ਨੂੰ ਪੰਜਾਬ ਹਿਤੈਸ਼ੀ ਹੋਣ ਦੀ ਸਿਆਸਤ ਦੀ ਲੋੜ ਨਹੀਂ, ਪੰਜਾਬ ਹਿਤੈਸ਼ੀ ਹੋਣ ਲਈ ਸਿਰ ਦੇਣ ਵਾਲਿਆਂ ਦੀ ਲੋੜ ਹੈ। ਅਜੇ ਤੱਕ ਕੇਜਰੀਵਾਲ ਨੇ ਇਸ ਪਾਸੇ ਤੁਰਨਾ ਹੈ ਅਤੇ ਜੋ ਇਸ ਪਾਸੇ ਪਹਿਲਾਂ ਹੀ ਤੁਰੇ ਹੋਏ ਹਨ, ਉਨ੍ਹਾਂ ਨੂੰ ਮਹਿਜ ਵੋਟ ਬੈਂਕ ਸਮਝ ਕੇ ਸਿਆਸੀ ਸ਼ੋਸ਼ਣ ਦੀ ਰਾਜਨੀਤੀ ਤੋਂ ਗੁਰੇਜ ਕਰਨਾ ਚਾਹੀਦਾ ਹੈ।

ਕੇਜਰੀਵਾਲ ਤੋਂ ਪਹਿਲਾਂ ਪੰਜਾਬ ਦੀ ਸਿਆਸਤ ਵਿਚ ਬਹੁਤ ਸਾਰੇ ਤਜ਼ਰਬੇ ਹੋ ਚੁੱਕੇ ਹਨ। ਮਾਇਆਵਤੀ ਦੀ ਜਾਤੀਵਾਦੀ ਸਿਆਸਤ ਪੰਜਾਬ ਵਿਚ ਇਸ ਕਰਕੇ ਪੈਰ ਨਹੀਂ ਜਮਾ ਸਕੀ ਕਿਉਂਕਿ ਉਹ ਆਪਣੀ ਪਾਰਟੀ ਦਾ ਕੋਈ ਪੰਜਾਬੀ ਚਿਹਰਾ ਪੈਦਾ ਨਾ ਕਰ ਸਕੀ। ਖੱਬੇਪੱਖੀ ਸਿਧਾਂਤਕ ਸਿਆਸਤ ਵੀ ਪੰਜਾਬ ਵਿਚ ਇਸੇ ਕਰਕੇ ਫੇਲ੍ਹ ਹੋਈ ਹੈ ਕਿ ਉਹ ਵੀ ਪੰਜਾਬੀ ਚਿਹਰਾ ਪੈਦਾ ਨਾ ਕਰ ਸਕੇ। ਕੇਜਰੀਵਾਲ ਨੇ ਤਾਂ ਪੈਦਾ ਹੁੰਦੇ ਪੰਜਾਬੀ ਚਿਹਰਿਆਂ ਦਾ ਰਾਹ ਜਿਸ ਤਰ੍ਹਾਂ ਰੋਕਿਆ ਹੈ, ਉਸ ਨਾਲ ਉਹ ਘੁਸਪੈਠੀਆ ਸਿਆਸਤ ਦਾ ਪ੍ਰਤੀਨਿਧ ਹੋ ਗਿਆ ਹੈ ਅਤੇ ਇਸ ਗੱਲ ਦੀ ਸਮਝ ਉਸ ਦੇ ਪੰਜਾਬੀ ਸਮਰਥਕਾਂ ਨੂੰ ਵੀ ਆਉਣ ਲੱਗ ਪਈ ਹੈ। ਪੰਜਾਬ ਦੀ ਸਿਆਸਤ, ਸ਼ੇਰ ਦੀ ਸਵਾਰੀ ਕਰਨ ਵਰਗੀ ਸਿਆਸਤ ਰਹੀ ਹੈ ਅਤੇ ਇਸ ਨੂੰ ਸੰਭਲ ਕੇ ਹੱਥ ਪਾਏ ਜਾਣ ਦੀ ਲੋੜ ਹੈ। ਕੇਜਰੀਵਾਲ ਦੀ ਸਿਆਸੀ ਜੁੰਡਲੀ ਇਹ ਵੀ ਨਹੀਂ ਸਮਝ ਸਕੀ।

ਅਜੋਕੇ ਸਿਆਸਤਦਾਨਾਂ ਦੀ ਸਾਖ ਆਮ ਲੋਕਾਂ ਦੀਆਂ ਨਿਗਾਹਾਂ ਵਿਚ ਬਹੁਤ ਡਿੱਗ ਚੁੱਕੀ ਹੈ ਅਤੇ ਇਸ ਹਾਲਤ ਵਿਚ ਬਿਨਾ ਜਾਣਿਆਂ ਤੇ ਬਿਨਾ ਸਮਝਿਆਂ ਕੇਜਰੀਵਾਲ ਦੇ ਮਗਰ ਲੱਗਣਾ ਖਤਰਨਾਕ ਸਾਬਤ ਹੋ ਸਕਦਾ ਹੈ। ਇਸ ਕਰਕੇ ਮੁੱਦਿਆਂ ਤੋਂ ਭਟਕੀ ਪੰਜਾਬ ਦੀ ਸਿਆਸਤ ਵਾਸਤੇ ਲੀਡਰਸ਼ਿਪ ਦੀ ਚੋਣ ਕਰਨ ਲੱਗਿਆਂ ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਦਿੱਲੀ ਤੋਂ ਸਿੱਧੇ ਜਾਂ ਅਸਿੱਧੇ ਢੰਗ ਨਾਲ ਨਿਰਦੇਸ਼ਤ ਸਿਆਸਤ, ਨਾ ਪੰਜਾਬ ਨੂੰ ਕਦੇ ਰਾਸ ਆਈ ਹੈ ਅਤੇ ਨਾ ਹੀ ਆਉਣੀ ਹੈ।

# ਸੁੱਤੀਆਂ-ਜਾਗਦੀਆਂ ਜਮੀਰਾਂ 'ਚ ਲੱਗੇਗੀ ਸਿਰ-ਧੜ ਦੀ ਬਾਜ਼ੀ

ਆਜ਼ਾਦੀ ਪਿਛੋਂ ਪੰਜਾਬ ਵਿਧਾਨ ਸਭਾ ਦੀਆਂ 14 ਚੋਣਾਂ ਦੇਖ ਚੁਕਾ ਹੈ ਅਤੇ ਹਰ ਵਾਰ ਅਕਾਲੀ, ਭਾਜਪਾ, ਜੋ ਕਦੇ ਜਨਸੰਘ ਅਖਵਾਉਂਦੀ ਸੀ, ਅਤੇ ਕਾਂਗਰਸ ਹੀ ਸੱਤਾ 'ਤੇ ਕਾਬਜ ਰਹੀਆਂ ਹਨ। ਹਰ ਸਿਆਸੀ ਪਾਰਟੀ ਖੁਦ ਨੂੰ ਲੋਕਾਂ ਦੀ ਸਭ ਤੋਂ ਵੱਧ ਹਿਤੈਸ਼ੀ ਗਰਦਾਨਦੀ ਹੈ ਅਤੇ ਦੂਜੀਆਂ ਨੂੰ ਲੋਕ ਦੀ ਦੁਸ਼ਮਣ ਸਿੱਧ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਦੀ। ਇਹ ਵਰਤਾਰਾ ਸਿਰਫ ਵੋਟਾਂ

ਲਖਵਿੰਦਰ ਸਿੰਘ ਮੌੜ
ਫੋਨ: 91-94177-52063

ਵੇਲੇ ਭਾਸ਼ਣਬਾਜ਼ੀ ਤੱਕ ਹੀ ਸਿਮਟ ਕੇ ਰਹਿ ਜਾਂਦਾ ਹੈ, ਉਸ ਤੋਂ ਬਾਅਦ ਸਭ ਭੁੱਲ-ਭੁੱਲਾ ਜਾਂਦੇ ਹਨ। ਕਿਸੇ ਨੇ ਲਾਏ ਗਏ ਇਲਜ਼ਾਮਾਂ ਦੀ ਪੜਤਾਲ ਨਹੀਂ ਕੀਤੀ, ਭੋਲੇ ਲੋਕ ਸਿਰਫ ਤਾੜੀਆਂ ਵਜਾ ਕੇ ਹੀ ਲੱਗੀਆਂ ਤੁਹਮਤਾਂ 'ਤੇ ਅਪਣੀਆਂ ਸੀਮਤ ਭਾਵਨਾਵਾਂ ਦਾ ਪ੍ਰਗਟਾਵਾ ਕਰ ਜਾਂਦੇ ਸਨ।

ਅਜੋਕੇ ਮੀਡੀਏ ਦੇ ਆਮਦ ਤੋਂ ਪਹਿਲਾਂ ਲਾਈਆਂ ਤੁਹਮਤਾਂ ਦੀ ਪੈਰਵੀ ਵੀ ਨਹੀਂ ਸੀ ਹੁੰਦੀ, ਜਿਵੇਂ ਕਿਸੇ ਸਿਆਸੀ ਨੇਤਾ ਨੇ ਕਿਸੇ 'ਤੇ ਤੁਹਮਤ ਲੱਗਾ ਦਿੱਤੀ ਉਸੇ ਉਤੇ ਯਕੀਨ ਕਰ ਲਿਆ ਜਾਂਦਾ ਸੀ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਸਿਆਸੀ ਦਲਾਂ ਦੀ ਇਲਜ਼ਾਮਬਾਜ਼ੀ ਵਿਚ ਵੀ ਮਿਲੀਭੁਗਤ ਸਾਫ ਝਲਕਦੀ ਸੀ। ਸਾਰੀਆਂ ਸਿਆਸੀ ਧਿਰਾਂ ਇੱਕ ਦੂਜੇ ਦੇ ਗੰਭੀਰ ਔਗੁਣ ਛੁਪਾ ਕੇ ਹੀ ਬਿਆਨ ਦਾਗਦੀਆਂ ਸਨ ਜਾਂ ਆਗੂ ਅਜਿਹੇ ਬਿਆਨ ਦਿੰਦੇ ਜਿਨ੍ਹਾਂ ਦਾ ਸਪਸ਼ਟੀਕਰਨ ਦੇਣਾ ਆਸਾਨ ਹੁੰਦਾ।

ਇਸ ਤੋਂ ਇਲਾਵਾ ਧਰਮ ਦੇ ਨਾਂ ਦੀ ਰੱਜਵੀਂ ਦੁਰਵਰਤੋਂ ਵੀ ਹੁੰਦੀ ਰਹੀ ਹੈ। ਜਿਵੇਂ ਧਰਮ ਯੁੱਧ ਮੋਰਚੇ ਨੂੰ ਅਕਾਲੀਆਂ ਨੇ ਖੂਬ ਪ੍ਰਚਾਰਿਆ ਅਤੇ ਲਾਹਾ ਖੱਟਿਆ ਹੈ। ਪੰਜਾਬੀ ਸੂਬੇ ਦੇ ਨਾਮ 'ਤੇ ਬੇ-ਹਿਸਾਬੀ ਸਿਆਸਤ ਹੁੰਦੀ ਰਹੀ ਹੈ। ਸ. ਪ੍ਰਕਾਸ਼ ਸਿੰਘ ਬਾਦਲ ਨੇ ਜੇਲਾਂ ਕੱਟਣ ਦੀਆਂ ਸਾਖੀਆਂ ਸੁਣਾ ਕੇ ਲੋਕਾਂ ਦੀ ਕਾਫੀ ਹਮਦਰਦੀ ਖੱਟੀ ਹੈ ਪਰ ਖੁਦ ਕਦੇ ਲੋਕਾਂ ਦੇ ਹਮਦਰਦ ਨਾ ਬਣ ਸਕੇ ਜਿਸ ਦਾ ਭੇਦ ਬਹੁਤਾ ਲੰਮਾ ਸਮਾਂ ਬਰਕਰਾਰ ਨਹੀਂ ਰੱਖਿਆ ਜਾ ਸਕਿਆ ਅਤੇ ਅਖੀਰ ਲੋਕਾਂ ਨੂੰ ਪਤਾ ਲੱਗ ਹੀ ਗਿਆ ਕਿ ਇਹ ਸਭ ਰਾਜ ਹਾਸਲ ਕਰਨ ਲਈ ਲੋਕਾਂ ਦੇ ਜਜ਼ਬਾਤ ਭੜਕਾਉਣ ਲਈ ਜਰੂਰੀ ਸੀ ਅਤੇ ਭੋਲੇ ਲੋਕ ਜਜ਼ਬਾਤੀ ਹੋ ਕੇ ਬਿਨਾ ਸੋਚੇ ਸਮਝੇ ਅਜਿਹੇ ਵਿਅਕਤੀਆਂ ਨੂੰ ਆਪਣਾ ਨੇਤਾ ਚੁਣ ਕੇ ਉਮਰਾਂ ਦਾ ਦੁੱਖ ਸਹੇੜ ਲੈਂਦੇ ਹਨ, ਜਿਸ ਦਾ ਇਲਾਜ ਪੰਜ ਸਾਲਾਂ ਤੱਕ ਮਿਲਦਾ ਹੀ ਨਹੀਂ।

ਜਦੋਂ ਦੀ ਆਮ ਆਦਮੀ ਪਾਰਟੀ ਹੋਂਦ ਵਿਚ ਆਈ ਹੈ, ਤਦ ਤੋਂ ਭਾਰਤ ਦੀਆਂ ਸਿਆਸੀ ਸਮੀਕਰਨਾਂ ਬਦਲ ਗਈਆਂ ਹਨ। ਹੁਣ ਸਥਿਤੀ ਇਹ ਹੈ ਕਿ ਇਲਜ਼ਾਮਾਂ ਦੀ ਵੀ ਪੜਤਾਲ ਹੋਣ ਲੱਗ ਪਈ ਹੈ ਕਿ ਇਨ੍ਹਾਂ ਵਿਚ ਕਿੱਥੋਂ ਤੱਕ ਸੱਚਾਈ ਹੈ? ਇਸ ਪਾਰਟੀ ਦੇ ਸਿਆਸੀ ਖੇਤਰ ਵਿਚ ਉਭਰਨ ਨਾਲ ਅਨੇਕਾਂ ਗੁੱਝੇ ਤੱਥ ਉਜਾਗਰ ਹੋਏ ਹਨ, ਜੋ ਅੱਜ ਤੱਕ ਕਿਸੇ ਨੂੰ ਪਤਾ ਹੀ ਨਹੀਂ ਸੀ ਜਿਵੇਂ ਦਿੱਲੀ ਪੁਲਿਸ ਦਾ ਦਿੱਲੀ ਸਰਕਾਰ ਦੇ ਅਧੀਨ ਨਾ ਹੋ ਕੇ, ਕੇਂਦਰ ਦੇ ਅਧੀਨ ਹੋਣ ਵਾਲਾ ਗੁੱਝਾ ਤੱਥ ਆਮ ਆਦਮੀ ਪਾਰਟੀ ਦੀ ਆਮਦ ਨੇ ਹੀ ਜੱਗ ਜ਼ਾਹਰ ਕੀਤਾ ਹੈ। ਦਿੱਲੀ ਵਿਚ ਪਾਣੀ ਦੇ ਟੈਂਕਰਾਂ ਦੀ ਲੁੱਟ ਵਾਲਾ ਤੱਥ ਇਸ ਦੀਆਂ ਮਿਸਾਲਾਂ ਹਨ। ਪਰ ਆਮ ਆਦਮੀ ਪਰਟੀ ਦੇ ਬਹੁਤੇ ਉਮੀਦਵਾਰ ਲੋਕ ਮਨਾਂ ਦੇ ਨਾਇਕ ਨਹੀਂ ਬਣ ਸਕੇ।

ਪੰਜਾਬ ਦੇ ਲੋਕ ਇਹ ਸੋਚਣ ਲਈ ਮਜਬੂਰ ਹਨ ਕਿ ਰਾਜ ਦੀਆਂ 22500 ਸੰਸਥਾਵਾਂ ਨੂੰ 90 ਕਰੋੜ ਦੇ ਭਾਂਡੇ ਦੇ ਕੇ ਕਿਹੜੇ ਲੋਕ ਪੱਖੀ ਵਿਕਾਸ ਕਾਰਜ ਹੋ ਰਹੇ ਹਨ ਜਦਕਿ ਸਰਕਾਰ ਨੂੰ ਇਹ ਫੈਸਲਾ ਵੀ ਵਿਵਾਦਾਂ ਤੋਂ ਡਰਦਿਆਂ ਵਾਪਸ ਲੈਣਾ ਪੈ ਗਿਆ ਕਿਉਂਕਿ ਟੈਂਡਰ ਲੈਣ ਵਾਲੀ ਕੰਪਨੀ ਉਸ ਵੇਲੇ ਕਿਤਾਬਾਂ ਦੇ ਘਪਲੇ ਵਿਚ ਘਿਰੀ ਹੋਈ ਸੀ। ਮੌਜੂਦਾ ਪੰਚਾਇਤ ਮੰਤਰੀ ਸਿੰਕਦਰ ਸਿੰਘ ਮਲੂਕਾ ਉਸ ਸਮੇਂ ਸਿੱਖਿਆ ਮੰਤਰੀ ਸਨ। ਦੂਜਾ, ਭਾਂਡਿਆਂ ਦੀ ਕੁਆਲਿਟੀ ਅਤੇ ਕੀਮਤ ਵੀ ਸ਼ੱਕ ਦੇ ਘੇਰੇ ਵਿਚ ਆ ਗਏ। ਇਸ ਤੋਂ ਇਲਾਵਾ ਹੋਰ ਵੀ ਕਈ ਨੌਕਰੀਆਂ ਵਿਚ ਘਪਲੇ ਕਰਨ ਵਾਲੇ ਮਨਹੂਸ ਕਾਰੇ ਸਾਹਮਣੇ ਆਏ ਜੋ 'ਮਾਣ ਅਕਾਲੀ ਹੋਣ 'ਤੇ' ਨੂੰ ਦਾਗਦਾਰ ਕਰ ਰਹੇ ਹਨ। ਇਹ ਸਭ ਕੁਝ ਮੀਡੀਆ ਅਤੇ ਆਰ.ਟੀ.ਆਈ. ਐਕਟ ਦੀ ਆਮਦ ਨੇ ਜੱਗ ਜ਼ਾਹਰ ਕੀਤਾ। ਜਾਗਦੀਆਂ ਜਮੀਰਾਂ ਵਾਲੇ ਇਨ੍ਹਾਂ ਵਰਤਾਰਿਆਂ ਤੋਂ ਅਣਜਾਣ ਨਹੀਂ। ਹਾਂ ਕੁੱਝ ਕੁ ਸੁੱਤੀਆਂ ਜਮੀਰਾਂ ਵਾਲੇ ਅੱਜ ਵੀ ਘਪਲਿਆਂ ਵਿਚ ਲਬਰੇਜ਼ ਹਾਕਮ ਜਮਾਤਾਂ ਨੂੰ ਸ਼ਹਿ ਦੇ ਕੇ ਸਮੁੱਚੇ ਪੰਜਾਬੀਆਂ ਦੇ ਗਲ ਛੁਰੀਆਂ ਚਲਾਉਣ ਲੱਗੇ ਹੋਏ ਹਨ।

ਹੱਕ-ਸੱਚ ਦੀ ਆਵਾਜ਼ ਉਠਾਉਣ ਵਾਲੇ ਸਗੰਠਨਾਂ 'ਤੇ ਲਾਠੀਚਾਰਜ ਕਰਨ ਵੇਲੇ ਹਾਕਮ ਜਮਾਤਾਂ ਦਾ ਕਰੂਰ ਚਿਹਰਾ ਇੱਕ ਦੂਜੇ ਨਾਲ ਪੂਰੀ ਤਰ੍ਹਾਂ ਮਿਲਦਾ-ਜੁਲਦਾ ਰਿਹਾ ਹੈ। ਇਸ ਦਰਿੰਦੇ ਚਿਹਰੇ ਦੀ ਪਹਿਚਾਣ ਸਿਰਫ ਜਾਗਦੀਆਂ ਜਮੀਰਾਂ ਵਾਲਿਆਂ ਨੂੰ ਹੈ, ਸੁੱਤੀਆਂ ਜਮੀਰਾਂ ਵਾਲੇ ਇਸ ਨੂੰ ਹਾਕਮ ਜਮਾਤ ਵੱਲੋਂ ਕੀਤੀ ਗਈ 'ਸਰਕਾਰੀ' ਕਾਰਵਾਈ ਕਰਾਰ ਦਿੰਦੇ ਹਨ।

ਮੁਜਾਹਰਾਕਾਰੀਆਂ ਦੀਆਂ ਮੰਗਾਂ ਵੱਲ ਧਿਆਨ ਦੇਣ ਦੀ ਥਾਂ ਮੱਛੀਆਂ ਮਾਸ ਕਰ ਦੇਣ ਵਿਚ ਕਾਂਗਰਸੀ-ਅਕਾਲੀ ਮਿਲਦੀ-ਜੁਲਦੀ ਰਾਇ ਦੇ ਮਾਲਕ ਹਨ, ਕਿਉਂਕਿ ਹਾਕਮ ਜਮਾਤ ਬਦਲ ਜਾਂਦੀ ਹੈ, ਮਾਨਸਿਕਤਾ ਉਹੀ ਰਹਿੰਦੀ ਹੈ। ਪੁਲਿਸ, ਫੌਜ, ਸਰਕਾਰੀ ਡਾਂਗਾਂ, ਜਲ ਤੋਪਾਂ ਵੀ ਉਹੀ ਰਹਿੰਦੀਆਂ ਹਨ, ਜਿਸ ਦੇ ਇਸ਼ਾਰੇ 'ਤੇ ਇਹ ਆਪਣਾ 'ਕੰਮ' ਕਰਦੀਆਂ ਹਨ, ਸਿਰਫ ਹਾਕਮ ਟੋਲੀ ਹੀ ਬਦਲਦੀ ਹੈ। ਬਦਲੀ ਹਾਕਮ ਟੋਲੀ ਦੀ ਦਿੱਖ ਜਾਗਦੀ ਅਤੇ ਸੁੱਤੀ ਜਮੀਰ ਦੀ ਨਜ਼ਰ ਵਿਚ ਵੱਖਰੀ-ਵੱਖਰੀ ਹੁੰਦੀ ਹੈ।

'ਇੱਕ ਘਰ ਇੱਕ ਨੌਕਰੀ' ਦਾ ਫਾਰਮ ਭਰ ਕੇ ਬੇਰੁਜਗਾਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਵੋਟਾਂ ਬਟੋਰਨ ਦੇ ਰੌਂਅ ਵਿਚ ਬੈਠੀ ਕੈਪਟਨ ਦੀ ਕਾਂਗਰਸ ਸਰਕਾਰ ਨੂੰ ਯਾਦ ਕਰੋ ਕਿ ਉਸ ਵੇਲੇ ਰੁਜਗਾਰ ਮੰਗਦੇ ਬੇਰੁਜਗਾਰਾਂ ਨੂੰ ਕਿਵੇਂ ਡਾਂਗਾਂ ਨਾਲ ਕੁੱਟਿਆ ਅਤੇ ਜੇਲ੍ਹਾਂ ਵਿਚ ਸੁੱਟਿਆ ਜਾਂਦਾ ਸੀ। ਅੱਜ ਉਮਰ ਹੱਦ 37 ਤੋਂ ਵਧਾ ਕੇ 42 ਸਾਲ ਕਰਨ ਦੇ ਵਾਅਦੇ ਕਰਨ ਵਾਲਾ ਕੈਪਟਨ ਹੀ ਉਮਰ ਸੀਮਾ 42 ਤੋਂ 37 ਸਾਲ ਕਰਨ ਲਈ ਜਿੰਮੇਵਾਰ ਹੈ। ਜਾਗਦੀਆਂ ਜਮੀਰਾਂ ਵਾਲੇ ਕਾਂਗਰਸ ਦੀ ਹਕੂਮਤ ਦੀਆਂ ਜ਼ਿਆਦਤੀਆਂ ਨੂੰ ਭੁੱਲੇ ਨਹੀਂ, ਸੁੱਤੀਆਂ ਜਮੀਰਾਂ ਵਾਲਿਆਂ ਨੂੰ ਕੁੱਝ ਯਾਦ ਨਹੀਂ ਹੋਣਾ। ਕਾਂਗਰਸ ਦੀ ਹਕੂਮਤ ਵੇਲੇ ਕੁੱਟੇ ਗਏ ਲੋਕਾਂ ਦੇ ਧੀਆਂ-ਪੁੱਤਾਂ ਦੇ ਸਿਰਾਂ ਵਿਚ ਲੱਗੇ ਟਾਂਕੇ ਅੱਜ ਵੀ ਕਾਂਗਰਸੀ ਕਹਿਰ ਦੀ ਖੂਨੀ ਗਵਾਹੀ ਭਰਦੇ ਹਨ। ਕਿਸਾਨ/ਮਜਦੂਰ ਜਥੇਬੰਦੀਆਂ ਨੂੰ ਮਾਈਸਰਖਾਨਾ, ਰਾਏਪੁਰ-ਮਾਖਾ, ਧੌਲਾ-ਛੰਨਾਂ, ਭਾਈ ਬਖਤੌਰ, ਮਟਕਾ ਚੌਂਕ ਭੁੱਲੇ ਨਹੀਂ ਹੋਣੇ। ਜਾਗਦੀਆਂ ਜਮੀਰਾਂ ਵਾਲੇ ਅੱਜ ਵੀ ਉਸ ਕਹਿਰ ਨੂੰ ਚੇਤੇ ਵਿਚ ਵਸਾਈ ਬੈਠੇ ਹਨ ਅਤੇ ਸੁੱਤੀਆਂ ਜਮੀਰਾਂ ਵਾਲਿਆਂ ਨੇ ਹਕੂਮਤੀ ਕਹਿਰ ਦਾ ਨੰਗਾ ਨਾਚ ਵੇਖ ਕੇ ਵੀ ਅਣਡਿੱਠ ਕਰ ਦਿੱਤਾ ਕਿਉਂਕਿ ਜੁਲਮ ਸਹਿਣ ਵਾਲਿਆਂ ਦਾ ਸੁੱਤੀਆਂ ਤੇ ਜਾਗਦੀਆਂ ਜਮੀਰਾਂ ਵਾਲਿਆਂ ਨਾਲ ਰਿਸ਼ਤੇ ਦਾ ਵਖਰੇਵਾਂ ਸੀ।

ਸਾਡਾ ਮਤਲਬ ਕਿਸੇ ਖਾਸ ਸਿਆਸੀ ਦਲ ਨੂੰ ਹਮਾਇਤ ਦੇਣਾ ਜਾਂ ਨਿੰਦਣਾ ਨਹੀਂ ਹੈ ਬਲਕਿ ਸੱਚਾਈ ਜੱਗ ਜ਼ਾਹਰ ਕਰਨਾ ਹੈ। ਸੱਚਾਈ ਇਹੋ ਹੈ ਕਿ ਗੁਲਾਮ ਭਾਰਤ ਸਾਡੀ ਥਾਲੀ ਵਿਚ ਜਿੰਨੀਆਂ ਰੋਟੀਆਂ ਰੱਖਦਾ ਸੀ, ਆਜ਼ਾਦ ਭਾਰਤ ਉਸ ਵਿਚੋਂ ਅੱਧੀਆਂ ਚੁੱਕ ਕੇ ਹੀ ਲੈ ਗਿਆ। ਇਸ ਦਾ ਸਿੱਧਾ ਦੋਸ਼ ਲੋਕ ਰਾਜ ਰਾਹੀਂ ਚੁਣ ਹੋਈਆਂ ਭਾਰਤ ਦੀਆਂ ਹਾਕਮ ਜਮਾਤਾਂ ਨੂੰ ਹੀ ਜਾਂਦਾ ਹੈ, ਜਿਨ੍ਹਾਂ ਨੂੰ ਸੁੱਤੀਆਂ-ਜਾਗਦੀਆਂ ਜ਼ਮੀਰਾਂ ਵਾਲੇ ਹੀ ਚੁਣਦੇ ਰਹੇ ਹਨ। ਭਾਰਤ ਨੂੰ ਗੁਲਾਮ ਰੱਖਣ ਲਈ ਐਨਾ ਧੱਕਾ ਨਹੀਂ ਹੋਇਆ ਜਿੰਨਾ ਅੱਜ ਆਜ਼ਾਦ ਰੱਖਣ ਲਈ ਹੋ ਰਿਹਾ ਹੈ। ਹੁਣ ਇਹੀ ਸਿਆਸੀ ਦਲ ਵੋਟਾਂ ਮੰਗਣ ਵੇਲੇ ਲੋਕ ਹਿੱਤਾਂ ਦੀਆਂ ਗੱਲਾਂ ਕਰਦੇ ਹਨ, ਪਰ ਆਜ਼ਾਦੀ ਪਿਛੋਂ ਸਾਡੀ ਥਾਲੀ 'ਚੋਂ ਗੁਲਾਮ ਭਾਰਤ ਵੇਲੇ ਦੀਆਂ ਰੋਟੀਆਂ ਕੌਣ ਲੈ ਗਿਆ? ਦਾ ਚਿਹਰਾ ਨੰਗਾ ਨਹੀਂ ਹੋਵੇਗਾ। ਜਾਗਦੀਆਂ ਜਮੀਰਾਂ ਵਾਲੇ ਤਾਂ ਉਨ੍ਹਾਂ ਚਿਹਰਿਆਂ ਦੀ ਸ਼ਨਾਖਤ ਕਰ ਚੁਕੇ ਹਨ, ਪਰ ਸੁੱਤੀਆਂ ਜਮੀਰਾਂ ਵਾਲੇ ਅਜੇ ਵੀ 'ਮਿੱਠੀਆਂ ਗੱਲਾਂ 'ਤੇ ਤੇਰਾ ਮਨ ਭਿੱਜ ਗਿਆ' ਵਾਲੀ ਅਵਸਥਾ ਵਿਚੋਂ ਗੁਜਰ ਰਹੇ ਹਨ।

## ਜ਼ਿੰਦਗੀ ਦਾ ਨਾਦ

# ਘਰ ਅਰਦਾਸ ਕਰੇ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਹਨ, ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਘਰ ਦੀਆਂ ਬਰਕਤਾਂ ਦੀ ਵਾਰਤਾ ਸੁਣਾਈ ਹੈ। ਉਨ੍ਹਾਂ ਆਖਿਆ ਹੈ ਕਿ ਘਰ ਜਦੋਂ ਘਰ ਦੇ ਸਮੁੱਚੇ ਅਰਥਾਂ 'ਚ ਸਾਡੀ ਜ਼ਿੰਦਗੀ ਦਾ ਹਿੱਸਾ ਬਣਦਾ ਏ ਤਾਂ ਉਹ ਸਾਡੀ ਝੋਲੀ 'ਚ ਹਰ ਤਰ੍ਹਾਂ ਦੀਆਂ ਨਿਆਮਤਾਂ ਪਾਉਂਦਾ, ਸਾਡੀ ਸਰਬ-ਸੁੱਖੀ ਖੁਸ਼ਹਾਲੀ ਦਾ ਸ਼ੁਭਚਿੰਤਕ ਬਣ ਜਾਂਦਾ ਏ। ਉਨ੍ਹਾਂ ਦਾ ਸਵਾਲ ਹੈ ਕਿ ਹੱਸਦੇ ਖੇਡਦੇ, ਰੁੱਸਦੇ, ਮੰਨਦੇ, ਵਸਦੇ ਜੀਆਂ ਤੋਂ ਬਗੈਰ, ਘਰ ਨੂੰ ਘਰ ਦੇ ਅਰਥ ਕਿਵੇਂ ਦੇਵੋਂਗੇ ਅਤੇ ਕੰਧਾਂ ਦੇ ਹੁੰਗਾਰੇ ਨੂੰ ਸੁਣਨ ਤੇ ਮਾਣਨ ਦੀ ਭਾਵਨਾ ਕਿਵੇਂ ਉਪਜੇਗੀ? ਉਹ ਆਖਦੇ ਹਨ, ਘਰ ਸੁਪਨ ਸਿਰਜਨ ਏ, ਸ਼ਾਂਤੀ-ਸਰੂਪ ਏ, ਪ੍ਰੇਮ ਦਾ ਦੂਤ ਏ, ਮੋਹ ਦਾ ਜਗਦਾ ਦੀਪ ਏ, ਸਾਂਝ ਦੀ ਨਿੱਘੀ ਬੁੱਕਲ ਏ, ਜ਼ਿੰਦਗੀ ਦਾ ਠਾਠਾਂ ਮਾਰਦਾ ਦਰਿਆ ਏ ਅਤੇ ਫਿਜ਼ਾ 'ਚ ਖਿਲਰਿਆ ਚਾਅ ਏ। -ਸੰਪਾਦਕ***

ਬਾਹਰਲੇ ਗੇਟ ਨੂੰ ਲੱਗਿਆ ਤਾਲਾ। ਗੇਟ 'ਤੇ ਜੰਮੀ ਹੋਈ ਉਦਾਸੀ ਦੀ ਡੂੰਘੀ ਪਰਤ। ਕਿਸੇ ਦੇ ਕਦਮਾਂ ਨੂੰ ਉਡੀਕਦਿਆਂ, ਨੈਣਾਂ 'ਚ ਛਾਇਆ ਸਦੀਆਂ ਜੇਡਾ ਉਨੀਂਦਰਾ। ਗੇਟ ਦੀ ਵਿਥਿਆ, ਇਕ ਕਰੁਣਾਮਈ ਸੱਚ। ਆਪਣਿਆਂ ਦੀ ਉਡੀਕ 'ਚ ਖਾਰੇ ਪਾਣੀਆਂ 'ਚ ਖੁਰੇ ਹੋਏ ਦੀਦੇ। ਗੇਟ ਹੇਠ ਦੀ ਖਿਸਕਾਈਆਂ ਅਖਬਾਰਾਂ ਆਦਿ ਦੀਆਂ ਛਿੱਦੀਆਂ ਹੋਈਆਂ ਕਾਤਰਾਂ, ਆਪਣੀ ਕਹਾਣੀ ਆਪ ਬਿਆਨਦੀਆਂ। ਜਾਨਵਰਾਂ ਦੀਆਂ ਵਿੱਠਾਂ, ਵੀਰਾਨਗੀ ਦੀ ਮੂੰਹ ਬੋਲਦੀ ਤਸਵੀਰ। ਗੇਟ ਉਪਰ ਦੀ ਝਾਤੀ ਮਾਰਿਆਂ ਲੱਗਦਾ, ਘਰ ਨਿੱਖਸਮੀ ਜੂਨ ਹੰਢਾਵੇ। ਕਦੇ ਚਹਿਕਦਾ ਬਗੀਚਾ, ਉਦਾਸ ਪਲਾਂ ਨੂੰ ਜਿਊਣ ਲਈ ਲਾਚਾਰ। ਸੋਚਦਾ ਏ, ਕਿੱਥੇ ਤੁਰ ਗਏ ਬੂਟਿਆਂ ਨਾਲ ਬੂਟੇ ਬਣੇ ਲੰਮੀ ਉਮਰ ਦੀ ਦੁਆ ਕਰਨ ਵਾਲੇ, ਕਿੱਥੇ ਰਹਿ ਗਈ ਰੀਝਾਂ ਦੀ ਪਟਾਰੀ, ਕਿਸ ਨੇ



**ਡਾ. ਗੁਰਬਖ਼ਸ਼ ਸਿੰਘ ਭੰਡਾਲ**
ਫੋਨ: 647-702-5445

ਪਤਾ ਨਹੀਂ ਕਿੱਥੇ ਚੋਗ ਖਿਲਾਰੀ ਕਿ ਜ਼ਿੰਦਗੀ ਆਪਣੇ ਅਰਥਾਂ ਤੋਂ ਹਾਰੀ।

ਗਮ 'ਚ ਡੁੱਬਿਆ ਘਰ, ਘਰ ਵਾਲਿਆਂ ਨੂੰ ਉਡੀਕਦਾ ਉਮਰੋਂ ਪਹਿਲਾਂ ਈ ਬੁੱਢ ਵਰੇਸ ਦੇ ਹਾਲ ਪਾਲਦਾ। ਘਰ ਦੀਆਂ ਸਿਸਕਦੀਆਂ ਕੰਧਾਂ 'ਤੇ ਉਖੜਿਆ ਪਲੱਸਤਰ, ਉਨ੍ਹਾਂ ਹੱਥਾਂ ਦੀ ਉਡੀਕ 'ਚ ਅੱਖਾਂ ਭਰਦਾ, ਜੋ ਉਸ ਦੀ ਅਉਧ ਨੂੰ ਚਿਰੰਜੀਵਤਾ ਬਖਸ਼ੇ। ਘਰ ਵਾਲਿਆਂ ਤੋਂ ਬਗੈਰ, ਘਰ ਆਪਣੀ ਹੋਂਦ ਨੂੰ ਕਿਵੇਂ ਚਿਤਵ ਸਕਦਾ ਏ। ਵੀਰਾਨਗੀ ਤੇ ਬੇਗਾਨਗੀ 'ਚ ਡੁੱਬਿਆ ਘਰ, ਦਸਤਕ ਦੇਣ ਵਾਲੇ ਦੇ ਗਲ ਲਗ ਰੋਣ ਲੱਗ ਪਿਆ।

ਇਕੱਲੀਆਂ ਕੰਧਾਂ ਘਰ ਨੂੰ ਤਾਮੀਰ ਨਹੀਂ ਕਰਦੀਆਂ। ਬੂਹੇ-ਬਾਰੀਆਂ, ਰੋਸ਼ਨਦਾਨ ਆਦਿ ਰਲ ਕੇ ਕਮਰੇ ਨੂੰ ਸਿਰਜਦੇ ਅਤੇ ਜਿਊਣ ਜੋਗੇ ਹੀ ਕਮਰਿਆਂ ਨੂੰ ਘਰ ਦਾ ਰੁਤਬਾ ਦਿੰਦੇ।

ਘਰ ਬਣਾਉਣਾ ਹੈ ਤਾਂ ਕਦੇ ਬਿਜੜੇ ਵੰਨੀਂ ਦੇਖਿਉ। ਪਰ ਭੁੱਲ ਕੇ ਵੀ ਕਦੇ ਕਾਂ ਦੀ ਰੀਸ ਨਾ ਕਰਿਉ ਜਿਹੜਾ ਆਪਣਾ ਆਲ੍ਹਣਾ ਬਣਾਉਣ ਲਈ ਹੋਰਨਾਂ ਦੇ ਆਲ੍ਹਣੇ ਢਾਹੁੰਦਾ ਏ ਅਤੇ ਨਾ ਹੀ ਕੋਇਲ ਦੀ ਰੀਸ ਕਰਿਉ ਜੋ ਆਪਣੇ ਆਂਡੇ ਕਾਂ ਦੇ ਆਲ੍ਹਣੇ 'ਚ ਰੱਖ ਬੱਚੇ ਪੈਦਾ ਕਰਦੀ ਹੈ।

ਘਰ ਦੋ ਅੱਖਰਾਂ ਦਾ ਜੋੜ ਨਹੀਂ। ਇਹ ਦੋ ਜਿਸਮ, ਇਕ ਜਾਨ ਦਾ ਸੰਕਲਪ ਏ, ਮਨੁੱਖੀ ਹੋਂਦ ਦੀ ਨੀਂਹ ਏ, ਪਰਿਵਾਰਕ ਸ਼ੁਰੂਆਤ ਦਾ ਸ਼ੁਭ ਸ਼ਗਨ ਏ, ਇਕ ਦੂਜੇ ਦੇ ਸਾਹੀਂ ਜਿਊਣ ਦੀ ਅਗਨ ਏ, ਜੀਵਨ ਦੇ ਸੁਚਾਰੂ ਮੁੱਲਾਂ ਨੂੰ ਅਪਨਾਉਣ ਦੀ ਲਗਨ ਏ ਅਤੇ ਆਪਣੀ ਹਸਤੀ ਨੂੰ ਮਿਟਾ ਕੇ, ਦੂਸਰਿਆਂ 'ਚੋਂ ਹੀ ਆਪਾ ਭਾਲਣ ਦਾ ਧਰਮ ਏ।

ਘਰ ਸਮਾਜ ਦੀ ਉਹ ਇਕਾਈ ਏ ਜਿਸ ਦੇ ਬਗੈਰ ਸਮਾਜ ਸਿਰਜਣਾ ਕਿਵੇਂ ਕਿਆਸੋਗੇ, ਆਉਣ ਵਾਲੀਆਂ ਪੀੜ੍ਹੀਆਂ ਨੂੰ ਕੀ ਦਿਲਾਸਾ ਦਿਓਗੇ ਅਤੇ ਭਵਿੱਖ ਦੀਆਂ ਮਾਸੂਮ ਮੁਸਕੜੀਆਂ ਦੀ ਤਲੀ 'ਤੇ ਕੀ ਧਰੋਗੇ?

ਹਰ ਕੋਈ ਆਪਣੇ ਸੁਪਨਿਆਂ ਦਾ ਘਰ ਬਣਾਉਣਾ ਲੋਚਦਾ ਏ। ਕੋਈ ਮਹਿਲਨੁਮਾ ਘਰ ਦਾ ਤਸੱਵਰ ਕਰਦਾ ਏ। ਕੋਈ ਕੁੱਲੀ 'ਚੋਂ ਹੀ ਸਕੂਨ ਤਲਾਸ਼ੀ ਦਾ ਮੁੱਢ ਸਿਰਜਦਾ ਏ ਅਤੇ ਕੁੱਲੀ 'ਚੋਂ ਹੀ ਛੱਜੂ ਦੇ ਚੁਬਾਰੇ ਵਾਂਗ ਬਲਖ ਤੇ ਬੁਖਾਰੇ ਦਾ ਅਨੰਦ ਮਾਣਦਾ ਏ। ਕਿਸੇ ਲਈ ਬੁਨਿਆਦੀ ਸੁੱਖ-ਸਹੂਲਤਾਂ ਦੀ ਬਹੁਤਾਤ, ਸੁਖਾਵੇਂ ਘਰ ਲਈ ਬੇਹਦ ਜ਼ਰੂਰੀ ਏ ਅਤੇ ਕਈ ਆਪਣੇ ਪਰਿਵਾਰਕ ਜੀਆਂ ਦੇ ਆਪਸੀ ਮੋਹ-ਮੁਹੱਬਤ 'ਚੋਂ ਹੀ ਘਰ ਦੇ ਸੁੱਚੇ ਅਰਥਾਂ ਦੀ ਜਗਿਆਸਾ ਸੰਪੂਰਨ ਕਰਦੇ ਨੇ। ਇਹ ਤਾਂ ਮਨੁੱਖੀ ਸੋਚ, ਉਸ ਦੇ ਨਜ਼ਰੀਏ ਤੇ ਉਸ ਦੀਆਂ ਜੀਵਨ ਉਚੇਚਾਂ ਨੇ ਨਿਰਧਾਰਤ ਕਰਨਾ ਹੈ ਕਿ ਘਰ ਕਿਹੋ ਜਿਹਾ ਹੋਵੇ।

ਤੀਲੇ ਇਕੱਠੇ ਕਰਕੇ ਲਿਆਉਂਦੇ ਪਰਿੰਦੇ ਦੇ ਮਨ 'ਚ ਵੱਸਿਆ ਹੁੰਦਾ ਏ ਨਿੱਕਾ ਜਿਹਾ ਸੁਪਨ-ਸੰਸਾਰ, ਆਪਣੇ ਸਾਥੀ ਨਾਲ ਦੁੱਖ-ਸੁੱਖ 'ਚ ਨਿਭਦਾ ਸਾਹਾਂ ਦਾ ਇਕਰਾਰ, ਬੋਟਾਂ ਦੀ ਗੁੱਟਕਣੀ 'ਚੋਂ ਡਲਕਦਾ ਨਿਰਛੱਲ ਪਿਆਰ ਅਤੇ ਇਕ-ਦੂਜੇ ਦੇ ਸਾਹਾਂ 'ਚ ਮਹਿਕਾਂ ਰਚਾਉਣ ਦਾ ਇਸਰਾਰ। ਕਦੇ ਤੁਸੀਂ ਪੰਛੀ ਦੇ ਆਲ੍ਹਣੇ ਦੇ ਨੇੜੇ ਜਾ ਕੇ ਆਲ੍ਹਣੇ ਨੂੰ ਛੇੜ ਕੇ ਦੇਖਿਓ, ਰੋਂਦੇ ਤੇ ਕੁਰਲਾਂਦੇ ਪੰਛੀ ਦੀ ਹੂਕ ਅੰਬਰ ਚੀਰਦੀ ਏ ਅਤੇ ਕਈ ਵਾਰ ਉਹ ਹਮਲਾਵਰ ਨੂੰ ਚੁੰਝਾਂ ਨਾਲ ਜ਼ਖਮੀ ਵੀ ਕਰ ਦਿੰਦੇ ਨੇ।

ਜਦੋਂ ਅਸੀਂ ਘਰ ਦੇ ਰੂ-ਬਰੂ ਹੁੰਦੇ ਹਾਂ ਤਾਂ ਘਰ ਦੀ ਹਰ ਚੀਜ਼ ਨਾਲ ਜੁੜੇ ਅਹਿਸਾਸ ਸਾਡੇ 'ਤੇ ਭਾਰੂ ਹੋ ਜਾਂਦੇ ਨੇ। ਕਿੰਨੇ ਵੱਖੋ-ਵੱਖਰੇ ਧੰਦਿਆਂ ਦੇ ਲੋਕਾਂ ਨਾਲ ਪੈਂਦਾ ਏ ਵਾਹ, ਹਰ ਇੱਕ 'ਚ ਉਪਜਾਉਣਾ ਪੈਂਦਾ ਏ ਕੰਮ ਕਰਨ ਲਈ ਉਤਸ਼ਾਹ ਅਤੇ ਉਨ੍ਹਾਂ ਦੇ ਮਨਾਂ 'ਚ ਘਰ ਉਸਾਰਨ ਦਾ ਚਾਅ। ਇੱਕ ਲੰਮਾ ਪੈਂਡਾ ਹੈ, ਘਰ ਦੀ ਮੰਜ਼ਿਲ 'ਤੇ ਪਹੁੰਚਣ ਦਾ।

ਘਰ ਸਭ ਨੂੰ ਪਿਆਰਾ ਹੁੰਦਾ ਏ। ਤਾਹੀਉਂ ਤਾਂ ਪੰਛੀ ਦਿਨ ਢਲਦਿਆਂ ਹੀ ਘਰਾਂ ਨੂੰ ਪਰਤਦੇ ਨੇ, ਆਦਮੀ ਦੁਨਿਆਵੀ ਝਮੇਲਿਆਂ ਦਾ ਉਕਤਾਇਆ, ਸਕੂਨ ਦੀ ਤਲਾਸ਼ 'ਚ ਘਰ ਵੱਲ ਨੂੰ ਦੌੜਦਾ ਏ, ਪਰਦੇਸੀ ਆਪਣੇ ਵਤਨ ਦੀ ਮਿੱਟੀ ਨੂੰ ਸਹਿਕਦਾ ਘਰ ਨੂੰ ਸਿਜਦਾ ਕਰਨ ਵਤਨਾਂ ਵੰਨੀ ਉਡਾਣ ਭਰਦਾ ਏ।

ਸਾਰੀ ਉਮਰ ਲੱਗੇ ਰਹੋ, ਘਰ ਕਦੀ ਸੰਪੂਰਨ ਨਹੀਂ ਹੁੰਦਾ। ਤੁਸੀਂ ਜਿੰਨੇ ਮਰਜ਼ੀ ਪੈਸੇ ਖਰਚ ਸਕਦੇ ਹੋ, ਜਿੰਨੇ ਮਰਜ਼ੀ ਵੱਡੇ ਕਮਰੇ ਅਤੇ ਕਮਰੇ ਵਿਚਲੀਆਂ ਸਹੂਲਤਾਂ ਦਾ ਵਿਸਥਾਰ ਕਰ ਸਕਦੇ ਹੋ। ਇਹ ਤਾਂ ਤੁਹਾਡੀ ਸਮਰੱਥਾ, ਤੁਹਾਡੀ ਪਹੁੰਚ ਤੇ ਤੁਹਾਡੀ ਮਾਨਸਿਕ ਸੰਤੁਸ਼ਟੀ 'ਤੇ ਹੀ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਤਰ੍ਹਾਂ ਦਾ ਘਰ ਬਣਾਉਂਦੇ ਹੋ। ਜੇ ਘਰ ਦੇ ਅਰਥ ਹੋਣ, ਮਹਿਲ ਵਰਗੇ ਘਰ ਦੇ ਗੇਟ 'ਤੇ ਦਰਬਾਨ, ਵੱਡਾ ਸਾਰਾ ਲਾਅਨ, ਲਾਅਨ 'ਤੇ ਪਏ ਮੇਜ਼ ਉਤੇ ਕੁੱਤਿਆਂ ਦੇ ਬਿਸਕੁਟ ਤੋਂ ਲੈ ਕੇ ਖਾਣ-ਪੀਣ ਦਾ ਸਾਰਾ ਸਾਮਾਨ। ਪਰ ਖੱਖੜੀਆਂ ਹੋ ਕੇ ਬੈਠਾ ਪਰਿਵਾਰ, ਮਨਾਂ 'ਚ ਤਿੜਕੇ ਸੁਪਨਿਆਂ ਦਾ ਸੰਸਾਰ, ਰੋਂਦੇ ਬੋਲਾਂ ਦੀ ਗੁਫਤਾਰ ਤੇ ਮਸਨੂਈ ਮੁਸਕਾਨ ਦੀ ਮਰਨ-ਮਿੱਟੀ ਢੋਂਦੇ ਸੰਸਕਾਰ ਅਤੇ ਆਪਣੇ ਘਰ 'ਚ ਗੈਰਹਾਜ਼ਰ ਮਨੁੱਖ ਦਾ ਤ੍ਰਿਸਕਾਰ। ਤਾਂ ਘਰ, ਘਰ ਕਹਾਉਣ ਦਾ ਹੱਕ ਵੀ ਗੁਆ ਬੈਠਦਾ ਏ।

ਘਰ, ਘਰਦਿਆਂ ਦੇ ਸਾਹੀਂ ਜਿਊਂਦਾ ਏ, ਉਨ੍ਹਾਂ ਦੇ ਹਾਸੇ 'ਚ ਸ਼ਾਮਿਲ ਹੁੰਦਾ ਏ, ਉਨ੍ਹਾਂ ਨਾਲ ਰਲ ਕੇ ਕਿੱਕਲੀ ਪਾਉਂਦਾ ਏ, ਖੁਸ਼ੀਆਂ-ਖੇੜਿਆਂ ਦਾ ਤਿਉਹਾਰ ਬਣਦਾ ਏ। ਸਾਡੇ ਗਮਾਂ 'ਚ ਸ਼ਰੀਕ ਹੋ, ਸਾਡੀ ਦੁੱਖਦੀ ਅੱਖ ਦਾ ਪਾਣੀ ਵੀ ਚੂਸਦਾ ਏ ਤੇ ਮੁੱਖੜੇ ਤੋਂ ਰੁੱਸ ਗਈ ਸੰਦਲੀ ਭਾਅ ਮੋੜ ਕੇ ਲਿਆਉਂਦਾ ਏ। ਸਾਡੇ ਥੱਕੇ ਹੋਏ ਕਦਮਾਂ 'ਚ ਨਵਾਂ ਜੋਸ਼ ਭਰਦਾ ਏ, ਸਾਡੀ ਆਮਦ 'ਤੇ ਤਲੀਆਂ ਉਤੇ ਦੀਪ ਧਰਦਾ ਏ, ਪੀੜ ਹਰਦਾ ਏ ਅਤੇ ਜ਼ਖਮੀ ਹਾਸਿਆਂ 'ਤੇ ਮੋਹ ਦੀ ਮਿੱਠੀ ਮਿੱਠੀ ਟਕੋਰ ਕਰਦਾ ਏ। ਘਰ ਸਾਨੂੰ ਗਲ ਨਾਲ ਲਾਉਂਦਾ, ਹਿੱਚਕੀਆਂ ਦੀ ਹੂਕ ਪੂਣ ਲੈਂਦਾ ਏ ਅਤੇ ਰੁਆਸੇ ਚਿਹਰੇ 'ਤੇ ਚਾਵਾਂ ਦੀ ਸਰਘੀ ਖੁਣ ਦੇਂਦਾ ਏ। ਸਾਡੀਆਂ ਲੋੜਾਂ ਤੇ ਥੁੜ੍ਹਾਂ ਦੀ ਪੂਰਤੀ ਦਾ ਜਿੰਮਾ ਆਪਣੇ ਸਿਰ ਲੈਂਦਾ, ਸਾਡੀਆਂ ਸੰਭਾਵਨਾਵਾਂ ਨੂੰ ਵੀ ਸੰਪੂਰਨਤਾ ਦਾ ਜਾਗ ਲਾਉਂਦਾ ਏ।

ਘਰ ਉਹ ਮੁਕੱਦਸ ਜਗ੍ਹਾ ਏ, ਜਿਥੇ ਸਾਡੀਆਂ ਰੀਝਾਂ ਪ੍ਰਵਾਨ ਚੜ੍ਹੀਆਂ, ਸੁਪਨਿਆਂ ਨੂੰ ਸੂਹਾ ਰੰਗਣ ਚੜ੍ਹਿਆ, ਸਫਲਤਾਵਾਂ ਦਾ ਪੱਲੂ ਘੁੱਟ ਕੇ ਫੜਿਆ ਅਤੇ ਹਰ ਤਰ੍ਹਾਂ ਦੀਆਂ ਵਿਸੰਗਤੀਆਂ ਸੰਗ, ਸਾਡਾ ਆਪਾ ਲੜਿਆ।

ਘਰ ਜਦੋਂ ਘਰ ਦੇ ਸਮੁੱਚੇ ਅਰਥਾਂ 'ਚ ਸਾਡੀ ਜ਼ਿੰਦਗੀ ਦਾ ਹਿੱਸਾ ਬਣਦਾ ਏ ਤਾਂ ਉਹ ਸਾਡੀ ਝੋਲੀ 'ਚ ਹਰ ਤਰ੍ਹਾਂ ਦੀਆਂ ਨਿਆਮਤਾਂ ਪਾਉਂਦਾ, ਸਾਡੀ ਸਰਬ-ਸੁੱਖੀ ਖੁਸ਼ਹਾਲੀ ਦਾ ਸ਼ੁਭਚਿੰਤਕ ਬਣ ਜਾਂਦਾ ਏ।

ਹੱਸਦੇ ਖੇਡਦੇ, ਰੁੱਸਦੇ, ਮੰਨਦੇ, ਵਸਦੇ ਜੀਆਂ ਤੋਂ ਬਗੈਰ, ਘਰ ਨੂੰ ਘਰ ਦੇ ਅਰਥ ਕਿਵੇਂ ਦੇਵੋਂਗੇ ਅਤੇ ਕੰਧਾਂ ਦੇ ਹੁੰਗਾਰੇ ਨੂੰ ਸੁਣਨ ਤੇ ਮਾਣਨ ਦੀ ਭਾਵਨਾ ਕਿਵੇਂ ਉਪਜੇਗੀ?

ਸ਼ੱਕ, ਕਲੇਸ਼, ਬੇਵਿਸ਼ਵਾਸੀ ਤੇ ਪਾਪ ਨੂੰ ਮਨਾਂ 'ਚ ਪਾਲਣ ਵਾਲੇ ਘਰ ਦੇ ਸਿਰਜਣਹਾਰੇ ਨਹੀਂ ਹੋ ਸਕਦੇ ਅਤੇ ਜੇ ਘਰ ਦਾ ਭਰਮ ਪਾਲ ਵੀ ਲੈਣ ਤਾਂ ਅਜਿਹਾ ਘਰ ਬੜੀ ਜਲਦੀ ਆਪਣੀ ਹੋਂਦ ਗਵਾ ਬਹਿੰਦਾ।

ਘਰੋਂ, ਬੇਘਰੇ ਹੋ ਕੇ ਬੇਗਾਨਗੀ 'ਚ ਵਿਚਰਦਿਆਂ ਨੂੰ, ਘਰ ਦੇ ਅਸਲੀ ਅਰਥਾਂ ਦਾ ਪਤਾ ਹੁੰਦਾ ਏ। ਸੰਤਾਲੀ ਜਾਂ ਚੌਰਾਸੀ ਦੇ ਉਜਾੜੇ ਦੌਰਾਨ, ਬੇਘਰਿਆਂ ਦੀ ਹੂਕ ਦੀ ਕਰੂਰ ਯਾਦ, ਜਦੋਂ ਵੀ ਦਸਤਕ ਦਿੰਦੀ ਏ ਤਾਂ ਵਖਤ ਦੇ ਸਤਾਇਆਂ 'ਤੇ ਆਪਣਿਆਂ ਦਾ ਢਾਹਿਆ ਕਹਿਰ, ਬਣਦਾ ਏ ਖਾਰੇ ਪਾਣੀਆਂ ਦੀ ਨਹਿਰ। ਪਰਵਾਸੀ ਨੂੰ ਜਦੋਂ ਘਰ ਦੀ ਯਾਦ ਸਤਾਉਂਦੀ ਏ, ਤਾਂ ਉਸ ਦੀ ਸੋਚ ਉਡਾਰੀ, ਘਰ ਦਾ ਸਵਰਗ ਲੋਚਦੀ, ਘਰੋਂ ਬਾਹਰਿਆਂ ਦੀ ਜੂਨ ਹੰਢਾਉਣ ਲਈ ਮਜਬੂਰੀ ਦਾ ਪੱਲੂ ਪਕੜਦੀ ਏ। ਕਦੇ ਮੇਲੇ 'ਚ ਗੁਆਚੇ ਬਾਲ ਦੇ ਬੁੱਲ੍ਹਾਂ 'ਤੇ 'ਘਰ ਜਾਣ' ਦਾ ਵਾਸਤਾ ਸੁਣਿਓ, ਤੁਹਾਡੇ ਲਈ 'ਘਰ' ਦੇ ਅਰਥ ਹੀ ਬਦਲ ਜਾਣਗੇ।

ਮਾਂ-ਪਿਓ, ਮੀਆਂ-ਬੀਵੀ, ਪੁੱਤਰ-ਧੀਆਂ, ਭੈਣ-ਭਰਾ ਆਦਿ ਰਲ ਕੇ ਘਰ ਨੂੰ ਸਿਰਜਦੇ ਨੇ। ਜਦੋਂ ਕਿਸੇ ਰਿਸ਼ਤੇ 'ਚ ਤਰੇੜ ਪੈਂਦੀ ਏ ਤਾਂ ਘਰ ਪੂਰੀ ਸਮਰੱਥਾ ਨਾਲ ਉਸ ਕੁੜਿਤਣ ਨੂੰ ਦੂਰ ਕਰ, ਤਰੇੜੇ ਰਿਸ਼ਤਿਆਂ ਨੂੰ ਜੋੜਨ ਦੀ ਕੋਸ਼ਿਸ਼ ਕਰਦਾ ਏ। ਪਰ ਜੇਕਰ ਕਿਧਰੇ ਘਰ ਬੇਬਸ ਹੋ ਜਾਵੇ ਅਤੇ ਰਿਸ਼ਤਿਆਂ 'ਚ ਹੋਰ ਜ਼ਹਿਰ ਭਰ ਜਾਵੇ ਤਾਂ ਘਰ ਆਪਣੀ ਹੋਣੀ 'ਤੇ ਝੂਰਦਾ, ਹੁੱਬਕੀਂ ਰੋਂਦਾ ਏ। ਘਰ ਅੱਥਰੂਆਂ ਨੂੰ ਆਪੇ ਵਿਚ ਜੀਰਦਾ, ਆਪਣੀ ਕਬਰ ਪੁੱਟਣ ਲੱਗ ਪੈਂਦਾ ਏ।

ਘਰ ਨੂੰ ਕਦੇ ਤਰਸ ਦਾ ਪਾਤਰ ਨਾ ਬਣਾਓ। ਘਰ ਤਾਂ ਤੁਹਾਡੀ ਹੋਂਦ ਦਾ ਜਾਮਨ ਏ, ਤੁਹਾਡਾ ਉਹ ਅੰਗ ਏ ਜਿਸ ਦੇ ਬਿਨਾ ਤੁਸੀਂ ਆਪਣੀ ਹੋਂਦ ਕਿੱਥੋਂ ਥਿਆਵੋਗੇ ਅਤੇ ਜੀਵਨ ਵਿਹੜੇ ਬਹਾਰਾਂ ਦੀ ਆਮਦ ਨੂੰ ਕਿੰਜ ਉਡੀਕੋਗੇ?

ਘਰ ਦੇ ਲੇਖਾਂ ਨੂੰ ਗੰਧਲਾ ਨਾ ਕਰੋ, ਇਨ੍ਹਾਂ ਨੂੰ ਚਲਾਕੀਆਂ, ਬੇਈਮਾਨੀਆਂ, ਠੱਗੀਆਂ ਤੇ ਝੂਠ ਦੇ ਭਵਸਾਗਰ 'ਚ ਨਾ ਡੋਬੋ ਅਤੇ ਨਾ ਹੀ ਇਸ ਦੇ ਮੱਥੇ 'ਤੇ ਨਮੋਸ਼ੀ ਦਾ ਟਿੱਕਾ ਲਾਓ।



ਘਰ ਨੂੰ ਘਰ ਹੀ ਰਹਿਣ ਦਿਓ। ਇਸ ਨੂੰ ਮੰਦਿਰ, ਗੁਰਦੁਆਰਾ ਜਾਂ ਮਸਜਿਦ ਨਾ ਬਣਾਓ, ਕਿਉਂਕਿ ਇਹ ਨਹੀਂ ਚਾਹੁੰਦਾ ਕਿ ਇਸ ਦੀ ਹਦੂਦ 'ਚ ਵੀ ਮਖੌਟਿਆਂ ਦੀ ਪਰੰਪਰਾ ਚਲਾਈ ਜਾਵੇ। ਨਾ ਹੀ ਇਹ ਚਾਹੁੰਦਾ ਹੈ ਕਿ ਇਸ ਦੀ ਫਿਜ਼ਾ ਨੂੰ ਗੰਧਲਾ ਕੀਤਾ ਜਾਵੇ ਕਿਉਂਕਿ ਨਿਰਛੱਲ, ਮਾਸੂਮ ਘਰ ਦੀ ਪੌਣ ਤਾਂ ਅਪਣੱਤ,



ਮੋਹ ਤੇ ਜਿੰਦਵਾਰੂ ਭਾਵਨਾਵਾਂ ਦੀ ਜੋਤ ਨੂੰ ਪ੍ਰਚੰਡ ਕਰਨਾ ਲੋਚਦੀ ਏ ਤਾਂ ਕਿ ਚੁਫੇਰੇ ਚਾਨਣ ਤਰੌਂਕਿਆ ਜਾਂਦਾ ਰਹੇ।

ਘਰ 'ਚ ਸੁਪਨਿਆਂ ਦੇ ਬੀਜ ਪੁੰਗਰਦੇ ਨੇ, ਉਨ੍ਹਾਂ 'ਤੇ ਬਹਾਰ ਆਉਂਦੀ ਏ ਅਤੇ ਉਸ 'ਚੋਂ ਅਸੀਂ ਜ਼ਿੰਦਗੀ ਦੀ ਸੰਪੂਰਨਤਾ ਦੇ ਅਰਥਾਂ ਦੀ ਨਿਸ਼ਾਨਦੇਹੀ ਕਰਦੇ ਹਾਂ।

ਘਰ, ਬੁੱਕਲ ਦਾ ਨਿੱਘ ਹੈ, ਜਿਸ ਤੋਂ ਬਿਨਾ ਪੋਹ ਦੀਆਂ ਯੱਖ ਰਾਤਾਂ, ਮਨੁੱਖ ਨੂੰ ਬੁੱਤ ਬਣਾ ਦਿੰਦੀਆਂ ਨੇ।

ਘਰ ਦੇ ਵਿਹੜੇ ਵਿਚ ਬੋਲਾਂ ਦੀ ਰਿਮਝਿਮ ਨਾਲ ਜੀਵਨ ਮੌਲਦਾ ਏ, ਮਨ ਉਚੇ ਅੰਬਰਾਂ ਲਈ ਪਰ ਤੋਲਦਾ ਏ ਅਤੇ ਹਰ ਜੀਅ ਉਚੇਚੇ ਨਿਸ਼ਾਨਿਆਂ ਲਈ ਅਹੁਲਦਾ ਏ।

ਘਰ ਦੇ ਵਿਹੜੇ 'ਚ ਜਦੋਂ ਢੋਲ ਵੱਜਦਾ ਏ ਤਾਂ ਉਸ ਦੇ ਪੈਰਾਂ 'ਚ ਨੱਚਣ ਦਾ ਚਾਅ ਮਚਲਦਾ ਏ। ਢੋਲਕੀ ਦੀ ਤਾਲ 'ਚ ਪੈਂਦੀਆਂ ਬੋਲੀਆਂ, ਗਾਏ ਜਾਂਦੇ ਸੁਹਾਗ ਤੇ ਘੋੜੀਆਂ, ਨੱਚ-ਨੱਚ ਕੇ ਪੁੱਟਿਆ ਵਿਹੜਾ ਘਰ ਦਾ ਧੰਨ-ਭਾਗ ਬਣਦਾ ਏ।

ਘਰ ਚਾਹੁੰਦਾ ਏ ਕਿ ਇਸ ਦੇ ਦਰੀਂ ਸ਼ਗਨਾਂ ਦੇ ਤੇਲ ਚੋਏ ਜਾਂਦੇ ਰਹਿਣ, ਪਾਣੀ ਡੋਲ੍ਹੇ ਜਾਂਦੇ ਰਹਿਣ ਅਤੇ ਇਸ ਦੇ ਬਨੇਰਿਆਂ 'ਤੇ ਚਾਵਾਂ ਦੀਆਂ ਮੋਮਬੱਤੀਆਂ ਜਗਦੀਆਂ ਰਹਿਣ।

ਘਰ ਦੇ ਬਾਸ਼ਿੰਦੇ ਵੱਲੋਂ ਸਿਰਜੀ ਹੋਈ ਪਛਾਣ ਘਰ ਦੀ ਹੀ ਪਛਾਣ ਹੁੰਦੀ ਏ। ਉਹ ਪਛਾਣ ਜਿਸ 'ਤੇ ਘਰ ਨਾਜ਼ ਕਰਦਾ ਏ ਜਾਂ ਸ਼ਰਮਸਾਰ ਹੁੰਦਾ ਏ। ਘਰ ਉਹ ਪੀਹੜਾ ਏ ਜਿੱਥੇ ਬੈਠ ਕੇ ਸੱਭਿਅਤਾ ਪ੍ਰਫੁਲਿਤ ਹੁੰਦੀ ਏ, ਵਿਰਸਾ ਵਿਗਸਦਾ ਏ, ਨਵੀਆਂ ਜੀਵਨ ਜਾਚਾਂ ਤੇ ਜੀਵਨ ਸ਼ੈਲੀਆਂ ਦਾ ਮੁਹਾਂਦਰਾ ਨਿਖਰਦਾ ਏ, ਨਵੇਂ ਵਿਚਾਰ ਪ੍ਰਵਾਨ ਚੜ੍ਹਦੇ ਨੇ, ਜ਼ਿੰਦਗੀ ਨੂੰ ਕਦਰਾਂ-ਕੀਮਤਾਂ ਦੀ ਰਹਿਨੁਮਾਈ ਪ੍ਰਾਪਤ ਹੁੰਦੀ ਏ, ਜੀਵਨ ਦੇ ਪੈਂਡਿਆਂ ਦੀ ਅਗਵਾਈ ਹੁੰਦੀ ਏ ਅਤੇ ਇਸ ਦੇ ਵਿਹੜੇ, ਰਸਮਾਂ-ਰਿਵਾਜ਼ਾਂ ਦੀ ਰੁਸ਼ਨਾਈ ਹੁੰਦੀ ਏ।

ਘਰ ਦੀ ਕੁੱਖ, ਆਪਣਿਆਂ ਦੀਆਂ ਖੈਰਾਂ ਮਨਾਉਂਦੀ, ਉਨ੍ਹਾਂ ਦੀਆਂ ਸਫਲਤਾਵਾਂ ਦੇ ਸੂਰਜਾਂ ਨੂੰ ਨਮਸਕਾਰਦੀ, ਉਨ੍ਹਾਂ ਦੀ ਚੰਗੇਰੀ ਸਿਹਤ ਲਈ ਸ਼ੁਭ-ਕਾਮਨਾਵਾਂ ਮੰਗਦੀ, ਆਪਣੇ-ਆਪ ਨੂੰ ਸੁਲੱਖਣੀ ਸਮਝਦੀ ਏ।

ਘਰ ਵੜਦਿਆਂ ਹੀ ਘਰ ਦੀ ਹਰ ਚੀਜ਼ ਤੁਹਾਨੂੰ ਮੂਕ-ਭਾਸ਼ਾ 'ਚ ਜੀ ਆਇਆਂ ਕਹਿੰਦੀ, ਤੁਹਾਡੀ ਘਰ ਵਾਪਸੀ ਦਾ ਸ਼ੁਕਰਾਨਾ ਅਦਾ ਕਰਦੀ, ਤੁਹਾਡੀ ਚੰਗਿਆਈ 'ਚੋਂ ਹੀ ਆਪਣੀ ਪਕਿਆਈ ਦੀ ਆਸ ਕਰਦੀ ਏ ਕਿਉਂਕਿ ਜੇ ਘਰ ਵਾਲੇ ਹੀ ਨਾ ਰਹਿਣ ਤਾਂ ਘਰ ਅਤੇ ਘਰ ਦੀਆਂ ਚੀਜ਼ਾਂ ਦੀ ਕੀ ਸਾਰਥਿਕਤਾ ਰਹਿ ਜਾਵੇਗੀ?

ਆਪਸ ਵਿਚ ਇਕਮਿਕ ਹੋਇਆ ਆਤਮ-ਵਿਸ਼ਵਾਸੀ ਪਰਿਵਾਰ, ਤਮਾਮ ਤਲਖੀਆਂ ਹੰਢਾਉਂਦਾ, ਘਰ ਦੇ ਸੰਦਰਭ ਨੂੰ ਰਤਾ ਵੀ ਆਂਚ ਨਹੀਂ ਆਉਣ ਦਿੰਦਾ। ਕਠੋਰ ਹਾਲਤਾਂ 'ਚ ਮਨੁੱਖ ਨੂੰ ਘਰ ਦੀ ਸਥਿਰਤਾ ਤੇ ਸਦੀਵਤਾ ਦਾ ਅਹਿਸਾਸ ਬਹੁਤ ਤੀਬਰਤਾ ਨਾਲ ਹੁੰਦਾ ਏ, ਜਦੋਂ ਹਰ ਪਾਸੇ ਤੋਂ ਧਿਰਕਾਰਿਆ ਤੇ ਤਿੜਕਿਆ ਮਨੁੱਖ ਘਰ ਦੇ ਆਗੋਸ਼ 'ਚੋਂ ਜਿਊਣ ਦਾ ਆਸਰਾ ਭਾਲਦਾ ਏ।

ਘਰ ਕਦੇ ਵੀ ਬੇਆਸ ਨਹੀਂ ਕਰਦਾ। ਤੁਸੀਂ ਕਿੰਨੇ ਵੀ ਨਿਰਾਸ਼ ਹੋਵੋਂ, ਸਮਾਜ ਦੀਆਂ ਬੇਇਨਸਾਫੀਆਂ ਦਾ ਸ਼ਿਕਾਰ ਹੋਵੋ, ਘਰ ਵੜਦਿਆਂ ਹੀ ਆਸ ਦੀ ਇਕ ਕਿਰਨ ਤੁਹਾਡੇ ਮਿਜਾਜ ਨੂੰ ਸੁਰਖ ਰੰਗਾਂ 'ਚ ਬਦਲ ਦਿੰਦੀ ਏ।

ਘਰ ਦੇ ਬਨੇਰਿਆਂ 'ਤੇ ਬੋਲਦਾ ਕਾਂ, ਵਸਦੇ ਘਰਾਂ ਦਾ ਨਾਂ, ਕਿਸੇ ਦੀ ਆਮਦ ਲਈ ਮਨ ਦੇ ਵਿਹੜੇ ਨੂੰ ਮੋਕਲਾ ਕਰ, ਆਉਣ ਵਾਲੇ ਦੇ ਰਾਹਾਂ 'ਚ ਉਡੀਕ ਦਾ ਦੀਪਕ ਜਗਾਉਂਦਾ ਏ। ਘਰ ਦੇ ਖੁੱਲ੍ਹੇ ਬੂਹੇ, ਖੁੱਲ੍ਹੇ ਦਿਲਾਂ ਦੀ ਤਰਜਮਾਨੀ ਕਰਦੇ, ਹਰ ਆਉਣ ਵਾਲੇ ਲਈ ਤਾਬਿਆਦਾਰੀ ਦਾ ਸਬੱਬ ਬਣਦੇ ਨੇ। ਇਸੇ ਲਈ ਤਾਂ ਬੰਦ ਦਰਵਾਜ਼ੇ, ਕਿਸੇ ਦੀ ਦਸਤਕ ਲਈ ਵੀ ਤਰਸ ਜਾਂਦੇ ਨੇ।

ਅਸੀਂ ਭਾਵੇਂ ਘਰ ਨੂੰ ਭੁੱਲ ਜਾਈਏ, ਪਰ ਘਰ ਕਦੇ ਵੀ ਸਾਨੂੰ ਵਿਸਾਰਦਾ ਨਹੀਂ। ਉਸ ਦੇ ਚੇਤਿਆਂ 'ਚ ਸਾਂਭਿਆ ਰਹਿੰਦਾ ਹੈ, ਤੁਹਾਡੀਆਂ ਸਮੁੱਚੀਆਂ ਕੋਸ਼ਿਸ਼ਾਂ ਦਾ ਇਤਿਹਾਸ, ਤੁਹਾਡੇ ਮਨ ਦੇ ਜਾਗਦੇ ਅਹਿਸਾਸ। ਉਹ ਤੁਹਾਡੇ ਅਤੀਤ ਦਾ ਚਸ਼ਮਦੀਦ ਗਵਾਹ ਏ, ਤੁਹਾਡੀਆਂ ਹੀ ਸੋਚਾਂ ਦਾ ਫੈਲਾਅ ਏ ਅਤੇ ਉਸ ਦੇ ਮਨ 'ਚ ਤੁਹਾਡੀ ਤੇ ਆਪਣੀ ਸਦੀਵਤਾ ਮਾਣਨ ਦਾ ਚਾਅ ਏ।

ਘਰ, ਘਰ ਵਾਲਿਆਂ ਨੂੰ ਅੱਡੀਆਂ ਚੁੱਕ ਕੇ ਉਡੀਕਦਾ ਏ ਅਤੇ ਉਨ੍ਹਾਂ ਦੇ ਪੈਰਾਂ ਦਾ ਖੜਾਕ ਸੁਣ, ਚੁਫੇਰੇ ਮਹਿਕਾਂ ਤੇ ਬਹਾਰਾਂ ਦੀ ਹੱਟ ਲਾ ਬਹਿੰਦਾ ਏ।

ਜਦੋਂ ਜਵਾਨ ਬੱਚੇ, ਨਵੀਆਂ ਮੰਜ਼ਿਲਾਂ ਦੀ ਤਲਾਸ਼ ਵਿਚ ਦੂਰ ਉਡਾਰੀ ਮਾਰ ਜਾਂਦੇ ਨੇ, ਬਜ਼ੁਰਗ ਆਪੋ-ਆਪਣੇ ਘੁਰਨਿਆਂ ਵਿਚ ਵੜੇ, ਜੀਵਨ ਦੇ ਹਿਸਾਬ-ਕਿਤਾਬ 'ਚ ਗਵਾਚੇ ਹੁੰਦੇ ਨੇ, ਤਾਂ ਖੁੱਸੀਆਂ ਹੋਈਆਂ ਰੌਣਕਾਂ ਕਾਰਨ ਘਰ ਬਹੁਤ ਉਦਾਸ ਹੋ ਜਾਂਦਾ ਏ। ਘਰ ਸੋਚਣ ਲੱਗ ਪੈਂਦਾ ਹੈ, "ਭਲਾ ਕੌਣ ਮਾਰੇਗਾ ਕੰਧਾਂ 'ਤੇ ਲੀਕਾਂ ਤੇ ਪਾਏਗਾ ਪੂਰਨੇ? ਕੌਣ ਦੇਵੇਗਾ ਹੱਸਣ-ਖੇਡਣ ਦਾ ਵਰਦਾਨ? ਕੌਣ ਨਿੱਕੀਆਂ ਨਿੱਕੀਆਂ ਸ਼ਰਾਰਤਾਂ 'ਚੋਂ ਖੁਸ਼ੀਆਂ ਦੇ ਵੱਡੇ ਅਰਥ ਪਹਿਚਾਣ ਸਕੇਗਾ? ਕਿਵੇਂ ਆਵੇਗਾ, ਰੁੱਸਣ ਤੇ ਮਨਾਉਣ 'ਚ ਰੁੱਝੇ ਸਮੇਂ ਦਾ ਜੁਗਰਾਫੀਆ ਤੇ ਕਿਥੋਂ ਲਿਆਵੇਗਾ ਝਿੜਕਾਂ ਤੇ ਉਲਾਂਭਿਆਂ 'ਚ ਲੰਘੇ ਵਕਤਾਂ ਦੀਆਂ ਯਾਦਾਂ ਦਾ ਅਸੀਮ ਭੰਡਾਰ ਅਤੇ ਕਿੰਜ ਮਿਲੇਗਾ, ਜੀਵਨ ਦਾ ਬੀਤਿਆ ਸੂਹਾ ਸੰਸਾਰ? ਘਰ ਬਹੁਤ ਉਪਰਾਮ ਹੋ ਜਾਂਦਾ ਏ, ਜਦੋਂ ਇਸ ਦੇ ਬਾਸ਼ਿੰਦੇ ਇਕ ਦੂਜੇ ਨਾਲ ਬੋਲ ਸਾਂਝੇ ਕਰਨ ਤੋਂ ਜੀ ਕਤਰਾਉਂਦੇ ਨੇ ਕਿਉਂਕਿ ਘਰ ਨੂੰ ਤਾਂ ਮਿੱਠੜੇ ਬੋਲਾਂ ਦੀ ਸ਼ਹਿਦ-ਧੁਨੀ 'ਚੋਂ ਹੀ ਜੀਵਨ-ਸੰਗੀਤ ਦਾ ਹੁਲਾਰਾ ਮਿਲਦਾ ਏ।


ਘਰ ਆਸ ਕਰਦਾ ਹੈ ਕਿ ਘਰ ਵਾਲੇ, ਘਰਾਂ 'ਚ ਸੋਂਹਦੇ ਰਹਿਣ। ਘਰਾਂ ਨੂੰ ਘਰਾਂ ਦਾ ਨੇੜ ਨਸੀਬ ਹੁੰਦਾ ਰਹੇ ਅਤੇ ਇਸ ਦੇ ਚਾਰੇ ਪਾਸੀਂ ਨਿੱਘ-ਹੁਲਾਸ ਦਾ ਪਹਿਰਾ ਰਹੇ।

ਘਰ ਸੁਪਨ ਸਿਰਜਨ ਏ, ਸ਼ਾਂਤੀ-ਸਰੂਪ ਏ, ਪ੍ਰੇਮ ਦਾ ਦੂਤ ਏ, ਮੋਹ ਦਾ ਜਗਦਾ ਦੀਪ ਏ, ਸਾਂਝ ਦੀ ਨਿੱਘੀ ਬੁੱਕਲ ਏ, ਜ਼ਿੰਦਗੀ ਦਾ ਠਾਠਾਂ ਮਾਰਦਾ ਦਰਿਆ ਏ ਅਤੇ ਫਿਜ਼ਾ 'ਚ ਖਿਲਰਿਆ ਚਾਅ ਏ।

ਘਰ ਅਰਦਾਸ ਕਰਦਾ ਹੈ ਕਿ ਇਸ ਦੀਆਂ ਕੰਧਾਂ ਕਦੇ ਵੀ ਹਿਚਕੀਆਂ ਦੀ ਜੂਨ ਨਾ ਹੰਢਾਉਣ, ਕਮਰਿਆਂ 'ਚ ਕਦੇ ਵੀ ਰੁੱਠੜੇ ਬੋਲ ਪੀਹੜਾ ਨਾ ਡਾਹੁਣ। ਇਸ ਦਾ ਚੌਂਕਾ ਵੈਰਾਗ ਨਾ ਹੰਢਾਵੇ। ਖੁਦਾ ਇਸ ਦੇ ਓਟਿਆਂ ਦੀਆਂ ਚਿੜੀਆਂ ਨੂੰ ਸਮੇਂ ਨੂੰ ਬਾਜ਼ ਅੱਖ ਤੋਂ ਬਚਾਵੇ। ਇਸ ਦੇ ਵਿਹੜੇ ਦੀ ਸੰਧੂਰੀ ਭਾਅ ਕਦੇ ਨਾ ਮੁਰਝਾਵੇ, ਬਾਗ-ਬਗੀਚੇ 'ਚ ਕਦੇ ਵੀ ਪਤਝੜ ਡੇਰਾ ਨਾ ਲਾਵੇ ਅਤੇ ਇਸ ਦੇ ਫੁੱਲਾਂ ਦੇ ਭਾਗੀਂ, ਰੰਗਾਂ ਤੇ ਖੁਸ਼ਬੂਆਂ ਦਾ ਸੰਧਾਰਾ ਆਵੇ।


# ਅਪਰਾਧੀ ਪਿਛੋਕੜ ਅਤੇ ਭਾਰਤੀ ਸਿਆਸਤਦਾਨ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਇਸ ਹਫਤੇ ਪੰਜਾਬ ਅਤੇ ਚਾਰ ਹੋਰ ਰਾਜਾਂ ਲਈ ਵਿਧਾਨ ਸਭਾ ਚੋਣਾਂ ਦੇ ਐਲਾਨ ਦੀ ਉਡੀਕ ਵਿਚ ਅਤੇ ਫਿਰ ਇਸ ਦੇ ਐਲਾਨ ਪਿੱਛੋਂ ਚੋਣ ਜ਼ਾਬਤੇ ਕਾਰਨ ਚੋਣ ਕਮਿਸ਼ਨ ਜਦੋਂ ਮੀਡੀਏ ਦੀ ਖਿੱਚ ਦਾ ਕੇਂਦਰ ਬਣਿਆ ਰਿਹਾ, ਉਦੋਂ ਭਾਰਤ ਦੀ ਸੁਪਰੀਮ ਕੋਰਟ ਦੇ ਦੋ ਕਦਮ ਲੋੜ ਜੋਗੀ ਬਹਿਸ ਦਾ ਮੁੱਦਾ ਬਣਨ ਤੋਂ ਰਹਿ ਗਏ। ਪਹਿਲਾ ਮੁੱਦਾ ਚੋਣਾਂ ਦੇ ਲਾਭ ਲਈ ਧਰਮ ਦੀ ਦੁਰਵਰਤੋਂ ਦਾ ਸੀ ਤੇ ਦੂਸਰਾ ਚੁਣੇ ਹੋਏ ਅਦਾਰਿਆਂ ਵਿਚ ਜ਼ਰਾਇਮ ਪੇਸ਼ਾ ਚਿਹਰੇ ਵਾਲੇ ਲੀਡਰਾਂ ਦੇ ਦਾਖਲੇ ਉਤੇ ਰੋਕਾਂ ਲਾਉਣ ਦਾ। ਸੁਪਰੀਮ ਕੋਰਟ ਦੀ ਭਾਵਨਾ ਨੇਕ ਹੋਵੇਗੀ, ਪਰ ਫੈਸਲੇ ਲਾਹੇਵੰਦ ਨਹੀਂ ਹੋਏ। ਇੱਕ ਵਾਰ ਫਿਰ ਉਸ ਨੇ ਇਸ ਮਕਸਦ ਲਈ ਕੁਝ ਹੀਲਾ ਕੀਤਾ ਹੈ, ਹੀਲਾ ਸਵਾਗਤਯੋਗ ਵੀ ਹੈ, ਪਰ...।



ਨਰੇਂਦਰ ਮੋਦੀ



ਸੁਪਰੀਮ ਕੋਰਟ

ਇਹ 'ਪਰ' ਵੀ ਬੜੀ ਚੰਦਰੀ ਚੀਜ਼ ਹੈ, ਹਾਂ-ਪੱਖੀ ਗੱਲ ਨੂੰ ਅੰਤ ਵਿਚ ਨਾਂਹ-ਪੱਖੀ ਬਣਾ ਦਿੰਦੀ ਹੈ। ਭਾਰਤ ਦਾ ਲੋਕਤੰਤਰ ਵੀ ਇਸ 'ਪਰ' ਦੇ ਫਾਟਕ ਉਤੇ ਪਿਛਲੇ ਕਈ ਸਾਲਾਂ ਤੋਂ ਅਟਕਿਆ ਖੜੋਤਾ ਹੈ।

ਇੱਕ ਪ੍ਰਧਾਨ ਮੰਤਰੀ ਹੁੰਦਾ ਸੀ, ਪ੍ਰੋਫੈਸਰ ਪਾਮੂਲਾਪਾਰਤੀ ਵੈਂਕਟ ਨਰਸਿਮਹਾ ਰਾਓ। ਉਸ ਦੇ ਵਕਤ ਇੱਕ ਵਾਰ ਇਸ ਗੱਲ ਦਾ ਬਹੁਤ ਰੌਲਾ ਪਿਆ ਕਿ ਰਾਜਨੀਤੀ ਵਿਚ ਅਪਰਾਧੀ ਤੱਤਾਂ ਦਾ ਬੋਲਬਾਲਾ ਵਧ ਗਿਆ ਹੈ ਤੇ ਉਸੇ ਦੇ ਰਾਜ ਦੌਰਾਨ ਰਾਜਨੀਤੀ ਵਿਚ ਧਰਮ ਦੀ ਦੁਰਵਰਤੋਂ ਦਾ ਰੌਲਾ ਵੀ ਪਿਆ ਸੀ। ਗੱਲੀਂ-ਬਾਤੀਂ ਬੁੱਤਾ ਸਾਰਨ ਵਾਲੇ ਨਰਸਿਮਹਾ ਰਾਓ ਨੇ ਦੋਵਾਂ ਗੱਲਾਂ ਵਿਚ ਲੋਕਾਂ ਦੇ ਅੱਖੀਂ ਘੱਟਾ ਪਾ ਛੱਡਿਆ। ਸਿਆਸੀ ਲਾਭਾਂ ਲਈ ਧਰਮ ਦੀ ਵਰਤੋਂ ਉਸ ਨੇ ਕੀ ਰੋਕਣੀ ਸੀ, ਉਸ ਨੇ ਸਭ ਤੋਂ ਵੱਧ ਇਹ ਕੰਮ ਕਰ ਰਹੀ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੂੰ ਖੁਦ ਇਸ਼ਾਰਾ ਕੀਤਾ ਸੀ ਕਿ ਮੈਂ ਮੀਟਿੰਗਾਂ ਦੇ ਦੌਰ ਚਲਾਈ ਜਾਵਾਂਗਾ, ਤੁਸੀਂ ਅਯੁੱਧਿਆ ਵਿਚ ਬਾਬਰੀ ਮਸਜਿਦ ਦੇ ਏਜੰਡੇ ਦਾ ਕੰਮ ਨਿਬੇੜ ਲਓ।

ਸਿਆਸਤ ਵਿਚ ਅਪਰਾਧੀ ਤੱਤਾਂ ਦਾ ਦਾਖਲਾ ਰੋਕਣ ਦਾ ਝੰਡਾ ਵੀ ਨਰਸਿਮਹਾ ਰਾਓ ਨੇ ਚੁੱਕਿਆ ਸੀ, ਜਿਸ ਦੇ ਆਪਣੇ ਨਾਲ ਚੰਦਰਾਸਵਾਮੀ ਵਰਗੇ ਸੰਤ ਭੇਸ ਵਿਚ ਲੁਕੇ ਹੋਏ ਅਪਰਾਧੀਆਂ ਤੋ ਲੈ ਕੇ ਇੱਕ ਤੋਂ ਇੱਕ ਭੈੜਾ ਅਪਰਾਧ ਕਰਨ ਵਾਲੇ ਲੋਕ ਰਾਤ-ਦਿਨ ਤੁਰੇ ਫਿਰਦੇ ਸਨ। ਬਾਅਦ ਵਿਚ ਉਹ ਹੀ ਲੋਕ ਉਸ ਦੇ ਜੇਲ੍ਹ ਜਾਣ ਦਾ ਕਾਰਨ ਬਣੇ ਸਨ ਤੇ ਚੰਦਰਾ ਸਵਾਮੀ ਨੂੰ ਵੀ ਇੱਕ ਵੱਡੇ ਠੱਗੀ ਕੇਸ ਵਿਚ ਉਦੋਂ ਜੇਲ੍ਹ ਜਾਣਾ ਪੈ ਗਿਆ ਸੀ।

ਉਸੇ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੇ ਰਾਜ ਦੌਰਾਨ ਸਿਆਸਤ ਵਿਚ ਅਪਰਾਧੀਆਂ ਦਾ ਦਾਖਲਾ ਰੋਕਣ ਦੇ ਯਤਨ ਵਜੋਂ ਵੋਹਰਾ ਕਮੇਟੀ ਬਣਾ ਕੇ ਉਸ ਨੂੰ ਰਸਤਾ ਸੁਝਾਉਣ ਨੂੰ ਕਿਹਾ ਗਿਆ ਸੀ। ਢਾਈ ਦਹਾਕੇ ਗੁਜ਼ਰ ਗਏ, ਪਰ ਅਪਰਾਧੀ ਤੱਤਾਂ ਵਿਰੁਧ ਕੋਈ ਕਦਮ ਸਿਰੇ ਨਹੀਂ ਚੜ੍ਹਿਆ। ਸੁਪਰੀਮ ਕੋਰਟ ਨੇ ਚੁਣੇ ਹੋਏ ਅਦਾਰਿਆਂ ਵਿਚ ਅਪਰਾਧੀ ਕਿਰਦਾਰ ਵਾਲੇ ਆਗੂਆਂ ਦਾ ਦਾਖਲਾ ਰੋਕਣ ਲਈ ਇੱਕ ਵਾਰ ਸਿੱਧਾ ਦਖਲ ਦਿੱਤਾ ਤਾਂ ਸਭ ਪਾਰਟੀਆਂ ਦੇ ਵੱਡੇ ਆਗੂ ਇਸ ਨਾਲ ਸਹਿਮਤ ਹੋਣ ਦੀ ਥਾਂ ਇਹ ਪੁਆੜਾ ਪਾ ਬੈਠੇ ਕਿ ਇਥੇ ਸਿਆਸੀ ਕਿੜਾਂ ਕੱਢਣ ਲਈ ਕੇਸ ਦਰਜ ਕਰਨ ਦਾ ਰਿਵਾਜ ਹੈ, ਇਸ ਲਈ ਝੂਠੇ ਕੇਸ ਨਾਲ ਕਿਸੇ ਦਾ ਰਾਹ ਰੁਕ ਸਕਦਾ ਹੈ। ਗੱਲ ਵੀ ਸੱਚੀ ਹੈ। ਇੱਕ ਵਾਰੀ ਆਸਾਮ ਵਿਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਰੈਲੀ ਮਗਰੋਂ ਕੇਸ ਦਰਜ ਹੋਇਆ ਸੀ ਕਿ ਕੁਝ ਕਾਂਗਰਸੀ ਵਰਕਰਾਂ ਨੇ ਇੱਕ ਛੋਲੇ-ਕੁਲਚਿਆਂ ਦੀ ਰੇੜ੍ਹੀ ਲੁੱਟੀ ਹੈ ਅਤੇ ਰੈਲੀ ਇੰਦਰਾ ਗਾਂਧੀ ਦੇ ਸੱਦੇ ਉਤੇ ਕੀਤੀ ਗਈ ਸੀ। ਸਿੱਧਾ ਕੇਸ ਇੰਦਰਾ ਗਾਂਧੀ ਦੇ ਖਿਲਾਫ ਨਾ ਬਣਾ ਕੇ ਵੀ ਉਸ ਨੂੰ ਕੇਸ ਵਿਚ ਪਾ ਦਿੱਤਾ ਗਿਆ ਸੀ। ਇਹੋ ਜਿਹੇ ਸੌ ਕੇਸਾਂ ਦੇ ਹਵਾਲੇ ਨਾਲ ਇਹ ਬਹਿਸ ਹੁੰਦੀ ਰਹੀ ਤੇ ਆਖਰ ਅਪਰਾਧੀ ਕਿਰਦਾਰਾਂ ਦੇ ਭਲੇ ਵਾਲੀ ਸਾਬਤ ਹੋਈ ਸੀ।

ਅੱਜ ਕੱਲ੍ਹ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤੀ ਗਈ ਨੋਟਬੰਦੀ ਦਾ ਰੌਲਾ ਹੈ ਅਤੇ ਦੁਨੀਆਂ ਵਿਚ ਇਸ ਦੇ ਲਾਭ-ਨੁਕਸਾਨ ਦੀ ਚਰਚਾ ਹੋ ਰਹੀ ਹੈ, ਪਰ ਲੋਕਾਂ ਵੱਲੋਂ ਚੁਣੇ ਹੋਏ ਅਦਾਰਿਆਂ ਵਿਚ ਅਪਰਾਧੀ ਤੱਤਾਂ ਦੇ ਦਾਖਲੇ ਬਾਰੇ ਸੁਪਰੀਮ ਕੋਰਟ ਦੇ ਕਹੇ ਸ਼ਬਦਾਂ ਦੀ ਚਰਚਾ ਨਹੀਂ ਹੋ ਸਕੀ। ਨਰਿੰਦਰ ਮੋਦੀ ਦਾ ਇਸ ਚਰਚਾ ਵਿਚ ਜ਼ਿਕਰ ਇਸ ਲਈ ਕਰਨਾ ਪਿਆ ਹੈ ਕਿ ਜਿਵੇਂ ਉਸ ਨੇ ਵਿਦੇਸ਼ਾਂ ਤੋਂ ਕਾਲਾ ਧਨ ਲਿਆਉਣ ਤੇ ਗਰੀਬ ਲੋਕਾਂ ਦੇ ਖਾਤੇ ਵਿਚ ਪੰਦਰਾਂ-ਪੰਦਰਾਂ ਲੱਖ ਰੁਪਏ ਪਾਉਣ ਦੀ ਗੱਲ ਕੀਤੀ ਸੀ, ਚੋਣ ਦੌਰਾਨ ਉਸ ਨੇ ਦਾਗੀ ਲੀਡਰਾਂ ਦੇ ਮੁੱਦੇ ਬਾਰੇ ਵੀ ਇੱਕ ਵਾਅਦਾ ਕੀਤਾ ਸੀ। ਉਸ ਨੇ ਕਿਹਾ ਸੀ ਕਿ ਮੈਨੂੰ ਦੇਸ਼ ਦੀ ਸੱਤਾ ਸਾਂਭ ਲੈਣ ਦਿਓ, ਜਾਂਦੇ ਸਾਰ ਇਸ ਕੰਮ ਲਈ ਇੱਕ ਕਮੇਟੀ ਬਣਾ ਕੇ ਇੱਕ ਸਾਲ ਦੇ ਅੰਦਰ ਚੁਣੇ ਹੋਏ ਆਗੂਆਂ ਦੇ ਦਾਗੀ ਹੋਣ ਜਾਂ ਉਨ੍ਹਾਂ ਉਤੇ ਝੂਠੇ ਕੇਸ ਬਣਨ ਦਾ ਰੌਲਾ ਮੁਕਾ ਦਿਆਂਗਾ। ਬੱਤੀ ਮਹੀਨੇ ਹੋ ਚੱਲੇ ਹਨ, ਅਜੇ ਤੱਕ ਕਮੇਟੀ ਨਹੀਂ ਬਣੀ। ਦੇਸ਼ ਦੀ ਕਮਾਨ ਉਸ ਵਿਅਕਤੀ ਦੇ ਹੱਥਾਂ ਵਿਚ ਹੈ, ਜਿਹੜਾ ਇੱਕ ਨਾਅਰਾ ਦਿੰਦਾ ਹੈ ਤੇ ਲੋਕਾਂ ਨੂੰ ਉਸ ਨਾਅਰੇ ਪਿੱਛੇ ਦੌੜਨ ਨੂੰ ਕਹਿ ਕੇ ਆਪ ਅਗਲੀ ਵਾਰੀ ਲੋਕਾਂ ਨੂੰ ਭਾਜੜ ਪਾਉਣ ਵਾਲਾ ਨਵਾਂ ਨਾਅਰਾ ਘੜਨ ਦੀ ਤਿਆਰੀ ਛੋਹ ਲੈਂਦਾ ਹੈ।

ਭਾਰਤੀ ਸਿਆਸਤ ਦਾ ਪਿਛਲਾ ਰਿਕਾਰਡ ਵੇਖਣ ਦੀ ਲੋੜ ਹੈ। ਜਦੋਂ ਅਟਲ ਬਿਹਾਰੀ ਵਾਜਪਾਈ ਦੇ 'ਚਮਕਦਾ ਭਾਰਤ' ਦੇ ਨਾਅਰੇ ਨੂੰ ਪਛਾੜ ਕੇ ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠ ਸੋਨੀਆ ਗਾਂਧੀ ਨੇ ਭਾਰਤ ਸਰਕਾਰ ਬਣਾਈ ਤਾਂ ਲੋਕ ਸਭਾ ਦੇ 24 ਫੀਸਦੀ ਮੈਂਬਰ ਅਪਰਾਧੀ ਰਿਕਾਰਡ ਵਾਲੇ ਸਨ। ਸੁਥਰੇ ਅਕਸ ਵਾਲੇ ਪ੍ਰਧਾਨ ਮੰਤਰੀ ਦੇ ਰਾਜ ਦੀ ਬਰਕਤ ਨਾਲ ਅਗਲੀ ਵਾਰੀ ਲੋਕ ਸਭਾ ਵਿਚ 30 ਫੀਸਦੀ ਪਾਰਲੀਮੈਂਟ ਮੈਂਬਰ ਅਪਰਾਧੀ ਰਿਕਾਰਡ ਵਾਲੇ ਆ ਗਏ। ਨਰਿੰਦਰ ਮੋਦੀ ਨੇ ਸਿਆਸਤ ਨੂੰ ਸਵੱਛ ਕਰਨ ਦਾ ਨਾਅਰਾ ਦਿੱਤਾ ਤੇ ਇੱਕ ਸਾਲ ਵਿਚ ਇੱਕ ਕਮੇਟੀ ਬਣਾ ਕੇ ਦਾਗੀ ਆਗੂਆਂ ਬਾਰੇ ਨਿਬੇੜਾ ਕਰਨ ਦੀਆਂ ਗੱਲਾਂ ਕੀਤੀਆਂ ਸਨ। ਜਿਸ ਪਾਰਲੀਮੈਂਟ ਨੇ ਭਾਰਤ ਦੀ ਕਮਾਨ ਉਸ ਨੂੰ ਸੌਂਪੀ, ਉਹ ਪਿਛਲੀਆਂ ਦੋਵਾਂ ਨੂੰ ਪਛਾੜ ਗਈ ਅਤੇ ਇਸ ਵਿਚ 34 ਫੀਸਦੀ ਅਪਰਾਧੀ ਹੋ ਗਏ। ਨਰਿੰਦਰ ਮੋਦੀ ਕਹਿ ਸਕਦਾ ਹੈ ਕਿ ਮਾੜੇ ਹੋਣ ਜਾਂ ਚੰਗੇ, ਚੋਣਾਂ ਵਿਚ ਵੋਟਾਂ ਨਾਲ ਚੁਣੇ ਗਏ ਹਨ, ਮੈਂ ਇਸ ਦਾ ਜ਼ਿੰਮੇਵਾਰ ਨਹੀਂ, ਪਰ ਆਪਣੇ ਮੰਤਰੀਆਂ ਦੀ ਚੋਣ ਲਈ ਤਾਂ ਉਸ ਨੂੰ ਕੋਈ ਮਜਬੂਰੀ ਨਹੀਂ ਸੀ। ਲੋਕਾਂ ਲਈ ਹੈਰਾਨੀ ਦੀ ਗੱਲ ਸੀ ਕਿ ਪ੍ਰਧਾਨ ਮੰਤਰੀ ਮੋਦੀ ਨੇ ਪਹਿਲੇ ਪਰਾਗੇ ਦੇ 78 ਮੰਤਰੀਆਂ ਵਿਚ 24 ਜਣੇ ਉਹ ਸ਼ਾਮਲ ਕਰ ਲਏ, ਜਿਹੜੇ ਹਿਸਟਰੀ ਸ਼ੀਟਰ ਸਨ। ਇੱਕ ਜਣੇ ਉਤੇ ਕਈ ਕਤਲਾਂ ਦੇ ਦੋਸ਼ ਸਨ ਤੇ ਇੱਕ ਹੋਰ ਉਤੇ ਇਹ ਦੋਸ਼ ਸੀ ਕਿ ਉਹ ਭਾਰਤ ਸਰਕਾਰ ਦੇ ਇੱਕ ਬੈਂਕ, ਸੈਂਟਰਲ ਬੈਂਕ ਆਫ ਇੰਡੀਆ ਦੇ ਨਾਲ 317 ਕਰੋੜ ਰੁਪਏ ਦੀ ਠੱਗੀ ਦੇ ਕੇਸ ਵਿਚ ਅਪਰਾਧੀਆਂ ਦੀ ਸੂਚੀ ਵਿਚ ਸ਼ਾਮਲ ਸੀ। ਉਦੋਂ ਲੋਕਾਂ ਨੂੰ ਸਮਝ ਆ ਜਾਣੀ ਚਾਹੀਦੀ ਸੀ ਕਿ ਮੋਦੀ ਦੇ ਰਾਜ ਵਿਚ ਵੀ ਅਪਰਾਧੀ ਤੱਤਾਂ ਦਾ ਕੁਝ ਨਹੀਂ ਵਿਗੜੇਗਾ। ਜਦੋਂ ਮੋਦੀ ਗੁਜਰਾਤ ਦਾ ਮੁੱਖ ਮੰਤਰੀ ਸੀ, ਬਾਕੀ ਭਾਰਤ ਵਿਚ ਪ੍ਰਭਾਵ ਸੀ ਕਿ ਉਸ ਦਾ ਰਾਜ ਚੰਗਾ ਹੈ, ਪਰ ਲੋਕ ਇਹ ਗੱਲ ਨਹੀਂ ਸੀ ਜਾਣਦੇ ਕਿ ਪ੍ਰਸ਼ੋਤਮ ਸੋਲੰਕੀ ਨਾਂ ਦੇ ਮੱਛੀ ਪਾਲਣ ਮੰਤਰੀ ਨੂੰ 900 ਕਰੋੜ ਰੁਪਏ ਦੇ ਘਪਲੇ ਕਾਰਨ ਸਜ਼ਾ ਹੋ ਜਾਣ ਪਿੱਛੋਂ ਵੀ ਮੋਦੀ ਨੇ ਮੰਤਰੀ ਮੰਡਲ ਵਿਚੋਂ ਉਸ ਨੂੰ ਬਾਹਰ ਨਹੀਂ ਸੀ ਕੱਢਿਆ। ਉਦੋਂ ਗੁਜਰਾਤ ਵਿਚ 182 ਮੈਂਬਰਾਂ ਦੀ ਵਿਧਾਨ ਸਭਾ ਵਿਚ 57 ਜਣੇ ਅਪਰਾਧਕ ਕੇਸਾਂ ਵਿਚ ਉਲਝੇ ਹੋਏ ਸਨ, ਜਿਨ੍ਹਾਂ ਵਿਚ ਕਾਂਗਰਸੀ ਵੀ ਸਨ ਤੇ ਭਾਜਪਾਈ ਵੀ।

ਅਸੀਂ ਇਸ ਵਕਤ ਪੰਜਾਬ ਅਤੇ ਚਾਰ ਹੋਰ ਰਾਜਾਂ ਵਿਚ ਵਿਧਾਨ ਸਭਾ ਚੋਣਾਂ ਦੀ ਪ੍ਰਕ੍ਰਿਆ ਚੱਲਦੀ ਵੇਖਣ ਨੂੰ ਕਾਹਲੇ ਹਾਂ। ਇਸ ਪ੍ਰਕ੍ਰਿਆ ਨੂੰ ਉਧਾਲੇ ਜਾਣ ਦੀ ਸ਼ੁਰੂਆਤ ਹੋ ਚੁੱਕੀ ਹੈ। ਇਸ ਹਫਤੇ ਲੋਕਾਂ ਦਾ ਮੂਡ ਦੱਸਣ ਲਈ ਦੋ ਮੀਡੀਆ ਚੈਨਲਾਂ ਨੇ ਸਰਵੇਖਣ ਰਿਪੋਰਟਾਂ ਪੇਸ਼ ਕੀਤੀਆਂ। ਪਹਿਲੀ ਰਿਪੋਰਟ ਕਹਿ ਰਹੀ ਹੈ ਕਿ ਪੰਜਾਬ ਵਿਚ ਅਕਾਲੀ-ਭਾਜਪਾ ਗੱਠਜੋੜ ਨੇ ਪੰਜਾਹ ਤੋਂ ਵੱਧ ਸੀਟਾਂ ਜਿੱਤਣੀਆਂ ਤੇ ਲਗਾਤਾਰ ਤੀਸਰੀ ਵਾਰ ਸਰਕਾਰ ਬਣਾਉਣੀ ਹੈ, ਕਾਂਗਰਸ ਅੱਗੇ ਵਾਲੇ ਥਾਂ ਹੀ ਰਹੇਗੀ ਤੇ ਨਵੀਂ ਉਠੀ ਆਮ ਆਦਮੀ ਪਾਰਟੀ ਵੀਹ ਸੀਟਾਂ ਪਾਰ ਨਹੀਂ ਕਰੇਗੀ। ਦੂਸਰੇ ਚੈਨਲ ਨੇ ਕਿਹਾ ਕਿ ਸਰਕਾਰ ਕਾਂਗਰਸ ਦੀ ਬਣੇਗੀ ਤੇ ਆਮ ਆਦਮੀ ਪਾਰਟੀ ਦੀ ਝੋਲੀ ਵਿਚ ਚਾਲੀ ਸੀਟਾਂ ਪੈਣ ਪਿੱਛੋਂ ਅਕਾਲੀ-ਭਾਜਪਾ ਗੱਠਜੋੜ ਵੀਹ ਕੁ ਸੀਟਾਂ ਨੇੜੇ ਰਹੇਗਾ। ਸਰਕਾਰ ਕਾਂਗਰਸ ਦੀ ਬਣੇ ਜਾਂ ਬਾਦਲਾਂ ਦੀ, ਆਮ ਆਦਮੀ ਪਾਰਟੀ ਅੱਗੇ ਵਧੇ ਜਾਂ ਮਨਪ੍ਰੀਤ ਸਿੰਘ ਬਾਦਲ ਦੀ ਪਾਰਟੀ ਦਾ ਤਜਰਬਾ ਦੁਹਰਾ ਜਾਵੇ, ਇਸ ਨੂੰ ਵੇਖਣ ਦੀ ਲੋੜ ਨਹੀਂ, ਵੇਖਣ ਦੀ ਲੋੜ ਅਕਾਲੀ-ਭਾਜਪਾ ਗੱਠਜੋੜ ਵੱਲ ਹੈ। ਇੱਕ ਸਰਵੇਖਣ ਉਸ ਨੂੰ ਤੀਸਰੀ ਵਾਰ ਸਹੁੰ ਚੁੱਕਣ ਦੀ ਤਿਆਰੀ ਕਰਨ ਦਾ ਸੱਦਾ ਦਿੰਦਾ ਹੈ ਅਤੇ ਦੂਸਰਾ ਕਹਿੰਦਾ ਹੈ ਕਿ ਉਸ ਦੇ ਲੀਡਰਾਂ ਨੂੰ ਗੋਡਿਆਂ ਵਿਚ ਸਿਰ ਦੇ ਕੇ ਰੋਣਾ ਪਵੇਗਾ। ਪੰਜ ਰਾਜਾਂ ਦੀਆਂ ਚੋਣਾਂ ਦੀ ਪ੍ਰਕ੍ਰਿਆ ਦੌਰਾਨ ਸਮਝਣ ਵਾਲੀ ਸਭ ਤੋਂ ਵੱਡੀ ਚਾਲ ਹੀ ਇਹੋ ਹੈ।

ਸਾਡੇ ਲੋਕ ਸੜਕ-ਛਾਪ ਜਾਦੂਗਰਾਂ ਦੀ ਖੇਡ ਵੇਖਣ ਲਈ ਸੌ ਜ਼ਰੂਰੀ ਕੰਮ ਛੱਡ ਕੇ ਖੜ ਜਾਣ ਦੀ ਆਦਤ ਦੇ ਸ਼ਿਕਾਰ ਹਨ। ਉਨ੍ਹਾਂ ਦੀ ਇਸ ਆਦਤ ਨੂੰ ਵਰਤਿਆ ਜਾਂਦਾ ਹੈ। ਸਰਵੇਖਣਾਂ ਦੇ ਬਹਾਨੇ ਉਨ੍ਹਾਂ ਨੂੰ ਕਿਹਾ ਜਾ ਰਿਹਾ ਹੈ ਕਿ ਫਲਾਣੀ ਪਾਰਟੀ ਜਿੱਤ ਰਹੀ ਹੈ, ਅਗਲੇ ਪੰਜ ਸਾਲ ਫਾਇਦਾ ਲੈਣਾ ਹੈ ਤਾਂ ਇਸ ਦੇ ਪੱਖ ਵਿਚ ਤੁਰ ਪਵੋ। ਇਹ ਸਰਵੇਖਣ ਚੋਣ ਪ੍ਰਚਾਰ ਦਾ ਹਿੱਸਾ ਹਨ। ਚੁਣੇ ਹੋਏ ਅਦਾਰਿਆਂ ਵਿਚ ਜਿਹੜੇ ਅਪਰਾਧੀ ਤੱਤ ਪਹੁੰਚਦੇ ਹਨ, ਉਹ ਕਿਸੇ ਸਟੇਸ਼ਨ ਉਤੇ ਖੜੀ ਰੇਲ ਗੱਡੀ ਦੀ ਤਤਕਾਲ ਕੋਟੇ ਦੀ ਟਿਕਟ ਲੈ ਕੇ ਨਹੀਂ ਜਾਂਦੇ, ਇਦਾਂ ਦੀਆਂ ਤਿਕੜਮਾਂ ਨਾਲ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ। ਜਿਨ੍ਹਾਂ ਦੇ ਆਪਣੇ ਚੁਫੇਰੇ ਅਪਰਾਧੀ ਤੱਤ ਫਿਰਦੇ ਹੋਣ, ਉਹ ਵੀ ਜਦੋਂ ਇਹ ਕਹਿੰਦੇ ਹਨ ਕਿ ਦੇਸ਼ ਦੇ ਲੋਕਤੰਤਰ ਵਿਚ ਅਪਰਾਧੀ ਤੱਤਾਂ ਦਾ ਦਾਖਲਾ ਰੋਕਣਾ ਹੈ ਤਾਂ ਹੱਸ ਲੈਣਾ ਚਾਹੀਦਾ ਹੈ। ਇਸ ਹਫਤੇ ਹਿੰਦੀ ਦੇ ਇੱਕ ਵਿਅੰਗਕਾਰ ਦੀ ਪੇਸ਼ਕਾਰੀ ਵਟਸ ਐਪ ਉਤੇ ਘੁੰਮਦੀ ਰਹੀ ਹੈ। ਉਹ ਕਹਿੰਦਾ ਹੈ ਕਿ ਭਾਰਤ ਦਾ ਸਭ ਤੋਂ ਵੱਡਾ ਵਿਅੰਗ 'ਸਵੱਛ ਭਾਰਤ' ਮਿਸ਼ਨ ਦੇ ਲੋਗੋ ਵਿਚ ਹੈ। ਇਸ ਦਾ ਲੋਗੋ ਮਹਾਤਮਾ ਗਾਂਧੀ ਦੀ ਐਨਕ ਦੇ ਦੋ ਸ਼ੀਸ਼ਿਆਂ ਦਾ ਹੈ, ਜਿਸ ਦੇ ਇੱਕ ਸ਼ੀਸ਼ੇ ਵਿਚ 'ਸਵੱਛ' ਲਿਖਿਆ ਤੇ ਦੂਸਰੇ ਵਿਚ 'ਭਾਰਤ' ਲਿਖਿਆ ਹੈ ਅਤੇ ਦੋਵੇਂ ਸ਼ੀਸ਼ੇ ਵੇਖ ਕੇ ਪਤਾ ਲੱਗਦਾ ਹੈ ਕਿ ਜਿੱਥੇ ਸਵੱਛ ਹੈ, ਉਥੇ ਭਾਰਤ ਨਹੀਂ ਤੇ ਜਿੱਥੇ ਭਾਰਤ ਹੈ, ਉਹ ਸਵੱਛ ਨਹੀਂ ਹੈ। ਗਲੀਆਂ-ਬਾਜ਼ਾਰਾਂ ਵਿਚ ਫੈਲੇ ਹੋਏ ਕੂੜੇ ਨੂੰ ਸਾਫ ਕਰਨ ਤੋਂ ਰਾਜਨੀਤੀ ਵਿਚ ਪਿਆ ਗੰਦ ਸਾਫ ਕਰਨ ਤੱਕ ਬਾਰੇ ਵੀ ਇੱਕੋ ਗੱਲ ਹੀ ਕਹਿਣੀ ਕਾਫੀ ਜਾਪਦੀ ਹੈ, ਜਿਹੜੀ ਕਿਸੇ ਸਮੇਂ ਮਿਰਜ਼ਾ ਗ਼ਾਲਿਬ ਨੇ ਕਹਿ ਦਿੱਤੀ ਸੀ:

ਹਮ ਕੋ ਮਾਲੂਮ ਹੈ  
ਜੰਨਤ ਕੀ ਹਕੀਕਤ ਲੇਕਿਨ,  
ਦਿਲ ਕੇ ਖ਼ੁਸ਼ ਰਖਨੇ ਕੋ  
ਗਾਲਿਬ ਯੇ ਖਯਾਲ ਅੱਛਾ ਹੈ।

## ਟਰੰਪ ਨੇ ਜਵਾਈ ਨੂੰ ਬਣਾਇਆ ਸਲਾਹਕਾਰ

**ਵਾਸ਼ਿੰਗਟਨ:** ਡੋਨਲਡ ਟਰੰਪ ਨੇ ਆਪਣੇ ਜਵਾਈ ਜੇਅਰਡ ਕਸ਼ਨਰ ਨੂੰ ਵਾਈਟ ਹਾਊਸ ਦਾ ਸਲਾਹਕਾਰ ਚੁਣ ਲਿਆ ਹੈ। ਕਸ਼ਨਰ ਇਕ ਪ੍ਰਾਪਰਟੀ ਡਿਵੈਲਪਰ ਤੇ ਪ੍ਰਕਾਸ਼ਕ ਹਨ। 35 ਸਾਲ ਦੇ ਜੇਅਰਡ ਕਸ਼ਨਰ ਨੇ ਟਰੰਪ ਦੇ ਚੋਣ ਪ੍ਰਚਾਰ ਵਿਚ ਅਹਿਮ ਭੂਮਿਕਾ ਨਿਭਾਈ ਸੀ। ਸਲਾਹਕਾਰ ਵਜੋਂ ਕਸ਼ਨਰ ਘਰੇਲੂ ਅਤੇ ਵਿਦੇਸ਼ ਮਾਮਲਿਆਂ ਵਿਚ ਟਰੰਪ ਨੂੰ ਸਲਾਹ ਦੇਣਗੇ। ਕਸ਼ਨਰ ਟਰੰਪ ਦੀ ਬੇਟੀ ਲਵੀਨਕਾ ਨਾਲ ਵਿਆਹਿਆ ਹੋਇਆ ਹੈ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 40 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838
ਕੰਪਨੀ ਦੇ ਟਰੱਕ ਅਤੇ ਟਰੇਲਰ ਲੀਜ਼ ਜਾਂ ਕਿਰਾਏ 'ਤੇ ਲੈ ਸਕਦੇ ਹੋ

# ਜਜ਼ਬੇ ਨੂੰ ਸਲਾਮ: 15 ਸਾਲਾ ਐਲਿਸਾ ਮੰਗਲ 'ਤੇ ਵਸਾਏਗੀ ਬਸਤੀ

**ਨਿਊ ਯਾਰਕ:** ਚੰਦਾ ਮਾਮਾ ਨੂੰ ਮੁੱਠੀ ਵਿਚ ਕੈਦ ਕਰਨ ਲਈ ਮਚਲਣ ਦੀ ਉਮਰੇ ਅਮਰੀਕਾ ਦੀ ਐਲਿਸਾ ਕਾਸਰਨ ਨੇ ਪੁਲਾੜ ਯਾਤਰੀਆਂ ਲਈ ਜ਼ਰੂਰੀ ਸਿਖਲਾਈ ਤੋਂ ਇਲਾਵਾ ਮੰਗਲ ਗ੍ਰਹਿ ਦੀ ਆਬੋ-ਹਵਾ ਨਾਲ ਸਬੰਧਤ ਚੁਣੌਤੀਪੂਰਨ ਸਿਖਲਾਈ ਹਾਸਲ ਕਰ ਲਈ ਹੈ। ਲੂਸੀਆਨਾ ਦੇ ਬੈਟਨ ਰੂਜ ਦੀ 15 ਸਾਲਾ ਐਲਿਸਾ ਨੇ ਤਿੰਨ ਸਾਲ ਦੀ ਉਮਰ ਵਿਚ ਪਾਪਾ ਬਰਟ ਕਾਸਰਨ ਨੂੰ ਸਵਾਲ ਕੀਤਾ ਸੀ। ਪਾਪਾ, ਮੰਗਲ ਗ੍ਰਹਿ ਉਤੇ ਕੋਈ ਗਿਆ ਹੈ ਕੀ? ਉਸ ਦੇ ਪਾਪਾ ਨੇ ਵੀ ਉਸ ਨੂੰ ਗੰਭੀਰ ਅੰਦਾਜ਼ ਵਿਚ ਜਵਾਬ ਦਿੱਤਾ- ਨਹੀਂ ਬੇਟਾ, ਮੰਗਲ ਤਾਂ ਨਹੀਂ, ਇਨਸਾਨ ਚੰਦ ਉਤੇ ਜ਼ਰੂਰ ਪਹੁੰਚ ਗਿਆ ਹੈ। ਫਿਰ ਕੀ ਸੀ, ਇਸ ਮਗਰੋਂ ਐਲਿਸਾ ਦਾ ਮੰਗਲ ਉਤੇ ਬਸਤੀ ਵਸਾਉਣ ਦਾ ਜਨੂਨ ਪ੍ਰਵਾਨ ਚੜ੍ਹਨ ਲੱਗਾ।



ਉਹ ਮੰਗਲ ਉਤੇ ਕਦਮ ਰੱਖਣ ਵਾਲੇ ਪਹਿਲੇ ਲੋਕਾਂ ਵਿਚ ਸ਼ਾਮਲ ਹੋਣ ਤੇ ਇਸ ਗ੍ਰਹਿ ਉਤੇ ਨਵੀਂ ਦੁਨੀਆਂ ਦੀ ਨੀਂਹ ਰੱਖੇ ਜਾਣ ਵਿਚ ਅਹਿਮ ਭੂਮਿਕਾ ਨਿਭਾਉਣ ਲਈ ਕਠਿਨ ਸਿਖਲਾਈਆਂ ਵਿਚੋਂ ਗੁਜਰ ਰਹੀ ਹੈ, ਜਿਸ ਬਾਰੇ ਇਸ ਦੇ ਹਮ-ਉਮਰਾਂ ਨੇ ਸੁਣਿਆ ਵੀ ਨਹੀਂ ਹੋਵੇਗਾ। ਉਹ ਸੁਪਨੇ ਨਹੀਂ ਬੁਣ ਰਹੀ, ਬਲਕਿ ਮੰਗਲ ਦੀ ਹਕੀਕਤ ਜੀਊਣ ਲੱਗੀ ਹੈ। ਅੰਗਰੇਜ਼ੀ, ਫਰੈਂਚ, ਸਪੈਨਿਸ਼ ਤੇ ਚਾਈਨਜ਼ ਭਾਸ਼ਾਵਾਂ ਫਰਾਟੇਦਾਰ ਬੋਲਣ ਤੇ ਲਿਖਣ ਵਾਲੀ ਐਲਿਸਾ ਦਾ ਕਹਿਣਾ ਹੈ ਕਿ ਮੰਗਲ ਉਤੇ ਭਾਰਤ ਦੀ ਇਤਿਹਾਸਕ ਪਹਿਲ ਤੇ ਪੁਲਾੜ ਵਿਚ ਇਸ ਦੇ ਮਹੱਤਵਪੂਰਨ ਦਖਲ ਨੂੰ ਦੇਖਦੇ ਹੋਏ ਉਹ ਛੇਤੀ ਹੀ ਹਿੰਦੀ ਦੀਆਂ ਕਲਾਸਾਂ ਲੈਣ ਵਾਲੀ ਹੈ।

ਮੈਨੂੰ ਉਸ ਦਿਨ ਦਾ ਇੰਤਜ਼ਾਰ ਹੈ, ਜਦੋਂ ਆਪਣੇ ਮੰਗਲ ਮਿਸ਼ਨ ਬਾਰੇ ਦੱਸਣ ਲਈ ਮੈਨੂੰ ਭਾਰਤ ਬੁਲਾਇਆ ਜਾਵੇਗਾ। ਇਹ ਮੇਰੇ ਲਈ ਬਹੁਤ ਖੁਸ਼ੀ ਵਾਲੀ ਗੱਲ ਹੋਵੇਗੀ। ਫਿਲਹਾਲ ਉਹ ਰੂਸੀ ਭਾਸ਼ਾ ਦੀ ਸਿੱਖਿਆ ਲੈ ਰਹੀ ਹੈ। ਐਲਿਸਾ ਇਹ ਬਹੁਤ ਚੰਗੀ ਤਰ੍ਹਾਂ ਜਾਣਦੀ ਹੈ ਕਿ ਇਕ ਵਾਰ ਮੰਗਲ 'ਤੇ ਜਾਣ ਬਾਅਦ ਉਸ ਦਾ ਧਰਤੀ ਉਤੇ ਵਾਪਸ ਆਉਣ ਸੰਭਵ ਨਹੀਂ ਹੋਵੇਗਾ, ਫਿਰ ਵੀ ਧਰਤੀ ਤੋਂ ਤਕਰੀਬਨ 40 ਕਰੋੜ ਕਿਲੋਮੀਟਰ ਦੂਰ ਮੰਗਲ ਉਤੇ ਪਹੁੰਚਣ ਦੀ ਉਸ ਦੀ ਜਿੱਦ ਪੱਕੀ ਹੈ। ਉਸ ਦੇ ਹੀ ਸੁਪਨੇ ਜੀਊਣ ਵਾਲੇ ਬਰਟ ਕਾਸਰਨ ਨੇ ਆਪਣੇ ਜਜ਼ਬਾਤਾਂ ਨੂੰ ਡੂੰਘੇ ਸਮੁੰਦਰ ਵਿਚ ਦਫਨ ਕਰ ਕੇ ਪੁਲਾੜ ਬੇਟੀ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਆਕਾਸ਼ ਪਤਾਲ ਇਕ ਕਰ ਦਿੱਤਾ ਹੈ। ਅਸੀਂ ਉਸੇ ਮੰਗਲ ਗ੍ਰਹਿ ਦੀ ਗੱਲ ਕਰ ਰਹੇ ਹਾਂ, ਜਿਥੇ 24 ਸਤੰਬਰ 2014 ਨੂੰ ਮੰਗਲਯਾਨ ਦੇ ਪਹੁੰਚਣ ਦੇ ਨਾਲ ਹੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਨਵਾਂ ਇਤਿਹਾਸ ਰਚ ਦਿੱਤਾ ਤੇ ਭਾਰਤ ਪਹਿਲੇ ਹੀ ਯਤਨ ਵਿਚ ਸਫਲ ਹੋਣ ਵਾਲਾ ਪਹਿਲਾ ਤੇ ਸੋਵੀਅਤ ਰੂਸ, ਨਾਸਾ ਤੇ ਯੂਰਪੀ ਪੁਲਾੜ ਏਜੰਸੀ ਦੇ ਬਾਅਦ ਦੁਨੀਆਂ ਦਾ ਚੌਥਾ ਦੇਸ਼ ਬਣ ਗਿਆ। ਸਭ ਤੋਂ ਘੱਟ ਬਜਟ ਨਾਲ ਭਾਰਤ ਦੀ 'ਮੰਗਲ ਫਤਿਹ' ਨੇ ਵਿਸ਼ਵ ਨੂੰ ਹੈਰਾਨ ਕਰ ਦਿੱਤਾ ਹੈ। ਇਸ 'ਤੇ ਕੁੱਲ ਖਰਚ 450 ਕਰੋੜ ਰੁਪਏ ਆਇਆ। ਇਹ ਨਾਸਾ ਦੇ ਪਹਿਲੇ ਮੰਗਲ ਮਿਸ਼ਨ ਦਾ ਦਸਵਾਂ ਤੇ ਚੀਨ-ਜਪਾਨ ਦੇ ਨਾਕਾਮ ਮੰਗਲ ਮੁਹਿੰਮਾਂ ਦਾ ਇਕ ਚੌਥਾਈ ਹੈ ਤੇ ਇਹ ਅਕਾਦਮੀ ਪੁਰਸਕਾਰ ਵਿਜੇਤਾ ਫਿਲਮ 'ਗਰੈਵਿਟੀ' ਉਤੇ ਆਏ ਖਰਚ ਤੋਂ ਵੀ ਘੱਟ ਹੈ।

## ਅਤਿਵਾਦ ਵਿਰੁਧ ਜੰਗ ਲਈ ਨਿੱਤਰੀਆਂ ਅਫਗਾਨ ਔਰਤਾਂ

**ਕਾਬੁਲ:** ਅਫਗਾਨਿਸਤਾਨ ਦੇ ਉਤਰੀ ਜਾਵਜਨ ਸੂਬੇ ਵਿਚ ਕਈ ਔਰਤਾਂ ਨੇ ਤਾਲਿਬਾਨ ਅਤੇ ਇਸਲਾਮਿਕ ਸਟੇਟ (ਆਈ.ਐਸ.) ਤੋਂ ਡਰਨ ਦੀ ਜਗ੍ਹਾ ਹੌਸਲਾ ਵਿਖਾਇਆ ਹੈ। ਉਨ੍ਹਾਂ ਨੇ ਇਨ੍ਹਾਂ ਅਤਿਵਾਦੀ ਸੰਗਠਨਾਂ ਖਿਲਾਫ਼ ਹਥਿਆਰ ਚੁੱਕ ਲਏ ਹਨ। ਸਥਾਨਕ ਮੀਡੀਆ ਮੁਤਾਬਕ ਰਾਈਫਲ ਅਤੇ ਦੂਜੇ ਕਈ ਹਥਿਆਰਾਂ ਨਾਲ ਇਨ੍ਹਾਂ ਔਰਤਾਂ ਦੀਆਂ ਤਸਵੀਰਾਂ ਸੋਸ਼ਲ ਮੀਡੀਏ ਉਤੇ ਸਾਹਮਣੇ ਆਈਆਂ ਹਨ। ਦੇਸ਼ ਦੇ ਉਤਰੀ ਹਿੱਸੇ 'ਚ ਆਪਣਾ ਵਿਸਥਾਰ ਕਰਨ 'ਚ ਰੁੱਝੇ ਅਤਿਵਾਦੀਆਂ ਖਿਲਾਫ਼ ਖੜ੍ਹੇ ਹੋਣ ਵਾਲੀਆਂ ਇਨ੍ਹਾਂ ਔਰਤਾਂ ਦੇ ਹੌਸਲੇ ਦੀ ਕਾਫੀ ਤਰੀਫ ਹੋ ਰਹੀ ਹੈ। ਔਰਤਾਂ ਦਾ ਇਹ ਗਰੁੱਪ ਪਿਛਲੇ ਸਾਲ ਨਵੰਬਰ 'ਚ ਸੂਬੇ ਦੇ ਦਰਜਬ ਜ਼ਿਲ੍ਹੇ 'ਚ ਵਧਣਾ-ਫੁੱਲਣਾ ਸ਼ੁਰੂ ਹੋਇਆ ਸੀ। ਸੂਬੇ ਦੇ ਰਣਨੀਤਕ ਮਹੱਤਵ ਵਾਲੇ ਖੇਤਰ 'ਚ ਤਾਲਿਬਾਨ ਅਤਿਵਾਦੀਆਂ ਨੂੰ ਕਬਜ਼ੇ ਤੋਂ ਰੋਕਣ ਲਈ ਇਸ ਗਰੁੱਪ ਨੇ ਇਕ ਔਰਤ ਮਿਲੀਸ਼ੀਆ ਕਮਾਂਡਰ ਦੀ ਅਗਵਾਈ 'ਚ ਮੁਹਿੰਮ ਛੇੜੀ ਹੈ। ਇਸ ਗਰੁੱਪ ਦੀ ਅਗਵਾਈ 53 ਸਾਲਾ ਜਰਮੀਨਾ ਕਰ ਰਹੀ ਹੈ। ਉਨ੍ਹਾਂ ਨਾਲ ਔਰਤਾਂ ਜੰਗਜੂਆਂ ਦੀ ਗਿਣਤੀ ਵਧ ਕੇ 45 ਹੋ ਗਈ ਹੈ। ਇਸ ਤੋਂ ਪਹਿਲਾਂ ਫਰਾਹ ਸੂਬੇ 'ਚ 2014 ਵਿਚ ਇਕ ਅਫ਼ਗਾਨ ਔਰਤਾਂ ਨੇ ਆਪਣੇ ਪੁੱਤਰ ਦੀ ਹੱਤਿਆ ਦਾ ਬਦਲਾ ਲੈਣ ਲਈ 25 ਤਾਲਿਬਾਨ ਅਤਿਵਾਦੀਆਂ ਨੂੰ ਮਾਰ ਮੁਕਾਇਆ ਸੀ।



# ਆਪਣੇ ਹੀ ਰੱਖਿਅਕਾਂ ਦਾ ਨਿਸ਼ਾਨਾ ਬਣ ਚੱਲੀ ਸੀ ਮਹਾਰਾਣੀ!

**ਲੰਡਨ:** ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈੱਥ ਦੂਜੀ (90) ਆਪਣੇ ਸੁਰੱਖਿਆ ਕਰਮੀਆਂ ਹੱਥੋਂ ਮਰਨ ਤੋਂ ਵਾਲ-ਵਾਲ ਬਚ ਗਈ। ਮੀਡੀਆ ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਮਹਾਰਾਣੀ ਦੇਰ ਰਾਤ ਨੂੰ ਆਪਣੇ ਮਹਿਲ ਦੇ ਬਾਗ ਵਿਚ ਸੈਰ ਕਰ ਰਹੀ ਸੀ ਤਾਂ ਉਸ ਦੇ ਰੱਖਿਅਕਾਂ ਨੇ ਸੋਚਿਆ ਕਿ ਕੋਈ ਘੁਸਪੈਠੀਆ ਦਾਖਲ ਹੋ ਗਿਆ ਹੈ। ਉਨ੍ਹਾਂ ਬੰਦੂਕਾਂ ਕੱਢ ਕੇ ਨਿਸ਼ਾਨਾ ਸੇਧ ਲਿਆ, ਪਰ ਭੁਲੇਖਾ ਦੂਰ ਹੁੰਦਿਆਂ ਸਾਰ ਹੀ ਉਨ੍ਹਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ।



ਜ਼ਿਕਰਯੋਗ ਹੈ ਕਿ ਐਲਿਜ਼ਾਬੈੱਥ ਨੂੰ ਆਪਣੇ ਬਕਿੰਘਮ ਪੈਲਸ ਦੇ ਬਾਗ 'ਚ ਲੰਮੀ ਸੈਰ ਕਰਨ ਦਾ ਸ਼ੌਕ ਹੈ ਅਤੇ ਜਦੋਂ ਉਸ ਨੂੰ ਨੀਂਦ ਨਹੀਂ ਪੈਂਦੀ ਤਾਂ ਉਹ ਟਹਿਲਣਾ ਸ਼ੁਰੂ ਕਰ ਦਿੰਦੀ ਹੈ। ਇਕ ਸਾਬਕਾ ਰੱਖਿਆ ਕਰਮੀ ਨੇ ਖੁਲਾਸਾ ਕੀਤਾ ਕਿ ਤੜਕੇ 3 ਵਜੇ ਉਹ ਮਹਾਰਾਣੀ ਨੂੰ ਸੈਰ ਕਰਦਿਆਂ ਦੇਖ ਕੇ ਹੈਰਾਨ ਰਹਿ ਗਿਆ ਸੀ।

'ਦਿ ਟਾਈਮਜ਼' ਮੁਤਾਬਕ ਮਹਾਰਾਣੀ ਨੇ ਆਪਣੇ ਅੰਦਾਜ਼ ਵਿਚ ਇਸ ਘਟਨਾ ਨੂੰ ਸਹੀ ਠਹਿਰਾਇਆ ਅਤੇ ਕਿਹਾ ਕਿ ਅਗਲੀ ਵਾਰ ਉਹ ਬਾਹਰ ਨਿਕਲਣ ਵੇਲੇ ਫੋਨ ਕਰ ਦੇਵੇਗੀ ਤਾਂ ਜੋ ਗੋਲੀ ਮਾਰਨ ਦੀ ਲੋੜ ਨਾ ਪਏ। 2013 ਵਿਚ ਬਕਿੰਘਮ ਪੈਲਸ ਦੇ ਬਾਗ ਵਿਚ ਘੁੰਮਦੇ ਮਹਾਰਾਣੀ ਦੇ ਛੋਟੇ ਪੁੱਤਰ ਪ੍ਰਿੰਸ ਐਂਡਰਿਊ ਨੂੰ ਗਲਤੀ ਨਾਲ ਘੁਸਪੈਠੀਆ ਸਮਝ ਲਿਆ ਗਿਆ ਸੀ ਅਤੇ ਹਥਿਆਰਬੰਦ ਪੁਲਿਸ ਦੀ ਉਸ ਨਾਲ ਨੋਕ-ਝੋਕ ਵੀ ਹੋਈ ਸੀ।

# ਪਾਕਿ ਵੱਲੋਂ ਭਾਰਤ ਦੀ ਯੂ.ਐਨ. ਕੋਲ ਸ਼ਿਕਾਇਤ

**ਸੰਯੁਕਤ ਰਾਸ਼ਟਰ:** ਪਾਕਿਸਤਾਨ ਨੇ ਆਪਣੇ ਮੁਲਕ ਵਿਚ ਭਾਰਤ ਦੀ 'ਦਖ਼ਲਅੰਦਾਜ਼ੀ' ਨਾਲ ਜੁੜਿਆ ਇਕ ਦਸਤਾਵੇਜ਼ ਸੰਯੁਕਤ ਰਾਸ਼ਟਰ ਦੇ ਨਵੇਂ ਬਣੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਜ਼ ਨੂੰ ਸੌਂਪਦਿਆਂ ਕਿਹਾ ਹੈ ਕਿ ਉਹ ਭਾਰਤੀ ਸਰਗਰਮੀਆਂ ਨੂੰ ਰੋਕਣ 'ਚ ਆਪਣੀ ਭੂਮਿਕਾ ਨਿਭਾਏ। ਪਾਕਿਸਤਾਨ ਦੀ ਸੰਯੁਕਤ ਰਾਸ਼ਟਰ ਵਿਚ ਸਥਾਈ ਪ੍ਰਤੀਨਿਧ ਮਲੀਹਾ ਲੋਧੀ ਨੇ ਸੰਯੁਕਤ ਰਾਸ਼ਟਰ ਮੁਖੀ ਨਾਲ ਮੁਲਾਕਾਤ ਦੌਰਾਨ ਇਹ ਦਸਤਾਵੇਜ਼ ਉਨ੍ਹਾਂ ਨੂੰ ਸੌਂਪੇ।

ਇਸ ਦਸਤਾਵੇਜ਼ ਨਾਲ ਉਨ੍ਹਾਂ ਪਾਕਿਸਤਾਨੀ ਪ੍ਰਧਾਨ ਮੰਤਰੀ ਦੇ ਵਿਦੇਸ਼ ਮਾਮਲਿਆਂ ਦੇ ਸਲਾਹਕਾਰ ਸਰਤਾਜ ਅਜ਼ੀਜ਼ ਵੱਲੋਂ ਲਿਖਿਆ ਗਿਆ ਪੱਤਰ ਵੀ ਸੌਂਪਿਆ। ਸ੍ਰੀ ਗੁਟੇਰੇਜ਼ ਦੇ ਤਰਜਮਾਨ ਸਟੀਫ਼ਨ ਡੂਜਾਰਿਕ ਨੇ ਕਿਹਾ ਕਿ ਬੈਠਕ ਪਾਕਿਸਤਾਨੀ ਸਫ਼ੀਰ ਦੀ ਬੇਨਤੀ ਉਤੇ ਹੋਈ ਸੀ। ਉਨ੍ਹਾਂ ਬੈਠਕ ਵਿਚ ਹੋਏ ਵਿਚਾਰ ਵਟਾਂਦਰੇ ਸਬੰਧੀ ਕੋਈ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ। ਪਾਕਿਸਤਾਨ ਨਾਲ ਸਰਹੱਦ 'ਤੇ ਤਣਾਅ ਸਬੰਧੀ ਨਵੇਂ ਸਕੱਤਰ ਜਨਰਲ ਵੱਲੋਂ ਭਾਰਤ ਨਾਲ ਗੱਲਬਾਤ ਕੀਤੇ ਜਾਣ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਤਰਜਮਾਨ ਨੇ ਕਿਹਾ ਕਿ ਪਹਿਲਾਂ ਦੀ ਨੀਤੀ 'ਚ ਕੋਈ ਬਦਲਾਅ ਨਹੀਂ ਆਇਆ ਹੈ ਅਤੇ ਜੇਕਰ ਅਜਿਹਾ ਕੁਝ ਹੋਇਆ ਤਾਂ ਜ਼ਰੂਰ ਜਾਣਕਾਰੀ ਦਿੱਤੀ ਜਾਵੇਗੀ। ਪਾਕਿਸਤਾਨ ਦੇ ਵਿਦੇਸ਼ ਵਿਭਾਗ ਨੇ ਇਸਲਾਮਾਬਾਦ ਵਿਚ ਕਿਹਾ ਕਿ ਦਸਤਾਵੇਜ਼ 'ਚ ਭਾਰਤੀ/ਰਾਅ ਦੀ ਪਾਕਿਸਤਾਨ 'ਚ ਦਖ਼ਲਅੰਦਾਜ਼ੀ ਅਤੇ ਅਤਿਵਾਦ, ਖਾਸ ਤੌਰ ਉਤੇ ਬਲੋਚਿਸਤਾਨ, ਫਾਟਾ ਅਤੇ ਕਰਾਚੀ 'ਚ ਸ਼ਮੂਲੀਅਤ ਦੀ ਜਾਣਕਾਰੀ ਅਤੇ ਸਬੂਤ ਸਾਂਝੇ ਕੀਤੇ ਗਏ ਹਨ। ਇਸ ਤੋਂ ਪਹਿਲਾਂ ਅਕਤੂਬਰ 2015 ਵਿਚ ਵੀ ਤਿੰਨ ਮਿਸਲਾਂ ਸੌਂਪੀਆਂ ਜਾ ਚੁੱਕੀਆਂ ਹਨ। ਮਿਸਲ ਨਾਲ ਭੇਜੇ ਪੱਤਰ ਵਿਚ ਅਜ਼ੀਜ਼ ਨੇ ਦਾਅਵਾ ਕੀਤਾ ਕਿ ਬਲੋਚਿਸਤਾਨ 'ਚ ਭਾਰਤੀ ਰਾਅ ਏਜੰਟ ਕੁਲਭੂਸ਼ਣ ਯਾਧਵ ਦੀ ਗ੍ਰਿਫਤਾਰੀ ਅਤੇ ਪਾਕਿਸਤਾਨ ਨੂੰ ਅਸਥਿਰ ਕਰਨ ਤੇ ਦਹਿਸ਼ਤੀ ਅਨਸਰਾਂ ਨੂੰ ਹਮਾਇਤ ਦੇਣ ਦੀਆਂ ਕਾਰਵਾਈਆਂ 'ਚ ਸ਼ਮੂਲੀਅਤ ਦੀ ਗੱਲ ਮੰਨੇ ਜਾਣ ਵਾਲੇ ਉਸ ਦੇ ਬਿਆਨ ਨੇ ਪਾਕਿਸਤਾਨ ਦੇ ਦਾਅਵਿਆਂ ਦੀ ਤਸਦੀਕ ਕਰ ਦਿੱਤੀ ਹੈ।

# ਜਸਟਿਸ ਖੇਹਰ ਨੇ ਭਾਰਤ ਦੇ ਚੀਫ ਜਸਟਿਸ ਵਜੋਂ ਹਲਫ ਲਿਆ



**ਨਵੀਂ ਦਿੱਲੀ:** ਜੱਜਾਂ ਦੀ ਨਿਯੁਕਤੀ ਸਬੰਧੀ ਵਿਵਾਦਗ੍ਰਸਤ ਐਨ.ਜੇ.ਏ.ਸੀ. ਐਕਟ ਨੂੰ ਰੱਦ ਕਰਨ ਵਾਲੇ ਸੁਪਰੀਮ ਕੋਰਟ ਦੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਦੀ ਅਗਵਾਈ ਕਰ ਚੁੱਕੇ ਜਸਟਿਸ ਜਗਦੀਸ਼ ਸਿੰਘ ਖੇਹਰ ਨੇ ਭਾਰਤ ਦੇ 44ਵੇਂ ਚੀਫ ਜਸਟਿਸ ਵਜੋਂ ਹਲਫ ਲਿਆ।

ਰਾਸ਼ਟਰਪਤੀ ਭਵਨ ਦੇ ਦਰਬਾਰ ਹਾਲ ਵਿਚ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਜਸਟਿਸ ਖੇਹਰ ਨੂੰ ਅਹੁਦੇ ਅਤੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। ਉਨ੍ਹਾਂ ਅੰਗਰੇਜ਼ੀ ਵਿਚ ਰੱਬ ਦੇ ਨਾਂ ਉਤੇ ਹਲਫ ਲਿਆ। ਇਸ ਸਮਾਰੋਹ ਵਿਚ ਵਿਰੋਧੀ ਪਾਰਟੀ ਦੀ ਗੈਰਹਾਜ਼ਰੀ ਸਪੱਸ਼ਟ ਤੌਰ 'ਤੇ ਰੜਕੀ। ਤਤਕਾਲੀ ਚੀਫ ਜਸਟਿਸ ਟੀ.ਐਸ. ਠਾਕੁਰ ਨੇ ਆਪਣੇ ਜਾਨਸ਼ੀਨ ਵਜੋਂ ਪਿਛਲੇ ਮਹੀਨੇ ਸੁਪਰੀਮ ਕੋਰਟ ਦੇ ਸਭ ਤੋਂ ਸੀਨੀਅਰ ਜੱਜ ਜਸਟਿਸ ਖੇਹਰ ਦੇ ਨਾਂ ਦੀ ਸਿਫ਼ਾਰਸ਼ ਕੀਤੀ ਸੀ। ਜਸਟਿਸ ਖੇਹਰ (64) ਚੀਫ ਜਸਟਿਸ ਦੇ ਅਹੁਦੇ ਉਤੇ ਪੁੱਜੇ ਪਹਿਲੇ ਸਿੱਖ ਹਨ। ਉਹ 27 ਅਗਸਤ ਤੱਕ ਸੱਤ ਮਹੀਨਿਆਂ ਤੋਂ ਵੱਧ ਸਮੇਂ ਲਈ ਇਸ ਅਹੁਦੇ ਉਤੇ ਰਹਿਣਗੇ।

# ਦੋ ਸਾਲ ਬਾਅਦ ਪਾਕਿਸਤਾਨੀ ਫੌਜੀ ਅਦਾਲਤਾਂ ਦਾ ਖਾਤਮਾ

**ਇਸਲਾਮਾਬਾਦ:** ਹੁਣ ਤੱਕ 161 ਅਤਿਵਾਦੀਆਂ ਨੂੰ ਮੌਤ ਦੀ ਸਜ਼ਾ ਸੁਣਾ ਚੁੱਕੀਆਂ ਪਾਕਿਸਤਾਨ ਦੀਆਂ ਵਿਵਾਦਤ ਫੌਜੀ ਅਦਾਲਤਾਂ ਦੋ ਸਾਲ ਬਾਅਦ ਖਤਮ ਕਰ ਦਿੱਤੀਆਂ ਗਈਆਂ। ਫੌਜ ਦੇ ਇਕ ਸਕੂਲ ਉਤੇ ਤਾਲਿਬਾਨ ਦੇ ਮਾਰੂ ਹਮਲੇ, ਜਿਸ ਵਿਚ ਤਕਰੀਬਨ 150 ਬੱਚੇ ਮਾਰੇ ਗਏ ਸਨ, ਬਾਅਦ ਕੱਟੜ ਅਤਿਵਾਦੀਆਂ ਖਿਲਾਫ਼ ਤੇਜ਼ੀ ਨਾਲ ਸੁਣਵਾਈ ਲਈ ਇਹ ਅਦਾਲਤਾਂ ਕਾਇਮ ਕੀਤੀਆਂ ਗਈਆਂ ਸਨ।



ਇਨ੍ਹਾਂ ਅਦਾਲਤ ਦਾ ਗਠਨ ਸੰਵਿਧਾਨ ਵਿਚ ਸੋਧ ਰਾਹੀਂ ਕੀਤਾ ਗਿਆ ਸੀ। ਇਹ ਸੋਧ 16 ਦਸੰਬਰ, 2014 ਨੂੰ ਪਿਸ਼ਾਵਰ ਦੇ ਸਕੂਲ 'ਤੇ ਕੀਤੇ ਗਏ ਹਮਲੇ ਬਾਅਦ ਕੀਤੀ ਗਈ ਸੀ। ਇਸ ਮਸਲੇ ਉਤੇ ਵੱਡੀ ਬਹਿਸ ਛਿੜ ਗਈ ਸੀ। ਅਦਾਲਤਾਂ ਵਿਚ ਵਖਰੇਵੇਂ ਨੂੰ ਮਨੁੱਖੀ ਅਧਿਕਾਰ ਕਾਰਕੁਨਾਂ ਨੇ ਦੇਸ਼ ਦੇ ਸੰਵਿਧਾਨ ਅਤੇ ਕੌਮਾਂਤਰੀ ਚਾਰਟਰ ਵਿਚ ਦਰਜ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਾਰ ਦਿੱਤਾ ਸੀ। ਇਨ੍ਹਾਂ ਅਦਾਲਤਾਂ ਨੂੰ ਕੰਮ ਕਰਨ ਦਿੱਤਾ ਗਿਆ ਕਿਉਂਕਿ ਸੁਪਰੀਮ ਕੋਰਟ ਨੇ ਸੰਸਦ ਵੱਲੋਂ ਸਾਲ 2015 ਵਿਚ ਲਾਗੂ ਕੀਤੀ ਗਈ 21ਵੀਂ ਸੰਵਿਧਾਨਕ ਸੋਧ ਅਤੇ ਪਾਕਿਸਤਾਨ ਆਰਮੀ (ਸੋਧ) ਬਿੱਲ, 2015 ਨੂੰ ਜਾਇਜ਼ ਕਰਾਰ ਦਿੱਤਾ ਸੀ। ਸੋਧ ਵਿਚ ਇਹ ਯਕੀਨੀ ਬਣਾਇਆ ਗਿਆ ਸੀ ਕਿ ਇਹ ਅਦਾਲਤਾਂ ਦੋ ਸਾਲ ਬਾਅਦ ਖਤਮ ਹੋ ਜਾਣਗੀਆਂ।

ਨਾਗਰਿਕਾਂ ਉਤੇ ਮੁਕੱਦਮਾ ਚਲਾਉਣ ਸਬੰਧੀ ਫੌਜ ਦੀਆਂ ਵਿਸ਼ੇਸ਼ ਤਾਕਤਾਂ ਦੀ ਸਮਾਪਤੀ ਬਾਰੇ ਸਰਕਾਰ ਜਾਂ ਸੈਨਾ ਵੱਲੋਂ ਕੋਈ ਰਸਮੀ ਬਿਆਨ ਨਹੀਂ ਆਇਆ ਕਿਉਂਕਿ ਇਨ੍ਹਾਂ ਨੇ ਦੋ ਸਾਲ ਬਾਅਦ ਖਤਮ ਹੋ ਹੀ ਜਾਣਾ ਸੀ। ਮਿਲਟਰੀ ਅਦਾਲਤ ਵਿਚ ਪਹਿਲੀ ਸਜ਼ਾ ਅਪਰੈਲ 2015 ਅਤੇ ਆਖਰੀ 28 ਦਸੰਬਰ, 2016 ਨੂੰ ਸੁਣਾਈ ਗਈ। ਇਨ੍ਹਾਂ ਅਦਾਲਤਾਂ ਨੂੰ ਦੋ ਸਾਲਾਂ ਵਿਚ 275 ਕੇਸ ਸੌਂਪੇ ਗਏ ਸਨ, ਜਿਨ੍ਹਾਂ ਵਿਚ ਉਸ ਨੇ 161 ਅਤਿਵਾਦੀਆਂ ਨੂੰ ਮੌਤ ਦੀ ਸਜ਼ਾ ਅਤੇ ਬਾਕੀ 116 ਨੂੰ ਵੱਖ-ਵੱਖ ਸਜ਼ਾਵਾਂ, ਜੋ ਜ਼ਿਆਦਾਤਰ ਉਮਰ ਕੈਦ ਸੀ, ਸੁਣਾਈਆਂ ਗਈਆਂ। ਆਰਮੀ ਮੁਤਾਬਕ ਹਾਲੇ ਤੱਕ ਸਿਰਫ 12 ਦੋਸ਼ੀਆਂ ਨੂੰ ਹੀ ਮੌਤ ਦੀ ਸਜ਼ਾ ਦਿੱਤੀ ਗਈ ਹੈ।

# ਹੁਣ ਔਰਤਾਂ ਮੈਟਰੋ ਵਿਚ ਲਿਜਾ ਸਕਣਗੀਆਂ ਚਾਕੂ

**ਚੰਡੀਗੜ੍ਹ:** ਦਿੱਲੀ ਮੈਟਰੋ ਵਿਚ ਮਾਚਸ ਅਤੇ ਲਾਈਟਰ ਲੈ ਜਾਣ ਉਤੇ ਲੱਗੀ ਰੋਕ ਹਟਾ ਲਈ ਗਈ ਹੈ। ਸੀ.ਆਈ.ਐਸ.ਐਫ ਨੇ ਫੈਸਲਾ ਲਿਆ ਹੈ ਕਿ ਆਪਣੀ ਸੁਰੱਖਿਆ ਲਈ ਔਰਤਾਂ ਹੁਣ ਛੋਟਾ ਚਾਕੂ ਲੈ ਕੇ ਮੈਟਰੋ ਵਿਚ ਸਫਰ ਕਰ ਸਕਦੀਆਂ ਹਨ। ਸੀ.ਆਈ.ਐਸ.ਐਫ ਅਧਿਕਾਰੀ ਨੇ ਦੱਸਿਆ ਕਿ ਰੋਕ ਦੇ ਮੱਦੇਨਜ਼ਰ ਸ਼ਾਸਤਰੀ ਪਾਰਕ ਮੈਟਰੋ ਸਟੇਸ਼ਨ ਉਤੇ ਲਾਈਟਰ, ਮਾਚਸ ਆਦਿ ਚੀਜ਼ਾਂ ਦਾ ਅੰਬਾਰ ਲੱਗ ਚੁੱਕਿਆ ਹੈ। ਜਾਣਕਾਰੀ ਅਨੁਸਾਰ ਇਨ੍ਹਾਂ ਚੀਜ਼ਾਂ ਦੀ ਕਦੇ ਗਿਣਤੀ ਵੀ ਨਹੀਂ ਕੀਤੀ ਗਈ ਹੈ। ਅਧਿਕਾਰੀਆਂ ਮੁਤਾਬਕ ਹਰ ਦਿਨ ਇਕ ਸਟੇਸ਼ਨ ਉਤੇ ਘੱਟ ਤੋਂ ਘੱਟ 100 ਲਾਈਟਰ ਅਤੇ ਮਾਚਸਾਂ ਜ਼ਬਤ ਕੀਤੀਆਂ ਜਾਂਦੀਆਂ ਹਨ।

# ਮਨਦੀਪ ਖੁਰਮੀ ਦਾ ਗੀਤ 'ਓਹੀ ਬੋਹੜ' ਹੋਵੇਗਾ 13 ਜਨਵਰੀ ਨੂੰ ਰਿਲੀਜ਼




**ਫਰਿਜ਼ਨੋ (ਬਿਊਰੋ):** ਸਾਹਿਤਕ ਵੈਬਸਾਈਟ "ਹਿੰਮਤਪੁਰਾ ਡੌਟ ਕਾਮ" ਚਲਾਉਂਦੇ ਸਾਹਿਤਕਾਰ ਤੇ ਪੱਤਰਕਾਰ ਇੰਗਲੈਂਡ ਨਿਵਾਸੀ ਨੌਜਵਾਨ ਲੇਖਕ ਮਨਦੀਪ ਖੁਰਮੀ (ਹਿੰਮਤਪੁਰਾ) ਇੱਕ ਗਾਇਕ ਵਜੋਂ ਆਪਣੀ ਦੂਸਰੀ ਦਸਤਕ ਤਹਿਤ ਨਵਾਂ ਗੀਤ "ਓਹੀ ਬੋਹੜ" ਆਉਂਦੀ 13 ਜਨਵਰੀ ਨੂੰ ਰਿਲੀਜ਼ ਕਰੇਗਾ। ਜ਼ਿਕਰਯੋਗ ਹੈ ਕਿ ਉਸ ਨੇ ਪਿਛਲੇ ਵਰ੍ਹੇ ਆਪਣੀ ਆਵਾਜ਼ 'ਚ ਹੀ ਖੁਦ ਲਿਖਿਆ ਗੀਤ 'ਓ ਪੰਜਾਬ ਸਿਆਂ' ਵੀ ਪੰਜਾਬੀਆਂ ਦੀ ਝੋਲੀ ਪਾਇਆ ਸੀ। ਉਸ ਗੀਤ ਨੂੰ ਮਿਲੇ ਪਿਆਰ ਕਰਕੇ ਹੀ ਹੁਣ 'ਓਹੀ ਬੋਹੜ' ਗੀਤ ਗਾਉਣ ਦਾ ਉਸ ਨੇ ਹੌਸਲਾ ਕੀਤਾ ਹੈ।

ਜਸ਼ੂ ਰਿਕਾਰਡਜ਼ ਵੱਲੋਂ ਪੇਸ਼ ਕੀਤਾ ਜਾ ਰਿਹਾ ਇਹ ਗੀਤ ਉਸ ਦਾ ਆਪਣਾ ਲਿਖਿਆ ਹੋਇਆ ਹੈ ਅਤੇ ਸੰਗੀਤ 'ਦ ਸਾਊਂਡ ਲੈਬ' ਦਾ ਹੈ। ਫਿਲਮ ਕਲਾਕਾਰ ਮਲਕੀਤ ਰੌਣੀ, ਹਰਸ਼ਰਨ ਸਿੰਘ, ਮਰਹੂਮ ਕੁਲਦੀਪ ਮਾਣਕ ਦੇ ਸਾਥੀ ਰਹੇ ਜਗਤਾਰ ਰੋਮਾਣਾ, ਗਾਇਕ ਗੁਰਸ਼ੇਰ, ਹਰਜੋਤ ਸੰਧੂ ਅਤੇ ਹਰਪ੍ਰੀਤ ਸਿੰਘ ਦੈਹਿੜੂ ਦੇ ਹਿਯੋਗ ਨਾਲ ਤਿਆਰ ਗੀਤ ਇੱਕ ਬੋਹੜ ਦੇ ਦਰਖਤ ਮੂੰਹੋਂ ਅਜੋਕੇ ਮਾਹੌਲ ਦੀ ਦਰਦ ਕਹਾਣੀ ਬਿਆਨ ਕਰਦਾ ਹੈ।

ਮਨਦੀਪ ਖੁਰਮੀ ਨੇ ਦੱਸਿਆ ਕਿ ਗੀਤ 'ਓਹੀ ਬੋਹੜ' ਮੰਦੀ ਆਰਥਿਕਤਾ ਹੱਥੋਂ ਹਾਰ ਕੇ ਖੁਦਕੁਸ਼ੀਆਂ ਦਾ ਸੰਤਾਪ ਭੋਗਦੇ ਮਾਸੂਮ ਚਾਵਾਂ ਅਤੇ ਚਿੱਟੀਆਂ ਚੁੰਨੀਆਂ ਨੂੰ ਸਮਰਪਿਤ ਹੋਵੇਗਾ। ਉਨ੍ਹਾਂ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ 'ਓਹੀ ਬੋਹੜ' ਗੀਤ ਤੁਹਾਡਾ ਸਭ ਦਾ ਆਪਣਾ ਗੀਤ ਹੈ। ਜਿੰਨਾ ਵੀ ਪਿਆਰ ਬਖਸ਼ੋਗੇ, ਉਸੇ ਨੂੰ ਲੱਖ-ਮਣਾਂ ਸਮਝ ਕੇ ਅਗਲੇਰੀ ਕੋਸ਼ਿਸ਼ ਵਿਚ ਜੁਟ ਜਾਵਾਂਗਾ। ਯੂ-ਟਿਊਬ ਦੇ ਵਿਊ ਖਰੀਦ ਕੇ ਆਪਣੇ ਆਪ ਨੂੰ ਹਿੱਟ ਗੀਤਾਂ ਦੇ ਮਾਲਕ ਅਖਵਾਉਣ ਵਾਲੇ ਗਾਇਕਾਂ 'ਤੇ ਚੁਟਕੀ ਲੈਂਦਿਆਂ ਉਨ੍ਹਾਂ ਕਿਹਾ ਕਿ ਯੂ-ਟਿਊਬ ਦੇ ਵਿਊ ਖਰੀਦ ਕੇ ਨਾ ਤਾਂ ਅਸੀਂ ਖੁਦ ਬੇਵਕੂਫ ਬਣਾਂਗੇ ਅਤੇ ਨਾ ਹੀ ਲੋਕਾਂ ਨੂੰ ਬੇਵਕੂਫ ਬਣਾਵਾਂਗੇ।

## ਫਰੀਮਾਂਟ 'ਚ ਖੂਬ ਪਿਆ 'ਛਣਕਾਟਾ ਵੰਗਾਂ ਦਾ'

*ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਅਤੇ ਐਸ. ਅਸ਼ੋਕ ਭੌਰਾ ਵਲੋਂ ਪੈਰਾਡਾਈਜ਼ ਬਾਲਰੂਮ, ਫਰੀਮਾਂਟ ਵਿਖੇ ਕਰਵਾਏ ਗਏ ਚੌਥੇ ਛਣਕਾਟਾ ਵੰਗਾਂ ਦਾ ਪ੍ਰੋਗਰਾਮ ਵਿਚ ਠੰਡੇ ਮੌਸਮ ਅਤੇ ਮੋਹਲੇਧਾਰ ਮੀਂਹ ਦੇ ਬਾਵਜੂਦ ਪੰਜਾਬੀਆਂ ਤੋਂ ਭਰਵਾਂ ਹੁੰਗਾਰਾ ਮਿਲਿਆ। 'ਸਰਬੱਤ ਦਾ ਭਲਾ' ਟਰੱਸਟ ਦੇ ਮੁਖੀ ਐਸ.ਪੀ. ਸਿੰਘ ਓਬਰਾਏ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ।*

*(ਪ੍ਰੋਗਰਾਮ ਸਬੰਧੀ ਰਿਪੋਰਟ ਅਗਲੇ ਹਫਤੇ)*



*ਐਸ.ਪੀ. ਓਬਰਾਏ ਸਰੋਤਿਆਂ ਨੂੰ ਸੰਬੋਧਨ ਕਰਦੇ ਹੋਏ, ਅਸ਼ੋਕ ਭੌਰਾ (ਖੱਬੇ) ਅਤੇ ਸੱਜੇ ਇਕਬਾਲ ਸਿੰਘ ਗਾਖਲ*

# ਅਮਰੀਕੀ ਫੌਜ 'ਚ ਦਸਤਾਰ ਤੇ ਦਾੜ੍ਹੀ ਰੱਖਣ ਦੀ ਮਨਜ਼ੂਰੀ

**ਵਾਸ਼ਿੰਗਟਨ:** ਅਮਰੀਕੀ ਫੌਜ ਨੇ ਸਿੱਖਾਂ ਸਮੇਤ ਸਾਰੇ ਘੱਟ ਗਿਣਤੀ ਧਰਮਾਂ ਨੂੰ ਫੌਜ ਵਿਚ ਸੁਤੰਤਰ ਢੰਗ ਨਾਲ ਆਪਣੀਆਂ ਸੇਵਾਵਾਂ ਦੇ ਸਕਣ ਦਾ ਅਧਿਕਾਰ ਦਿੰਦਿਆਂ ਧਾਰਮਿਕ ਆਜ਼ਾਦੀ ਨਾਲ ਜੁੜੇ ਹੋਏ ਨਿਯਮ ਜਾਰੀ ਕੀਤੇ ਹਨ। ਇਨ੍ਹਾਂ ਨੇਮਾਂ ਤਹਿਤ ਦਸਤਾਰ ਸਜਾਉਣ, ਹਿਜਾਬ ਪਹਿਨਣ ਜਾਂ ਦਾੜ੍ਹੀ ਰੱਖਣ ਵਾਲੇ ਵਿਅਕਤੀਆਂ ਨੂੰ ਫੌਜ 'ਚ ਭਰਤੀ ਹੋ ਸਕਣਗੇ। ਫੌਜ ਦੇ ਸਕੱਤਰ ਐਰਿਕ ਫੈਨਿੰਗ ਵੱਲੋਂ ਜਾਰੀ ਕੀਤੇ ਗਏ ਨਵੇਂ ਨੇਮਾਂ ਤਹਿਤ ਬ੍ਰਿਗੇਡ ਪੱਧਰ 'ਤੇ ਧਾਰਮਿਕ ਪਛਾਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ।

ਇਸ ਤੋਂ ਪਹਿਲਾਂ ਸਕੱਤਰ ਪੱਧਰ ਤੱਕ ਲਈ ਇਹ ਮਨਜ਼ੂਰੀ ਦਿੱਤੀ ਗਈ ਸੀ। ਇਸ ਮਨਜ਼ੂਰੀ ਤੋਂ ਬਾਅਦ ਹੋਣ ਵਾਲੇ ਬਦਲਾਅ ਇਹ ਯਕੀਨੀ ਬਣਾਉਣਗੇ ਕਿ ਧਾਰਮਿਕ ਪਛਾਣ ਸਬੰਧੀ ਨੇਮਾਂ ਨੂੰ ਪੱਕੇ ਤੌਰ 'ਤੇ ਮਨਜ਼ੂਰ ਕਰ ਲਿਆ ਜਾਵੇ ਅਤੇ ਅਮਰੀਕੀ ਫੌਜ ਦੇ ਜ਼ਿਆਦਾਤਰ ਅਹੁਦਿਆਂ ਉਤੇ ਵੀ ਇਹ ਲਾਗੂ ਹੋਣ। ਨਵੇਂ ਨੇਮ ਉਨ੍ਹਾਂ ਸਿੱਖ ਫੌਜੀਆਂ ਦੀਆਂ ਪਟੀਸ਼ਨਾਂ ਉਤੇ ਆਏ ਹਨ ਜੋ ਧਰਮ ਕਰ ਕੇ ਦਾੜ੍ਹੀ ਰੱਖਦੇ ਹਨ ਅਤੇ ਦਸਤਾਰ ਸਜਾਉਂਦੇ ਹਨ। ਨੇਮਾਂ 'ਚ ਕਿਹਾ ਗਿਆ ਹੈ ਕਿ ਵਿਰਲੇ ਮੌਕਿਆਂ ਨੂੰ ਛੱਡ ਕੇ ਸਿੱਖਾਂ ਨੂੰ ਦੇਸ਼ ਦੀ ਸੇਵਾ ਦੌਰਾਨ ਉਨ੍ਹਾਂ ਦੇ ਕੱਕਾਰਾਂ 'ਚ ਸ਼ਾਮਲ ਕੇਸਾਂ ਜਾਂ ਦਾੜ੍ਹੀ ਅਤੇ ਦਸਤਾਰ ਨੂੰ ਹਟਾਉਣ ਲਈ ਮਜਬੂਰ ਨਹੀਂ ਕੀਤਾ ਜਾਏਗਾ।



ਕਾਂਗਰਸ ਮੈਂਬਰ ਜੋਇ ਕ੍ਰਾਊਲੇ ਨੇ ਅਮਰੀਕੀ ਫੌਜੀ ਸਕੱਤਰ ਵੱਲੋਂ ਜਾਰੀ ਨਿਰਦੇਸ਼ਾਂ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਇਸ ਨਾਲ ਨਾ ਸਿਰਫ ਸਿੱਖਾਂ ਸਗੋਂ ਮੁਲਕ ਦੀ ਫੌਜ ਲਈ ਇਹ ਵੱਡੀ ਤਰੱਕੀ ਹੈ।

ਉਨ੍ਹਾਂ ਕਿਹਾ ਕਿ ਅਮਰੀਕੀ ਸਿੱਖ ਇਸ ਮੁਲਕ ਨੂੰ ਪਿਆਰ ਕਰਦੇ ਹਨ ਅਤੇ ਦੇਸ਼ ਦੀ ਸੇਵਾ ਲਈ ਮੌਕਾ ਚਾਹੁੰਦੇ ਹਨ। ਅਮਰੀਕਨ ਸਿੱਖ ਕੋਲੀਸ਼ਨ ਨੇ ਇਸ ਕਦਮ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਦੀ ਮੰਗ ਅਜੇ ਅਧੂਰੀ ਹੈ। ਕੋਲੀਸ਼ਨ ਦੀ ਕਾਨੂੰਨੀ ਨਿਰਦੇਸ਼ਕ ਹਰਸਿਮਰਨ ਕੌਰ ਨੇ ਕਿਹਾ ਕਿ ਅਸੀਂ ਨੀਤੀ ਵਿਚ ਪੱਕੇ ਤੌਰ ਉਤੇ ਬਦਲਾਅ ਚਾਹੁੰਦੇ ਹਾਂ ਜੋ ਸਾਰੇ ਘੱਟ ਗਿਣਤੀ ਧਰਮਾਂ ਨੂੰ ਆਜ਼ਾਦ ਢੰਗ ਨਾਲ ਸੇਵਾ ਕਰਨ ਦੀ ਪ੍ਰਵਾਨਗੀ ਦੇਵੇ। ਕਈ ਸਿੱਖ ਫੌਜੀਆਂ ਦੇ ਕੇਸ ਲੜ ਰਹੀ ਬੈਕੇਟ ਲਾਅ ਦੇ ਸੀਨੀਅਰ ਵਕੀਲ ਐਰਿਕ ਬੈਕਸਟਰ ਨੇ ਕਿਹਾ ਕਿ ਸਿੱਖ ਸੈਨਿਕਾਂ ਨਾਲ ਲੈਸ ਫੌਜ ਕਿਤੇ ਵੱਧ ਮਜ਼ਬੂਤ ਹੋਏਗੀ।

# ਫਲੋਰਿਡਾ ਦੇ ਹਵਾਈ ਅੱਡੇ 'ਤੇ ਗੋਲੀਬਾਰੀ; 5 ਮੌਤਾਂ

**ਫਲੋਰਿਡਾ:** ਫਲੋਰਿਡਾ ਦੇ ਫੋਰਟ ਲਾਡਰਡੇਲ-ਹੌਲੀਵੁੱਡ ਕੌਮਾਂਤਰੀ ਹਵਾਈ ਅੱਡੇ 'ਤੇ ਯਾਤਰੀਆਂ ਦੇ ਸਾਮਾਨ ਇਕੱਤਰ ਕਰਨ ਵਾਲੀ ਥਾਂ ਇਕ ਸਾਬਕਾ ਫੌਜੀ ਨੇ ਗੋਲੀਬਾਰੀ ਕਰ ਕੇ 5 ਜਣਿਆਂ ਦੀ ਹੱਤਿਆ ਕਰ ਦਿੱਤੀ ਅਤੇ 8 ਹੋਰਾਂ ਨੂੰ ਜ਼ਖ਼ਮੀ ਕਰ ਦਿੱਤਾ।

ਇਸਤੇਬਾਨ ਸਾਂਤਿਆਗੋ (26), ਜਿਸ ਦਾ ਮਾਨਸਿਕ ਪ੍ਰੇਸ਼ਾਨੀ ਦਾ ਇਲਾਜ ਚੱਲ ਰਿਹਾ ਸੀ, ਨੇ ਆਪਣੇ ਚੈਕ ਹੋ ਚੁੱਕੇ ਬੈਗ ਵਿਚੋਂ ਬੰਦੂਕ ਕੱਢੀ ਅਤੇ ਗੋਲੀਆਂ ਚਲਾ ਦਿੱਤੀਆਂ। 'ਸਟਾਰ ਵਾਰਜ਼ ਟੀ-ਸ਼ਰਟ' ਪਹਿਨੀ ਸਾਂਤਿਆਗੋ ਨੂੰ ਹਿਰਾਸਤ ਵਿਚ ਲੈ ਲਿਆ ਗਿਆ।


ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ *ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%

ਸੰਪਰਕ ਕਰੋ:
ਪਾਲ ਫੋਨ 1-800-705-3863



Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc. Minneapolis, MN 55426

# ਪਾਕਿਸਤਾਨ ਵਿਚ ਇਲਾਕਾਈ ਭਾਸ਼ਾਵਾਂ ਦੀ ਹੋਂਦ ਨੂੰ ਖਤਰਾ




**ਪਿਸ਼ਾਵਰ:** ਪਾਕਿਸਤਾਨ ਦੇ ਉਤਰ-ਪੱਛਮੀ ਸਰਹੱਦੀ ਸੂਬੇ, ਜਿਸ ਨੂੰ ਨਵਾਂ ਨਾਂ ਖੈਬਰ ਪਖਤੂਨਖਵਾ ਦਿੱਤਾ ਗਿਆ ਹੈ, ਦੀ ਰਾਜਧਾਨੀ ਪਿਸ਼ਾਵਰ ਦੇ ਕਮਿਊਨਿਟੀ ਸੈਂਟਰ ਵਿਚ ਛੇ ਕੁ ਸੌ ਲੋਕ ਇਕੱਤਰ ਹਨ। ਇਹ ਸਾਰੇ ਇਕ ਅਜਿਹੀ ਭਾਸ਼ਾ ਬੋਲ ਰਹੇ ਹਨ ਜੋ ਇਸ ਸੂਬੇ ਵਿਚ ਬਹੁਗਿਣਤੀ ਨਸਲੀ ਭਾਈਚਾਰੇ ਪਖਤੂਨ ਭਾਵ ਪਠਾਣਾਂ ਦੀ ਭਾਸ਼ਾ ਪਸ਼ਤੋ ਨਹੀਂ ਹੈ।

ਇਹ ਅਸਲ ਇਸ ਇਲਾਕੇ ਦੀ ਜੱਦੀ ਭਾਸ਼ਾ ਹਿੰਦਕੋ (ਭਾਵ 'ਹਿੰਦ ਦੀ ਭਾਸ਼ਾ') ਬੋਲ ਰਹੇ ਹਨ। ਇਹ ਇਕੱਤਰਤਾ ਇਸ ਖਤਮ ਹੋ ਰਹੀ ਭਾਸ਼ਾ ਨੂੰ ਬਚਾਉਣ ਲਈ ਹੀ ਸੱਦੀ ਗਈ ਹੈ, ਜੋ ਕਾਫੀ ਹੱਦ ਤੱਕ ਪੰਜਾਬੀ ਨਾਲ ਮਿਲਦੀ-ਜੁਲਦੀ ਹੈ। ਪਾਕਿਸਤਾਨ ਦੇ 2014 ਦੇ ਇਕ ਸੰਸਦੀ ਦਸਤਾਵੇਜ਼ ਮੁਤਾਬਕ ਮੁਲਕ ਦੇ ਕਰੀਬ 20 ਕਰੋੜ ਬਾਸ਼ਿੰਦੇ 72 ਸੂਬਾਈ ਅਤੇ ਇਲਾਕਾਈ ਭਾਸ਼ਾਵਾਂ ਬੋਲਦੇ ਹਨ, ਜਿਨ੍ਹਾਂ ਵਿਚ ਸਰਕਾਰੀ ਭਾਸ਼ਾਵਾਂ ਉਰਦੂ ਅਤੇ ਅੰਗਰੇਜ਼ੀ ਵੀ ਸ਼ਾਮਲ ਹਨ। ਇਨ੍ਹਾਂ ਵਿਚੋਂ 10 ਭਾਸ਼ਾਵਾਂ ਨੂੰ ਖਤਰੇ ਜਾਂ ਖਾਤਮੇ ਦੇ ਨੇੜੇ ਕਰਾਰ ਦਿੱਤਾ ਗਿਆ ਹੈ।

ਮਾਹਿਰਾਂ ਮੁਤਾਬਕ ਹਿੰਦਕੋ ਲਈ ਸਮੱਸਿਆ 1947 ਵਿਚ ਦੇਸ਼ ਦੀ ਵੰਡ ਨਾਲ ਸ਼ੁਰੂ ਹੋਈ, ਜਦੋਂ ਹਿੰਦੂ ਤੇ ਸਿੱਖ ਵਪਾਰੀਆਂ ਨੂੰ ਇਲਾਕਾ ਛੱਡਣਾ ਪਿਆ। ਆਪਣੀਆਂ ਦਿਲਕਸ਼ ਕਹਾਵਤਾਂ ਜਿਵੇਂ 'ਕਹਿੰਨੀ ਆਂ ਧੀਏ ਨੂੰ, ਨੂੰਹੇਂ ਕੰਨ ਧਰ' ਲਈ ਜਾਣੀ ਜਾਂਦੀ ਇਸ ਭਾਸ਼ਾ ਨੂੰ ਬੋਲਣ ਵਾਲੇ ਹੁਣ ਮੁਲਕ ਵਿਚ ਮਹਿਜ਼ 20 ਲੱਖ ਲੋਕ ਰਹਿ ਗਏ ਹਨ, ਜਦੋਂਕਿ ਪਸ਼ਤੋ ਬੋਲਣ ਵਾਲਿਆਂ ਦੀ ਗਿਣਤੀ ਢਾਈ ਕਰੋੜ ਤੋਂ ਵੱਧ ਹੈ।

ਇਹ ਤਾਂ ਆਪਣੇ ਜੱਦੀ ਸ਼ਹਿਰ ਪਿਸ਼ਾਵਰ ਵਿਚ ਹੀ ਘੱਟ ਗਿਣਤੀ ਬਣ ਗਈ ਹੈ। ਪਿਸ਼ਾਵਰ ਵਿਚ ਕਰੀਬ 30 ਲੱਖ ਅਜਿਹੇ ਪਸ਼ਤੋ ਭਾਸ਼ੀ ਪਠਾਣ ਹਨ ਜੋ ਬੀਤੇ 35 ਸਾਲਾਂ ਦੌਰਾਨ ਜੰਗ ਮਾਰੇ ਅਫ਼ਗਾਨਿਸਤਾਨ ਤੋਂ ਆਏ ਹਨ ਤੇ ਬਾਕੀ ਖੈਬਰ ਪਖਤੂਨਖਵਾ ਦੇ ਦੂਜੇ ਹਿੱਸਿਆਂ ਤੋਂ ਆਏ ਹਨ।

ਇਸੇ ਤਰ੍ਹਾਂ ਜਿਸ ਭਾਸ਼ਾ ਨੂੰ ਬਿਲਕੁਲ ਹੀ ਖਾਤਮੇ ਦੇ ਕਰੀਬ ਕਰਾਰ ਦਿੱਤਾ ਗਿਆ ਹੈ, ਉਹ ਹੈ ਦੋਮਾਕੀ। ਇਹ ਇੰਡੋ-ਆਰੀਅਨ ਭਾਸ਼ਾ ਧੁਰ ਉਤਰੀ ਗਿਲਗਿਤ-ਬਾਲਟਿਸਤਾਨ ਖਿੱਤੇ ਦੇ ਕੁਝ ਉਂਗਲਾਂ ਉਤੇ ਗਿਣੇ ਜਾ ਚੁੱਕੇ ਪਿੰਡਾਂ ਦੇ ਕੁਝ ਸੈਂਕੜੇ ਲੋਕਾਂ ਵੱਲੋਂ ਬੋਲੀ ਜਾਂਦੀ ਹੈ। ਇੰਨਾ ਹੀ ਨਹੀਂ ਮੁਲਕ ਦੀ ਸਭ ਤੋਂ ਵੱਧ ਆਬਾਦੀ ਵੱਲੋਂ ਬੋਲੀ ਜਾਂਦੀ ਪੰਜਾਬੀ ਅਤੇ ਇਕ ਹੋਰ ਵੱਡੀ ਭਾਸ਼ਾ ਸਿੰਧੀ ਦਾ ਵੀ ਹੁਣ ਪਹਿਲਾਂ ਵਾਲਾ ਦਬਦਬਾ ਨਹੀਂ ਰਿਹਾ। ਮਹਾਨ ਸੂਫ਼ੀ ਸ਼ਾਇਰਾਂ ਬੁੱਲ੍ਹੇ ਸ਼ਾਹ ਤੇ ਵਾਰਿਸ ਸ਼ਾਹ ਦੀ ਇਹ ਭਾਸ਼ਾ ਮੁਲਕ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੀ ਵੀ ਮਾਂ-ਬੋਲੀ ਹੈ। ਮੁਲਕ ਦੀ ਕਾਇਮੀ ਤੋਂ ਹੀ ਅੰਗਰੇਜ਼ੀ ਕੁਲੀਨ ਵਰਗ ਦੀ ਭਾਸ਼ਾ ਬਣੀ ਹੋਈ ਹੈ ਅਤੇ ਉਰਦੂ ਨੂੰ ਵੀ ਮਾਣ ਨਾਲ ਬੋਲਿਆ ਜਾਂਦਾ ਹੈ, ਪਰ ਬਾਕੀ ਭਾਸ਼ਾਵਾਂ ਦੀ ਹਾਲਤ ਬਹੁਤੀ ਚੰਗੀ ਨਹੀਂ ਹੈ।

## ਜਬਰੀ ਧਰਮ ਪਰਿਵਰਤਨ ਖਿਲਾਫ ਬਿੱਲ ਲਟਕਿਆ

**ਕਰਾਚੀ:** ਪਾਕਿਸਤਾਨ ਵਿਚ ਹਿੰਦੂਆਂ ਸਮੇਤ ਹੋਰ ਘੱਟ ਗਿਣਤੀਆਂ ਨੂੰ ਝਟਕਾ ਦਿੰਦਿਆਂ ਸੂਬਾ ਸਿੰਧ ਦੇ ਗਵਰਨਰ ਨੇ ਹਾਲ ਹੀ ਵਿਚ ਪਾਸ ਹੋਏ ਘੱਟ ਗਿਣਤੀਆਂ ਬਾਰੇ ਬਿੱਲ, ਜੋ ਮੁਸਲਿਮ ਬਹੁਗਿਣਤੀ ਵਾਲੇ ਮੁਲਕ ਵਿਚ ਜਬਰੀ ਧਰਮ ਪਰਿਵਰਤਨ ਨੂੰ ਅਪਰਾਧ ਬਣਾਉਂਦਾ ਹੈ, ਨੂੰ ਸੂਬਾਈ ਅਸੈਂਬਲੀ ਨੂੰ ਮੁੜ ਵਿਚਾਰ ਲਈ ਵਾਪਸ ਭੇਜ ਦਿੱਤਾ ਹੈ। ਬਿਮਾਰ ਗਵਰਨਰ ਜਸਟਿਸ (ਰਿਟਾ.) ਸਈਦੂਜ਼ਮਾਨ ਸਦੀਕੀ ਨੇ ਅਪਰਾਧਿਕ ਕਾਨੂੰਨ (ਘੱਟ ਗਿਣਤੀਆਂ ਦੀ ਸੁਰੱਖਿਆ) ਬਿੱਲ ਮੋੜ ਦਿੱਤਾ ਹੈ। ਇਸ ਬਿੱਲ ਨੂੰ ਵਾਪਸ ਭੇਜਦਿਆਂ ਗਵਰਨਰ ਨੇ ਸਿੰਧ ਅਸੈਂਬਲੀ ਦੇ ਸਕੱਤਰ ਨੂੰ ਲਿਖਿਆ, 'ਕ੍ਰਿਪਾ ਕਰ ਕੇ ਇਸ ਬਿੱਲ ਉਤੇ ਮੁੜ ਵਿਚਾਰ ਕੀਤਾ ਜਾਵੇ।' ਗਵਰਨਰ ਨੇ ਕਿਹਾ ਕਿ ਅਸੈਂਬਲੀ ਨੂੰ ਇਸਲਾਮਿਕ ਵਿਚਾਰਧਾਰਾ ਕੌਂਸਲ (ਸੀ.ਆਈ.ਆਈ.) ਵੱਲੋਂ ਲਿਖੇ ਪੱਤਰਾਂ, ਐਮ.ਕਿਊ.ਐਮ. ਪਾਰਲੀਮੈਂਟਰੀ ਨੇਤਾ ਸਰਦਾਰ ਅਹਿਮਦ ਤੋਂ ਇਲਾਵਾ ਧਾਰਮਿਕ ਪਾਰਟੀਆਂ ਦੇ ਪ੍ਰਦਰਸ਼ਨਾਂ ਉਤੇ ਵਿਚਾਰ ਕਰਨ ਦੀ ਲੋੜ ਹੈ। ਇਨ੍ਹਾਂ ਧਿਰਾਂ ਵੱਲੋਂ ਇਸ ਬਿੱਲ ਨੂੰ ਵਾਪਸ ਲੈਣ ਜਾਂ ਤਜਵੀਜ਼ਤ ਸੋਧਾਂ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਸਿੰਧ ਅਸੈਂਬਲੀ ਦੇ ਸਕੱਤਰ ਜੀ.ਐਮ. ਉਮੇਰ ਫਾਰੂਕ ਨੇ ਗਵਰਨਰ ਦੇ ਸੰਦੇਸ਼ ਵਾਲਾ ਬਿੱਲ ਮਿਲਣ ਦੀ ਪੁਸ਼ਟੀ ਕੀਤੀ ਹੈ।

# ਕਾਰੋਬਾਰੀਆਂ ਨੂੰ ਬੜੀ ਮਹਿੰਗੀ ਪਈ ਨੋਟਬੰਦੀ

**ਨਵੀਂ ਦਿੱਲੀ:** ਨੋਟਬੰਦੀ ਕਾਰਨ ਨਕਦੀ ਦੀ ਸਮੱਸਿਆ ਵਿਚਾਲੇ ਦੇਸ਼ ਦੇ ਮੈਨੂਫੈਕਚਰਿੰਗ ਖੇਤਰ ਦੀਆਂ ਸਰਗਰਮੀਆਂ 'ਤੇ ਬੁਰਾ ਅਸਰ ਪਿਆ ਹੈ ਤੇ ਦਸੰਬਰ ਵਿਚ ਇਸ ਦਾ ਉਤਪਾਦਨ ਘਟਿਆ ਹੈ। ਇਹ ਖੁਲਾਸਾ ਕੰਪਨੀਆਂ ਦੇ ਪਰਚੇਜ਼ਿੰਗ ਮੈਨੇਜਰਾਂ ਵਿਚਾਲੇ ਕਰਵਾਏ ਜਾਣ ਵਾਲੇ ਮਹੀਨਾਵਾਰ ਸਰਵੇਖਣ ਰਿਪੋਰਟ ਵਿਚ ਸਾਹਮਣੇ ਆਇਆ ਹੈ। ਨਿੱਕਈ ਮਾਰਕੀਟ ਇੰਡੀਆ ਮੈਨੂਫੈਕਚਰਿੰਗ ਪਰਚੇਜ਼ਿੰਗ ਮੈਨੇਜਰਸ ਸੂਚਕ ਅੰਕ (ਪੀ.ਐਮ.ਆਈ.) ਦੀ ਜਾਰੀ ਰਿਪੋਰਟ ਮੁਤਾਬਕ ਦਸੰਬਰ 'ਚ ਮੈਨੂਫੈਕਚਰਿੰਗ ਖੇਤਰ ਦਾ ਸੂਚਕ ਅੰਕ 49.6 ਰਿਹਾ ਜਦੋਂਕਿ ਨਵੰਬਰ ਵਿਚ ਇਹ 52.3 ਸੀ। ਸੂਚਕ ਅੰਕ ਦਾ 50 ਤੋਂ ਉਪਰ ਹੋਣਾ ਆਰਥਿਕ ਸਰਗਰਮੀਆਂ ਵਿਚ ਤੇਜ਼ੀ ਤੇ ਇਸ ਤੋਂ ਹੇਠਾਂ ਹੋਣਾ ਘਾਟੇ ਨੂੰ ਦਰਸਾਉਂਦਾ ਹੈ। ਦਸੰਬਰ 2015 ਤੋਂ ਬਾਅਦ ਪਹਿਲੀ ਵਾਰ ਭਾਰਤ ਦੇ ਮੈਨੂਫੈਕਚਰਿੰਗ ਖੇਤਰ ਦਾ ਪੀ.ਐਮ.ਆਈ. 50 ਤੋਂ ਹੇਠਾਂ ਆਇਆ ਹੈ।

ਆਈ.ਐਚ.ਐਸ. ਮਾਰਕੀਟ ਦੀ ਅਰਥਸ਼ਾਸਤਰੀ ਤੇ ਇਸ ਸਰਵੇਖਣ ਰਿਪੋਰਟ ਦੀ ਲੇਖਕਾ ਪਾਲੀਯਾਨਾ ਡੀ. ਲੀਮਾ ਨੇ ਕਿਹਾ ਕਿ"ਨਵੰਬਰ ਵਿਚ ਮਜ਼ਬੂਤ ਬਣੇ ਰਹਿਣ ਤੋਂ ਬਾਅਦ ਭਾਰਤ ਦੀ ਮੈਨੂਫੈਕਚਰਿੰਗ ਸਨਅਤ ਦੀ ਰਫਤਾਰ 2016 ਦੇ ਅੰਤ 'ਚ ਘਟੀ ਹੈ। ਨਵੰਬਰ ਵਿਚ ਸਰਕਾਰ ਨੇ 500 ਤੇ 1000 ਰੁਪਏ ਦੇ ਪੁਰਾਣੇ ਨੋਟਾਂ ਉਤੇ ਪਾਬੰਦੀ ਲਾਉਣ ਦਾ ਫੈਸਲਾ ਕੀਤਾ ਸੀ।"ਫਰਮਾਂ ਕੋਲ ਨਕਦੀ ਦੀ ਤੰਗੀ ਕਾਰਨ ਖਰੀਦਦਾਰੀ ਤੇ ਰੁਜ਼ਗਾਰ ਉਤੇ ਵੀ ਅਸਰ ਪਿਆ ਹੈ।

## ਦੋ ਹਜ਼ਾਰ ਦੇ ਨੋਟਾਂ ਤੋਂ ਗਾਂਧੀ ਗਾਇਬ



**ਭੋਪਾਲ:** ਜਨਤਕ ਖੇਤਰ ਦੇ ਇਕ ਬੈਂਕ ਨੇ ਮੱਧ ਪ੍ਰਦੇਸ਼ ਦੇ ਸ਼ਿਓਪੁਰ ਜ਼ਿਲ੍ਹੇ ਵਿਚ ਬੜੌਦਾ ਕਸਬੇ 'ਚ ਇਕ ਕਿਸਾਨ ਨੂੰ ਹਾਲੀਆ ਜਾਰੀ ਕੀਤੇ ਗਏ ਦੋ-ਦੋ ਹਜ਼ਾਰ ਰੁਪਏ ਦੇ ਤਿੰਨ ਨਵੇਂ ਨੋਟ ਦਿੱਤੇ ਜਿਨ੍ਹਾਂ ਵਿਚ ਮਹਾਤਮਾ ਗਾਂਧੀ ਦੀ ਤਸਵੀਰ ਨਹੀਂ ਹੈ। ਬੜੌਦਾ ਸਥਿਤ ਭਾਰਤੀ ਸਟੇਟ ਬੈਂਕ (ਐਸ.ਬੀ.ਆਈ.) ਦੀ ਬ੍ਰਾਂਚ ਤੋਂ ਪੈਸੇ ਕਢਵਾਉਣ 'ਤੇ ਬਿੱਛੂਗਵਾੜੀ ਪਿੰਡ ਵਾਸੀ ਲਕਸ਼ਮਣ ਮੀਨਾ ਨੂੰ ਦੋ-ਦੋ ਹਜ਼ਾਰ ਦੇ ਤਿੰਨ ਨੋਟ ਇਸ ਤਰ੍ਹਾਂ ਦੇ ਮਿਲੇ ਹਨ, ਜਿਨ੍ਹਾਂ ਉਤੇ ਮਹਾਤਮਾ ਗਾਂਧੀ ਦੀ ਤਸਵੀਰ ਗਾਇਬ ਹੈ। ਨੋਟ 'ਚ ਜਿਥੇ ਗਾਂਧੀ ਜੀ ਦੀ ਤਸਵੀਰ ਹੋਣੀ ਚਾਹੀਦੀ ਹੈ, ਉਹ ਥਾਂ ਪੂਰੀ ਤਰ੍ਹਾਂ ਖਾਲੀ ਹੈ। ਮੀਨਾ ਨੇ ਕਿਹਾ ਕਿ ਜਿਸ ਸਮੇਂ ਮੈਨੂੰ ਪਤਾ ਲੱਗਾ ਕਿ ਇਨ੍ਹਾਂ ਵਿਚ ਮਹਾਤਮਾ ਗਾਂਧੀ ਦੀ ਤਸਵੀਰ ਨਹੀਂ ਹੈ, ਮੈਂ ਬਾਜ਼ਾਰ 'ਚ ਸੀ। ਬ੍ਰਾਂਚ ਮੈਨੇਜਰ ਨੇ ਉਨ੍ਹਾਂ ਨੂੰ ਕਿਹਾ ਕਿ ਇਨ੍ਹਾਂ ਨੋਟਾਂ ਨੂੰ ਬੈਂਕ ਵਿਚ ਜਮ੍ਹਾ ਕਰ ਦਿਉ ਕਿਉਂਕਿ ਇਨ੍ਹਾਂ 'ਚ ਮਹਾਤਮਾ ਗਾਂਧੀ ਦੀ ਤਸਵੀਰ ਨਹੀਂ ਆਈ। ਮੀਨਾ ਨੇ ਕਿਹਾ ਕਿ ਸ਼ੁਰੂ 'ਚ ਮੈਨੇਜਰ ਨੇ ਕਿਹਾ ਕਿ ਮੈਨੂੰ ਨੋਟ ਲੈਂਦੇ ਸਮੇਂ ਹੀ ਇਨ੍ਹਾਂ ਦੀ ਜਾਂਚ ਕਰਨੀ ਚਾਹੀਦੀ ਸੀ।

# ਜਬਰ ਜਨਾਹ ਕੇਸ 'ਚ ਘਿਰੇ ਭਾਰਤੀ ਮੂਲ ਦੇ ਯੋਗ ਗੁਰੂ ਨੂੰ ਝਟਕਾ

**ਨਿਊ ਯਾਰਕ:** ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਤੇ ਯੋਗਾ ਗੁਰੂ ਦੇ ਨਾਂ ਨਾਲ ਮਸ਼ਹੂਰ ਬਿਕਰਮ ਚੌਧਰੀ ਨੂੰ ਅਦਾਲਤ ਨੇ 500 ਕਰੋੜ ਦੀ ਸੰਪਤੀ ਤੋਂ ਬੇਦਖਲ ਕਰ ਦਿੱਤਾ ਹੈ। ਦਰਅਸਲ, ਅਦਾਲਤ ਨੇ ਬਿਕਰਮ ਚੌਧਰੀ ਨੂੰ ਉਸੇ ਦੀ ਸਾਬਕਾ ਵਕੀਲ ਮੀਨਾਕਸ਼ੀ ਜਾਫਾ ਬੋਡੇਨ ਨੂੰ ਤਕਰੀਬਨ 6 ਕਰੋੜ 27 ਲੱਖ ਰੁਪਏ ਦਾ ਮੁਆਵਜ਼ਾ ਦੇਣ ਲਈ ਕਿਹਾ ਸੀ, ਪਰ ਉਹ ਅਮਰੀਕਾ ਛੱਡ ਕੇ ਫਰਾਰ ਹੋ ਗਿਆ। ਬਿਕਰਮ ਦੇ ਇਸ ਰਵੱਈਏ ਤੋਂ ਕੋਰਟ ਇੰਨਾ ਨਾਰਾਜ਼ ਹੋਇਆ ਕਿ ਉਸ ਨੇ ਮੀਨਾਕਸ਼ੀ ਨੂੰ ਹੀ "ਬਿਕਰਮ ਯੋਗ ਸਟੂਡੀਓਜ਼"ਦੀਆਂ 700 ਫ੍ਰੈਚਾਈਜ਼ੀਆਂ ਦਾ ਮਾਲਕ ਬਣਾ ਦਿੱਤਾ। ਮੀਨਾਕਸ਼ੀ ਨੇ ਬਿਕਰਮ ਤੇ ਦੋਸ਼ ਲਾਇਆ ਸੀ ਕਿ ਕੰਮ ਦੌਰਾਨ ਉਸ ਨੂੰ ਲਿੰਗ ਅਸਾਮਨਤਾ ਦਾ ਸ਼ਿਕਾਰ ਹੋਣਾ ਪਿਆ। ਬਿਕਰਮ ਨੇ ਉਸ ਨਾਲ ਬਲਾਤਕਾਰ ਕੀਤਾ ਤੇ ਬਾਅਦ ਵਿਚ ਉਸ ਨੂੰ ਗਲਤ ਤਰੀਕੇ ਨਾਲ ਕੰਮ ਤੋਂ ਕੱਢ ਦਿੱਤਾ। ਕੋਰਟ ਵਿਚ ਕੇਸ ਹਾਰਨ ਤੋਂ ਬਾਅਦ ਬਿਕਰਮ ਨੂੰ 6 ਕਰੋੜ 27 ਲੱਖ ਰੁਪਏ ਦਾ ਮੁਆਵਜ਼ਾ ਦੇਣ ਦੇ ਹੁਕਮ ਜਾਰੀ ਹੋਏ ਤਾਂ ਉਹ ਭਾਰਤ ਫਰਾਰ ਹੋ ਗਿਆ।

ਮੀਨਾਕਸ਼ੀ ਨੇ ਦੋਸ਼ ਲਾਇਆ ਹੈ ਕਿ ਕੋਲਕਾਤਾ ਦੀ ਗਲੀ ਤੋਂ ਉਠ ਕੇ ਯੋਗ ਦੇ ਜ਼ਰੀਏ ਇਥੋਂ ਤੱਕ ਪਹੁੰਚੇ ਬਿਕਰਮ ਆਪਣੇ ਚੇਲਿਆਂ ਨੂੰ ਟ੍ਰੇਂਡ ਕਰਨ ਲਈ 13,500 ਪਾਊਂਡ (ਕਰੀਬ ਸਾਢੇ 11 ਲੱਖ ਰੁਪਏ) ਚਾਰਜ ਕਰਦਾ ਸੀ। ਮੀਨਾਕਸ਼ੀ ਮੁਤਾਬਕ ਜਿਵੇਂ-ਜਿਵੇਂ ਬਿਕਰਮ ਦਾ ਬਿਜ਼ਨਸ ਚੱਲਦਾ ਗਿਆ, ਉਵੇਂ ਹੀ ਉਸ ਦਾ ਵਿਹਾਰ ਤੇ ਨੀਯਤ ਵੀ ਬਦਲਦੀ ਗਈ।

ਸ਼ਰਾਬ ਤੇ ਸੈਕਸ ਉਸ ਦੀ ਜ਼ਿੰਦਗੀ ਦਾ ਹਿੱਸਾ ਬਣ ਗਏ ਤੇ ਪਿਛਲੇ ਕੁਝ ਸਾਲਾਂ ਦੌਰਾਨ ਉਸ ਨੇ ਕਰੀਬ 500 ਮਹਿਲਾਵਾਂ ਨਾਲ ਗੈਰ ਕਾਨੂੰਨੀ ਢੰਗ ਨਾਲ ਸਬੰਧ ਬਣਾਏ ਹਨ। ਬਿਕਰਮ ਚੌਧਰੀ ਦੇ ਫਾਲੋਅਰਸ ਵਿਚ ਮੈਡੋਨਾ, ਡੈਮੀ ਮੂਰ, ਬਿਲ ਕਲਿੰਟਨ ਦੀ ਬੇਟੀ ਚੇਲਸੀ ਕਲਿੰਟਨ ਤੇ ਜਾਰਜ ਕਲੂਨੀ ਸਮੇਤ ਕਈ ਹਾਲੀਵੁੱਡ, ਖੇਡ ਤੇ ਸਿਆਸਤ ਦੀ ਦੁਨੀਆਂ ਦੀਆਂ ਹਸਤੀਆਂ ਵੀ ਸ਼ਾਮਲ ਹਨ। ਬਿਕਰਮ ਚੌਧਰੀ ਆਪਣੇ ਫੋਲੋਅਰਸ ਨੂੰ 40 ਡਿਗਰੀ ਦੇ ਤਾਪਮਾਨ ਤੇ ਯੋਗ ਸਿਖਾਉਂਦੇ ਹਨ ਤੇ ਇਸੇ ਨੂੰ ਉਹ ਹਾਟ ਯੋਗਾ ਦਾ ਨਾਂ ਵੀ ਦਿੰਦਾ ਹੈ। ਫੋਰਬਸ ਮੁਤਾਬਕ ਬਿਕਰਮ ਇਕ ਟਰੇਨਿੰਗ ਸੈਸ਼ਨ ਦਾ 10 ਹਜ਼ਾਰ ਡਾਲਰ ਲੈਂਦੇ ਹਨ ਤੇ 20 ਹਜ਼ਾਰ ਡਾਲਰ ਵਿਚ ਪਰਸਨਲ ਟਰੇਨਿੰਗ ਦਿੰਦੇ ਹਨ।

# ਡੰਗਰਾਂ ਦੇ ਵੀ ਬਣਨਗੇ ਆਧਾਰ ਕਾਰਡ

**ਨਵੀਂ ਦਿੱਲੀ:** ਮੋਦੀ ਸਰਕਾਰ ਹੁਣ ਗਾਵਾਂ ਤੇ ਮੱਝਾਂ ਦਾ ਵੀ ਆਧਾਰ ਕਾਰਡ ਬਣਾਉਣ ਜਾ ਰਹੀ ਹੈ। ਦੇਸ਼ ਵਿਚ ਗਾਵਾਂ ਤੇ ਮੱਝਾਂ ਦੀ ਗਿਣਤੀ ਤੇ ਦੁੱਧ ਉਤਪਾਦਨ ਵਧਾਉਣ ਲਈ ਕੇਂਦਰੀ ਪਸ਼ੂ ਪਾਲਨ ਮੰਤਰਾਲੇ ਨੇ ਇਹ ਸਕੀਮ ਬਣਾਈ ਹੈ। ਇਸ ਤਹਿਤ ਹਰ ਗਾਂ ਤੇ ਮੱਝ ਦੇ ਟੈਗ ਲਾਇਆ ਜਾਵੇਗਾ ਜਿਸ ਵਿਚ 12 ਅੰਕਾਂ ਦਾ ਨੰਬਰ ਹੋਵੇਗਾ।




ਇਸ ਕੰਮ ਲਈ ਇਕ ਲੱਖ ਲੋਕ ਪੂਰੇ ਦੇਸ਼ ਵਿਚ ਘੁੰਮ ਕੇ ਪਸ਼ੂਆਂ ਦੇ ਟੈਗ ਲਾਉਣਗੇ। ਅੰਕੜਾ ਤਿਆਰ ਕਰਨ ਵਾਲੀਆਂ ਟੀਮਾਂ ਨੂੰ 50 ਹਜ਼ਾਰ ਟੈਬਲੇਟ ਵੀ ਦਿੱਤੇ ਜਾਣਗੇ। ਸਰਕਾਰ ਵੱਲੋਂ ਇਸ ਸਾਲ 88 ਮਿਲੀਅਨ ਗਾਵਾਂ ਤੇ ਮੱਝਾਂ ਦਾ ਅੰਕੜਾ ਤਿਆਰ ਕਰਨ ਦਾ ਟੀਚਾ ਹੈ। ਸਰਕਾਰ ਨੇ ਇਸ ਲਈ ਵੱਖਰਾ ਬਜਟ ਰੱਖਿਆ ਹੈ। ਇਕ ਟੈਗ ਲਾਉਣ ਦੀ ਕੀਮਤ ਸਰਕਾਰ ਨੂੰ ਅੱਠ ਰੁਪਏ ਪ੍ਰਤੀ ਪਸ਼ੂ ਪਵੇਗੀ। ਪਸ਼ੂ ਦੇ ਟੈਗ ਲਾਉਣ ਤੋਂ ਬਾਅਦ ਉਸ ਉਤੇ ਲੱਗਿਆ ਨੰਬਰ ਤੁਰਤ ਕੰਪਿਊਟਰ ਵਿਚ ਦਰਜ ਕਰ ਲਿਆ ਜਾਵੇਗਾ। ਇਸ ਤੋਂ ਬਾਅਦ ਮਾਲਕ ਨੂੰ ਪਸ਼ੂ ਦਾ ਸਿਹਤ ਕਾਰਡ ਵੀ ਦਿੱਤਾ ਜਾਵੇਗਾ। ਇਸ ਵਿਚ ਦੁਧਾਰੂ ਪਸ਼ੂਆਂ ਦੀ ਵੱਖਰੀ ਪਛਾਣ ਹੋਵੇਗੀ ਤੇ ਉਨ੍ਹਾਂ ਦੀ ਸਿਹਤ ਦਾ ਖਿਆਲ ਰੱਖਣ ਲਈ ਆਈ.ਡੀ. ਨੰਬਰ ਦਾ ਸਹਾਰਾ ਲਿਆ ਜਾਵੇਗਾ। ਟੈਗ ਦੀ ਮਦਦ ਨਾਲ ਪਸ਼ੂਆਂ ਉਤੇ ਨਜ਼ਰ ਰੱਖਣੀ ਆਸਾਨੀ ਹੋਵੇਗੀ। ਇਸ ਰਾਹੀਂ ਪਸ਼ੂਆਂ ਨੂੰ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਤੇ ਟੀਕਾਕਰਨ ਸਮੇਂ-ਸਮੇਂ ਉਤੇ ਕੀਤਾ ਜਾਵੇਗਾ। ਮੰਨਿਆ ਜਾ ਰਿਹਾ ਹੈ ਕਿ 2022 ਤੱਕ ਡੇਅਰੀ ਕਿਸਾਨਾਂ ਦੀ ਆਮਦਨ ਦੁੱਗਣੀ ਹੋ ਜਾਵੇਗੀ। ਟੈਗ ਅਜਿਹੇ ਸਾਮਾਨ ਨਾਲ ਬਣਾਇਆ ਜਾ ਰਿਹਾ ਹੈ ਜਿਸ ਨਾਲ ਪਸ਼ੂਆਂ ਨੂੰ ਕੋਈ ਨੁਕਸਾਨ ਨਹੀਂ ਪਹੁੰਚੇਗਾ।

# ਭਾਰਤ-ਪੁਰਤਗਾਲ ਵੱਲੋਂ ਰੱਖਿਆ ਖੇਤਰ 'ਚ ਪੁਲਾਂਘ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਪੁਰਤਗਾਲ ਦੇ ਪ੍ਰਧਾਨ ਮੰਤਰੀ ਅੰਟੋਨਿਓ ਕੋਸਟਾ ਨੇ 7 ਸਮਝੌਤਿਆਂ 'ਤੇ ਦਸਤਖਤ ਕੀਤੇ, ਜਿਨ੍ਹਾਂ ਵਿਚ ਰੱਖਿਆ ਸਹਿਯੋਗ ਵੀ ਸ਼ਾਮਲ ਹੈ। ਇਨ੍ਹਾਂ ਸਮਝੌਤਿਆਂ ਵਿਚ ਸੂਚਨਾ ਤਕਨੀਕ, ਬਿਜਲੀ, ਖੇਤੀਬਾੜੀ ਅਧਾਰਤ ਸੇਵਾਵਾਂ, ਸਮੁੰਦਰੀ ਸੋਮਿਆਂ ਦੀ ਖੋਜ ਤੇ ਊਰਜਾ ਨੂੰ ਨਵਿਆਉਣ ਆਦਿ ਸ਼ਾਮਲ ਹਨ। ਪ੍ਰਧਾਨ ਮੰਤਰੀ ਮੋਦੀ ਨੇ ਸ੍ਰੀ ਅੰਟੋਨਿਓ ਤੇ ਉਨ੍ਹਾਂ ਨਾਲ ਆਏ ਪੁਰਤਗਾਲੀ ਵਫਦ ਦਾ ਸਵਾਗਤ ਕਰਦਿਆਂ ਉਨ੍ਹਾਂ ਵੱਲੋਂ ਪਰਵਾਸੀ ਭਾਰਤੀ ਸੰਮੇਲਨ ਦੌਰਾਨ ਮੁੱਖ ਮਹਿਮਾਨ ਬਣਨ ਉਤੇ ਧੰਨਵਾਦ ਕੀਤਾ।



ਇਸ ਮੌਕੇ ਪੁਰਤਗਾਲ ਦੇ ਪ੍ਰਧਾਨ ਮੰਤਰੀ ਅੰਟੋਨਿਓ ਨੇ ਮੋਦੀ ਨੂੰ ਪੁਰਤਗਾਲ ਦੇ ਵਿਸ਼ਵ ਪ੍ਰਸਿੱਧ ਫੁੱਟਬਾਲ ਖਿਡਾਰੀ ਰੋਨਾਲਡੋ ਦੀ ਜਰਸੀ ਗਿਫਟ ਕੀਤੀ। ਦੋਵੇਂ ਨੇਤਾਵਾਂ ਨੇ ਵੱਖ-ਵੱਖ ਖੇਤਰਾਂ ਵਿਚ ਆਪਸੀ ਸਹਿਯੋਗ ਦੀ ਸਮੀਖਿਆ ਕੀਤੀ ਤੇ ਵਿਸ਼ਵ ਨੂੰ ਦਰਪੇਸ਼ ਚੁਣੌਤੀਆਂ ਦੌਰਾਨ ਇਕ-ਦੂਜੇ ਨਾਲ ਸਹਿਯੋਗ ਕਰਨ ਦਾ ਭਰੋਸਾ ਦਿੱਤਾ। ਪੁਰਤਗਾਲ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਸਥਾਈ ਮੈਂਬਰੀ ਲਈ ਭਾਰਤੀ ਦਾਅਵੇ ਦਾ ਸਮਰਥਨ ਕੀਤਾ ਹੈ। ਇਸ ਤੋਂ ਪਹਿਲਾਂ ਪੁਰਤਗਾਲੀ ਪ੍ਰਧਾਨ ਮੰਤਰੀ ਨੇ ਰਾਸ਼ਟਰਪਤੀ ਭਵਨ ਗਏ, ਜਿਥੇ ਉਨ੍ਹਾਂ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਤੇ ਉਪ-ਰਾਸ਼ਟਰਪਤੀ ਹਾਮਿਦ ਅੰਸਾਰੀ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਦੋਵੇਂ ਦੇਸ਼ਾਂ ਵਿਚਾਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਵਪਾਰ ਤੇ ਨਿਵੇਸ਼ ਨੂੰ ਵਧਾਉਣ ਦੀ ਜ਼ਰੂਰਤ ਉਤੇ ਜੋਰ ਦਿੰਦਿਆਂ ਭਾਰਤ-ਪੁਰਤਗਾਲ ਦੀ ਇਤਿਹਾਸਕ ਸਾਂਝ ਨੂੰ ਯਾਦ ਕੀਤਾ।

ਪ੍ਰਧਾਨ ਮੰਤਰੀ ਮੋਦੀ ਤੇ ਸ੍ਰੀ ਕੋਸਟਾ ਵੱਲੋਂ ਜਾਰੀ ਸਾਂਝੇ ਐਲਾਨਨਾਮੇ 'ਚ ਦੁਪਾਸੜ ਆਰਥਿਕ ਤੇ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਤੇ ਤੀਜੇ ਦੇਸ਼ ਦੀ ਹਿੱਸੇਦਾਰੀ ਨਾਲ ਦੋਵੇਂ ਦੇਸ਼ਾਂ ਦੇ ਆਪਸੀ ਸਹਿਯੋਗ ਨਾਲ ਆਰਥਿਕ ਸਰਗਰਮੀਆਂ ਤੇ ਪ੍ਰਾਜੈਕਟਾਂ ਨੂੰ ਉਤਸ਼ਾਹਿਤ ਕਰਨ ਉਤੇ ਸਹਿਮਤੀ ਪ੍ਰਗਟਾਈ ਗਈ ਹੈ।

ਦੋਵੇਂ ਦੇਸ਼ਾਂ ਨੇ ਨਿੱਜੀ ਖੇਤਰ ਦੇ ਆਰਥਿਕ, ਵਪਾਰਕ, ਉਦਯੋਗਿਕ ਪ੍ਰਾਜੈਕਟਾਂ 'ਚ ਤੀਜੇ ਦੇਸ਼ ਵਿਚ ਨਿਵੇਸ਼ ਕਰ ਕੇ ਵਿਕਾਸ ਤੇ ਰੁਜ਼ਗਾਰ ਨੂੰ ਵਧਾਉਣ ਲਈ ਪਹਿਲ ਕਰਨ ਲਈ ਵੀ ਹਾਮੀ ਭਰੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਪੁਰਤਗਾਲੀ ਕੰਪਨੀਆਂ ਨੂੰ 'ਮੇਕ ਇਨ ਇੰਡੀਆ' ਮੁਹਿੰਮ ਵਿਚ ਸ਼ਾਮਲ ਹੋ ਕੇ ਸਾਂਝੇ ਵਪਾਰਕ ਤੇ ਸੰਯੁਕਤ ਉਤਪਾਦਨ ਅਤੇ ਤਕਨੀਕੀ ਅਦਲਾ-ਬਦਲੀ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

*ਦਿਲ ਪੰਜਾਬ ਦਾ ਧੜਕਿਆ ਜਮ੍ਹਾ ਪੂਰਾ, ਲੱਗਾ ਚੜ੍ਹਨ ਇਕ ਨਵਾਂ ਹੀ ਰੰਗ ਮਿੱਤਰੋ।*
*ਆਮ ਆਦਮੀ ਨੂੰ ਆ ਜਾਏ ਸਾਹ ਸੁੱਖ ਦਾ, 'ਆਪ' ਜੇ ਜਿੱਤ ਜਾਏ ਜੰਗ ਮਿੱਤਰੋ।*

# ਆਮ ਆਦਮੀ ਪਾਰਟੀ ਦੇ

## ਅਮਰੀਕਾ ਵਸਦੇ ਹਮਾਇਤੀਆਂ ਵਲੋਂ ਪੰਜਾਬ ਦਰਦੀਆਂ ਨੂੰ ਅਪੀਲ

# ਆਓ, ਚਲੀਏ ਪੰਜਾਬ, ਲਿਆਈਏ ਇਨਕਲਾਬ

# ਬਚਾਈਏ ਪੰਜਾਬ

ਕਦੀ ਪੰਜਾਬ ਨੂੰ ਆਪਣੇ ਪੰਜ ਦਰਿਆਵਾਂ 'ਤੇ ਮਾਣ ਹੁੰਦਾ ਸੀ, ਪਰ ਅਜੋਕੇ ਹਾਕਮਾਂ ਨੇ ਨਸ਼ਿਆਂ ਦਾ ਛੇਵਾਂ ਦਰਿਆ ਵਹਾ ਕੇ ਪੰਜਾਬ ਨੂੰ ਸ਼ਰਮਿੰਦਗੀ ਦੇ ਦਰਿਆ ਵਿਚ ਡੁਬੋ ਦਿਤਾ ਹੈ। ਇਹੀ ਨਹੀਂ, ਸਾਡੇ ਪਵਿਤਰ ਦਰਿਆ ਅਜੋਕੇ ਹਾਕਮਾਂ ਦੀ ਮਿਲੀਭੁਗਤ ਨਾਲ ਸਰਮਾਏਦਾਰਾਂ ਦੇ ਕਾਰਖਾਨਿਆਂ ਵਿਚੋਂ ਛਡੇ ਜਾ ਰਹੇ ਰਸਾਇਣਾਂ ਕਾਰਨ ਅੱਜ ਕੈਂਸਰ ਦੇ ਦਰਿਆ ਬਣ ਚੁਕੇ ਹਨ ਜਿਸ ਦੀ ਗਵਾਹੀ ਪੰਜਾਬ ਦੀ 'ਕੈਂਸਰ ਪੱਟੀ' ਹੈ ਜਿਥੇ ਟੱਬਰਾਂ ਦੇ ਟੱਬਰ ਕੈਂਸਰ ਦਾ ਸ਼ਿਕਾਰ ਹਨ। ਕਦੇ ਹਰੇ ਇਨਕਲਾਬ ਨੇ ਪੰਜਾਬ ਦੀ ਸ਼ਾਨ ਬਣਾਈ ਸੀ, ਅੱਜ ਦੇ ਹਾਕਮ 'ਚਿੱਟਾ' ਇਨਕਲਾਬ ਲਿਆ ਕੇ ਬਾਘੀਆਂ ਪਾ ਰਹੇ ਹਨ। ਕਦੀ ਪੰਜਾਬੀਆਂ ਨੂੰ ਧੀਆਂ-ਭੈਣਾਂ ਦੇ ਰਾਖੇ ਸਮਝਿਆ ਜਾਂਦਾ ਸੀ, ਅੱਜ ਪੰਜਾਬ ਵਿਚ ਧੀਆਂ-ਭੈਣਾਂ ਦਾ ਘਰੋਂ ਬਾਹਰ ਨਿਕਲਣਾ ਮੁਹਾਲ ਹੋ ਗਿਆ ਹੈ, ਪਤਾ ਨਹੀਂ ਕਦੋਂ ਕੋਈ ਗੁੰਡਾ ਟੱਕਰ




ਪਵੇ। ਗੈਂਗਸਟਰ ਸਿਆਸੀ ਆਕਿਆਂ ਦੀ ਛਤਰਛਾਇਆ ਹੇਠ ਆਪਣਾ ਰਾਜ ਬਣਾਈ ਬੈਠੇ ਹਨ। ਚੜ੍ਹਦੀ ਕਲਾ ਦੀ ਨਿਸ਼ਾਨੀ ਸਮਝਿਆ ਜਾਂਦਾ ਕਿਸਾਨ ਅੱਜ ਕਰਜ਼ੇ ਹੇਠ ਦਬਿਆ ਨਿਰਾਸ਼ਾ ਦੇ ਦੌਰ ਵਿਚ ਖੁਦਕੁਸ਼ੀਆਂ ਦੇ ਰਾਹ ਪਿਆ ਹੋਇਆ ਹੈ। ਪੜ੍ਹਾਈ ਦੇ ਖੇਤਰ ਵਿਚ ਕਦੇ ਮੱਲਾਂ ਮਾਰਨ ਵਾਲੀ ਨੌਜਵਾਨ ਪੀੜ੍ਹੀ ਅੱਜ ਬੇਰੁਜ਼ਗਾਰੀ ਦੇ ਹਨੇਰੇ ਵਿਚ ਗੁਆਚੀ ਹੋਈ ਹੈ। ਪਰਵਾਸੀ ਪੰਜਾਬੀ ਜਿਹੜੇ ਆਪਣੀ ਧਰਤੀ ਦੇ ਮੋਹ ਦੇ ਖਿਚੇ ਭੱਜ-ਭੱਜ ਪੰਜਾਬ ਨੂੰ ਜਾਂਦੇ ਸਨ, ਅੱਜ ਸਰਕਾਰੀ ਤੰਤਰ ਅਤੇ ਗੁੰਡਾਗਰਦੀ ਦੀ ਮਿਲੀਭੁਗਤ ਤੋਂ ਘਬਰਾਏ ਪੰਜਾਬ ਜਾਣੋਂ ਤ੍ਰਹਿੰਦੇ ਹਨ। ਜਿਹੜਾ ਪੰਜਾਬ ਕਦੇ ਭਾਰਤ ਦਾ ਨੰਬਰ ਇਕ ਖੁਸ਼ਹਾਲ ਸੂਬਾ ਸਮਝਿਆ ਜਾਂਦਾ ਸੀ, ਅੱਜ ਕੇਂਦਰ ਸਰਕਾਰ ਦੇ ਕਈ ਲੱਖ ਕਰੋੜ ਰੁਪਏ ਦਾ ਕਰਜ਼ਈ ਹੈ।

ਅਜੋਕੇ ਹਾਕਮਾਂ ਨੇ ਧਰਮ ਅਤੇ ਸਿਆਸਤ ਨੂੰ ਨਿਜੀ ਹਿਤਾਂ ਖਾਤਰ ਰਲਗੱਡ ਕਰਦਿਆਂ ਸਰਬ ਸਾਂਝੇ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਵੀ ਚੌਧਰ ਚਲਾਉਣ ਤੋਂ ਗੁਰੇਜ ਨਹੀਂ ਕੀਤਾ। ਖਾਲਸਾ ਪੰਥ ਦੀਆਂ ਮਾਣਮੱਤੀਆਂ ਰਵਾਇਤਾਂ-ਪਰੰਪਰਾਵਾਂ ਦੀ ਸ਼ਾਨ ਨੂੰ ਖੋਰਾ ਲਾਉਣ 'ਚ ਕੋਈ ਕਸਰ ਨਹੀਂ ਛੱਡੀ। ਮਿਸਾਲ ਵਜੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਸਰਬ ਉਚ ਪਦਵੀ ਨੂੰ ਹਾਸੋਹੀਣਾ ਬਣਾ ਦੇਣ ਦਾ ਬੱਜਰ ਗੁਨਾਹ ਕੀਤਾ। ਮੀਡੀਆ ਸਾਹਮਣੇ 'ਪੰਜਾਬ ਵਿਚ ਕੀੜੀ ਤੁਰੀ ਜਾਂਦੀ ਵੀ ਦਿਖਾਈ ਦੇਣ' ਦਾ ਦਾਅਵਾ ਕਰਨ ਵਾਲਾ ਮੁੱਖ ਮੰਤਰੀ ਬਰਗਾੜੀ ਕਾਂਡ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੱਤਰਿਆਂ ਦੀ ਬੇਅਦਬੀ ਦੇ ਦੋਸ਼ੀ ਨਹੀਂ ਲੱਭ ਸਕਿਆ। ਸ਼ਾਂਤਮਈ ਧਰਨੇ 'ਤੇ ਬੈਠੇ ਸਿੱਖ ਗੱਭਰੂਆਂ ਨੂੰ ਪੰਜਾਬ ਪੁਲਿਸ ਨੇ ਗੋਲੀਆਂ ਨਾਲ ਮਾਰ ਸੁੱਟਿਆ, ਪਰ ਕੇਸ ਕਥਿਤ 'ਅਣਪਛਾਤਿਆਂ' ਵਿਰੁਧ ਰਜਿਸਟਰ ਕਰ ਕੇ ਦੋਸ਼ੀਆਂ ਦੀ ਪੁਸ਼ਤਪਨਾਹੀ ਕੀਤੀ।

*ਕਦੀ ਗਦਰੀ ਬਾਬੇ ਪੰਜਾਬ ਅਤੇ ਹਿੰਦੋਸਤਾਨ ਨੂੰ ਅੰਗਰੇਜ਼ਾਂ ਦੀ ਗੁਲਾਮੀ ਦੇ ਜੂਲੇ ਥਲਿਓਂ ਕੱਢਣ ਲਈ ਵਹੀਰਾਂ ਘੱਤ ਕੇ ਪੰਜਾਬ ਗਏ ਸਨ; ਆਓ! ਸਾਰੇ ਰਲ ਕੇ ਪੰਜਾਬ ਨੂੰ ਇਸ ਗਰਕੀ ਦੀ ਹਾਲਤ ਵਿਚੋਂ ਬਾਹਰ ਕੱਢੀਏ। ਇਸ ਸਮੇਂ ਪੰਜਾਬ ਦੀ ਸ਼ਾਨ ਮੁੜ ਬਹਾਲ ਕਰਨ ਲਈ ਆਸ ਦੀ ਇਕੋ-ਇਕ ਕਿਰਨ ਆਮ ਆਦਮੀ ਪਾਰਟੀ ਹੀ ਨਜ਼ਰ ਆਉਂਦੀ ਹੈ। ਆਓ, ਫਿਰ ਪੰਜਾਬ ਚਲੀਏ ਤੇ 2017 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ*

ਆਪ
ਆਮ ਆਦਮੀ ਪਾਰਟੀ

# ਆਮ ਆਦਮੀ ਪਾਰਟੀ ਨੂੰ ਜਿਤਾਈਏ

# ਸਾਡਾ ਖਵਾਬ-ਨਵਾਂ ਪੰਜਾਬ

ਵਲੋਂ

**Aam Admi Party Supporters, USA**

**Ph: 650-260-5061**



**Ad Sponsored by: Jassi Gill**

# ਅਸਹਿਜ ਵਕਤ ਦੀ ਬਾਤ

## ਮੀਨਾ ਕੰਦਾਸਾਮੀ ਦਾ ਨਾਵਲ 'ਦਿ ਜਿਪਸੀ ਗੌਡੈਸ'





ਮੀਨਾ ਕੰਦਾਸਾਮੀ ਚੇਨਈ (ਤਮਿਲਨਾਡੂ) ਤੋਂ ਅੰਗਰੇਜ਼ੀ ਲਿਖਾਰੀ, ਅਨੁਵਾਦਕ ਅਤੇ ਸਮਾਜਿਕ ਕਾਰਕੁਨ ਹੈ। ਮੀਨਾ ਦਾ ਕੰਮ ਨਾਰੀਵਾਦ ਅਤੇ ਜਾਤਪਾਤ ਵਿਰੋਧੀ ਸੰਘਰਸ਼ਾਂ ਨਾਲ ਸਾਂਝ ਭਿਆਲੀ ਰੱਖਦਾ ਹੋਇਆ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਰੂੜੀਵਾਦ, ਜਗੀਰੂ ਮਾਨਸਿਕਤਾ ਅਤੇ ਸੰਕੀਰਨਤਾ ਨੂੰ ਤਿੱਖੀ ਵੰਗਾਰਦਾ ਹੈ। ਉਸ ਦੇ

**ਅਮਨਦੀਪ ਕੌਰ**
ਫੋਨ: +91-94783-34242


ਦੋ ਕਾਵਿ ਸੰਗ੍ਰਹਿ 'ਛੋਹ' (Touch) ਅਤੇ 'ਮਿਸ ਮਿਲੀਟੈਂਸੀ (Ms Militancy) ਕ੍ਰਮਵਾਰ 2006 ਅਤੇ 2010 ਵਿਚ ਪ੍ਰਕਾਸ਼ਿਤ ਹੋਏ। 'ਦਿ ਜਿਪਸੀ ਗੌਡੈਸ' 2014 ਵਿਚ ਲਿਖਿਆ ਉਸ ਦਾ ਪਲੇਠਾ ਨਾਵਲ ਹੈ।

ਨਾਵਲ 1968 ਵਿਚ ਤਮਿਲਨਾਡੂ ਦੇ ਤੰਜੌਰ ਜ਼ਿਲੇ ਦੇ ਪਿੰਡ ਕਿਲਵੇਨਮਣੀ ਵਿਚ ਦਲਿਤਾਂ ਦੇ ਕਤਲੇਆਮ ਦੁਆਲੇ ਘੁੰਮਦਾ ਹੈ। ਇਹ ਉਹੀ ਸਮਾਂ ਸੀ ਜਦੋਂ ਹਰੇ ਇਨਕਲਾਬ ਨੇ ਖੇਤੀ ਨੂੰ ਹੁਲਾਰਾ ਦਿਤਾ ਸੀ, ਪਰ ਇਸ ਦੇ ਨਾਲ ਹੀ ਮਾਰੂ ਅਮਰੀਕੀ ਕੀਟ-ਨਾਸ਼ਕਾਂ ਉਤੇ ਕਿਸਾਨਾਂ ਦੀ ਨਿਰਭਰਤਾ ਵੀ ਵਧਾ ਦਿਤੀ ਸੀ। ਇਸੇ ਖੇਤਰ ਵਿਚ ਕਮਿਊਨਿਸਟ ਪਾਰਟੀ ਨੇ ਕੁਲ ਉਤਪਾਦਨ ਵਿਚ ਜ਼ਿਆਦਾ ਹਿੱਸੇ ਦੀ ਮੰਗ ਨੂੰ ਲੈ ਕੇ ਖੇਤੀ ਮਜ਼ਦੂਰਾਂ (ਜਿਨ੍ਹਾਂ ਵਿਚ ਜ਼ਿਆਦਾਤਰ ਦਲਿਤ ਸਨ) ਨੂੰ ਜੱਥੇਬੰਦ ਕੀਤਾ। ਕਈ ਪਿੰਡਾਂ ਵਿਚ ਲੰਮੀ ਹੜਤਾਲ ਪਿੱਛੋਂ ਜ਼ਿਮੀਦਾਰ ਵਿਦਰੋਹ ਦਬਾਉਣ 'ਚ ਸਫਲ ਹੋ ਗਏ, ਪਰ ਕਿਲਵੇਨਮਣੀ ਪਿੰਡ ਨੇ ਗੋਡੇ ਟੇਕਣ ਦੀ ਥਾਂ ਸੰਘਰਸ਼ ਦਾ ਰਾਹ ਚੁਣਿਆ। ਨਤੀਜੇ ਵਜੋਂ ਬ੍ਰਾਹਮਣ ਅਤੇ ਉਚ ਜਾਤੀ ਜ਼ਿਮੀਦਾਰਾਂ ਨੇ ਪੁਲਿਸ ਅਤੇ ਤੰਤਰ ਦੇ ਜ਼ੋਰ ਨਾਲ 44 ਦਲਿਤਾਂ ਨੂੰ ਜਿਉਂਦੇ ਹੀ ਅੱਗ ਦੀ ਭੇਟ ਕਰ ਦਿਤਾ। ਬਾਅਦ ਵਿਚ ਪੱਖਪਾਤੀ ਜਾਂਚ ਅਤੇ ਭ੍ਰਿਸ਼ਟ ਅਦਾਲਤ ਦੇ ਸਹਾਰੇ ਸਭ ਦੋਸ਼ੀਆਂ ਨੂੰ ਬਰੀ ਕਰ ਦਿਤਾ ਗਿਆ।

1968 ਵਾਲੀ ਘਟਨਾ 'ਤੇ ਆਧਾਰਿਤ ਇਸ ਨਾਵਲ ਦੀ ਖਾਸੀਅਤ ਇਹ ਹੈ ਕਿ ਇਸ ਵਿਚ ਕੋਈ ਕੇਂਦਰੀ ਪਾਤਰ ਨਹੀਂ। ਬੜੇ ਦਿਲਚਸਪ ਸਿਰਲੇਖ ਹਨ। ਤ੍ਰਾਸਦੀ ਦਾ ਸਾਰਾ ਵਰਨਣ ਬਿਨਾ ਕਿਸੇ ਵਿਸ਼ਰਾਮ ਚਿੰਨ੍ਹ, ਕੌਮੇ ਤੇ ਬਿੰਦੀ ਦੇ ਸਹਾਰੇ ਲੰਮੇ ਵਾਕ ਵਿਚ ਹੋਇਆ ਹੈ। ਇਤਿਹਾਸਕ ਦਸਤਾਵੇਜ਼ ਤੇ ਸਮਾਚਾਰ ਪੱਤਰਾਂ ਦੀਆਂ ਰਿਪੋਰਟਾਂ ਵਾਰ-ਵਾਰ ਬੂਹਾ ਠਕੋਰਦੀਆਂ ਹਨ ਅਤੇ ਤ੍ਰਾਸਦੀ ਦਾ ਸ਼ਿਕਾਰ ਪਾਤਰਾਂ ਦੀਆਂ ਜ਼ਿੰਦਗਾਨੀਆਂ ਦੇ ਵਰਨਣ ਦੀ ਥਾਂ ਵਿਆਪਕ ਪ੍ਰਸੰਗ ਵਿਚ ਮਸਲਿਆਂ ਨੂੰ ਸਮਝਣ ਦੀ ਕੋਸ਼ਿਸ਼ ਹੈ।

ਜਗੀਰੂ ਮਾਨਸਿਕਤਾ ਉਤੇ ਜਾਤੀ ਵਿਵਸਥਾ ਦੇ ਤਾਣੇ-ਬਾਣੇ ਵਿਚ ਗੁੰਦੇ ਸਿਆਸੀ-ਸਮਾਜਿਕ ਨਿਜ਼ਾਮ ਅਤੇ ਇੰਤਜ਼ਾਮੀਆ ਗੱਠਜੋੜ ਦੀਆਂ ਪਰਤਾਂ ਖੋਲ੍ਹਦਾ 'ਦਿ ਜਿਪਸੀ ਗੌਡੈਸ' ਰਵਾਇਤੀ ਨਾਵਲ ਲਿਖਤ ਦੀ ਸ਼ੈਲੀ ਨਹੀਂ ਅਪਨਾਉਂਦਾ, ਸਗੋਂ ਗੈਬਰੀਅਲ ਗਾਰਸ਼ੀਆ ਮਾਰਕੁਇਜ਼ ਦੇ ਨਾਵਲਿਟ 'ਕ੍ਰੌਨੀਕਲਜ਼ ਆਫ ਦਾ ਡੈੱਥ ਫੋਰਟੋਲਡ' (Chronicles of the Death Foretold) ਵਾਂਗ ਇਸ ਨਾਵਲ ਦੀ ਕਹਾਣੀ ਵੀ ਪਾਠਕਾਂ ਦੇ ਜ਼ਿਹਨ ਵਿਚ ਪਹਿਲਾਂ ਤੋਂ ਹੀ ਖੁਣੀ ਹੈ, ਪਰ ਇਸ ਦੇ ਬਾਵਜੂਦ ਪੂਰੇ ਨਾਵਲ ਵਿਚ ਅਸਹਿਜ ਉਤਸੁਕਤਾ ਤੇ ਰਹੱਸ ਹੈ। ਇਸ ਘਟਨਾ ਨੂੰ ਸ਼ਬਦਾਂ ਵਿਚ ਬੁਣਨ ਦੀ ਜਟਿਲਤਾ ਨੂੰ ਸਵੀਕਾਰ ਕਰਦਿਆਂ (23 ਬੱਚਿਆਂ, 16 ਬੀਬੀਆਂ ਅਤੇ 3 ਪੁਰਸ਼ਾਂ ਦਾ ਕਤਲੇਆਮ) ਕੰਦਾਸਾਮੀ, ਪਾਠਕ ਨੂੰ ਪੂਰੇ ਘਟਨਾਕ੍ਰਮ ਦੀ ਵਚਿੱਤਰ ਪਿੱਠਭੂਮੀ ਤੋਂ ਪਹਿਲੇ ਪਾਠ "ਨੋਟਸ ਆਨ ਸਟੋਰੀ ਟੈਲਿੰਗ" ਵਿਚ ਜਾਣੂ ਕਰਵਾਉਂਦੀ ਹੈ। ਉਹ ਨਾਵਲ ਨੂੰ ਸਿੱਧੇ-ਸਪਾਟ ਖਾਕੇ ਵਿਚ ਨਹੀਂ ਬੰਨ੍ਹਦੀ।

ਨਾਗਾਪੱਟੀਨਮ ਦੇ ਇਤਿਹਾਸ ਵਿਚ ਯੂਨਾਨੀ, ਡੱਚ, ਪੁਰਤਗਾਲੀ ਅਤੇ ਬ੍ਰਿਟਿਸ਼ ਬਸਤੀਆਂ ਦੇ ਪ੍ਰਭਾਵ ਨੂੰ ਤਲਾਸ਼ਦਿਆਂ ਅਤੇ ਤਮਿਲ ਵਾਰਤਕ ਦੇ ਉਦਭਵ ਦਾ ਖਾਕਾ ਖਿੱਚਦਿਆਂ ਉਹ ਆਪਣੀ ਭੂਮਿਕਾ ਨੂੰ ਵੀ ਕਿਸੇ ਪਰੰਪਰਾਗਤ ਸ਼ੈਲੀ ਤੱਕ ਸੀਮਿਤ ਨਹੀਂ ਕਰਦੀ । ਇਸੇ ਲਈ ਉਹ ਇਕੋ ਸਮੇਂ ਬਿਰਤਾਂਤਕਾਰ ਵੀ ਹੈ ਤੇ ਪਾਤਰ ਵੀ, ਆਲੋਚਕ ਵੀ ਹੈ ਤੇ ਭਾਰਤੀ ਨਾਵਲ ਦੇ ਇਤਿਹਾਸ ਦੀ ਵਕਤਾ ਵੀ। ਆਰੰਭ ਵਿਚ ਹੀ ਉਹ ਲੇਖਣੀ ਦਾ ਜਲਵਾ ਦਿਖਾਉਂਦੀ ਹੈ, ਪਰ ਦੋਸਤੋਵਸਕੀ, ਕਾਨਰਡ, ਸਟੀਨਬੈਕ, ਕੁਰਟ ਵੁਨੈਗਟ, ਕੁੰਦੇਰਾ, ਦੈਰਿਦਾ ਦੇ ਨਾਲ-ਨਾਲ ਨਿੱਕੀ ਮਿਨਾਜ਼ ਅਤੇ ਮੈਡੋਨਾ ਸਹਿਜੇ ਹੀ ਪ੍ਰਵੇਸ਼ ਕਰਦੇ ਹੋਏ ਨਾਵਲ ਦਾ ਕੈਨਵਸ ਵਿਸ਼ਾਲ ਕਰਦੇ ਹਨ। ਉਤਰ-ਆਧੁਨਿਕਤਾਵਾਦੀ ਸ਼ੈਲੀ ਦੀ ਵਰਤੋਂ ਕਰ ਕੇ ਮੀਨਾ ਬੀਤੇ ਸਮੇਂ ਨਾਲ ਸੰਵਾਦ ਰਚਾਉਂਦੀ ਹੈ ਅਤੇ ਇਸੇ ਸੰਵਾਦ ਵਿਚੋਂ ਅਸਲ ਘਟਨਾਵਾਂ ਨੂੰ ਗਲਪ ਵਿਚ ਗੁੰਦ ਕੇ ਸਮਾਜਿਕ ਦਰਜਾਬੰਦੀ ਵਿਚ ਨਿਗੂਣੇ ਕੀਤੇ ਦਲਿਤਾਂ ਦੇ ਹੱਕਾਂ ਦੀ ਤਰਜਮਾਨੀ ਕਰਦੀ ਹੈ। ਅਜਿਹਾ ਕਰਦਿਆਂ ਉਹ ਤਮਿਲਨਾਡੂ ਵਿਚ ਖੱਬੇਪੱਖੀਆਂ ਦੇ ਉਥਾਨ ਅਤੇ ਉਨ੍ਹਾਂ ਦੀ ਭੂਮਿਕਾ, ਵਰਗ ਸੰਘਰਸ਼, ਜਾਤੀ ਪ੍ਰਬੰਧ ਅਤੇ ਸਿਆਸੀ-ਸਮਾਜਿਕ ਨਿਜ਼ਾਮ ਨੂੰ ਸਵਾਲਾਂ ਦੇ ਘੇਰੇ ਹੇਠ ਲਿਆਉਂਦੀ ਹੈ। ਇਸੇ ਨਿਜ਼ਾਮ ਦਾ ਨੁਮਾਇੰਦਾ ਗੋਪਾਲਕ੍ਰਿਸ਼ਨ ਨਾਇਡੂ ਹੈ ਜਿਸ ਨਾਲ ਮਿਲ ਕੇ ਹੋਰ ਉਚ ਜਾਤੀ ਜ਼ਿਮੀਦਾਰ ਆਪਣਾ ਦਾਬਾ ਕਾਇਮ ਰੱਖਣ, ਖੇਤ ਮਜ਼ਦੂਰਾਂ ਨੂੰ ਨੀਵੇਂ ਦਰਜੇ ਤੱਕ ਮਹਿਦੂਦ ਰੱਖਣ ਅਤੇ ਉਨ੍ਹਾਂ ਨੂੰ ਖਤਮ ਕਰਨ ਦੀ ਸਾਜ਼ਿਸ਼ ਦਾ ਹਿੱਸਾ ਬਣਦੇ ਹਨ। ਕਾਮਰੇਡ ਸਿੱਕਲੀ ਪਕੀਰੀਸੰਮੀ ਦੇ ਕਤਲ, ਖੇਤ ਮਜ਼ਦੂਰਾਂ ਦੀ ਹੜਤਾਲ ਅਤੇ ਸੰਘਰਸ਼ ਵਿਚੋਂ ਹੀ ਬਗਾਵਤ ਅਤੇ ਨਾਬਰੀ ਦੇ ਸੁਰ ਉਭਰਦੇ ਹਨ। ਕੰਦਾਸਾਮੀ ਜਿਥੇ ਨਾਇਡੂ ਦੀ ਪ੍ਰਤੀਨਿਧ ਬਣ ਕੇ ਪਾਤਰ ਵਜੋਂ ਚਿੱਠੀ ਲਿਖਦੀ ਹੈ, ਉਥੇ ਹੀ ਉਹ ਮੌਜੂਦਾ ਨਿਜ਼ਾਮ ਦੇ ਡਰ, ਅਸੁਰੱਖਿਆ ਅਤੇ ਸਹਿਮ ਨੂੰ ਵੀ ਬੇਪਰਦ ਕਰਦੀ ਹੈ। ਇਸ ਦੇ ਨਾਲ ਹੀ ਉਹ ਆਪਣੀ ਭੂਮਿਕਾ ਦੀ ਵੀ ਪੜਚੋਲ ਕਰਦੀ ਹੈ।




ਇਹ ਨਾਵਲ ਸਿਰਫ ਨਾਵਲਿਸਟ ਦੇ ਕਰਾਫਟ ਅਤੇ ਨਵੇਂ ਪ੍ਰਯੋਗਾਂ ਤੱਕ ਹੀ ਸੀਮਿਤ ਨਹੀਂ। ਇਸ ਦੀ ਸਾਰਥਿਕਤਾ ਹੋਰ ਵੀ ਵਧ ਜਾਂਦੀ ਹੈ, ਕਿਉਂਕਿ ਇਹ ਮੌਜੂਦਾ ਦੌਰ ਦੀਆਂ ਕਈ ਬਹਿਸਾਂ ਅਤੇ ਪ੍ਰਸ਼ਨਾਂ ਨੂੰ ਮੁਖਾਤਿਬ ਹੁੰਦਾ ਹੈ। ਕੀ ਬੇ-ਜ਼ਮੀਨੇ ਦਲਿਤ ਅਤੇ ਖੇਤ ਮਜ਼ਦੂਰ ਭੋਂ ਮਾਲਕੀ ਦੇ ਹੱਕਦਾਰ ਨਹੀਂ? ਕੀ ਮੌਜੂਦਾ ਨਿਜ਼ਾਮ ਵਿਚ "ਉਹ" ਅਤੇ "ਅਸੀਂ" ਦੇ ਮਾਇਨੇ ਤਲਾਸ਼ਣੇ ਜ਼ਰੂਰੀ ਨਹੀਂ? ਵਰਗ ਸੰਘਰਸ਼ ਵਿਚ ਜਾਤ ਅਤੇ ਜਾਤ ਵਿਚ ਵਰਗ ਸੰਘਰਸ਼ ਦੇ ਕੀ ਅਰਥ ਹਨ? ਇਕ ਜਗ੍ਹਾ ਨਾਵਲਿਸਟ ਕਹਿੰਦੀ ਹੈ: "ਉਹ (ਪਾਠਕ) ਜਾਣੇਗੀ ਕਿ ਇਨ੍ਹਾਂ ਖਿੱਤਿਆਂ ਵਿਚ ਜ਼ਿੰਦਗੀ ਨਾ ਸਿਰਫ ਉਤਪਾਦਨ ਪ੍ਰਬੰਧਾਂ ਰਾਹੀਂ ਰਾਜ ਕਰਦੇ ਢਾਂਚਾਗਤ ਜਗੀਰੂ ਸਬੰਧਾਂ ਦੁਆਰਾ ਸੰਚਾਲਿਤ ਹੁੰਦੀ ਹੈ, ਸਗੋਂ ਜਾਤ ਪ੍ਰਬੰਧ ਦਾ ਖਾਸਾ ਵੀ ਵੱਡਾ ਰੋਲ ਅਦਾ ਕਰਦਾ ਹੈ।" (70) ਜਾਤ ਅਤੇ ਵਰਗ ਦੀ ਨਾ-ਬਰਾਬਰੀ ਦੀ ਨਿੰਦਾ ਕਰਦਾ ਇਹ ਨਾਵਲ ਇਸ ਗੱਲ ਦਾ ਗਵਾਹ ਬਣਦਾ ਹੈ ਕਿ ਮੌਜੂਦਾ ਦੌਰ ਵਿਚ ਜਦੋਂ ਕਾਰਪੋਰੇਟ ਸੈਕਟਰ ਫੈਲ ਰਿਹਾ ਹੈ ਤਾਂ ਜਾਤੀ ਵਿਤਕਰੇ, ਜ਼ੁਲਮ ਅਤੇ ਹਿੰਸਾ ਦੀਆਂ ਘਟਨਾਵਾਂ ਕਿਤੇ ਲੋਪ ਨਹੀਂ ਹੋਈਆਂ, ਸਗੋਂ ਸਮਾਜ ਵਿਚ ਇਨ੍ਹਾਂ ਦਾ ਪਸਾਰ ਵੱਧ ਅਤੇ ਹੋਰ ਵੀ ਗੁੰਝਲਦਾਰ ਹੋ ਗਿਆ ਹੈ। 1968 ਤੋਂ ਹੁਣ ਤੱਕ ਕੁਝ ਨਹੀਂ ਬਦਲਿਆ, ਸਗੋਂ ਕਿਲਵੇਨਮਣੀ ਦੇ ਕਤਲੇਆਮ ਦੀਆਂ ਤੰਦਾਂ ਸਹਿਜੇ ਹੀ ਹਾਸ਼ਿਮਪੁਰਾ, ਮਿਰਚਪੁਰ, ਖੈਰਲਾਂਜੀ, ਸ਼ੰਕਰਬਿਘਾ ਨਾਲ ਜੁੜ ਜਾਂਦੀਆਂ ਹਨ। ਇਹ ਇਸ ਗੱਲ ਦਾ ਵੀ ਗਵਾਹ ਬਣਦਾ ਹੈ ਕਿ "ਤਕੜਿਆਂ" ਦੇ ਸਾਫ-ਸਾਫ ਬਚ ਨਿਕਲਣ ਦੀ ਪਿਰਤ ਖਤਮ ਹੋਣ ਦੀ ਥਾਂ ਹੋਰ ਪੱਕੀ ਹੋ ਗਈ ਹੈ ਅਤੇ ਜ਼ੁਲਮ ਖਿਲਾਫ ਬੋਲਣ ਵਾਲਿਆਂ ਲਈ ਸੰਘਰਸ਼ ਦਾ ਰਸਤਾ ਬਹੁਤ ਲੰਬਾ ਹੈ।



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਜਨਵਰੀ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-256



*ਫੱਗਣ ਵਿਚ ਜਿਵੇਂ ਮਨਾਉਂਦੇ ਹੋਣ ਭਾਰਤੀ ਹੋਲੀ।*
*ਕਾਦਰ ਦੀ ਬ੍ਰਹਿਮੰਡ 'ਚ ਦੇਖੋ ਰੰਗਾਂ ਦੀ ਰੰਗੋਲੀ।*

## ਕੈਪਸ਼ਨ ਮੁਕਾਬਲਾ-254



ਕੁਦਰਤ ਦੇ ਕਾਦਰ ਦੀ ਮਹਿਮਾ
ਜਿਹਬਾ ਕਹਿ ਨਾ ਪਾਵੇ।
ਜੇ ਸੋਚਾਂ ਸਿਫਤਾਂ ਲਿਖ ਦਈਏ
ਲਫਜ਼ ਕੋਈ ਨਾ ਥਿਆਵੇ।
ਕੈਸੀ ਘਾੜਤ ਘੜਦਾ 'ਘਾੜਾ'
ਕੈਸੀ ਬਣਤ ਬਣਾਵੇ।
ਕਿਥੋਂ ਲੈਂਦਾ ਰੰਗ ਉਧਾਰੇ
ਕਿਥੋਂ ਬੁਰਛ ਲਿਆਵੇ।
ਇੰਜ ਲੱਗਦਾ ਇਹ ਸੋਹਣਾ ਪੰਛੀ,
ਬੈਠਾ ਕਾਦਰ ਦੇ ਗੁਣ ਗਾਵੇ।

***-ਜਗਜੀਤ ਕੌਰ***
***ਕੈਂਟਨ, ਮਿਸ਼ੀਗਨ।***

---

ਕਾਲੇ ਖੰਭ ਤੇ ਸੁਰਖ ਰੰਗ ਦੀ
ਮਾਰ ਉਡਾਰੀ ਚਿੜੀ ਹੈ ਆਈ।
ਕੰਡਿਆਲੀ ਟਹਿਣੀ ਉਤੇ ਬਹਿ ਕੇ
ਜ਼ਰਦ ਫੁੱਲਾਂ ਦੀ ਸ਼ਾਨ ਵਧਾਈ।
ਸਾਂਭ ਲਵੋ ਕੁਦਰਤ ਦੀਆਂ ਦਾਤਾਂ
ਨਾ ਜਾਵੋ ਇਨ੍ਹਾਂ ਤਾਈਂ ਗਵਾਈ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਲਾਲ ਰੰਗ ਤੋਂ ਦੁਨੀਆਂ ਡਰਦੀ
ਕਿਤੇ ਆ ਨਾ ਜਾਵੇ ਇਨਕਲਾਬ।
ਪਰ ਪਰਿੰਦੇ ਦਾ ਰੰਗ ਸੁਹਜ ਸੁਹੱਪਣ ਵਾਲਾ
ਜਿਵੇਂ ਖਿੜਿਆ ਸੂਹਾ ਫੁੱਲ ਗੁਲਾਬ।
ਰੱਬ ਨੇ ਕਾਲੀ ਪੂਛ ਲਗਾਈ ਨਜ਼ਰ ਤੋਂ
ਝੱਲੀ ਨਾ ਜਾਵੇ ਆਬ।
ਕੁਦਰਤੀ ਹਾਰ-ਸ਼ਿੰਗਾਰ ਵਿਚ ਬੈਠੀ
ਚਿੜੀ ਲੱਗਦੀ ਲਾ-ਜਵਾਬ।

***-ਅਮਰਜੀਤ ਸਿੰਘ ਤੂਰ, ਚੰਡੀਗੜ੍ਹ***
***ਫੋਨ: 91-98784-69639***

---

ਭਾਂਤ ਭਾਂਤ ਦੇ ਜੀਵ ਉਪਾਏ
ਕਾਦਰ ਸ੍ਰਿਸ਼ਟੀ ਰਚੀ ਹੈ ਫਾਨੀ।
ਸਭ ਦੇ ਵੱਖਰੇ ਰੂਪ ਤੇ ਰੰਗ ਨੇ
ਕਲਾ 'ਚ ਨਾ ਕੋਈ ਉਸ ਦਾ ਸਾਨੀ।
ਕਈ ਪਤਾਲੀਂ ਲਾਵਣ ਚੁੱਭੀਆਂ
ਕਈ ਭਰਦੇ ਉਚੀਆਂ ਪਰਵਾਜ਼ਾਂ।
ਕਈ ਬਾਗਾਂ ਵਿਚ ਰੌਣਕ ਲਾਉਂਦੇ
ਜਦੋਂ ਚਹਿਕਣ ਕੱਢ ਤਿੰਨ ਆਵਾਜ਼ਾਂ।
ਜੱਗ ਵਾਲਾ ਮੇਲਾ ਫਿੱਕਾ ਸੀ ਹੋਣਾ
ਜੇ ਕਿਧਰੇ ਰੱਬ ਰੰਗ ਨਾ ਭਰਦਾ।
ਕਾਲੇ ਗੋਰੇ ਦਾ ਭੇਦ ਸੀ ਮੁੱਕ ਜਾਣਾ
ਪਰ ਫਿਰ ਜੀਅ ਜੀਣ ਨੂੰ ਨਾ ਕਰਦਾ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***
***ਫੋਨ: 408-912-3438***

---

ਕੁਦਰਤ ਤੇਰੇ ਰੰਗਾਂ ਤੋਂ ਜਾਈਏ ਬਲਿਹਾਰ,
ਪਤਝੜ ਰੁਤੇ ਵੀ ਲਾਈ ਫੁੱਲਾਂ ਦੀ ਬਹਾਰ।
ਵੀਰ-ਵਹੁਟੀ ਵਰਗੀ ਲਾਲ ਚਿੜੀ ਨੇ ਵੀ,
ਕਰ ਦਿੱਤਾ ਪੂਰਾ ਸ਼ਿੰਗਾਰ।

***-ਦਵਿੰਦਰ ਕੌਰ***

---

ਮਾਲੀ ਨੂੰ ਚਮਨ ਨਾਲ ਪਿਆਰ ਹੁੰਦਾ ਏ
ਤਾਹੀਓਂ ਬਾਗ ਦੇ ਫੁੱਲਾਂ ਦੀ ਖੁਸ਼ਬੂ ਦਾ
ਸਿਰਜਣਹਾਰ ਵੀ ਓਹੀਓ ਹੁੰਦਾ ਏ।
ਅਨੰਦ ਚਮਨ ਦਾ ਲੈਣ ਲਈ
ਰੰਗ-ਬਰੰਗੇ ਪਰਿੰਦੇ ਨਾਲ ਚਿੜੀਆਂ ਨੇ ਰਲ
ਗਾ ਗਾ ਗੀਤ ਮਸਤੀ 'ਚ
ਚੀਕ-ਚਿਹਾੜਾ ਪਾਉਂਦੇ
ਇਸੇ ਬਾਗ ਦਾ ਜਸ ਗਾਉਂਦੇ
ਢੂੰਡਦੇ ਉਸ ਮਾਲੀ ਨੂੰ
ਜਿਸ ਕਰ ਗੋਡੀਆਂ
ਰੰਗ-ਬਰੰਗੇ ਫੁੱਲ ਉਗਾਏ।

***-ਦਰਸ਼ਨਪਾਲ ਦੋਸਾਂਝ***

---

ਕੁਦਰਤ ਉਸ ਪਰਮਾਤਮਾ ਦੀ
ਜਿਸ ਨੇ ਸੁੰਦਰ ਜਹਾਨ ਬਣਾਇਆ।
ਜੀਵ-ਜੰਤੂ, ਪਸ਼ੂ-ਪੰਛੀਆਂ ਤੱਕ
ਉਸ ਵੱਖਰਾ ਰੂਪ ਸਜਾਇਆ।
ਕਾਲਾ, ਨੀਲਾ, ਪੀਲਾ, ਚਿੱਟਾ, ਹਰਾ,
ਕਿਸੇ 'ਤੇ ਲਾਲ ਰੰਗ ਚੜ੍ਹਾਇਆ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***



# ਇਨਾਇਤ ਹੁਸੈਨ ਭੱਟੀ ਨੂੰ ਯਾਦ ਕਰਦਿਆਂ

***ਪਾਕਿਸਤਾਨ ਦੇ ਮਸ਼ਹੂਰ ਕਲਾਕਾਰ ਇਨਾਇਤ ਹੁਸੈਨ ਭੱਟੀ (12 ਜਨਵਰੀ 1928-31 ਮਈ 1999) ਨੇ ਅਦਾਕਾਰੀ ਅਤੇ ਗਾਇਨ, ਦੋਹਾਂ ਖੇਤਰਾਂ ਵਿਚ ਹੀ ਬਰਾਬਰ ਦਾ ਨਾਮਣਾ ਖੱਟਿਆ। ਫਿਲਮਾਂ ਵਿਚ ਉਹ ਆਪਣੇ ਗੀਤ ਖੁਦ ਹੀ ਗਾਉਂਦੇ ਸਨ। ਉਨ੍ਹਾਂ ਦੇ ਗਾਏ ਗੀਤ ਅੱਜ ਵੀ ਕਿਤੇ ਨਾ ਕਿਤੇ ਕੰਨੀਂ ਪੈ ਜਾਂਦੇ ਹਨ ਅਤੇ ਰਸ ਘੋਲ ਦਿੰਦੇ ਹਨ। ਭੱਟੀ ਦੇ ਬੇਲੀ ਹਰਨੇਕ ਸਿੰਘ ਘੜੂੰਆਂ ਨੇ ਆਪਣੇ ਇਸ ਲੇਖ ਵਿਚ ਉਨ੍ਹਾਂ ਦੀ ਕਲਾ ਅਤੇ ਜੀਵਨ ਉਤੇ ਚਾਨਣਾ ਪਾਇਆ ਹੈ, ਉਸ ਨਾਲ ਜੁੜੀਆਂ ਖੁਸ਼ੀਆਂ ਅਤੇ ਗਮਾਂ ਦੀ ਚਰਚਾ ਕੀਤੀ ਹੈ। ਭੱਟੀ ਦੇ ਜਨਮ ਦਿਨ ਮੌਕੇ ਅਸੀਂ ਇਹ ਲੇਖ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

ਸੋਹਣੀ ਦੇ ਸ਼ਹਿਰ ਗੁਜਰਾਤ ਦਾ ਜੰਮਿਆ ਇਨਾਇਤ ਹੁਸੈਨ ਭੱਟੀ ਪੂਰੇ ਤਿੰਨ ਦਹਾਕੇ ਪਾਕਿਸਤਾਨ ਦੀ ਫਿਲਮ ਇੰਡਸਟਰੀ 'ਤੇ ਛਾਇਆ ਰਿਹਾ। ਕੁੰਦਨ ਲਾਲ ਸਹਿਗਲ ਵਾਂਗ ਭੱਟੀ ਇਕੋ ਇਕ ਕਲਾਕਾਰ ਸੀ ਜਿਸ ਨੇ ਫਿਲਮਾਂ ਦੀ ਅਦਾਕਾਰੀ ਦੇ ਨਾਲ-ਨਾਲ ਆਪਣੇ ਗੀਤ ਵੀ ਆਪ ਗਾਏ। ਭੱਟੀ 40 ਫਿਲਮਾਂ ਵਿਚ ਹੀਰੋ ਅਤੇ 30 ਫਿਲਮਾਂ ਵਿਚ ਸਾਈਡ ਹੀਰੋ ਦੇ ਤੌਰ 'ਤੇ ਆਇਆ। ਉਸ ਨੇ ਤਕਰੀਬਨ 2500 ਫਿਲਮੀ ਗੀਤ ਗਾਏ। ਭੱਟੀ ਦੇ ਮਸ਼ਹੂਰ ਗੀਤ ਹਨ: ਝੂਠੀਏ ਜਹਾਨ ਦੀਏ, ਕੱਚੀਏ ਜ਼ੁਬਾਨ ਦੀਏ, ਨਹੀਂ ਸੀ ਪਿਆਰ ਜੇ ਨਿਭਾਉਣਾ, ਤੂੰ ਕਿਹੜੀ ਗੱਲੋਂ ਪਿਆਰ ਪਾ ਲਿਆ, ਸਾਡੀ ਨਜ਼ਰਾਂ ਤੋਂ ਹੋਈਓ ਕਾਹਨੂੰ ਦੂਰ ਦੱਸ ਜਾ, ਬੀੜਿਆਂ ਨੂੰ ਕਰ ਲੈ ਬੰਦ ਨੀ ਆਦਿ। ਉਸ ਨੇ ਹਿੰਦੋਸਤਾਨ ਦੇ ਬਟਵਾਰੇ ਬਾਰੇ ਬਣੀ ਫਿਲਮ 'ਕਰਤਾਰ ਸਿੰਘ' ਵਿਚ ਅੰਮ੍ਰਿਤਾ ਪ੍ਰੀਤਮ ਦੀ ਰਚਨਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ, ਕਿਤੇ



**ਹਰਨੇਕ ਸਿੰਘ ਘੜੂੰਆਂ**

ਕਬਰਾਂ ਵਿਚੋਂ ਬੋਲ' ਨੂੰ ਗਾਇਆ ਜੋ ਪਾਕਿਸਤਾਨ ਪੰਜਾਬ ਦੇ ਬੱਚੇ-ਬੱਚੇ ਦੀ ਜ਼ੁਬਾਨ 'ਤੇ ਵਸ ਗਈ ਹੈ। ਵਾਰਿਸ ਸ਼ਾਹ ਦੀ ਹੀਰ ਗਾਉਣ ਵਿਚ ਭੱਟੀ ਦਾ ਕੋਈ ਸਾਨੀ ਨਹੀਂ ਸੀ।

ਲਾਹੌਰ ਵਿਚ ਵਕਾਲਤ ਪਾਸ ਕਰਨ ਆਇਆ ਭੱਟੀ ਫਿਲਮੀ ਦੁਨੀਆ ਵਾਲਿਆਂ ਨੇ ਇਕ ਤਰ੍ਹਾਂ ਅਗਵਾ ਕਰ ਲਿਆ। ਭੱਟੀ ਦਾ ਫਿਲਮੀ ਦੁਨੀਆ ਵਿਚ ਦਾਖਲਾ ਗੀਤਕਾਰ ਵਜੋਂ ਹੋਇਆ। ਬਾਅਦ ਵਿਚ ਹੀਰੋ ਅਤੇ ਸਾਈਡ ਹੀਰੋ ਦੀਆਂ ਭੂਮਿਕਾਵਾਂ ਵੀ ਕਰਦੇ ਰਹੇ। ਭੱਟੀ ਨੇ 30 ਦੇ ਕਰੀਬ ਫਿਲਮਾਂ ਆਪ ਬਣਾਈਆਂ। ਸ਼ਾਮਚੁਰਾਸੀ ਘਰਾਣੇ ਤੋਂ ਬਾਕਾਇਦਾ ਸੰਗੀਤ ਦੀ ਤਾਲੀਮ ਲਈ। ਭੱਟੀ ਨੇ ਕਾਫ਼ੀ ਸਾਰੇ ਦੋਗਾਣੇ ਨੂਰਜਹਾਂ ਤੇ ਜ਼ੁਬੈਦਾ ਖਾਨਮ ਨਾਲ ਵੀ ਗਾਏ। ਉਹ ਆਲਮ ਲੁਹਾਰ ਦੇ ਮੁਕਾਬਲੇ ਅਜੇ ਵੀ ਪਾਕਿਸਤਾਨ ਵਿਚ ਮਸ਼ਹੂਰ ਹਨ। ਪਾਕਿਸਤਾਨ ਵਿਚ ਇਕ ਪੁਰਾਣਾ ਥੀਏਟਰ ਕਲਚਰ ਮਸ਼ਹੂਰ ਹੈ ਜੋ ਅਜੇ ਕਾਇਮ ਹੈ। ਮੇਲਿਆਂ ਅਤੇ ਪੀਰਾਂ ਦੇ ਮਜ਼ਾਰਾਂ 'ਤੇ ਲੋਹੇ ਦੀਆਂ ਟੀਨਾਂ ਦੀ ਬਣਾਈ ਵਕਤੀ ਚਾਰਦੀਵਾਰੀ ਵਿਚ ਕਲਾਕਾਰ ਗੀਤ ਗਾਉਂਦੇ ਹਨ ਤੇ ਸਰੋਤੇ ਟਿਕਟਾਂ ਖਰੀਦ ਕੇ ਸੁਣਦੇ ਹਨ। ਇਸ ਨੂੰ ਪੇਂਡੂ ਭਾਸ਼ਾ ਵਿਚ ਠੇਠਰ ਆਖਦੇ ਹਨ, ਥੀਏਟਰ ਦਾ ਵਿਗੜਿਆ ਰੂਪ। ਮੇਲਿਆਂ ਦੇ ਵਿਚ ਠੇਠਰਾਂ ਦੇ ਮੁਕਾਬਲੇ ਚੱਲਦੇ ਹਨ। ਜਿਸ ਠੇਠਰ ਵਾਲੇ ਨੇ ਪੱਕੇ ਤੌਰ 'ਤੇ ਆਲਮ ਲੁਹਾਰ ਨੂੰ ਬੁੱਕ ਕੀਤਾ ਸੀ, ਉਹ ਦੂਜਿਆਂ ਨੂੰ ਉਠਣ ਨਹੀਂ ਸੀ ਦਿੰਦਾ। ਆਖਿਰ ਇਕ ਠੇਠਰ ਵਾਲੇ ਨੇ ਇਨਾਇਤ ਹੁਸੈਨ ਭੱਟੀ ਨੂੰ ਬੁੱਕ ਕਰਨ ਲਈ ਜ਼ੋਰ ਲਗਾਇਆ। ਭੱਟੀ ਨੇ ਟਾਲਣ ਲਈ ਇਕ ਹਜ਼ਾਰ ਰੁਪਏ ਹਰ ਰੋਜ਼ ਲੈਣ ਦੀ ਮੰਗ ਕੀਤੀ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਕਲਰਕ ਦੀ ਇਕ ਮਹੀਨੇ ਦੀ ਤਨਖਾਹ 50 ਰੁਪਏ ਹੁੰਦੀ ਸੀ। ਠੇਠਰ ਦੇ ਮਾਲਕ ਨੇ ਝੱਟ ਹਜ਼ਾਰ ਰੁਪਏ ਕੱਢ ਕੇ ਦੇ ਦਿੱਤੇ। ਹੁਣ ਭੱਟੀ ਨੂੰ ਭੱਜਣ ਲਈ ਕੋਈ ਰਸਤਾ ਨਹੀਂ ਸੀ। ਉਧਰ ਆਲਮ ਲੁਹਾਰ ਨੂੰ ਪਤਾ ਲੱਗਿਆ। ਉਸ ਨੇ ਭੱਟੀ ਨਾਲ ਰਾਬਤਾ ਕੀਤਾ। "ਛੱਡੋ ਭੱਟੀ ਸਾਹਿਬ! ਤੁਸੀਂ ਬਾਬੂ ਬੰਦੇ, ਇਥੇ ਸਾਰਾ ਦਿਨ ਘੱਟੇ ਵਿਚ ਰੁਲਣਾ ਪੈਂਦਾ। ਕਿਹੜੇ ਪਾਸੇ ਪੈਣ ਲੱਗੇ ਹੋ।" ਪਰ ਉਹ ਨਾ ਮੰਨੇ। ਆਲਮ ਲੁਹਾਰ ਅਤੇ ਭੱਟੀ ਦੇ ਸਾਰੀ-ਸਾਰੀ ਰਾਤ ਮੁਕਾਬਲੇ ਚੱਲਦੇ ਰਹਿੰਦੇ। ਅੱਛੇ ਕਲਾਕਾਰ ਦੇ ਨਾਲ-ਨਾਲ ਪੜ੍ਹੇ ਲਿਖੇ ਹੋਣ ਕਰ ਕੇ ਭੱਟੀ ਸਾਹਿਬ ਕਈ ਵਾਰ ਆਲਮ ਲੁਹਾਰ 'ਤੇ ਭਾਰੀ ਪੈ ਜਾਂਦੇ।

ਉਮਰ ਦੇ ਪਿਛਲੇ ਸਾਲਾਂ ਵਿਚ ਭੱਟੀ ਨੇ ਪੀਰਾਂ ਫਕੀਰਾਂ ਉਤੇ ਟੀ.ਵੀ. ਪ੍ਰੋਗਰਾਮ ਬੜੇ ਸੁਚੱਜੇ ਢੰਗ ਨਾਲ ਤਿਆਰ ਕੀਤੇ ਸਨ ਜੋ ਪੰਜਾਬੀ ਦਾ ਵਡਮੁੱਲਾ ਖਜ਼ਾਨਾ ਹਨ। ਇਨ੍ਹਾਂ ਵਿਚੋਂ ਬਾਬਾ ਫਰੀਦ, ਬਾਬਾ ਬੁੱਲ੍ਹੇ ਸ਼ਾਹ, ਹਜ਼ਰਤ ਮੀਆਂ ਮੀਰ, ਸਈਅਦ ਵਾਰਿਸ ਸ਼ਾਹ ਤੇ ਹਜ਼ਰਤ ਸੁਲਤਾਨ ਬਾਹੂ ਬਾਰੇ ਤਿਆਰ ਕੀਤੇ ਪ੍ਰੋਗਰਾਮ ਜ਼ਿਆਦਾ ਕਾਬਿਲ-ਏ-ਤਾਰੀਫ਼ ਹਨ। ਭੱਟੀ ਸਾਹਿਬ ਕਲਾਕਾਰ ਦੇ ਨਾਲ-ਨਾਲ ਸਮਾਜ ਸੇਵੀ ਸ਼ਖਸੀਅਤ ਵੀ ਸਨ। ਉਨ੍ਹਾਂ ਨੇ ਆਪਣੀਆਂ ਮਾਂ ਦੀ ਯਾਦ ਵਿਚ ਗੁਲਾਬ ਦੇਵੀ ਹਸਪਤਾਲ ਵਿਚ ਇਕ ਪੂਰਾ ਬਲਾਕ ਬਣਵਾਇਆ। ਇਕ ਵਾਰ ਪਾਕਿਸਤਾਨੀ ਕੱਟੜਪੰਥੀਆਂ ਨੇ ਸਰਕਾਰਾਂ 'ਤੇ ਦਬਾਅ ਪਾਇਆ ਕਿ ਜਿਨ੍ਹਾਂ ਸੰਸਥਾਵਾਂ ਤੇ ਗਲੀ-ਮੁਹੱਲਿਆਂ ਦਾ ਨਾਂ ਹਿੰਦੂ-ਸਿੱਖਾਂ ਦੇ ਨਾਂ ਉਤੇ ਹੈ, ਉਨ੍ਹਾਂ ਨੂੰ ਬਦਲਿਆ ਜਾਵੇ। ਭੱਟੀ ਸਾਹਿਬ ਨੇ ਦਰੁਸਤ ਸੋਚ ਰੱਖਣ ਵਾਲੇ ਪੜ੍ਹੇ-ਲਿਖੇ ਲੋਕਾਂ ਨੂੰ ਇਕੱਠੇ ਕਰ ਕੇ ਇਸ ਦੇ ਖਿਲਾਫ਼ ਆਵਾਜ਼ ਬੁਲੰਦ ਕੀਤੀ ਜਿਸ ਦੇ ਸਿੱਟੇ ਵਜੋਂ ਉਹ ਨਾਂ ਜਿਉਂ ਦੇ ਤਿਉਂ ਕਾਇਮ ਹਨ।

ਇਕ ਵਾਰ ਇਨਾਇਤ ਹੁਸੈਨ ਭੱਟੀ ਮੈਂਬਰ ਪਾਰਲੀਮੈਂਟ ਦੀ ਆਜ਼ਾਦਾਨਾ ਚੋਣ ਲਈ ਜੋ ਸਿਰਫ਼ ਦੋ ਹਜ਼ਾਰ ਵੋਟਾਂ ਨਾਲ ਹਾਰ ਗਏ। ਉਹ ਅਖਬਾਰ ਦੇ ਕਾਲਮ-ਨਵੀਸ ਵੀ ਸਨ। ਪਾਕਿਸਤਾਨ ਦੇ ਵੱਡੇ-ਵੱਡੇ ਅਖਬਾਰਾਂ ਵਿਚ ਉਨ੍ਹਾਂ ਦੇ ਲੇਖ ਛਪਦੇ ਰਹਿੰਦੇ ਸਨ। ਇਨਾਇਤ ਹੁਸੈਨ ਭੱਟੀ ਬੜੇ ਅਣਖ ਦੇ ਮਾਲਕ ਸਨ। ਉਨ੍ਹਾਂ ਦੇ ਕੁੜਮ ਅਵਾਰੀ ਦਾ ਲਾਹੌਰ ਵਿਚ 50 ਏਕੜ ਰਕਬੇ ਵਿਚ ਸਟੂਡੀਓ ਹੈ ਪਰ ਉਨ੍ਹਾਂ ਕਦੇ ਇਥੇ ਫਿਲਮ ਦੀ ਸ਼ੂਟਿੰਗ ਕਰ ਕੇ ਅਹਿਸਾਨ ਨਹੀਂ ਲਿਆ। ਉਹ ਮੁਹਾਲੀ ਵਿਚ ਕਰਵਾਏ ਲੋਕ ਸੰਗੀਤ ਮੇਲੇ ਵੇਲੇ ਪਾਕਿਸਤਾਨੀ ਕਲਾਕਾਰਾਂ ਦੇ ਗਰੁੱਪ ਲੀਡਰ ਬਣ ਕੇ ਆਏ। ਜਦੋਂ ਉਨ੍ਹਾਂ ਦੀ ਗੀਤ ਗਾਉਣ ਦੀ ਵਾਰੀ ਆਈ, ਸਾਊਂਡ ਸਿਸਟਮ ਧੋਖਾ ਦੇ ਗਿਆ ਤੇ ਉਨ੍ਹਾਂ ਦਾ ਗੀਤ ਖਰਾਬ ਹੋ ਗਿਆ। ਇਸ ਘਟਨਾਂ ਦਾ ਉਨ੍ਹਾਂ ਦੇ ਦਿਲ 'ਤੇ ਡੂੰਘਾ ਅਸਰ ਪਿਆ ਅਤੇ ਅਗਲੇ ਦਿਨ ਹੀ ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਗਿਆ। ਤਕਰੀਬਨ ਇਕ ਹਫ਼ਤਾ ਪੀ.ਜੀ.ਆਈ. ਵਿਚ ਦਾਖ਼ਲ ਰਹੇ। ਇਸ ਧੱਬੇ ਨੂੰ ਧੋਣ ਲਈ ਜਲਦੀ ਹੀ ਵਾਪਸ ਆ ਗਏ। ਕਈ ਮਹਿਫ਼ਲਾਂ ਅਤੇ ਪ੍ਰੋਗਰਾਮਾਂ ਵਿਚ ਬਿਨਾ ਪੈਸਾ ਲਏ ਗੀਤ ਸੁਣਾਏ। ਇਸ ਫੇਰੀ ਦੌਰਾਨ ਉਨ੍ਹਾਂ ਪ੍ਰੋ. ਮੋਹਨ ਸਿੰਘ ਮੇਲੇ 'ਤੇ ਤਕਰੀਬਨ 25-30 ਹਜ਼ਾਰ ਸਰੋਤਿਆਂ ਨੂੰ ਆਪਣੀ ਕਲਾ ਦੇ ਜੌਹਰ ਦਿਖਾਏ। ਸਰੋਤਿਆਂ ਨੇ ਬੜਾ ਸਲਾਹਿਆ। ਜਿੰਨੇ ਦਿਨ ਭੱਟੀ ਸਾਹਿਬ ਇਧਰ ਰਹੇ, ਅਖਬਾਰਾਂ ਵਿਚ ਪਹਿਲੇ ਪੰਨਿਆਂ 'ਤੇ ਚਰਚਾ ਚੱਲਦੀ ਰਹੀ। ਇਸ ਨਾਲ ਭੱਟੀ ਸਾਹਿਬ ਨੂੰ ਬੜਾ ਸਕੂਨ ਮਿਲਿਆ ਅਤੇ ਉਹ ਖੁਸ਼ੀ-ਖੁਸ਼ੀ ਪਾਕਿਸਤਾਨ ਚਲੇ ਗਏ।

ਲਾਹੌਰ ਦੇ ਖੂਬਸੂਰਤ ਏਰੀਏ ਗੁਲਬਰਗ ਵਿਖੇ ਪੰਜ ਕਨਾਲ ਦੀ ਕੋਠੀ ਵਿਚ ਉਹ ਆਖਿਰੀ ਵੇਲੇ ਰਹਿ ਰਹੇ ਸਨ। ਉਨ੍ਹਾਂ ਦੇ ਦੋ ਪੁੱਤਰ ਅਤੇ ਤਿੰਨ ਧੀਆਂ ਹਨ। ਵੱਡੇ ਪੁੱਤਰ ਵਸੀਮ ਅੱਬਾਸ ਦਾ ਫਿਲਮਾਂ ਅਤੇ ਡਰਾਮਿਆਂ ਵਿਚ ਬੜਾ ਨਾਂ ਹੈ। ਬੱਸ ਇਕੋ ਦੁੱਖ ਨਾਲ ਭੱਟੀ ਕੱਚੀ ਕੰਧ ਵਾਂਗੂੰ ਦਿਨੋ-ਦਿਨ ਅੰਦਰੋ-ਅੰਦਰੀ ਖੁਰਦਾ ਗਿਆ ਕਿ ਉਸ ਦੀ ਵਿਚਕਾਰਲੀ ਲੜਕੀ ਵੀਨਾ ਕੁਝ ਅਰਸਾ ਪਹਿਲਾਂ ਵਿਧਵਾ ਹੋ ਗਈ। ਉਹ ਆਪਣੇ ਦੋ ਪੁੱਤਰ ਅਤੇ ਬੇਟੀ ਨੂੰ ਲੈ ਕੇ ਭੱਟੀ ਸਾਹਿਬ ਦੇ ਘਰ ਆ ਗਈ। ਜਿਸ ਤਰ੍ਹਾਂ ਬਲਰਾਜ ਸਾਹਨੀ ਧੀ ਦੇ ਦੁੱਖ ਨੂੰ ਸੀਨੇ ਵਿਚ ਲੈ ਕੇ ਅਧਖੜ੍ਹ ਉਮਰੇ ਅਲਵਿਦਾ ਕਹਿ ਗਿਆ, ਉਸੇ ਤਰ੍ਹਾਂ ਭੱਟੀ ਵੀ ਜਵਾਨ ਧੀ ਦੇ ਦੁੱਖ ਨੇ ਖਾ ਲਿਆ।

ਕਈ ਵਾਰੀ ਭੱਟੀ ਮੇਰੇ ਕੋਲ ਮਹੀਨਾ-ਮਹੀਨਾ ਰਹਿ ਕੇ ਜਾਂਦਾ। ਜਦੋਂ ਕਦੇ ਬਹੁਤ ਉਦਾਸ ਹੁੰਦਾ ਤਾਂ ਇਧਰ ਆ ਜਾਂਦਾ। ਸਵੇਰੇ ਚੰਡੀਗੜ੍ਹ ਦੇ 33 ਸੈਕਟਰ ਵਾਲੇ ਪਾਰਕ ਵਿਚ ਮੇਰੇ ਨਾਲ ਸੈਰ ਕਰਨ ਜਾਂਦਾ। ਉਥੇ ਕਈ ਲੋਕਾਂ ਨਾਲ ਦੋਸਤੀ ਬਣਾ ਲਈ। ਲੰਮਾ ਸਮਾਂ ਗੱਪ-ਸ਼ੱਪ ਚਲਦੀ ਰਹਿੰਦੀ। ਥੋੜ੍ਹੇ ਦਿਨਾਂ ਬਾਅਦ ਚਿਹਰੇ 'ਤੇ ਫਿਰ ਸੱਜਰਾਪਣ ਆ ਜਾਂਦਾ। ਫਿਰ ਇਹ ਕਹਿ ਕੇ ਵਾਪਸ ਜਾਣ ਦੀ ਜ਼ਿਦ ਕਰਦਾ- "ਪਤਾ ਨਹੀਂ ਪਿਛੇ ਵੀਨਾ ਦਾ ਕੀ ਹਾਲ ਹੋਵੇਗਾ।"


ਫਿਰ ਅਚਾਨਕ ਇਨਾਇਤ ਹੁਸੈਨ ਭੱਟੀ ਦੀ ਮੌਤ ਦੀ ਖਬਰ ਸੁਣ ਕੇ ਦੋਸਤਾਂ ਦੇ ਫੋਨ ਆਉਣ ਲੱਗੇ। ਇਕਦਮ ਬਚਪਨ ਤੋਂ ਅੱਜ ਤੱਕ ਦੀਆਂ ਯਾਦਾਂ ਨੇ ਝੰਜੋੜ ਛੱਡਿਆ। ਕਦੇ ਉਹ ਸਮਾਂ ਸੀ ਜਦੋਂ ਪਿੰਡ ਵਿਚ ਰੇਡੀਓ ਵੀ ਨਹੀਂ ਸਨ ਹੁੰਦੇ। ਜਦੋਂ ਕਿਧਰੇ ਮੁਹੱਲੇ ਵਿਚ ਵਿਆਹ-ਸ਼ਾਦੀ ਹੋਣੀ, ਰਾਤੀਂ ਕੋਠਿਆਂ 'ਤੇ ਪਏ ਲਾਊਡ ਸਪੀਕਰਾਂ ਦੇ ਗੀਤ ਸੁਣ ਕੇ ਆਨੰਦ ਮਾਣਦੇ ਰਹਿੰਦੇ, ਇਨ੍ਹਾਂ ਵਿਚ 70 ਫੀਸਦੀ ਗੀਤ ਭੱਟੀ ਦੇ ਹੁੰਦੇ ਸਨ। ਕਦੇ ਭੱਟੀ ਸਾਹਿਬ ਮੁਹਾਲੀ ਮੇਲੇ ਵਿਚ ਆਏ, ਕਦੇ ਉਨ੍ਹਾਂ ਲਾਹੌਰ ਮੇਲੇ ਵਿਚ ਵਧ-ਚੜ੍ਹ ਕੇ ਹਿੱਸਾ ਪਾਇਆ, ਤੇ ਕਦੇ ਇਧਰ ਆ ਕੇ ਦੋਸਤਾਂ ਦੀਆਂ ਮਹਿਫ਼ਲਾਂ ਦਾ ਸ਼ਿੰਗਾਰ ਬਣੇ। ਦੋਸਤੀ ਦੀ ਬਣੀ ਦੀਵਾਰ ਵਿਚ ਇਹ ਯਾਦਾਂ ਇਕ-ਇਕ ਇੱਟ ਵਾਂਗੂੰ ਚਿਣ ਹੁੰਦੀਆਂ ਰਹੀਆਂ।

***ਲਾਹੌਰ ਵਕਾਲਤ ਪਾਸ ਕਰਨ ਆਇਆ ਭੱਟੀ ਫਿਲਮੀ ਦੁਨੀਆ ਵਾਲਿਆਂ ਨੇ ਅਗਵਾ ਕਰ ਲਿਆ। ਭੱਟੀ ਦਾ ਫਿਲਮੀ ਦੁਨੀਆ ਵਿਚ ਦਾਖਲਾ ਗੀਤਕਾਰ ਵਜੋਂ ਹੋਇਆ। ਮਗਰੋਂ ਹੀਰੋ ਅਤੇ ਸਾਈਡ ਹੀਰੋ ਦੀਆਂ ਭੂਮਿਕਾਵਾਂ ਵੀ ਕਰਦੇ ਰਹੇ। ਭੱਟੀ ਨੇ 30 ਦੇ ਕਰੀਬ ਫਿਲਮਾਂ ਆਪ ਬਣਾਈਆਂ। ਸ਼ਾਮਚੁਰਾਸੀ ਘਰਾਣੇ ਤੋਂ ਬਾਕਾਇਦਾ ਸੰਗੀਤ ਦੀ ਤਾਲੀਮ ਲਈ। ਭੱਟੀ ਨੇ ਕਾਫ਼ੀ ਸਾਰੇ ਦੋਗਾਣੇ ਨੂਰਜਹਾਂ ਤੇ ਜ਼ੁਬੈਦਾ ਖਾਨਮ ਨਾਲ ਵੀ ਗਾਏ।... ਉਮਰ ਦੇ ਪਿਛਲੇ ਸਾਲਾਂ ਵਿਚ ਭੱਟੀ ਨੇ ਪੀਰਾਂ ਫਕੀਰਾਂ ਉਤੇ ਟੀ.ਵੀ. ਪ੍ਰੋਗਰਾਮ ਬੜੇ ਸੁਚੱਜੇ ਢੰਗ ਨਾਲ ਤਿਆਰ ਕੀਤੇ। ਇਨ੍ਹਾਂ ਵਿਚੋਂ ਬਾਬਾ ਫਰੀਦ, ਬਾਬਾ ਬੁੱਲ੍ਹੇ ਸ਼ਾਹ, ਹਜ਼ਰਤ ਮੀਆਂ ਮੀਰ, ਸਈਅਦ ਵਾਰਿਸ ਸ਼ਾਹ ਤੇ ਹਜ਼ਰਤ ਸੁਲਤਾਨ ਬਾਹੂ ਬਾਰੇ ਤਿਆਰ ਕੀਤੇ ਪ੍ਰੋਗਰਾਮ ਜ਼ਿਆਦਾ ਕਾਬਿਲ-ਏ-ਤਾਰੀਫ਼ ਹਨ।***



*ਇਨਾਇਤ ਹੁਸੈਨ ਭੱਟੀ ਇਕ ਸਮਾਗਮ ਦੌਰਾਨ ਪ੍ਰਸਿੱਧ ਗਾਇਕਾ ਨੂਰ ਜਹਾਂ ਨਾਲ*

## ਮਸ਼ਹੂਰ ਬਾਪ, ਮਸ਼ਹੂਰ ਪੁੱਤਰ...





ਰਿਸ਼ਤੇ: *ਗਾਇਕ ਤੇ ਅਦਾਕਾਰ ਇਨਾਇਤ ਹੁਸੈਨ ਭੱਟੀ (ਸੱਜੇ) ਅਤੇ ਉਸ ਦਾ ਅਦਾਕਾਰਾ ਪੁੱਤਰ ਵਸੀਮ ਅੱਬਾਸ*

***ਇਨਾਇਤ ਹੁਸੈਨ ਭੱਟੀ ਨੇ ਮਸ਼ਹੂਰੀ ਦੀਆਂ ਬੁਲੰਦੀਆਂ ਛੋਹੀਆਂ। ਪਿਛੋਂ ਉਸ ਦਾ ਪੁੱਤਰ ਵਸੀਮ ਅੱਬਾਸ ਵੀ ਇਸੇ ਰਾਹ ਪਿਆ। ਉਸ ਨੇ ਫਿਲਮਾਂ ਅਤੇ ਡਰਾਮਿਆਂ ਵਿਚ ਬੜਾ ਨਾਂ ਕਮਾਇਆ ਹੈ। ਅੱਜ ਉਸ ਦੀ ਗਿਣਤੀ ਚੋਟੀ ਦੇ ਕਲਾਕਾਰਾਂ ਵਿਚ ਹੁੰਦੀ ਹੈ। 1960 ਵਿਚ ਜੰਮਿਆ ਵਸੀਮ ਅੱਬਾਸ 18 ਸਾਲ ਦੀ ਉਮਰ ਵਿਚ ਫਿਲਮੀ ਦੁਨੀਆ ਨਾਲ ਜੁੜ ਗਿਆ ਸੀ।***

## ਇਨਾਇਤ ਹੁਸੈਨ ਭੱਟੀ ਦੀਆਂ ਮਸ਼ਹੂਰ ਫਿਲਮਾਂ ਅਤੇ ਗਾਣੇ

| ਫਿਲਮਾਂ | ਗਾਣੇ |
|---|---|
| ਫੇਰੇ (1949) | ਅੱਖੀਆਂ ਲਾਵੀਂ ਨਾ... |
| ਹੀਰ (1955) | ਤਾਰੀਖਾਂ ਭੁਗਤਣਗੇ ਤੇਰੇ ਮਾਪੇ... |
| ਮੋਰਨੀ (1956) | ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ... |
| ਕਰਤਾਰ ਸਿੰਘ (1959) | ਅੱਜ ਮੁੱਕ ਗਈ ਏ ਗਮਾਂ ਵਾਲੀ ਸ਼ਾਮ... |
| ਵਾਰਿਸ ਸ਼ਾਹ (1964) | ਅੱਜ ਆਖਾਂ ਵਾਰਿਸ ਸ਼ਾਹ ਨੂੰ... |
| ਚੰਨ ਮੱਖਣਾ (1968) | ਕਦਮ ਬੜ੍ਹਾਓ ਸਾਥੀਓ... |
| ਦੁਨੀਆ ਮਤਲਬ ਦੀ (1970) | ਐਥੇ ਵਗੇ ਨੇ ਰਾਵੀ ਤੇ ਝਨਾਂ... |
| ਸੱਚਾ ਸੌਦਾ (1971) | ਦੁਨੀਆ ਚਲ ਚਲੀ ਦਾ ਮੇਲਾ... |
| ਧੀਆਂ ਨਿਮਾਣੀਆਂ (1973) | ਦੁਸ਼ਮਣ ਮਰੇ 'ਤੇ ਖੁਸ਼ੀ ਨਾ ਕਰੀਏ... |
| ਰਾਣੋ (1974) | ਜ਼ੁਲਫ਼ ਦਾ ਕੁੰਡਲ ਖੁੱਲ੍ਹੇ ਨਾ... |
| ਧਰਤੀ ਦੇ ਲਾਲ (1974) | ਮੈਂਡਾ ਇਸ਼ਕ ਵੀ ਤੂੰ... |
| ਪੇਸ਼ਾਵਰ ਬਦਮਾਸ਼ (1975) | ਕੀ ਹਾਲ ਸੁਣਾਵਾਂ ਦਿਲ ਦਾ... |
| ਜੱਗਾ ਗੁੱਜਰ (1976) | ਨੱਢੇ ਨਾਲ ਲਾ ਕੇ ਯਾਰੀ... |
| ਤਖ਼ਤ ਜਾਂ ਤਖ਼ਤਾ (1979) | ਧਰਤੀ ਸਾਡੀ ਭਾਗਾਂ ਵਾਲੀ... |
| ਦੰਗਲ (1979) | ਚਿੱਟੀ ਬਲੌਰ ਜਿਹੀ ਨਾਰ... |
| ਲਹੂ ਦੇ ਰਿਸ਼ਤੇ (1980) | ਰਾਂਝਣ ਯਾਰਾ ਵਈ... |
| ਇਸ਼ਕ ਰੋਗ (1989 | ਤੇਰਾ ਤੋੜਾਂਗਾ ਗਰੂਰ ਮੈਂ ਜ਼ਰੂਰ ਨੀ... |

# ਸੰਵਿਧਾਨਕ ਹੱਕਾਂ ਦਾ ਘਾਣ ਅਤੇ ਕਾਨੂੰਨ ਦਾ ਰਾਜ

*ਸਾਰੇ ਮਾਮਲਿਆਂ ਵਿਚ ਸਾਂਝੀ ਤੰਦ ਇਹ ਹੈ ਕਿ ਇਹ ਸਾਰੇ ਵਕੀਲ ਪੁਲਿਸ ਵਲੋਂ ਗ੍ਰਿਫ਼ਤਾਰ ਕੀਤੇ ਜਾਂ ਪੁਲਿਸ ਤਸ਼ੱਦਦ ਦਾ ਸ਼ਿਕਾਰ ਹੋਏ ਵਿਅਕਤੀਆਂ ਨੂੰ ਕਾਨੂੰਨੀ ਸਹਾਇਤਾ ਦੇ ਰਹੇ ਸਨ। ਪੁਲਿਸ ਅਧਿਕਾਰੀਆਂ ਨੂੰ ਇਨ੍ਹਾਂ ਦੀ ਕਾਨੂੰਨੀ ਪੈਰਵਾਈ ਇਸ ਕਰ ਕੇ ਚੁਭਦੀ ਹੈ ਕਿ ਇਸ ਨਾਲ ਉਨ੍ਹਾਂ ਵਲੋਂ ਬਣਾਏ ਕੇਸਾਂ ਦਾ ਝੂਠ ਨੰਗਾ ਹੋ ਜਾਂਦਾ ਹੈ। ਪੰਜਾਬ ਵਿਚ ਜਲਾਦਾਂ ਦਾ ਜੋ ਕਿਰਦਾਰ ਕੇ.ਪੀ.ਐਸ. ਗਿੱਲ, ਸੁਮੇਧ ਸੈਣੀ, ਅਜੀਤ ਸਿੰਘ ਸੰਧੂ ਵਰਗੇ ਅਫ਼ਸਰ ਨਿਭਾ ਰਹੇ ਸਨ, ਉਸੇ ਤਰ੍ਹਾਂ ਅੱਜ ਛੱਤੀਸਗੜ੍ਹ ਵਿਚ ਐਸ.ਆਰ.ਪੀ. ਕਲੂਰੀ ਵਰਗੇ ਅਫ਼ਸਰਾਂ ਦੇ ਹੱਥ ਸੈਂਕੜੇ ਬੇਕਸੂਰ ਲੋਕਾਂ ਦੇ ਖ਼ੂਨ ਨਾਲ ਰੰਗੇ ਹੋਏ ਹਨ। ਅਗਰ ਕੋਈ ਵਕੀਲ, ਪੁਲਿਸ ਨਾਲ ਮੱਥਾ ਲਾਉਣ ਦੀ ਹਿੰਮਤ ਨਹੀਂ ਕਰੇਗਾ ਤਾਂ ਐਸੇ ਪੁਲਿਸ ਅਧਿਕਾਰੀਆਂ ਦੀਆਂ ਮਨਮਾਨੀਆਂ ਸਹਿਜੇ ਹੀ ਢੱਕੀਆਂ ਜਾਂਦੀਆਂ ਹਨ, ਜਿਵੇਂ ਹੁਣ ਛੱਤੀਸਗੜ੍ਹ, ਕਸ਼ਮੀਰ ਆਦਿ ਵਿਚ ਹੋ ਰਿਹਾ ਹੈ। ਇਸ ਦੇ ਉਲਟ ਬੰਦੀਆਂ ਨੂੰ ਸੰਵਿਧਾਨਕ ਹੱਕ ਅਨੁਸਾਰ ਕਾਨੂੰਨੀ ਸਹਾਇਤਾ ਦੇਣਾ ਘੋਰ ਗੁਨਾਹ ਬਣ ਜਾਂਦਾ ਹੈ ਜਿਸ ਦਾ ਮੁੱਲ ਵਕੀਲਾਂ ਨੂੰ ਜੇਲ੍ਹ ਜਾਂ ਮੌਤ ਦੇ ਰੂਪ ਵਿਚ ਚੁਕਾਉਣਾ ਪੈਂਦਾ ਹੈ।*

**ਬੂਟਾ ਸਿੰਘ**
ਫੋਨ: +91-94634-74342

ਹਿੰਦੁਸਤਾਨੀ ਹੁਕਮਰਾਨ ਹਥਿਆਰਬੰਦ ਬਗ਼ਾਵਤਾਂ ਉਪਰ ਆਮ ਹੀ ਇਲਜ਼ਾਮ ਲਾਉਂਦੇ ਕਿ ਇਹ ਅਮੋੜ ਇੰਤਹਾਪਸੰਦ ਤਾਕਤਾਂ ਹਨ ਜਿਨ੍ਹਾਂ ਦਾ ਕਾਨੂੰਨ ਦੇ ਰਾਜ ਵਿਚ ਭਰੋਸਾ ਨਹੀਂ। ਸਥਾਪਤੀ ਦੀਆਂ ਮਨਮਾਨੀਆਂ, ਬੇਇਨਸਾਫ਼ੀਆਂ, ਧੱਕੇਸ਼ਾਹੀਆਂ, ਲਾਕਾਨੂੰਨੀਆਂ ਨੂੰ ਚੁੱਪ-ਚਾਪ ਝੱਲਦੇ ਰਹਿਣਾ ਹੀ ਹੁਕਮਰਾਨਾਂ ਮੁਤਾਬਿਕ ਕਾਨੂੰਨ ਦਾ ਰਾਜ ਹੈ। ਉਹ ਇਨ੍ਹਾਂ ਬਗ਼ਾਵਤਾਂ ਦੇ ਸਿਆਸੀ ਅਤੇ ਸਮਾਜੀ-ਆਰਥਿਕ ਕਾਰਨਾਂ ਦੀ ਗੱਲ ਕਦੀ ਵੀ ਨਹੀਂ ਕਰਦੇ, ਸਗੋਂ ਅਮਨ-ਕਾਨੂੰਨ ਦੇ ਰਟਣ-ਮੰਤਰ ਨਾਲ ਆਪਣੀਆਂ ਮਨਮਾਨੀਆਂ ਅਤੇ ਜ਼ੁਲਮਾਂ ਉਪਰ ਪਰਦਾ ਪਾਉਂਦੇ ਹਨ। ਇਸ ਮਨੋਰਥ ਲਈ ਬਾਕੀ ਮਨੁੱਖੀ ਤੇ ਜਮਹੂਰੀ ਹੱਕਾਂ ਦੇ ਕਾਰਕੁਨਾਂ ਸਮੇਤ ਵਕੀਲਾਂ ਨੂੰ ਵੀ ਗ੍ਰਿਫ਼ਤਾਰ ਕੀਤੇ ਕਾਰਕੁਨਾਂ ਦੇ ਮਾਮਲੇ ਹੱਥ ਲੈਣ ਅਤੇ ਉਨ੍ਹਾਂ ਦੀ ਪੈਰਵਾਈ ਕਰਨ ਤੋਂ ਹਰ ਹਰਬਾ ਇਸਤੇਮਾਲ ਕਰ ਕੇ ਉਚੇਚੇ ਤੌਰ 'ਤੇ ਰੋਕਿਆ ਜਾਂਦਾ ਹੈ। ਹਾਲੀਆ ਦੋ ਘਟਨਾਵਾਂ ਸਥਾਪਤੀ ਪੱਖੀ ਤਾਕਤਾਂ ਦੇ ਕਾਨੂੰਨ ਦੇ ਰਾਜ ਦੇ ਅਸਲ ਚਿਹਰੇ ਨੂੰ ਸਾਹਮਣੇ ਲਿਆਉਂਦੀਆਂ ਹਨ।

ਸ਼ਾਲਿਨੀ ਗੇਰਾ ਲੋਕ ਹਿਤੈਸ਼ੀ ਵਕੀਲ ਹੈ ਜਿਸ ਉਪਰ ਹਾਲ ਹੀ ਵਿਚ ਛੱਤੀਸਗੜ੍ਹ ਪੁਲਿਸ ਨੇ ਸੁਕਮਾ ਜ਼ਿਲ੍ਹੇ ਦੇ ਇਕ ਪਿੰਡ ਦੇ ਆਦਿਵਾਸੀਆਂ ਨੂੰ ਡਰਾਉਣ-ਧਮਕਾਉਣ ਦਾ ਪਰਚਾ ਦਰਜ ਕੀਤਾ ਹੈ। ਪੁਲਿਸ ਅਫਸਰਾਂ ਦਾ ਦਾਅਵਾ ਹੈ ਕਿ ਉਹ ਮਾਓਵਾਦੀਆਂ ਦੇ ਪੁਰਾਣੇ ਨੋਟ ਬਦਲਾਉਣ ਲਈ ਆਦਿਵਾਸੀਆਂ ਨੂੰ ਧਮਕਾ ਰਹੀ ਸੀ। ਅਖੇ, ਇਹ ਰਕਮ ਮਾਓਵਾਦੀਆਂ ਦੀ ਸੀ ਅਤੇ ਸ਼ਾਲਿਨੀ ਗੇਰਾ ਵੀ ਮਾਓਵਾਦੀ ਹੈ। ਯਾਦ ਰਹੇ ਕਿ ਸ਼ਾਲਿਨੀ ਗੇਰਾ ਅਤੇ ਈਸ਼ਾ ਖੰਡੇਲਵਾਲ ਦੀ ਅਗਵਾਈ ਹੇਠ ਔਰਤ ਵਕੀਲਾਂ ਦੀ ਟੀਮ, ਜਗਦਲਪੁਰ ਲੀਗਲ ਏਡ ਗਰੁੱਪ, ਨੂੰ ਕੁਝ ਮਹੀਨੇ ਪਹਿਲਾਂ ਬੁਰੀ ਤਰ੍ਹਾਂ ਤੰਗ-ਪ੍ਰੇਸ਼ਾਨ ਕਰ ਕੇ ਅਤੇ ਡਰਾ-ਧਮਕਾ ਕੇ ਬਸਤਰ ਪੁਲਿਸ ਵਲੋਂ ਬਸਤਰ ਛੱਡਣ ਲਈ ਮਜਬੂਰ ਕਰ ਦਿੱਤਾ ਗਿਆ ਸੀ। ਹਾਲੀਆ ਕੇਸ ਦਰਜ ਕਰਨ ਤੋਂ ਮਹਿਜ਼ ਦੋ ਦਿਨ ਪਹਿਲਾਂ ਹੀ ਸੱਤ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਤੇਲੰਗਾਨਾ ਵਿਚੋਂ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਨੂੰ ਵੀ ਇਸੇ ਇਲਜ਼ਾਮ ਤਹਿਤ ਛੱਤੀਸਗੜ੍ਹ ਦੀ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਇਹ ਬਸਤਰ ਪੁਲਿਸ ਦੀ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਦਬਾਉਣ ਲਈ ਈਜਾਦ ਕੀਤੀ ਨਵੀਂ ਕਹਾਣੀ ਹੈ ਜੋ ਫਿਲਮੀ ਕਹਾਣੀਆਂ ਨੂੰ ਵੀ ਮਾਤ ਪਾਉਂਦੀ ਹੈ। ਉਸ ਟੀਮ ਵਿਚ ਸ਼ਾਮਲ ਦੋ ਵਕੀਲਾਂ ਵਿਚੋਂ ਇਕ ਆਂਧਰਾ ਪ੍ਰਦੇਸ ਹਾਈਕੋਰਟ ਦਾ ਨਾਮਵਰ ਵਕੀਲ ਬੀ. ਰਵਿੰਦਰਨਾਥ ਵੀ ਹੈ। ਸ਼ਾਲਿਨੀ ਗੇਰਾ ਜਾਂ ਰਵਿੰਦਰਨਾਥ ਜਾਂ ਕੋਈ ਹੋਰ ਕਾਨੂੰਨੀ ਮਾਹਿਰ ਕਿਸੇ ਦੂਜੇ ਸੂਬੇ ਵਿਚੋਂ ਛੱਤੀਸਗੜ੍ਹ ਵਿਚ ਮਾਓਵਾਦੀਆਂ ਦੇ ਪੁਰਾਣੇ ਨੋਟ ਬਦਲਾਉਣ ਅਤੇ ਇਸ ਖ਼ਾਤਰ ਆਦਿਵਾਸੀਆਂ ਉਪਰ ਦਬਾਓ ਪਾਉਣ ਲਈ ਉਥੇ ਜਾਵੇਗਾ, ਇਸ ਤੋਂ ਵੱਧ ਬੇਹੂਦਾ ਇਲਜ਼ਾਮ ਸ਼ਾਇਦ ਹੀ ਕੋਈ ਹੋਵੇ; ਪਰ ਸਿਤਮਜ਼ਰੀਫ਼ੀ ਦੇਖੋ, ਜੱਜ ਵਲੋਂ ਵੀ ਪੁਲਿਸ ਦੀ ਕਹਾਣੀ ਨੂੰ ਸਵੀਕਾਰ ਕਰ ਲਿਆ ਗਿਆ ਅਤੇ ਸੱਤ ਕਾਰਕੁਨਾਂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਕੇ ਜੇਲ੍ਹ ਭੇਜ ਦਿਤਾ ਗਿਆ। ਉਨ੍ਹਾਂ ਉਪਰ ਛੱਤੀਸਗੜ੍ਹ ਪਬਲਿਕ ਸਕਿਓਰਿਟੀ ਐਕਟ ਲਗਾਇਆ ਗਿਆ ਜੋ ਟਾਡਾ ਜਾਂ ਪੋਟਾ ਵਰਗੇ ਸਾਬਕਾ ਜ਼ਾਲਮ ਕਾਨੂੰਨਾਂ ਦਾ ਨਵਾਂ ਅਵਤਾਰ ਹੈ ਜਿਸ ਤਹਿਤ ਪੁਲਿਸ ਦੀ ਸਹਿਮਤੀ ਤੋਂ ਬਿਨਾ ਜ਼ਮਾਨਤ ਸੰਭਵ ਹੀ ਨਹੀਂ। ਪੁਲਿਸ ਅਧਿਕਾਰੀ ਜਾਣਦੇ ਹਨ ਕਿ ਮਹਿਜ਼ ਬੰਦ ਕੀਤੇ ਨੋਟ ਰੱਖਣ ਦੇ ਇਲਜ਼ਾਮ ਦੇ ਆਧਾਰ 'ਤੇ ਇਨ੍ਹਾਂ ਕਾਰਕੁਨਾਂ ਨੂੰ ਲੰਮਾ ਵਕਤ ਜੇਲ੍ਹ ਵਿਚ ਡੱਕਣਾ ਮੁਸ਼ਕਿਲ ਹੈ, ਇਸ ਲਈ ਮਾਓਵਾਦੀਆਂ ਦੇ ਨੋਟ ਬਦਲਾਉਣ ਦੀ ਕਹਾਣੀ ਘੜੀ ਗਈ। ਉਕਤ ਐਕਟ ਲਾਉਣ ਨਾਲ ਕਈ ਮਹੀਨੇ ਉਨ੍ਹਾਂ ਦੀ ਜ਼ਮਾਨਤ ਨਹੀਂ ਹੋਵੇਗੀ।

ਅਗਲੀ ਮਿਸਾਲ ਤਾਮਿਲਨਾਡੂ ਦੀ ਹੈ। ਅੱਠ ਜਨਵਰੀ ਨੂੰ ਤਾਮਿਲਨਾਡੂ ਪੁਲਿਸ ਨੇ ਐਡਵੋਕੇਟ ਏ. ਮੁਰੂਗਨ ਨੂੰ ਉਸ ਦੇ ਘਰੋਂ ਗ੍ਰਿਫ਼ਤਾਰ ਕਰ ਲਿਆ। ਉਹ ਸਿਵਲ ਲਿਬਰਟੀਜ਼ ਪ੍ਰੋਟੈਕਸ਼ਨ ਕਮੇਟੀ (ਸੀ.ਪੀ.ਸੀ.ਐਲ.) ਦਾ ਕਾਰਕੁਨ ਹੈ। ਇਹ ਸੰਸਥਾ ਦੱਬੇ-ਕੁਚਲੇ ਲੋਕਾਂ ਨੂੰ ਕਾਨੂੰਨੀ ਸਹਾਇਤਾ ਮੁਹੱਈਆ ਕਰਾਉਂਦੀ ਹੈ। ਉਸ ਉਪਰ ਇਲਜ਼ਾਮ ਹੈ ਕਿ ਉਹ ਮਾਓਵਾਦੀਆਂ ਦਾ ਹਮਾਇਤੀ ਹੈ ਅਤੇ ਉਨ੍ਹਾਂ ਦੇ ਵਕੀਲ ਵਜੋਂ ਅਦਾਲਤ ਵਿਚ ਪੇਸ਼ ਹੁੰਦਾ ਹੈ। ਹੁਣ ਉਸ ਉਪਰ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਐਕਟ (ਯੂ.ਏ.ਪੀ.ਏ.) ਦੇ ਸੈਕਸ਼ਨ 18 ਏ, 18 ਬੀ, 30, 38 ਅਤੇ ਇੰਡੀਅਨ ਪੀਨਲ ਕੋਡ ਦੀ ਧਾਰਾ 120ਬੀ ਤਹਿਤ ਦੇਸ਼ ਧ੍ਰੋਹ ਅਤੇ ਮਾਓਵਾਦੀ ਹਮਾਇਤੀ ਹੋਣ ਦਾ ਪਰਚਾ ਦਰਜ ਕੀਤਾ ਗਿਆ ਹੈ। ਉਹ ਤਾਮਿਲਨਾਡੂ ਅੰਦਰ ਜੇਲ੍ਹਾਂ ਵਿਚ ਡੱਕੇ ਮਾਓਵਾਦੀਆਂ ਜਾਂ ਮਾਓਵਾਦੀ ਕਰਾਰ ਦੇ ਕੇ ਗ੍ਰਿਫ਼ਤਾਰ ਕੀਤੇ ਜਮਹੂਰੀ ਕਾਰਕੁਨਾਂ ਦੇ ਮਾਮਲਿਆਂ ਦੀ ਧੜੱਲੇ ਨਾਲ ਕਾਨੂੰਨੀ ਪੈਰਵਾਈ ਕਰ ਰਿਹਾ ਸੀ ਅਤੇ ਉਨ੍ਹਾਂ ਨੂੰ ਕਾਨੂੰਨੀ ਸਹਾਇਤਾ ਦੇ ਰਿਹਾ ਸੀ। ਜੇਲ੍ਹਾਂ ਵਿਚ ਡੱਕੇ ਮਾਓਵਾਦੀਆਂ ਦਾ ਇਕ ਕੇਸ ਫ਼ੈਸਲੇ ਦੇ ਪੜਾਅ 'ਤੇ ਪਹੁੰਚਿਆ ਹੋਇਆ ਹੈ ਅਤੇ ਇਸ ਕੇਸ ਵਿਚ ਪੇਸ਼ ਹੋਣ ਤੋਂ ਰੋਕਣ ਲਈ ਹੀ ਉਸ ਨੂੰ ਜੇਲ੍ਹ ਭਿਜਵਾਇਆ ਗਿਆ ਹੈ।

ਸੰਵਿਧਾਨ ਅਨੁਸਾਰ, ਕਿਸੇ ਵੀ ਵਕੀਲ ਨੂੰ ਗ੍ਰਿਫ਼ਤਾਰ ਕੀਤੇ ਸਿਆਸੀ ਬੰਦੀਆਂ ਦੀ ਕਾਨੂੰਨੀ ਪੈਰਵਾਈ ਦਾ ਹੱਕ ਹੈ। ਦੂਜੇ ਪਾਸੇ, ਬੰਦੀਆਂ ਨੂੰ ਕਾਨੂੰਨੀ ਸਹਾਇਤਾ ਮੁਹੱਈਆ ਕਰਾਉਣਾ ਅਦਾਲਤਾਂ ਅਤੇ ਪੁਲਿਸ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ ਤਾਂ ਜੋ ਉਹ ਸਹੀ ਤਰੀਕੇ ਨਾਲ ਆਪਣਾ ਪੱਖ ਅਦਾਲਤ ਵਿਚ ਪੇਸ਼ ਕਰ ਸਕਣ ਅਤੇ ਅਦਾਲਤੀ ਅਮਲ ਰਾਹੀਂ ਉਨ੍ਹਾਂ ਦੇ ਮਾਮਲੇ ਵਿਚ ਇਨਸਾਫ਼ ਹੋਵੇ। ਇਸ ਬਾਬਤ ਸੁਪਰੀਮ ਕੋਰਟ ਦੀਆਂ ਵਿਸ਼ੇਸ਼ ਹਦਾਇਤਾਂ ਹਨ; ਲੇਕਿਨ ਦੁਨੀਆ ਦੀ 'ਸਭ ਤੋਂ ਵੱਡੀ ਜਮਹੂਰੀਅਤ' ਦਾ ਦਸਤੂਰ ਹੀ ਨਿਆਰਾ ਹੈ, ਜਿਥੇ ਇਸ ਸੰਵਿਧਾਨਕ ਹੱਕ ਨੂੰ ਇਸਤੇਮਾਲ ਕਰਨ ਵਾਲੇ ਵਕੀਲਾਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਜਾਂਦਾ ਹੈ, ਇਥੋਂ ਤਕ ਕਿ ਕਤਲ ਵੀ ਕਰਵਾ ਦਿੱਤਾ ਜਾਂਦਾ ਹੈ। ਇਥੇ ਸੱਤਾਧਾਰੀ ਜਮਾਤ ਦੇ ਇਸ਼ਾਰੇ 'ਤੇ ਦਨਦਨਾ ਰਹੇ ਪੁਲਿਸ ਅਧਿਕਾਰੀਆਂ ਦੀ ਮਨਮਰਜ਼ੀ ਹੀ ਕਾਨੂੰਨ ਹੈ ਅਤੇ ਉਨ੍ਹਾਂ ਨੂੰ ਕਾਨੂੰਨੀ ਸਹਾਇਤਾ ਦੇਣ ਵਾਲੇ ਵਕੀਲ ਅੱਖ ਦੇ ਰੋੜ ਵਾਂਗ ਚੁਭਦੇ ਹਨ। ਇਸੇ ਸਿਲਸਿਲੇ ਦੀ ਵੱਡੀ ਮਿਸਾਲ ਐਡਵੋਕੇਟ ਸ਼ਾਹਿਦ ਆਜ਼ਮੀ ਦਾ ਕਤਲ ਸੀ। ਸ਼ਾਹਿਦ ਆਜ਼ਮੀ ਕ੍ਰਿਮੀਨਲ ਲਾਅ ਦੇ ਖੇਤਰ ਦਾ ਜ਼ਹੀਨ ਦਿਮਾਗ ਵਕੀਲ ਸੀ ਜੋ ਖ਼ੁਦ ਮੁਸਲਮਾਨ ਹੋਣ ਕਰ ਕੇ ਟਾਡਾ ਅਧੀਨ ਸੱਤ ਸਾਲ ਦਿੱਲੀ ਦੀ ਤਿਹਾੜ ਜੇਲ੍ਹ ਅੰਦਰ ਕੱਟ ਚੁੱਕਾ ਸੀ। ਆਪਣੀ ਹੱਡਬੀਤੀ ਦੇ ਅਨੁਭਵ ਵਿਚੋਂ ਹੀ ਉਸ ਨੇ ਜੇਲ੍ਹਾਂ ਵਿਚ ਸੜ ਰਹੇ ਬੇਕਸੂਰ ਲੋਕਾਂ ਦੀ ਕਾਨੂੰਨੀ ਸਹਾਇਤਾ ਕਰਨ ਲਈ ਕਾਨੂੰਨ ਦੀ ਪੜ੍ਹਾਈ ਕੀਤੀ ਸੀ। ਉਸ ਵਲੋਂ ਕੀਤੀ ਕਾਨੂੰਨੀ ਪੈਰਵਾਈ ਦੇ ਸਿੱਟੇ ਵਜੋਂ ਹੀ 7/11 ਦੇ ਮੁੰਬਈ ਟਰੇਨ ਬੰਬ-ਧਮਾਕਿਆਂ ਦੇ ਮਾਮਲੇ ਵਿਚ ਫਸਾਏ ਬੇਕਸੂਰਾਂ ਦੀ ਰਿਹਾਈ ਹੋਈ ਸੀ। ਇਸ ਦਾ ਮੁੱਲ ਉਸ ਨੂੰ ਆਪਣੀ ਜਾਨ ਦੇ ਚੁਕਾਉਣਾ ਪਿਆ। 'ਅਣਪਛਾਤੇ' ਹਮਲਾਵਰਾਂ ਨੇ ਫਰਵਰੀ 2010 ਵਿਚ ਉਸ ਨੂੰ ਉਸ ਦੇ ਮੁੰਬਈ ਦਫ਼ਤਰ ਵਿਚ ਹੀ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ। ਅਫ਼ਜ਼ਲ ਗੁਰੂ ਨੂੰ ਕਾਨੂੰਨੀ ਸਹਾਇਤਾ ਦੇਣ ਵਾਲੇ ਵਕੀਲਾਂ ਨੂੰ ਪੁਲਿਸ ਅਤੇ ਹਿੰਦੁਤਵੀ ਅਤਿਵਾਦੀਆਂ ਦੀ ਕਰੋਪੀ ਝੱਲਣੀ ਪਈ ਸੀ, ਕਿਉਂਕਿ ਸਥਾਪਤੀ ਦੀਆਂ ਇਹ ਤਾਕਤਾਂ ਨਹੀਂ ਸੀ ਚਾਹੁੰਦੀਆਂ ਕਿ ਉਸ ਦੇ ਮਾਮਲੇ ਵਿਚ ਅਦਾਲਤੀ ਇਨਸਾਫ਼ ਹੋਵੇ।

ਤਿਲੰਗਾਨਾ (ਸਾਬਕਾ ਆਂਧਰਾ ਪ੍ਰਦੇਸ ਦਾ ਹਿੱਸਾ) ਵਿਚ ਵਕੀਲਾਂ ਨੂੰ ਨਿਸ਼ਾਨੇ ਬਣਾਏ ਜਾਣ ਦੀਆਂ ਬਹੁਤ ਮਿਸਾਲਾਂ ਹਨ। 1986 ਵਿਚ ਐਡਵੋਕੇਟ ਜਾਪਾ ਲਕਸ਼ਮਾ ਰੈੱਡੀ ਨੂੰ ਕਰੀਮਨਗਰ ਵਿਚ 'ਅਣਪਛਾਤੇ' ਹਮਲਾਵਰਾਂ ਵਲੋਂ ਕਤਲ ਕਰ ਦਿੱਤਾ ਗਿਆ ਸੀ। ਇਸੇ ਤਰ੍ਹਾਂ ਐਡਵੋਕੇਟ ਐੱਨ. ਪ੍ਰਭਾਕਰ ਰੈੱਡੀ ਨੂੰ 1992 ਵਿਚ ਵਾਰੰਗਲ ਵਿਚ ਕਤਲ ਕੀਤਾ ਗਿਆ ਸੀ। ਇਹ ਦੋਵੇਂ ਆਂਧਰਾ ਪ੍ਰਦੇਸ ਸਿਵਲ ਲਿਬਰਟੀਜ਼ ਕਮੇਟੀ ਦੇ ਸੀਨੀਅਰ ਆਗੂ ਸਨ ਅਤੇ ਪੁਲਿਸ ਵਲੋਂ ਗ੍ਰਿਫ਼ਤਾਰ ਕੀਤੇ ਨਕਸਲੀ ਕਾਰਕੁਨਾਂ ਦੇ ਮੁਕੱਦਮੇ ਲੜਦੇ ਸਨ। ਇਹ ਦੋਵੇਂ ਕਤਲ ਪੁਲਿਸ ਦੇ ਖ਼ੁਫ਼ੀਆ ਗਰੋਹਾਂ ਨੇ ਕੀਤੇ ਸਨ। ਕਸ਼ਮੀਰ ਵਿਚ ਐਡਵੋਕੇਟ ਜਲੀਲ ਅੰਦਰਾਬੀ ਨੂੰ ਮਾਰਚ 1996 ਵਿਚ ਸਰਕਾਰੀ ਹਥਿਆਰਬੰਦ ਗਰੋਹ ਵਲੋਂ ਕਤਲ ਕਰ ਕੇ ਉਸ ਦੀ ਲਾਸ਼ ਖਪਾ ਦਿੱਤੀ ਗਈ ਸੀ। ਇਹ ਕਤਲ ਹਿੰਦੁਸਤਾਨੀ ਫ਼ੌਜ ਦੇ ਮੇਜਰ ਅਵਤਾਰ ਸਿੰਘ ਇਸ਼ਾਰੇ 'ਤੇ ਕੀਤਾ ਗਿਆ ਸੀ ਜਿਸ ਨੇ 2012 ਵਿਚ ਕੈਲੀਫੋਰਨੀਆ ਵਿਚ ਆਪਣੇ ਪਰਿਵਾਰ ਦੇ ਤਿੰਨ ਜੀਆਂ ਦਾ ਕਤਲ ਕਰ ਕੇ ਖ਼ੁਦਕੁਸ਼ੀ ਕਰ ਲਈ। ਪਿੱਛੇ ਜਹੇ ਐਡਵੋਕੇਟ ਖ਼ੁਰਮ ਪਰਵੇਜ਼ ਨੂੰ ਹਿੰਦੁਸਤਾਨੀ ਫ਼ੌਜ ਵਲੋਂ ਕਸ਼ਮੀਰੀ ਅਵਾਮ ਦੀ ਨਸਲਕੁਸ਼ੀ ਦੇ ਮਾਮਲੇ ਉਠਾਉਣ ਬਦਲੇ ਕਈ ਮਹੀਨੇ ਜੇਲ੍ਹ ਵਿਚ ਸੜਨਾ ਪਿਆ।

ਪੰਜਾਬ ਅੰਦਰ ਵੀ ਖ਼ਾਲਿਸਤਾਨ ਲਹਿਰ ਦੌਰਾਨ ਵਕੀਲ ਹਕੂਮਤੀ ਦਹਿਸ਼ਤਗਰਦੀ ਦਾ ਵੱਡੇ ਪੈਮਾਨੇ 'ਤੇ ਸ਼ਿਕਾਰ ਹੁੰਦੇ ਰਹੇ। ਵਕੀਲਾਂ ਦੀ ਸੰਸਥਾ ਨੇ ਉਦੋਂ ਉਨ੍ਹਾਂ ਵਕੀਲਾਂ ਦੀ ਸੂਚੀ ਵੀ ਜਾਰੀ ਕੀਤੀ ਸੀ ਜੋ ਪੁਲਿਸ ਦੇ ਨਿਸ਼ਾਨੇ 'ਤੇ ਸਨ ਅਤੇ ਜਿਨ੍ਹਾਂ ਦੀਆਂ ਜਾਨਾਂ ਖ਼ਤਰੇ ਵਿਚ ਸਨ। ਐਡਵੋਕੇਟ ਕੁਲਵੰਤ ਸਿੰਘ ਰੋਪੜ ਦਾ ਮਾਮਲਾ ਇਨ੍ਹਾਂ ਵਿਚੋਂ ਉਘੜਵਾਂ ਹੈ ਜਿਸ ਨੂੰ ਜਨਵਰੀ 1993 ਵਿਚ ਉਸ ਦੀ ਪਤਨੀ ਅਤੇ 18 ਮਹੀਨੇ ਦੇ ਬੇਟੇ ਸਮੇਤ ਸੀਨੀਅਰ ਪੁਲਿਸ ਅਫਸਰਾਂ ਨੇ ਅਗਵਾ ਕਰਨ ਪਿੱਛੋਂ ਕਤਲ ਕਰ ਕੇ ਉਨ੍ਹਾਂ ਦੀਆਂ ਲਾਸ਼ਾਂ ਖਪਾ ਦਿੱਤੀਆਂ ਸਨ। ਲਗਾਤਾਰ ਤਿੰਨ ਮਹੀਨੇ ਅੰਦੋਲਨ ਕਰਨ ਤੋਂ ਬਾਅਦ ਵੀ ਪੰਜਾਬ ਦੇ ਹਜ਼ਾਰਾਂ ਵਕੀਲ ਆਪਣੇ ਇਸ ਸਾਥੀ ਵਕੀਲ ਦੇ ਮਾਮਲੇ ਵਿਚ ਇਨਸਾਫ਼ ਲੈਣ ਵਿਚ ਕਾਮਯਾਬ ਨਹੀਂ ਸੀ ਹੋਏ, ਕਿਉਂਕਿ ਮਨੁੱਖੀ ਹੱਕਾਂ ਦੇ ਘਾਣ ਦੇ ਮਾਮਲੇ ਉਠਾਉਣ ਵਾਲੇ ਵਕੀਲਾਂ ਦੇ ਕਤਲਾਂ ਨੂੰ ਸਟੇਟ ਦੀ ਸਿੱਧੀ ਸਰਪ੍ਰਸਤੀ ਹਾਸਲ ਸੀ। ਇਸ ਤੋਂ ਪਹਿਲਾਂ 1991 ਵਿਚ ਬਠਿੰਡਾ ਦੇ ਐਡਵੋਕੇਟ ਰਣਬੀਰ ਸਿੰਘ ਮਾਨਸਾਹੀਆ ਅਤੇ 1992 ਵਿਚ ਕਪੂਰਥਲਾ ਦੇ ਐਡਵੋਕੇਟ ਜਗਵਿੰਦਰ ਸਿੰਘ ਨੂੰ ਅਗਵਾ ਕਰ ਕੇ ਖ਼ਪਾ ਦਿੱਤਾ ਗਿਆ ਸੀ। ਮਸ਼ਹੂਰ ਵਕੀਲ ਲਖਨਪਾਲ ਦਾ ਬੇਟਾ ਉਨ੍ਹਾਂ ਦਿਨਾਂ ਵਿਚ ਇਕ ਰਹੱਸਮਈ ਐਕਸੀਡੈਂਟ ਵਿਚ ਮਾਰ ਦਿੱਤਾ ਗਿਆ ਸੀ ਜਦੋਂ ਅਗਲੇ ਦਿਨ ਸ੍ਰੀ ਲਖਨਪਾਲ ਨੇ ਇਕ ਅਹਿਮ ਮਾਮਲੇ ਦੇ ਸਬੰਧ ਵਿਚ ਅਦਾਲਤ ਵਿਚ ਜਾਣਾ ਸੀ। ਇਹ ਤਾਂ ਮਹਿਜ਼ ਉਸ ਦੌਰ ਦੀਆਂ ਕੁਝ ਕੁ ਮਿਸਾਲਾਂ ਹਨ।

ਇਨ੍ਹਾਂ ਸਭ ਮਾਮਲਿਆਂ 'ਚ ਸਾਂਝੀ ਤੰਦ ਇਹ ਹੈ ਕਿ ਇਹ ਸਾਰੇ ਵਕੀਲ ਪੁਲਿਸ ਵਲੋਂ ਗ੍ਰਿਫਤਾਰ ਕੀਤੇ ਜਾਂ ਪੁਲਿਸ ਤਸ਼ੱਦਦ ਦਾ ਸ਼ਿਕਾਰ ਹੋਏ ਵਿਅਕਤੀਆਂ ਨੂੰ ਕਾਨੂੰਨੀ ਸਹਾਇਤਾ ਦੇ ਰਹੇ ਸਨ। ਪੁਲਿਸ ਅਫਸਰਾਂ ਨੂੰ ਇਨ੍ਹਾਂ ਦੀ ਕਾਨੂੰਨੀ ਪੈਰਵਾਈ ਇਸ ਕਰ ਕੇ ਚੁਭਦੀ ਹੈ ਕਿ ਇਸ ਨਾਲ ਉਨ੍ਹਾਂ ਵਲੋਂ ਬਣਾਏ ਕੇਸਾਂ ਦਾ ਝੂਠ ਨੰਗਾ ਹੋ ਜਾਂਦਾ ਹੈ। ਪੰਜਾਬ ਵਿਚ ਜਲਾਦਾਂ ਦਾ ਜੋ ਕਿਰਦਾਰ ਕੇ.ਪੀ.ਐਸ. ਗਿੱਲ, ਸੁਮੇਧ ਸੈਣੀ, ਅਜੀਤ ਸਿੰਘ ਸੰਧੂ ਵਰਗੇ ਅਫ਼ਸਰ ਨਿਭਾ ਰਹੇ ਸਨ, ਉਸੇ ਤਰ੍ਹਾਂ ਅੱਜ ਛੱਤੀਸਗੜ੍ਹ ਵਿਚ ਐਸ.ਆਰ.ਪੀ. ਕਲੂਰੀ ਵਰਗੇ ਅਫ਼ਸਰਾਂ ਦੇ ਹੱਥ ਸੈਂਕੜੇ ਬੇਕਸੂਰ ਲੋਕਾਂ ਦੇ ਖ਼ੂਨ ਨਾਲ ਰੰਗੇ ਹੋਏ ਹਨ। ਅਗਰ ਕੋਈ ਵਕੀਲ, ਪੁਲਿਸ ਨਾਲ ਮੱਥਾ ਲਾਉਣ ਦੀ ਹਿੰਮਤ ਨਹੀਂ ਕਰੇਗਾ ਤਾਂ ਐਸੇ ਪੁਲਿਸ ਅਧਿਕਾਰੀਆਂ ਦੀਆਂ ਮਨਮਾਨੀਆਂ ਸਹਿਜੇ ਹੀ ਢੱਕੀਆਂ ਜਾਂਦੀਆਂ ਹਨ, ਜਿਵੇਂ ਹੁਣ ਛੱਤੀਸਗੜ੍ਹ, ਕਸ਼ਮੀਰ ਆਦਿ ਵਿਚ ਹੋ ਰਿਹਾ ਹੈ। ਇਸ ਦੇ ਉਲਟ ਬੰਦੀਆਂ ਨੂੰ ਸੰਵਿਧਾਨਕ ਹੱਕ ਅਨੁਸਾਰ ਕਾਨੂੰਨੀ ਸਹਾਇਤਾ ਦੇਣਾ ਘੋਰ ਗੁਨਾਹ ਬਣ ਜਾਂਦਾ ਹੈ ਜਿਸ ਦਾ ਮੁੱਲ ਵਕੀਲਾਂ ਨੂੰ ਜੇਲ੍ਹ ਜਾਂ ਮੌਤ ਦੇ ਰੂਪ ਵਿਚ ਚੁਕਾਉਣਾ ਪੈਂਦਾ ਹੈ। ਸ਼ਾਲਿਨੀ ਗੇਰਾ, ਰਵਿੰਦਰਨਾਥ ਤੇ ਏ. ਮੁਰੂਗਨ ਇਹੀ ਮੁੱਲ ਚੁਕਾ ਰਹੇ ਹਨ, ਤੇ ਕਲੂਰੀ ਵਰਗੇ ਕਾਨੂੰਨ ਦੀਆਂ ਥੋਕ ਪੱਧਰ 'ਤੇ ਧੱਜੀਆਂ ਉਡਾਉਣ ਵਾਲੇ ਪੁਲਿਸ ਅਫਸਰ ਕਾਨੂੰਨ ਦੇ ਰਖਵਾਲੇ ਮੰਨੇ ਜਾਂਦੇ ਹਨ।



*(ਖੱਬਿਓਂ) ਐਡਵੋਕੇਟ ਸ਼ਾਲਿਨੀ ਗੇਰਾ, ਈਸ਼ਾ ਖੰਡੇਲਵਾਲ ਅਤੇ ਏ. ਮੁਰੂਗਨ।*

# ਸਾਲ ਸਤਾਰਾਂ ਦੀ ਸਿਆਸਤ

ਸਾਲ 2016 ਜੇ ਨੋਟਬੰਦੀ ਵਜੋਂ ਜਾਣਿਆ ਜਾਏਗਾ ਤਾਂ 2017 ਵੀ ਘੱਟ ਇਤਿਹਾਸਕ ਨਹੀਂ ਹੋਵੇਗਾ। ਇਸੇ ਸਾਲ ਵਸਤੂ ਅਤੇ ਸੇਵਾ ਕਰ (ਜੀ.ਐਸ.ਟੀ.) ਦਾ ਕਾਨੂੰਨ ਲਾਗੂ ਹੋ ਜਾਏਗਾ, ਪਰ ਇਹ ਸ਼ਾਇਦ ਸੰਭਵ ਨਹੀਂ ਹੈ, ਕਿਉਂਕਿ ਅਜੇ ਕੁਝ ਤਕਨੀਕੀ ਅਤੇ ਨੀਤੀਗਤ ਰੁਕਾਵਟਾਂ ਤੋਂ ਮੁਕਤੀ ਹਾਸਲ ਕਰਨੀ ਬਾਕੀ ਹੈ। ਇਸ ਤੋਂ ਇਲਾਵਾ ਜੀ.ਐਸ.ਟੀ. ਲਈ ਪ੍ਰਸ਼ਾਸਨ ਦਾ ਢਾਂਚਾ ਤਿਆਰ ਨਹੀਂ ਹੋਇਆ, ਫਿਰ ਵੀ ਇਸ ਨੂੰ ਕਿਸੇ ਵੀ ਹਾਲਤ ਵਿਚ ਸਤੰਬਰ ਤੋਂ ਹੋਂਦ ਵਿਚ ਲਿਆਉਣਾ ਪੇਵੇਗਾ, ਕਿਉਂਕਿ ਉਦੋਂ ਤੱਕ ਪੁਰਾਣੀ ਵਿਵਸਥਾ ਖ਼ਤਮ ਹੋ ਚੁੱਕੀ ਹੋਵੇਗੀ।

ਇਕ ਹੋਰ ਢੰਗ ਨਾਲ ਇਹ ਸਾਲ ਇਤਿਹਾਸਕ ਸਾਬਤ ਹੋਣ ਵਾਲਾ ਹੈ। ਇਸ ਸਾਲ ਬਜਟ ਇਜਲਾਸ ਦਾ ਸਮਾਂ ਬਦਲ ਗਿਆ ਹੈ। ਇਹ ਇਜਲਾਸ ਫਰਵਰੀ ਤੋਂ ਸ਼ੁਰੂ ਹੋ ਕੇ ਅਪਰੈਲ-ਮਈ ਤੱਕ ਚਲਦਾ ਸੀ ਅਤੇ ਬਜਟ 28 ਜਾਂ 29 ਫਰਵਰੀ ਨੂੰ ਪੇਸ਼ ਕੀਤਾ ਜਾਂਦਾ ਸੀ। ਬਜਟ ਅਗਲੇ ਵਿੱਤੀ ਸਾਲ ਵਿਚ ਭਾਵ ਅਪਰੈਲ ਜਾਂ ਉਸ ਤੋਂ ਬਾਅਦ ਹੀ ਪਾਸ ਹੁੰਦਾ ਸੀ।

ਆਰਥਿਕ ਦ੍ਰਿਸ਼ਟੀ ਤੋਂ ਇਹ ਸਾਲ ਇਸ ਲਈ ਵੀ ਮਹੱਤਵਪੂਰਨ ਹੈ ਕਿ 2016 ਵਿਚ ਲਏ ਗਏ ਨੋਟਬੰਦੀ ਦੇ ਫ਼ੈਸਲੇ ਦਾ ਪੂਰਾ ਪ੍ਰਭਾਵ ਇਸੇ ਸਾਲ ਦਿਖਾਈ ਦੇਵੇਗਾ। ਤਤਕਾਲੀ ਰੂਪ ਨਾਲ ਨੋਟਬੰਦੀ ਦੇਸ਼ ਦੀ ਆਰਥਿਕਤਾ ਲਈ ਘਾਤਕ ਸਾਬਤ ਹੋ ਰਹੀ ਹੈ। ਇਸ ਨਾਲ ਕਰੋੜਾਂ ਲੋਕ ਬੇਰੁਜ਼ਗਾਰ ਹੋ ਚੁੱਕੇ ਹਨ ਅਤੇ ਬਾਜ਼ਾਰ ਵਿਚ ਮੰਦੀ ਦਾ ਮਾਹੌਲ ਬਣਿਆ ਹੋਇਆ ਹੈ। ਇਹ ਮੰਦੀ ਥੋੜ੍ਹਚਿਰੀ ਸਾਬਤ ਹੁੰਦੀ ਹੈ ਜਾਂ ਲੰਮੇ ਸਮੇਂ ਤੱਕ ਜਾਰੀ ਰਹਿੰਦੀ ਹੈ, ਇਸ ਦਾ ਪਤਾ ਇਸੇ ਸਾਲ ਹੀ ਲੱਗੇਗਾ। ਕੇਂਦਰ ਸਰਕਾਰ ਕੈਸ਼ਲੈੱਸ ਭੁਗਤਾਨ ਨੂੰ ਉਤਸ਼ਾਹਤ ਕਰਨ ਲਈ ਪੂਰਾ ਜ਼ੋਰ ਲਗਾ ਰਹੀ ਹੈ। ਇਸ ਤਰ੍ਹਾਂ ਦੇ ਭੁਗਤਾਨ ਵਧ ਵੀ ਰਹੇ ਹਨ, ਪਰ ਲੰਮੇ ਸਮੇਂ ਲਈ ਇਹ ਕਿੰਨਾ ਸਫਲ ਹੋਵੇਗਾ, ਇਸ ਦਾ ਪਤਾ ਵੀ ਇਸੇ ਸਾਲ ਹੀ ਲੱਗੇਗਾ। ਕੈਸ਼ਲੈੱਸ ਸਮਾਜ ਦੀ ਸਥਾਪਨਾ ਲਈ ਇਹ ਨਵਾਂ ਸਾਲ ਤਜਰਬੇ ਦਾ ਸਾਲ ਹੋਵੇਗਾ। ਦੇਖਣਾ ਹੋਵੇਗਾ ਕਿ ਦੇਸ਼ ਦੀ ਜਨਤਾ ਇਸ ਨੂੰ ਕਿੰਨੀ ਤੇਜ਼ੀ ਨਾਲ ਅਪਣਾਉਂਦੀ ਹੈ ਜਾਂ ਇਸ ਨਾਲ ਹੋਣ ਵਾਲੀਆਂ ਮੁਸ਼ਕਿਲਾਂ ਕਾਰਨ ਕੀ ਇਸ ਨੂੰ ਠੁਕਰਾ ਦਿੰਦੀ ਹੈ।

ਆਰਥਿਕ ਦ੍ਰਿਸ਼ਟੀ ਤੋਂ ਇਹ ਮਹੱਤਵਪੂਰਨ ਸਾਲ ਰਾਜਨੀਤਕ ਪੱਖੋਂ ਵੀ ਮਹੱਤਵਪੂਰਨ ਹੈ। ਸਾਲ ਦੀ ਸ਼ੁਰੂਆਤ ਵਿਚ ਹੀ ਪੰਜ ਸੂਬਿਆਂ ਦੀਆਂ ਵਿਧਾਨ ਸਭਾਵਾਂ ਚੋਣਾਂ ਹੋ ਰਹੀਆਂ ਹਨ। ਇਨ੍ਹਾਂ ਸੂਬਿਆਂ ਵਿਚ ਇਕ ਉਤਰ ਪ੍ਰਦੇਸ਼ ਵੀ ਹੈ। ਉਥੋਂ ਦੇ ਚੋਣ ਨਤੀਜੇ ਦੇਸ਼ ਦੀ ਰਾਜਨੀਤੀ ਦੀ ਦਿਸ਼ਾ ਤੈਅ ਕਰਨ ਵਾਲੇ ਹੋਣਗੇ। 2019 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੀ ਦਸ਼ਾ ਕੀ ਹੋਵੇਗੀ, ਉਸ ਦਾ ਅੰਦਾਜ਼ਾ ਉਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਲੱਗ ਜਾਵੇਗਾ।

ਇਕ ਪਿੱਛੋਂ ਇਕ ਚੋਣਾਂ 'ਚ ਹਾਰ ਰਹੀ ਕਾਂਗਰਸ ਲਈ ਇਹ ਸਾਲ ਸ਼ਾਇਦ ਇਸ ਨੂੰ ਆਖਰੀ ਮੌਕਾ ਦੇ ਰਿਹਾ ਹੈ ਕਿ ਉਹ ਆਪਣੀ ਹਾਰਾਂ ਦੀ ਲੜੀ ਨੂੰ ਰੋਕੇ। ਉਤਰ ਪ੍ਰਦੇਸ਼ ਵਿਚ ਤਾਂ ਉਸ ਲਈ ਕੋਈ ਸੰਭਾਵਨਾ ਨਹੀਂ ਨਜ਼ਰ ਆਉਂਦੀ, ਪਰ ਉਤਰਾਖੰਡ ਵਿਚ ਉਹ ਦੁਬਾਰਾ ਸਰਕਾਰ ਬਣਾਉਣ ਦੀ ਸੋਚ ਸਕਦੀ ਹੈ। ਪੰਜਾਬ ਤੇ ਗੋਆ 'ਚ ਵੀ ਉਹ ਅਜੇ ਮੁੱਖ ਵਿਰੋਧੀ ਪਾਰਟੀ ਹੈ। ਇਸ ਲਈ ਉਹ ਉਥੇ ਵੀ ਸਰਕਾਰ ਬਣਾਉਣ ਦੇ ਸੁਪਨੇ ਦੇਖ ਸਕਦੀ ਹੈ। ਕਹਿਣ ਦੀ ਲੋੜ ਨਹੀਂ ਕਿ ਕਾਂਗਰਸ ਲਈ ਇਹ ਸਾਲ 'ਕਰੋ ਜਾਂ ਮਰੋ' ਦਾ ਸਾਲ ਹੈ।

ਨੋਟਬੰਦੀ ਨੂੰ ਲੋਕਾਂ ਨੇ ਸਵੀਕਾਰ ਕੀਤਾ ਹੈ ਜਾਂ ਉਸ ਨੂੰ ਬੁਰਾ ਸੁਪਨਾ ਮੰਨਿਆ ਹੈ, ਇਸ ਦਾ ਪਤਾ ਵੀ ਚੋਣ ਨਤੀਜਿਆਂ ਤੋਂ ਹੀ ਲੱਗੇਗਾ। ਨੋਟਬੰਦੀ ਤੋਂ ਬਾਅਦ ਹੋਣ ਵਾਲੀਆਂ ਕੁਝ ਨਗਰ ਨਿਗਮਾਂ ਦੀਆਂ ਚੋਣਾਂ ਵਿਚ ਭਾਜਪਾ ਦੀ ਜਿੱਤ ਹੁੰਦੀ ਰਹੀ ਹੈ, ਹਾਲਾਂਕਿ ਜਿੱਤ ਦਾ ਅੰਤਰ ਘਟ ਗਿਆ ਹੈ। ਇਸ ਤੋਂ ਤਾਂ ਇਹੀ ਲਗਦਾ ਹੈ ਕਿ ਸਾਰੀਆਂ ਪ੍ਰੇਸ਼ਾਨੀਆਂ ਦੇ ਬਾਵਜੂਦ ਉਸ ਦੇ ਸਮਰਥਕ ਉਸ ਨਾਲ ਖੜ੍ਹੇ ਹਨ, ਪਰ ਉਸ ਦੀ ਅਸਲੀ ਪ੍ਰੀਖਿਆ ਵਿਧਾਨ ਸਭਾ ਚੋਣਾਂ ਵਿਚ ਹੋਣ ਵਾਲੀ ਹੈ, ਜਿਥੇ ਨੋਟਬੰਦੀ ਕਾਰਨ ਸਭ ਤੋਂ ਮਾੜਾ ਅਸਰ ਪੈ ਰਿਹਾ ਹੈ।

ਇਸੇ ਸਾਲ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਦੀ ਚੋਣ ਵੀ ਹੋਣੀ ਹੈ। ਰਾਸ਼ਟਰਪਤੀ ਦੀ ਚੋਣ 'ਤੇ ਅਜੇ ਅਨਿਸਚਤਤਾ ਦੇ ਬੱਦਲ ਹਨ, ਕਿਉਂਕਿ ਉਸ ਦਾ ਚੋਣ ਮੰਡਲ ਵਿਸ਼ਾਲ ਹੈ ਅਤੇ ਭਾਜਪਾ ਨੂੰ ਆਪਣੀ ਪਸੰਦ ਦੇ ਉਮੀਦਵਾਰ ਨੂੰ ਜਿੱਤ ਦਿਵਾਉਣ ਲਈ ਵਿਰੋਧੀ ਧਿਰ ਤੋਂ ਸਮਰਥਨ ਦੀ ਲੋੜ ਹੈ। ਵਿਧਾਨ ਸਭਾ ਦੇ ਚੋਣ ਨਤੀਜੇ ਜੇ ਭਾਜਪਾ ਦੇ ਪੱਖ ਵਿਚ ਨਾ ਗਏ ਤਾਂ ਉਸ ਲਈ ਪਸੰਦੀਦਾ ਬੰਦੇ ਨੂੰ ਇਸ ਅਹੁਦੇ 'ਤੇ ਬਿਠਾਉਣਾ ਮੁਸ਼ਕਿਲ ਹੋ ਜਾਏਗਾ।

**-ਓ. ਪ੍ਰਸਾਦ**

# ਜਮਹੂਰੀ ਤਵਾਜ਼ਨ ਦੀ ਜ਼ਰੂਰਤ

ਯੂਰਪੀ ਯੂਨੀਅਨ ਵਿਚ ਬ੍ਰਿਟੇਨ ਦੇ ਸਫੀਰ ਸਰ ਇਵਾਨ ਰੋਜਰਜ਼ ਨੇ ਦੋ ਦਿਨ ਪਹਿਲਾਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਸੋਚਿਆ ਕਿ ਪ੍ਰਧਾਨ ਮੰਤਰੀ ਥੇਅ ਸਰਕਾਰ ਤੋਂ ਦੂਰੀ ਬਣਾਉਣੀ ਹੀ ਬਿਹਤਰ ਹੈ। ਰੋਜਰਜ਼ ਨੂੰ ਜਾਪਿਆ ਕਿ ਅਵਿਵਸਥਤ ਢੰਗ ਨਾਲ ਯੂਨੀਅਨ ਤੋਂ ਵੱਖ ਹੋਣ ਮਗਰੋਂ ਲੰਡਨ ਨਾਲ ਗੱਲਬਾਤ ਕਰਨ ਵਿਚ ਅਸਮਰੱਥ ਰਹਿਣ ਦੇ ਦੋਸ਼ਾਂ ਨਾਲ ਵ੍ਹਾਈਟ ਹਾਲ ਨਾਲ ਜੁੜਿਆ ਰਹਿਣਾ ਠੀਕ ਨਹੀਂ ਹੈ। ਹੰਢੇ ਵਰਤੇ ਕੂਟਨੀਤਿਕ ਅਤੇ ਵਾਰਤਾਕਾਰ ਨੇ ਆਪਣੇ ਸਹਿਕਰਮੀਆਂ ਨੂੰ ਲਿਖੇ ਖ਼ਤ ਵਿਚ ਉਮੀਦ ਜਤਾਈ ਕਿ ਉਹ 'ਬੇਬੁਨਿਆਦ ਤਰਕਾਂ ਅਤੇ ਬੁਰੀ ਸੋਚ ਨੂੰ ਚੁਣੌਤੀ ਦੇਣਾ ਜਾਰੀ ਰੱਖਣਗੇ ਅਤੇ ਖ਼ੁਦ ਵੀ ਉਨ੍ਹਾਂ ਤਾਕਤਾਂ ਸਾਹਮਣੇ ਸੱਚ ਬੋਲਣ ਤੋਂ ਨਹੀਂ ਡਰਨਗੇ।' ਸਰ ਇਵਾਨ ਨੇ ਆਪਣੇ ਸਾਥੀਆਂ ਨੂੰ ਸੱਦਾ ਦਿੱਤਾ ਕਿ ਉਹ



**ਹਰੀਸ਼ ਖਰੇ**

ਆਪਣਾ ਮੂਲ ਧਰਮ ਨਿਭਾਉਂਦੇ ਰਹਿਣ: "ਇਹ ਸੁਨੇਹਾ ਦਿਉ ਕਿ ਅਸਹਿਮਤੀ ਪ੍ਰਗਟ ਕਰਨ ਵਾਲਿਆਂ ਨੂੰ ਵੀ ਸੁਣੇ ਜਾਣ ਦੀ ਜ਼ਰੂਰਤ ਹੈ।"


ਇਸ ਸਪਸ਼ਟਵਾਦ ਦੇ ਉਲਟ ਭਾਰਤ ਵਿਚ ਬੇਹੱਦ ਤਬਾਹਕੁਨ 'ਨੋਟਬੰਦੀ' ਦੇ ਮਾਮਲੇ ਵਿਚ ਅਲੰਕਾਰਾਂ ਨਾਲ ਭਰੀ ਬੁਜ਼ਦਿਲੀ ਨਜ਼ਰ ਆਈ। ਸੀਨੀਅਰ ਅਫ਼ਸਰਸ਼ਾਹਾਂ, ਨੀਤੀ ਆਯੋਗ ਦੇ ਮੈਂਬਰਾਂ ਦੇ ਨਾਲ ਨਾਲ ਕੈਬਨਿਟ ਮੰਤਰੀ ਕਾਫ਼ੀ ਤਿਆਰ ਦਿਖਾਈ ਦਿੱਤੇ ਅਤੇ ਨੋਟਬੰਦੀ ਨਾਲ ਵਿਆਪਕ ਪੱਧਰ 'ਤੇ ਜ਼ਬਤ ਹੋਈ ਸੰਪਤੀ ਸਬੰਧੀ ਜ਼ਿਕਰ ਨੂੰ ਨਿੱਜੀ ਗੱਲਬਾਤ ਵਿਚੋਂ ਖਾਰਿਜ ਕਰ ਦਿੱਤਾ। ਸੱਤਾ ਦੇ ਗਲਿਆਰਿਆਂ ਵਿਚ ਅਸਹਿਮਤੀ ਦੀ ਇੱਕ ਵੀ ਆਵਾਜ਼ ਸੁਣਾਈ ਨਹੀਂ ਦਿੱਤੀ। ਕਾਰਜ ਸਥਾਨ 'ਤੇ ਇਸ ਦੇ ਲਾਭ ਦੱਸਣ ਤੋਂ ਜ਼ਿਆਦਾ ਇਹ ਪਤਾ ਲੱਗਦਾ ਹੈ ਕਿ ਸਮੱਸਿਆਵਾਂ ਗਹਿਰੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਇਸ ਵਿਚ ਖ਼ਤਰਨਾਕ ਸਬਕ ਇਹ ਪੜ੍ਹਾਇਆ ਗਿਆ ਹੈ ਕਿ ਨਾਗਰਿਕਾਂ ਦੀ ਬੱਚਤ ਅਤੇ ਭਾਵਨਾਵਾਂ ਨੂੰ ਬਹੁਤ ਸਹਿਜ ਨਾਲ ਕਾਬੂ ਕੀਤਾ ਜਾ ਸਕਦਾ ਹੈ ਜਿਸ ਨੂੰ ਲੈ ਕੇ ਕੋਈ ਵਿਰੋਧ ਪ੍ਰਦਰਸ਼ਨ ਨਹੀਂ ਹੋਵੇਗਾ। ਦਰਅਸਲ, ਪ੍ਰਧਾਨ ਮੰਤਰੀ ਨੇ ਗੱਲਾਂ ਗੱਲਾਂ ਵਿਚ ਹੀ ਸਾਰੇ 'ਤੋਹਫ਼ੇ' ਦੇ ਦਿੱਤੇ ਅਤੇ 'ਸਵਾ ਸੌ ਕਰੋੜ ਨਾਗਰਿਕਾਂ' ਦੀ ਹਮਾਇਤ ਹਾਸਲ ਹੋਣ ਦਾ ਦਾਅਵਾ ਕੀਤਾ, ਜਦੋਂਕਿ ਉਨ੍ਹਾਂ ਦੀ ਸਰਕਾਰ ਨੇ ਹਰ ਨਾਗਰਿਕ ਦੀ ਨਿੱਜੀ ਬੱਚਤ ਖੋਹ ਲਈ।

ਅੱਠ ਨਵੰਬਰ ਨੂੰ ਨੋਟਬੰਦੀ ਦੇ ਐਲਾਨ ਮਗਰੋਂ ਵੱਡੀ ਆਬਾਦੀ ਨੂੰ ਮੁਸ਼ਕਿਲ ਦੌਰ ਵਿਚੋਂ ਲੰਘਣਾ ਪੈ ਰਿਹਾ ਹੈ ਜਿਨ੍ਹਾਂ ਨੂੰ ਵਾਰ ਵਾਰ ਰਾਸ਼ਟਰ ਨਿਰਮਾਣ ਦਾ ਭਰੋਸਾ ਦਿੱਤਾ ਜਾ ਰਿਹਾ ਹੈ ਅਤੇ ਦੇਸ਼ ਭਗਤੀ ਦਿਖਾਈ ਜਾ ਰਹੀ ਹੈ। ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਸਲਾਹਕਾਰ ਨੋਟਬੰਦੀ ਦੇ ਆਲੋਚਕਾਂ ਦਾ ਇਹ ਕਹਿ ਕੇ ਮੌਜੂ ਬਣਾ ਰਹੇ ਹਨ ਕਿ ਕਿਧਰੇ ਵੀ ਕੋਈ ਹਿੰਸਾ ਨਹੀਂ ਹੋਈ ਜਾਂ ਲੋਕਾਂ ਵੱਲੋਂ ਵਿਰੋਧ ਨਹੀਂ ਕੀਤਾ ਜਾ ਰਿਹਾ।

ਇਹ ਕੋਈ ਭੇਤ ਦੀ ਗੱਲ ਨਹੀਂ। ਵੀਹਵੀਂ ਸਦੀ ਦਾ ਉਘਾ ਇਤਿਹਾਸਕਾਰ ਟੋਨੀ ਜੂਡ, ਲਿਓ ਟਾਲਸਟਾਏ (ਐਨਾ ਕਾਰਨਿਨਾ) ਦਾ ਹਵਾਲਾ ਦਿੰਦਾ ਹੈ ਕਿ ਯੂਰਪ ਵਿਚ ਲੱਖਾਂ ਲੋਕਾਂ ਨੇ ਆਪਣੇ ਸ਼ਾਸਕਾਂ ਦੇ ਜ਼ੁਲਮ ਕਿਉਂ ਬਰਦਾਸ਼ਤ ਕੀਤੇ: "ਜ਼ਿੰਦਗੀ ਵਿਚ ਅਜਿਹੀ ਕੋਈ ਸਥਿਤੀ ਨਹੀਂ ਹੁੰਦੀ ਜਿਸ ਦਾ ਮਨੁੱਖ ਆਦੀ ਨਾ ਹੋ ਸਕੇ, ਖ਼ਾਸਕਰ ਅਜਿਹੇ ਸਮੇਂ ਵਿਚ ਜਦੋਂ ਉਹ ਦੇਖਦਾ ਹੈ ਕਿ ਉਸ ਦੇ ਆਲੇ-ਦੁਆਲੇ ਹਰ ਕੋਈ ਉਸ ਸਥਿਤੀ ਨੂੰ ਸਵੀਕਾਰ ਕਰ ਰਿਹਾ ਹੈ।"

ਅਜਿਹੇ ਹਾਲਾਤ ਵਿਚ ਖ਼ਤਰਾ ਇਹ ਹੈ ਕਿ ਅਰਥਚਾਰੇ ਦੇ ਇਸ ਸਮੂਹਵਾਦੀ ਪ੍ਰਯੋਗ ਵਿਚ ਪੂਰਵ ਧਾਰਨਾ ਮੁਤਾਬਿਕ 'ਹਰਮਨ ਪਿਆਰੀ' ਮੌਨ ਸਵੀਕ੍ਰਿਤੀ ਦੀ ਵਿਆਖਿਆ ਤੇਜ਼ ਲੀਡਰਸ਼ਿਪ ਦੇ ਲਾਇਸੈਂਸ ਵਜੋਂ ਕੀਤੀ ਜਾਵੇ। ਇਹ ਸਾਨੂੰ ਸਿਰ ਜੋੜ ਕੇ ਬੈਠਣ ਦਾ ਆਧਾਰ ਮੁਹੱਈਆ ਕਰਦਾ ਹੈ। ਜੇ ਭਾਜਪਾ ਅਗਲੇ ਮਹੀਨੇ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਸਾਰੇ ਪੰਜ ਸੂਬਿਆਂ ਦੀ ਹਰ ਸੀਟ ਜਿੱਤਦੀ ਹੈ ਤਾਂ ਕੀ ਇਹ ਬਹੁਮਤ ਉਸ ਨੂੰ ਸਿਹਤਮੰਦ ਜਮਹੂਰੀ ਤਵਾਜ਼ਨ ਵਿਗੜਨ ਦੀ ਕੀਮਤ ਉਤੇ ਬੇਝਿਜਕ ਅਤੇ ਅਸੀਮਿਤ ਅਧਿਕਾਰ ਦੇ ਦੇਵੇਗਾ?

ਪਰ, ਇਹ ਦਲੀਲ ਵੀ ਦਿੱਤੀ ਜਾ ਸਕਦੀ ਹੈ: ਤਵਾਜ਼ਨ ਦੀ ਜ਼ਰੂਰਤ ਕਿਸ ਨੂੰ ਹੈ? ਦਰਅਸਲ, 2014 ਦੀਆਂ ਲੋਕ ਸਭਾ ਚੋਣਾਂ ਸਮੇਂ ਭਾਜਪਾ ਨੇ ਵਾਅਦਾ ਕੀਤਾ ਸੀ ਕਿ ਜੇ ਉਸ ਨੂੰ ਸੱਤਾ ਵਿਚ ਆਉਣ ਲਈ ਵੋਟਾਂ ਪਾਈਆਂ ਜਾਂਦੀਆਂ ਹਨ ਤਾਂ ਭਾਜਪਾ, ਪ੍ਰਧਾਨ ਮੰਤਰੀ ਦਫ਼ਤਰ ਦੀ ਸਰਵਉਚਤਾ ਬਹਾਲ ਕਰੇਗੀ। ਉਸ ਸਰਵਉਚਤਾ ਨੂੰ ਬਹਾਲ ਕੀਤਾ ਗਿਆ ਹੈ, ਅਸਲ ਵਿਚ ਅਜਿਹਾ ਹੋਇਆ ਹੈ, ਜਦੋਂ ਪਾਰਟੀ ਨੇ ਲੋਕ ਸਭਾ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਬਹੁਮਤ ਪ੍ਰਾਪਤ ਕੀਤਾ। ਉਦੋਂ ਤੋਂ ਹੀ ਬਹੁਤ ਉਤਸ਼ਾਹੀ ਅਤੇ ਸਮਰੱਥ ਲੋਕ ਸੰਪਰਕ ਏਜੰਸੀ ਵੱਲੋਂ ਨਰੇਂਦਰ ਮੋਦੀ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ, ਉਨ੍ਹਾਂ ਨੂੰ 'ਕ੍ਰਿਸ਼ਮਈ' ਸ਼ਖ਼ਸੀਅਤ ਦੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਇਉਂ ਉਨ੍ਹਾਂ ਨੂੰ ਤਾਕਤ ਲਾਜ਼ਮੀ ਤੌਰ 'ਤੇ ਆਪਣੇ ਹੱਥਾਂ ਵਿਚ ਲੈਣੀ ਪਵੇਗੀ, ਜੇ ਦੇਸ਼ ਭਗਤੀ ਕਾਰਨ ਨਹੀਂ ਤਾਂ ਭੀੜ ਕਾਰਨ ਅਜਿਹਾ ਕਰਨਾ ਪਵੇਗਾ। ਇਕ ਲੋਕ ਆਗੂ ਇਸ ਦਾ ਹੱਕਦਾਰ ਹੈ। ਦਲੀਲਾਂ ਤਾਂ ਦਿੱਤੀਆਂ ਹੀ ਜਾਂਦੀਆਂ ਹਨ, ਉਹ ਆਪਣੀ ਪ੍ਰਸਿੱਧੀ ਤੇ ਸਾਖ ਦੀ ਆਕੜ ਦਿਖਾਉਂਦਾ ਹੈ, ਅਤੇ ਉਹ ਲੋਕਾਂ ਨਾਲ ਆਪਣੇ ਖ਼ਾਸ ਰਿਸ਼ਤੇ ਦੀ ਵਰਤੋਂ ਕਰਦਾ ਹੈ ਅਤੇ ਉਹ ਦੇਸ਼ ਨੂੰ ਮਹਾਨ ਸ਼ਾਨ ਵੱਲ ਲੈ ਜਾਣ



ਲਈ ਉਰਜਾਵਾਨ ਕਰਦਾ ਹੈ। ਅਜਿਹੇ ਕਿਸੇ ਆਗੂ ਨੂੰ ਸੰਸਥਾਗਤ ਅਸੁਵਿਧਾਵਾਂ ਨਾਲ ਨਹੀਂ ਬੰਨ੍ਹਿਆ ਜਾ ਸਕਦਾ।

ਇਥੇ ਇਹ ਪ੍ਰਾਚੀਨ ਦੁਬਿਧਾ ਕਾਰਜਸ਼ੀਲ ਹੈ: ਰਾਜਾ ਕਿੰਨਾ ਤਾਕਤਵਰ ਹੋਵੇਗਾ? ਆਧੁਨਿਕ ਜਮਹੂਰੀ ਦੌਰ ਵਿਚ ਇਸ ਸੁਆਲ ਦਾ ਜੁਆਬ ਹਾਲੇ ਨਹੀਂ ਮਿਲ ਸਕਿਆ: ਰਾਜ ਕੁਮਾਰ ਨੂੰ ਕਿੰਨੀ ਤਾਕਤ ਅਤੇ ਅਧਿਕਾਰ ਦਿੱਤੇ ਜਾ ਸਕਦੇ ਹਨ? ਅਲੈਗਜ਼ੈਂਡਰ ਹੈਮਿਲਟਨ ਨੇ ਅਮਰੀਕਾ ਦੀ ਰਾਸ਼ਟਰਪਤੀ ਵਿਵਸਥਾ ਵਿਚ 'ਕਾਰਜਕਾਰੀ ਦੇ ਅੰਦਰਲੀ ਉਰਜਾ' ਦੀ ਜ਼ਰੂਰਤ ਉਤੇ ਜ਼ੋਰ ਦਿਤਾ ਸੀ। ਬਹੁਤ ਕਮਜ਼ੋਰ ਕਾਰਜਕਾਰੀ ਹੋਣਾ ਖ਼ਤੋਤ ਨੂੰ ਸੱਦਾ ਹੈ ਅਤੇ ਬਹੁਤ ਮਜ਼ਬੂਤ ਨੇਤਾ ਤੇ ਗਣਤੰਤਰ ਵੀ ਸਮੱਸਿਆਵਾਂ ਉਪਜਾਉਂਦਾ ਹੈ। ਇਹ ਸੰਵਿਧਾਨਕ ਪ੍ਰਕਿਰਿਆਵਾਂ ਅਤੇ ਜਮਹੂਰੀ ਉਰਜਾਵਾਂ ਉਤੇ ਛੱਡ ਦਿੱਤਾ ਗਿਆ ਹੈ ਕਿ ਉਹ ਸ਼ਾਨਦਾਰ ਸੰਤੁਲਨ ਕਾਇਮ ਕਰਨ। ਸਿਹਤਮੰਦ ਜਮਹੂਰੀਅਤ ਨੂੰ ਨਿਆਂਸੰਗਤ ਸੰਤੁਲਨ ਦੀ ਉਸ ਦੀ ਸਮਰੱਥਾ ਰਾਹੀਂ ਪਰਿਭਾਸ਼ਤ ਕੀਤਾ ਜਾ ਸਕਦਾ ਹੈ।

ਬੀਤੇ ਦਿਨੀਂ ਭਾਰਤ ਵਿਚ ਅਸੀਂ ਇਹ ਤਵਾਜ਼ਨ ਬੁਰੀ ਤਰ੍ਹਾਂ ਗੁਆ ਚੁੱਕੇ ਹਾਂ। ਸਿਆਸੀ ਜਵਾਬਦੇਹੀ ਤਕਰੀਬਨ ਖ਼ਤਮ ਹੋ ਚੁੱਕੀ ਹੈ ਅਤੇ ਪ੍ਰਧਾਨ ਮੰਤਰੀ ਦੇ ਪੱਖ ਵਿਚ ਪੱਲੜੇ ਝੁਕ ਗਏ ਹਨ। ਉਨ੍ਹਾਂ ਨੇ ਅਜਿਹਾ ਦਬਦਬਾ ਕਾਇਮ ਕਿਆ ਹੈ ਜਿਸ ਵਿਚ ਉਹ ਸਾਰੀਆਂ ਸਮਰੱਥਾਵਾਂ, ਵਿਰੋਧ ਦੇ ਅਸਲੀ ਸਰੋਤਾਂ ਅਤੇ ਜਵਾਬਦੇਹੀ ਤੋਂ ਉਪਰ ਉਠ ਸਕਦੇ ਹਨ।

ਕੇਂਦਰੀ ਕੈਬਨਿਟ ਹੁਣ ਬਰਾਬਰ ਵਾਲਿਆਂ ਦਾ ਦਲ ਨਹੀਂ ਰਹੀ। ਨਾ ਹੀ ਪ੍ਰਧਾਨ ਮੰਤਰੀ ਸਾਰੇ ਬਰਾਬਰ ਵਿਅਕਤੀਆਂ ਦੇ ਪ੍ਰਮੁੱਖ ਹਨ। ਨਿਸ਼ਚਿਤ ਰੂਪ ਵਿਚ ਉਹ ਸਭ ਤੋਂ ਉਪਰ ਹਨ। ਉਹ ਭਾਜਪਾ ਨਾਲ ਸਬੰਧਿਤ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਤੋਂ ਵੱਖਰੇ ਹਨ, ਜਿਨ੍ਹਾਂ ਦੇ ਰਾਜ ਕਾਲ ਵਿਚ ਉਪ ਪ੍ਰਧਾਨ ਮੰਤਰੀ ਅਤੇ ਮੁੱਖ ਆਗੂ ਜਸਵੰਤ ਸਿੰਘ, ਜੌਰਜ ਫਰਨਾਂਡੇਜ਼ ਅਤੇ ਯਸ਼ਵੰਤ ਸਿਨਹਾ ਵਰਗੇ ਸਾਥੀ ਸਨ। ਇਸ ਦੇ ਉਲਟ ਮੋਦੀ ਕਮਜ਼ੋਰ ਸਹਿਯੋਗੀਆਂ ਵਿਚ ਘਿਰੇ ਹੋਏ ਹਨ। ਨਾਰਥ ਬਲਾਕ ਵਿਚ ਬੈਠੇ ਮੰਤਰੀਆਂ ਸਮੇਤ ਸਾਰੇ ਮੰਤਰੀਆਂ ਨੂੰ ਦੱਸਿਆ ਜਾਂਦਾ ਹੈ ਕਿ ਕੀ ਕਰਨਾ ਹੈ ਅਤੇ ਸਭ ਤੋਂ ਅਹਿਮ ਇਹ ਕਿ ਕੀ ਕਹਿਣਾ ਹੈ। ਕੈਬਨਿਟ ਸਰਕਾਰ ਦੇ ਪ੍ਰਬੰਧ ਵਿਚ ਕਿਸੇ ਸਮੇਂ ਸੰਸਦੀ ਦਲ ਨੂੰ ਪ੍ਰਧਾਨ ਦੇ ਕੰਮ ਦੇ ਵਧੇਰੇ ਦਬਾਅ ਲਈ ਉਚਿਤ ਸਮਝਿਆ ਜਾਂਦਾ ਸੀ ਜੋ ਹੁਣ ਮਹਿਜ਼ ਦਰਸ਼ਕ ਬਣ ਕੇ ਰਹਿ ਗਿਆ ਹੈ। ਇਹ ਸੁਭਾਵਿਕ ਹੀ ਹੈ ਕਿਉਂਕਿ ਜ਼ਿਆਦਾਤਰ ਸੰਸਦ ਮੈਂਬਰ ਸਦਨ ਵਿਚ ਆਉਣ ਲਈ ਪ੍ਰਧਾਨ ਮੰਤਰੀ ਦੇ ਕ੍ਰਿਸ਼ਮੇ ਉਤੇ ਨਿਰਭਰ ਹਨ। ਸੰਗਠਨਾਤਮਕ ਮੁਹਾਜ਼ ਉਤੇ ਮੁੱਠੀ ਭਰ ਹਲਕੇ ਲੋਕ ਭਾਜਪਾ ਦੀ ਅਗਵਾਈ ਕਰ ਰਹੇ ਹਨ। ਹਰ ਤਾਕਤਵਰ ਪ੍ਰਧਾਨ ਮੰਤਰੀ ਇਹ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ 'ਸੰਗਠਨ' ਸੱਤਾ ਦੇ ਸ਼ਰੀਕ ਜਾਂ ਸਰਪ੍ਰਸਤ ਵਜੋਂ ਨਾ ਉਭਰ ਸਕੇ। ਪ੍ਰਧਾਨ ਮੰਤਰੀ ਮੋਦੀ ਦੇ ਮਾਮਲੇ ਵਿਚ ਵੀ ਅਜਿਹਾ ਹੀ ਜਾਪਦਾ ਹੈ।

ਉਚ ਨਿਆਂਪਾਲਿਕਾ ਦੇ ਸੰਭਾਵੀ ਅਪਵਾਦ ਤੋਂ ਇਲਾਵਾ ਬਾਕੀ ਸਾਰੀਆਂ ਸੰਵਿਧਾਨਕ ਸੰਸਥਾਵਾਂ ਪੂਰੀ ਤਰ੍ਹਾਂ ਦਬ ਗਈਆਂ ਹਨ। ਇਸੇ ਕਾਰਨ ਨਿਆਂਪਾਲਿਕਾ ਦੀ ਖ਼ੁਦਮੁਖ਼ਤਾਰੀ ਦਾ ਬੁਰਾ ਮਨਾਇਆ ਜਾਂਦਾ ਹੈ ਅਤੇ ਹਰ ਤਰ੍ਹਾਂ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਉਹ ਵੀ ਤਾਲਮੇਲ ਬਿਠਾਵੇ। ਸਿਵਿਲ ਸੁਸਾਇਟੀ ਜੋ ਅੰਨਾ ਹਜ਼ਾਰੇ ਦਾ ਖੇਤਰ ਹੈ, ਨੂੰ ਕਿਹਾ ਗਿਆ ਹੈ ਕਿ ਉਹ ਬੋਰੀ ਬਿਸਤਰਾ ਬੰਨ੍ਹ ਕੇ ਆਪਣੇ ਘਰ ਦਾ ਰੁਖ਼ ਕਰੇ। ਗ਼ੈਰ ਸਰਕਾਰੀ ਸੰਗਠਨਾਂ (ਐਨ.ਜੀ.ਓਜ਼) ਨੂੰ ਐਫ.ਆਰ.ਸੀ.ਏ. ਦਾ ਚਾਬੁਕ ਲੱਗ ਚੁੱਕਿਆ ਹੈ। ਸੂਬਾਈ ਸਰਕਾਰਾਂ ਸਨਮਾਨ ਕਰਨ ਲਈ ਮਜਬੂਰ ਕੀਤੀਆਂ ਜਾ ਰਹੀਆਂ ਹਨ, ਹਾਲਾਂਕਿ ਕੇਂਦਰ ਸਰਕਾਰ ਦੀ ਸ਼ਾਹੀ ਪਹੁੰਚ ਦੀ ਮਜਬੂਰੀ ਕਾਰਨ ਅਜਿਹਾ ਹੋ ਰਿਹਾ ਹੈ। ਤਾਮਿਲ ਨਾਡੂ ਦੇ ਮੁੱਖ ਸਕੱਤਰ ਦੇ ਟਿਕਾਣਿਆਂ 'ਤੇ ਛਾਪੇ ਮਾਰੇ ਗਏ ਅਤੇ ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਉਥੇ ਕੇਂਦਰੀ ਬਲਾਂ ਦੀ ਤਾਇਨਾਤੀ ਹੋਈ। ਰਾਸ਼ਟਰਪਤੀ, ਬੇਸ਼ੱਕ ਜ਼ਿਆਦਾਤਰ ਮਾਮਲਿਆਂ ਵਿਚ ਰਸਮੀ ਮੁਖੀ ਹੁੰਦਾ ਹੈ, ਨੇ ਆਪਣੇ ਦਫ਼ਤਰ ਦੀ ਨੈਤਿਕ ਸਮਰੱਥਾ ਦੀਆਂ ਸੰਭਾਵਨਾਵਾਂ ਤਲਾਸ਼ਣ ਤੋਂ ਇਨਕਾਰ ਕਰ ਦਿੱਤਾ ਹੈ। ਕੁੱਲ ਮਿਲਾ ਕੇ ਸੰਸਥਾਗਤ ਕਮਜ਼ੋਰੀਆਂ ਅਤੇ ਸਿਆਸੀ ਖਾਮੀਆਂ ਨੇ ਪ੍ਰਧਾਨ ਮੰਤਰੀ ਨੂੰ ਸਭ ਤੋਂ ਉਪਰ ਕਰ ਦਿੱਤਾ ਹੈ। ਇਹ ਸਿਰਫ਼ ਉਨ੍ਹਾਂ ਲਈ ਸੰਤੁਸ਼ਟੀਜਨਕ ਹੋ ਸਕਦਾ ਹੈ ਜੋ ਸਾਡੇ ਮੌਜੂਦਾ ਬਿਪਤਾ ਭਰੇ ਰਾਜਨੀਤਿਕ ਇਤਿਹਾਸ ਨੂੰ ਨਜ਼ਰਅੰਦਾਜ਼ ਕਰਨ ਲਈ ਤਿਆਰ ਹਨ।

ਇਤਿਹਾਸਕਾਰ ਲਾਜ਼ਮੀ ਹੀ ਨੋਟਬੰਦੀ ਦੀ ਪ੍ਰਧਾਨ ਮੰਤਰੀ ਦੀ ਹਠਧਰਮੀ ਵਜੋਂ ਸਮੀਖਿਆ ਕਰਨਗੇ, ਭਾਵੇਂ ਕਿਸੇ ਤਰੀਕੇ ਇਹ ਕਾਰਜ ਮੁਕੰਮਲ ਹੋ ਗਿਆ ਹੈ। ਨੋਟਬੰਦੀ ਦੀ ਆਫ਼ਤ ਕਾਰਨ ਪੁਰਾਣੀ ਹਕੀਕਤ ਵਿਚ ਕਿਸੇ ਕਿਸਮ ਦਾ ਬਦਲਾਅ ਹੋਵੇਗਾ, ਇਸ ਦਾ ਕੋਈ ਸੰਕੇਤ ਨਹੀਂ ਮਿਲਦਾ। ਲੋਕਤੰਤਰ ਉਤੇ ਭਾਵੇਂ ਅਜੀਬ ਕਿਸਮ ਦੀ ਲਾਚਾਰੀ ਅਤੇ ਖਿੱਚ ਭਾਰੂ ਹੋ ਗਈ ਹੈ, ਪਰ ਫਿਰ ਵੀ ਜਮਹੂਰੀਅਤ ਵਿਚ ਹਉਮੈ ਨੂੰ ਸਿਖਰ ਉਤੇ ਜਾਣ ਤੋਂ ਰੋਕਣ ਦੀ ਜ਼ਰੂਰਤ ਹੈ। ਭਾਰਤ ਨੂੰ ਵੀ ਤਵਾਜ਼ਨ ਕਾਇਮ ਕਰਨ ਦੀ ਲੋੜ ਹੈ।

# ਜਾਦੂਗਰ ਦਾ ਭਾਸ਼ਣ

ਸਾਲ 2016 ਦਾ ਆਖ਼ਰੀ ਦਿਨ ਸੀ। ਸਾਡੇ ਯੁੱਗ ਦੀ ਮਾਇਆ ਮਤਲਬ ਟੀ.ਵੀ. ਦਾ ਪਰਦਾ ਸੀ। ਪਰਦੇ 'ਤੇ ਦੇਸ਼ ਦਾ ਸਭ ਤੋਂ ਵੱਡਾ ਜਾਦੂਗਰ ਸੀ। ਕੁੱਲ 43 ਮਿੰਟ ਦਾ ਜਾਦੂ ਦਾ ਸ਼ੋਅ ਸੀ। ਸਾਰੇ ਦੇਸ਼ ਦੇ ਨਾਲ-ਨਾਲ ਮੈਂ ਵੀ ਦੇਖ ਰਿਹਾ ਸੀ... ਅੱਜ ਰਹੱਸ ਖੁੱਲ੍ਹਣ ਵਾਲੇ ਸਨ, ਦੇਸ਼ ਸੱਚ ਦਾ ਸਾਹਮਣਾ ਕਰਨ ਵਾਲਾ ਸੀ। ਪੰਜਾਹ ਦਿਨ ਪਹਿਲਾਂ ਪ੍ਰਧਾਨ ਮੰਤਰੀ ਨੇ ਨੋਟਬੰਦੀ ਕੀਤੀ ਸੀ, ਜਨਤਾ ਨੂੰ ਕੁਝ ਤਕਲੀਫ਼ਾਂ ਝੱਲਣ ਦੀ ਅਪੀਲ ਕੀਤੀ ਸੀ। ਵਿਰੋਧੀ ਦਲ ਕੁਝ ਵੀ ਕਹਿੰਦੇ ਰਹਿਣ, ਪਰ ਜਨਤਾ ਨੇ ਆਪਣੀ ਦੁੱਖ ਤਕਲੀਫ਼ ਭੁੱਲ ਕੇ ਨੋਟਬੰਦੀ ਦਾ ਸਮਰਥਨ ਕੀਤਾ। ਪ੍ਰਧਾਨ ਮੰਤਰੀ ਨੇ 50 ਦਿਨ

**ਯੋਗੇਂਦਰ ਯਾਦਵ**

ਮੰਗੇ, ਜਨਤਾ ਨੇ ਦਿਲ ਖੋਲ੍ਹ ਕੇ ਦਿੱਤੇ। ਆਪਣੇ ਕਿਸੇ ਲਾਲਚ ਵਿਚ ਨਹੀਂ, ਬਲਕਿ ਇਸ ਉਮੀਦ ਵਿਚ ਕਿ ਕੋਈ ਤਾਂ ਦੇਸ਼ ਦੇ ਕਾਲੇ ਧਨ ਨੂੰ ਕੱਢਣ ਦੀ ਕੋਸ਼ਿਸ਼ ਕਰ ਰਿਹਾ ਹੈ। ਅੱਜ ਪੰਜਾਹ ਦਿਨ ਦੇ ਬਾਅਦ ਹਿਸਾਬ ਦੇਣ ਦਾ ਵਕਤ ਹੈ।

ਜਾਦੂਗਰ ਨੇ ਛੜੀ ਘੁੰਮਾਈ। ਪਰਦੇ 'ਤੇ ਗਾਂਧੀ ਜੀ ਬੋਲ ਰਹੇ ਸਨ। "ਹਰ ਇਨਸਾਨ ਵਿਚ ਕਮਜ਼ੋਰੀ ਹੁੰਦੀ ਹੈ, ਨੁਕਸ ਹੁੰਦੇ ਹਨ, ਪਰ ਅਸੀਂ ਉਸ ਤੋਂ ਮੁਕਤ ਹੋਣ ਲਈ ਛਟਪਟਾਉਂਦੇ ਹਾਂ... ਪਿਛਲੇ ਪੰਜਾਹ ਦਿਨਾਂ ਵਿਚ ਦੇਸ਼ ਅਜਿਹੇ ਇਤਿਹਾਸਕ ਸ਼ੁੱਧੀ ਯੱਗ ਦਾ ਗਵਾਹ ਬਣਿਆ ਹੈ। ਨਾਗਰਿਕਾਂ ਨੇ ਸਬਰ, ਅਨੁਸ਼ਾਸਨ ਅਤੇ ਸੰਕਲਪ ਦੀ ਮਿਸਾਲ ਕਾਇਮ ਕੀਤੀ ਹੈ... ਜਦੋਂ ਸੱਚਾਈ ਅਤੇ ਚੰਗਿਆਈ ਸਰਕਾਰ ਦਾ ਸਹਿਯੋਗ ਕਰੇਗੀ ਤਾਂ ਦੇਸ਼ ਅੱਗੇ ਵਧੇਗਾ।" ਮੈਨੂੰ ਲੱਗ ਰਿਹਾ ਸੀ ਕਿ ਮੈਂ ਸਿਰਫ਼ ਨੇਤਾ ਨਹੀਂ, ਰਾਸ਼ਟਰ ਨਿਰਮਾਤਾ ਨੂੰ ਸੁਣ ਰਿਹਾ ਹਾਂ। ਦੇਸ਼ ਦੀ ਉਰਜਾ ਨੂੰ ਜਗਾਉਣ ਦੀ ਬੇਨਤੀ ਨਾਲ ਜੁੜਨ ਦਾ ਮਨ ਕੀਤਾ।

ਇੰਨੇ ਵਿਚ ਜਾਦੂਗਰ ਨੇ ਫਿਰ ਆਪਣੀ ਛੜੀ ਘੁੰਮਾ ਦਿੱਤੀ। ਹੁਣ ਮੇਰੇ ਸਾਹਮਣੇ ਸਰਦਾਰ ਪਟੇਲ ਦਾ ਅਕਸ ਸੀ। ਸਹੀ ਨੂੰ ਸਹੀ ਅਤੇ ਗ਼ਲਤ ਨੂੰ ਗ਼ਲਤ ਕਹਿਣ ਵਾਲਾ ਸਪਸ਼ਟਵਾਦੀ ਨੇਤਾ ਜੋ ਜ਼ਰੂਰਤ ਪੈਣ 'ਤੇ ਸਖ਼ਤੀ ਨਾਲ ਪਰਹੇਜ਼ ਨਹੀਂ ਕਰਦਾ। "ਸੱਚ ਇਹ ਹੈ ਕਿ ਵੱਡੇ ਨੋਟਾਂ ਦੀ ਵਰਤੋਂ ਕਾਲੇ ਧਨ ਲਈ ਹੋ ਰਹੀ ਸੀ... ਦੇਸ਼ ਵਿਚ ਸਿਰਫ਼ 24 ਲੱਖ ਲੋਕ ਆਪਣੀ ਸਾਲਾਨਾ ਆਮਦਨ 10 ਲੱਖ ਰੁਪਏ ਤੋਂ ਜ਼ਿਆਦਾ ਐਲਾਨਦੇ ਹਨ। ਕੀ ਇਹ ਸੱਚ ਹੋ ਸਕਦਾ ਹੈ? ਸਰਕਾਰ ਸੱਜਣਾਂ ਦੀ ਮਿੱਤਰ ਹੈ, ਪਰ ਬੁਰਿਆਂ ਨੂੰ ਠੀਕ ਰਾਹ 'ਤੇ ਲਿਆਉਣਾ ਹੋਵੇਗਾ।... ਜੋ ਕਿਸੇ ਬੈਂਕ ਕਰਮਚਾਰੀ ਨੇ ਅਪਰਾਧ ਕੀਤਾ ਹੈ ਤਾਂ ਉਸ ਨੂੰ ਬਖ਼ਸ਼ਿਆ ਨਹੀਂ ਜਾਏਗਾ।" ਚਾਹੇ ਮੈਂ ਹਰ ਗੱਲ ਨਾਲ ਸਹਿਮਤ ਨਹੀਂ ਸੀ, ਪਰ ਸੁਣ ਕੇ ਚੰਗਾ ਲੱਗ ਰਿਹਾ ਸੀ।

ਮੇਰੇ ਵਰਗੇ ਸਾਰੇ ਲੋਕਾਂ ਦੀ ਉਮੀਦ ਵਧ ਗਈ ਸੀ। ਹੁਣ ਪ੍ਰਧਾਨ ਮੰਤਰੀ ਸਾਰੇ ਸੁਆਲਾਂ ਦੇ ਜੁਆਬ ਦੇਣਗੇ: ਪੰਜਾਹ ਦਿਨ ਦੇ ਤਿਆਗ ਨਾਲ ਦੇਸ਼ ਨੇ ਕਿੰਨਾ ਕਾਲਾ ਧਨ ਫੜਿਆ? ਕਿੰਨੇ ਨੋਟ ਬੈਂਕਾਂ ਵਿਚ ਜਮ੍ਹਾਂ ਹੋਏ? ਬੈਂਕਾਂ ਨੇ ਕਿੰਨੇ ਨਵੇਂ ਨੋਟ ਜਾਰੀ ਕੀਤੇ? ਹੁਣ ਕਿੰਨੇ ਦਿਨ ਵਿਚ ਲੋਕ ਆਪਣੇ ਹੀ ਖਾਤੇ ਤੋਂ ਪੈਸੇ ਕਢਾ ਸਕਣਗੇ? ਉਮੀਦ ਇਹ ਵੀ ਸੀ ਕਿ ਜਨਤਾ ਨੂੰ ਗ਼ੈਰ ਜ਼ਰੂਰੀ ਹੋਈ ਪੀੜ ਨੂੰ ਪ੍ਰਧਾਨ ਮੰਤਰੀ ਸਵੀਕਾਰ ਕਰਨਗੇ। ਹਰ ਵੱਡੇ ਕੰਮ ਵਿਚ ਕੁਝ ਗ਼ਲਤੀ ਵੀ ਹੋ ਜਾਂਦੀ ਹੈ। ਉਮੀਦ ਸੀ ਕਿ ਜੇ ਕੋਈ ਭੁੱਲ ਹੋ ਗਈ ਹੋਵੇ ਤਾਂ ਪ੍ਰਧਾਨ ਮੰਤਰੀ ਉਸ ਨੂੰ ਸਾਫ਼ਗੋਈ ਨਾਲ ਜਨਤਾ ਦੇ ਸਾਹਮਣੇ ਰੱਖਣਗੇ। ਵਿਸ਼ਵਾਸ ਸੀ ਕਿ ਜਿਸ ਜਨਤਾ ਨੇ ਉਨ੍ਹਾਂ ਦੇ ਕਹਿਣ 'ਤੇ ਪੰਜਾਹ ਦਿਨ



ਕਸ਼ਟ ਝੱਲਿਆ, ਉਹ ਉਨ੍ਹਾਂ ਦੀ ਛੋਟੀ-ਛੋਟੀ ਭੁੱਲ ਨੂੰ ਵੀ ਅਣਦੇਖਿਆ ਕਰ ਦੇਣਗੇ।

ਇੰਨੇ ਵਿਚ ਬਰੇਕ ਆ ਗਈ। ਬਰੇਕ ਤੋਂ ਬਾਅਦ ਪਰਦੇ 'ਤੇ ਇੰਦਰਾ ਗਾਂਧੀ ਦਾ ਅਕਸ ਸੀ। ਹੁਣ ਯੁੱਗ ਪੁਰਸ਼ ਜਾਂ ਰਾਸ਼ਟਰ ਨਿਰਮਾਤਾ ਦੀ ਥਾਂ ਲੋਕ ਲੁਭਾਵਣਾ ਆਗੂ ਬੋਲ ਰਿਹਾ ਸੀ। ਲੱਗ ਰਿਹਾ ਸੀ ਕਿ ਮੈਂ ਬਜਟ ਭਾਸ਼ਣ ਜਾਂ ਲੋਨ ਮੇਲੇ ਦਾ ਐਲਾਨ ਸੁਣ ਰਿਹਾ ਹਾਂ। ਸੱਚਾਈ ਅਤੇ ਚੰਗਿਆਈ ਦੀ ਗੱਲ ਕਰਦੇ-ਕਰਦੇ ਲੌਲੀਪੌਪ ਵੰਡਣ ਲੱਗੇ... ਤੇ ਜਦੋਂ ਲੌਲੀਪੌਪ ਦਾ ਰੈਪਰ ਖੋਲ੍ਹਿਆ ਤਾਂ ਉਸ ਵਿਚ ਅੱਧੀ ਜੂਠੀ ਨਿਕਲੀ ਅਤੇ ਬਾਕੀ ਝੂਠੀ, ਮਤਲਬ ਕੁਝ ਯੋਜਨਾਵਾਂ ਤਾਂ ਪੁਰਾਣੀਆਂ ਸਨ ਅਤੇ ਬਾਕੀ ਦੇ ਦਾਅਵੇ ਵੱਡੇ ਸਨ ਤੇ ਹਰਕਤ ਛੋਟੀ। ਗਰਭਵਤੀ ਔਰਤ ਨੂੰ 6000 ਰੁਪਏ ਦੀ ਯੋਜਨਾ ਤਾਂ ਖਾਧ ਸੁਰੱਖਿਆ ਕਾਨੂੰਨ ਤਹਿਤ ਸਰਕਾਰ 'ਤੇ ਦੋ ਸਾਲ ਪਹਿਲਾਂ ਲਾਗੂ ਕਰਨ ਦੀ ਬੰਦਿਸ਼ ਸੀ। ਸੱਚਾਈ ਦੀ ਗੱਲ ਕਰਨ ਵਾਲੇ ਪ੍ਰਧਾਨ ਮੰਤਰੀ ਇਸ ਮਜਬੂਰੀ ਨੂੰ ਨਵੀਂ ਯੋਜਨਾ ਦੀ ਤਰ੍ਹਾਂ ਪੇਸ਼ ਕਰ ਰਹੇ ਸਨ। ਛੋਟੇ ਉਦਯੋਗਪਤੀਆਂ ਦੀ ਕਰਜ਼ ਸੀਮਾ ਤਾਂ ਪਹਿਲਾਂ ਹੀ ਵਧ ਚੁੱਕੀ ਹੈ। ਗ਼ਰੀਬਾਂ ਲਈ ਆਵਾਸ ਯੋਜਨਾ ਵਿਚ ਬਸ ਕਰਜ਼ ਦੀ ਸੀਮਾ ਛੇ ਲੱਖ ਤੋਂ ਵਧਾ ਕੇ ਨੌਂ ਲੱਖ ਕਰ ਦੇਣ ਨਾਲ ਕੁਝ ਹੋਣ ਵਾਲਾ ਨਹੀਂ ਹੈ, ਕਿਉਂਕਿ ਇਹ ਯੋਜਨਾ ਤਾਂ ਪਹਿਲਾਂ ਹੀ ਫੇਲ੍ਹ ਹੋ ਚੁੱਕੀ ਹੈ। ਕਿਸਾਨ ਦੇ ਲਈ ਤਾਂ ਕੁਝ ਵੀ ਨਹੀਂ ਸੀ। ਬਸ ਪਿਛਲੀਆਂ ਦੋ ਫ਼ਸਲਾਂ ਦੇ ਕਰਜ਼ੇ ਵਿਚ 60 ਦਿਨ ਦੀ ਵਿਆਜ ਮੁਆਫ਼ੀ ਦਾ ਐਲਾਨ ਹੋਇਆ। ਉਹ ਤਾਂ ਕਰਨਾ ਹੀ ਪੈਂਦਾ ਕਿਉਂਕਿ 50 ਦਿਨ ਤਕ ਤਾਂ ਸਰਕਾਰ ਨੇ ਹੀ ਸਰਕਾਰੀ ਬੈਂਕਾਂ ਨੂੰ ਲਗਭਗ ਬੰਦ ਰੱਖਿਆ। ਕਿਸਾਨਾਂ ਨੂੰ ਨੋਟਬੰਦੀ ਕਾਰਨ ਫ਼ਸਲ ਦੀ ਕੀਮਤ ਅਤੇ ਬੀਜ-ਖਾਦ ਵਿਚ ਕਿਸਾਨ ਨੂੰ ਜੋ ਨੁਕਸਾਨ ਹੋਇਆ ਉਸ ਦਾ ਹਰਜਾਨਾ ਕੌਣ ਦੇਵੇਗਾ? ਮੇਰਾ ਮਨ ਬੁਝਣ ਲੱਗਿਆ ਸੀ, ਪਰ ਉਮੀਦ ਦਾ ਦਾਮਨ ਨਹੀਂ ਛੱਡਿਆ ਸੀ। ਜਾਦੂ ਦੇ ਸ਼ੋਅ ਵਿਚ ਕੀ ਪਤਾ ਕਦੋਂ ਕੀ ਹੋ ਜਾਵੇ!

ਮੈਨੂੰ ਅਜੇ ਵੱਡੇ ਸੁਆਲ ਦੇ ਜੁਆਬ ਦਾ ਇੰਤਜ਼ਾਰ ਸੀ: ਨੋਟਬੰਦੀ ਤਾਂ ਹੋ ਗਈ, ਹੁਣ ਲੁੱਟਬੰਦੀ ਕਦੋਂ ਹੋਵੇਗੀ? ਕਾਲੇ ਧਨ ਦੇ ਰਾਖਸ਼ ਦੇ ਬਾਕੀ ਸਿਰਿਆਂ 'ਤੇ ਕਦੋਂ ਹਮਲਾ ਬੋਲਿਆ ਜਾਏਗਾ? ਕਾਲੇ ਧਨ ਨੂੰ ਹੀਰੇ-ਜਵਾਹਰਾਤ, ਪ੍ਰਾਪਰਟੀ ਅਤੇ ਸ਼ੇਅਰ ਦੇ ਰੂਪ ਵਿਚ ਰੱਖਣ ਵਾਲਿਆਂ ਦਾ ਨੰਬਰ ਕਦੋਂ ਆਏਗਾ? ਵਿਦੇਸ਼ ਤੋਂ ਕਾਲੇ ਧਨ ਨੂੰ ਸਫ਼ੈਦ ਕਰਨ ਦਾ ਧੰਦਾ ਕਦੋਂ ਰੁਕੇਗਾ? ਅਤੇ ਇਸ ਦਸ਼ਾਨਨ ਦੀ ਧੁੰਨੀ, ਮਤਲਬ ਰਾਜਨੀਤੀ ਦੀ ਫੰਡਿੰਗ 'ਤੇ ਕਦੋਂ ਹਮਲਾ ਹੋਵੇਗਾ? ਪਾਰਟੀਆਂ 'ਤੇ ਕਦੋਂ ਪਾਬੰਦੀ ਲੱਗੇਗੀ?

ਇਸ ਵਾਰ ਜਾਦੂਗਰ ਨੇ ਫਿਰ ਛੜੀ ਘੁੰਮਾਈ, ਪਰ ਕੁਝ ਨਹੀਂ ਹੋਇਆ। ਇਸ ਵਾਰ ਪਰਦੇ 'ਤੇ ਖ਼ੁਦ ਨਰੇਂਦਰ ਮੋਦੀ ਹੀ ਦਿਖਾਈ ਦੇ ਰਹੇ ਸਨ। ਤਰ੍ਹਾਂ-ਤਰ੍ਹਾਂ ਦੇ ਅੰਕੜੇ ਦੇ ਰਹੇ ਸਨ, ਬਸ ਉਹ ਅੰਕੜੇ ਨਹੀਂ ਦੱਸ ਰਹੇ ਸਨ ਜੋ ਸਾਰਾ ਦੇਸ਼ ਪੁੱਛ ਰਿਹਾ ਸੀ। ਪੰਜਾਹ ਦਿਨ ਦੇ ਬਾਅਦ ਜੁਆਬ ਦੇਣ ਦੀ ਬਜਾਏ ਸੁਆਲ ਪੁੱਛ ਰਹੇ ਸਨ। ਕਾਲੇ ਧਨ ਦੇ ਸਭ ਤੋਂ ਵੱਡੇ ਸੁਆਲ 'ਤੇ ਚੁੱਪ ਸਨ। ਬਾਕੀ ਸਭ 'ਤੇ ਬੰਦਿਸ਼ਾਂ ਲਗਾਉਣ ਵਾਲੇ ਆਪਣੇ ਆਪ 'ਤੇ ਕੁਝ ਪਾਬੰਦੀ ਲਗਾਉਣ ਦੀ ਗੱਲ ਤੋਂ ਕੰਨੀ ਕਤਰਾ ਰਹੇ ਸਨ। ਰਾਜਨੀਤੀ ਦੀ ਫੰਡਿੰਗ ਬਾਰੇ ਸਿਰਫ਼ ਇੰਨਾ ਕਿਹਾ ਕਿ ਸਾਰੀਆਂ ਪਾਰਟੀਆਂ ਮਿਲ ਕੇ ਇੱਕ ਰਾਇ ਬਣਾਉਣ, ਪਰ ਵਪਾਰੀਆਂ ਅਤੇ ਆਮ ਜਨਤਾ ਨੂੰ ਵੀ ਇਹ ਸਹੂਲਤ ਕਿਉਂ ਨਾ ਮਿਲੇ ਕਿ ਉਹ ਖ਼ੁਦ ਫ਼ੈਸਲਾ ਕਰਨ ਕਿ ਉਨ੍ਹਾਂ 'ਤੇ ਕੀ ਪਾਬੰਦੀ ਲੱਗੇ? ਰਾਜਨੀਤਕ ਸੁਧਾਰ ਦੇ ਮੁੱਦੇ ਨੂੰ ਘੁੰਮਾਉਣ ਲਈ ਪ੍ਰਧਾਨ ਮੰਤਰੀ ਨੇ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਚੋਣਾਂ ਇਕੱਠੀਆਂ ਕਰਾਉਣ ਦਾ ਸ਼ਗੂਫ਼ਾ ਦੁਹਰਾ ਦਿੱਤਾ। ਇਸ ਦਾ ਨੋਟਬੰਦੀ ਅਤੇ ਕਾਲੇ ਧਨ ਨਾਲ ਕੀ ਸਬੰਧ?

ਕਾਲੇ ਧਨ ਦਾ ਸੁਆਲ ਮੰਚ 'ਤੇ ਖੜ੍ਹਾ ਸੀ, ਜਾਦੂਗਰ ਉਸ ਨੂੰ ਗ਼ਾਇਬ ਕਰਨ ਵਾਲਾ ਕਾਲਾ ਜਾਦੂ ਲਗਾ ਰਿਹਾ ਸੀ, ਪਰ ਗੱਲ ਬਣ ਨਹੀਂ ਰਹੀ ਸੀ। ਤਲਿਸਮ ਟੁੱਟ ਗਿਆ ਸੀ, ਹੱਥ ਦੀ ਸਫ਼ਾਈ ਫੜੀ ਗਈ ਸੀ। ਜਾਦੂਗਰ ਮੰਚ 'ਤੇ ਇਕੱਲਾ ਖੜ੍ਹਾ ਸੀ। ਹੁਣ ਵੀ ਕੁਝ-ਕੁਝ ਬੋਲ ਰਿਹਾ ਸੀ- 'ਚੰਪਾਰਨ ਦੇ ਗਾਂਧੀ' ਵਾਲਾ ਮੰਤਰ ਲੱਗ ਰਿਹਾ ਸੀ, ਪਰ ਹੁਣ ਦਰਸ਼ਕ ਉਠ ਕੇ ਜਾਣ ਲੱਗੇ ਸਨ। ਜਾਦੂਗਰ ਨੇ ਅਚਾਨਕ ਸ਼ੋਅ ਖ਼ਤਮ ਕਰ ਦਿੱਤਾ।

ਮੈਂ ਵੀ ਉਠ ਖੜ੍ਹਾ ਹੋ ਗਿਆ। ਜਾਦੂਗਰ ਨੂੰ ਧੰਨਵਾਦ ਕਿਹਾ ਕਿ ਉਸ ਨੇ ਸਾਡੀਆਂ ਅੱਖਾਂ ਖੋਲ੍ਹ ਦਿੱਤੀਆਂ... ਕਾਲੇ ਧਨ ਦਾ ਮੁਕਾਬਲਾ ਕਾਲੇ ਜਾਦੂ ਨਾਲ ਨਹੀਂ ਹੋਵੇਗਾ। ਦਸ ਸਿਰ ਵਾਲੇ ਇਸ ਰਾਖਸ਼ ਦੀ ਧੁੰਨੀ 'ਤੇ ਤੀਰ ਉਹ ਲੋਕ ਨਹੀਂ ਚਲਾਉਣਗੇ ਜਿਨ੍ਹਾਂ ਦੀ ਆਪਣੀ ਤਿਜੋਰੀ ਉਥੇ ਰੱਖੀ ਹੈ। ਇਹ ਕੰਮ ਤੁਹਾਨੂੰ ਅਤੇ ਮੈਨੂੰ ਹੀ ਕਰਨਾ ਹੋਵੇਗਾ। ਇਹੀ ਨਵੇਂ ਸਾਲ ਦਾ ਸੰਕਲਪ ਹੋਣਾ ਚਾਹੀਦਾ ਹੈ।

# ਨਾਟਕ ਨਗਰੀ ਚੰਡੀਗੜ੍ਹ ਦਾ 2016

ਅਸੀਂ ਚੰਡੀਗੜ੍ਹ ਨੂੰ ਪੰਜਾਬੀ ਰੰਗਮੰਚ ਦੀ ਰਾਜਧਾਨੀ ਕਹਿ ਸਕਦੇ ਹਾਂ। ਇਥੇ ਆਏ ਦਿਨ ਕੋਈ ਨਾ ਕੋਈ ਨਾਟਕ ਖੇਡਿਆ ਜਾਂਦਾ ਹੈ। ਗੁਰਸ਼ਰਨ ਸਿੰਘ ਦਾ ਚੰਡੀਗੜ੍ਹ ਸਕੂਲ ਆਫ ਡਰਾਮਾ, ਸਾਹਿਬ ਸਿੰਘ ਦਾ ਅਦਾਕਾਰ ਮੰਚ, ਸੁਦੇਸ਼ ਸ਼ਰਮਾ ਦਾ ਥੀਏਟਰ ਫਾਰ ਥੀਏਟਰ, ਅਨੀਤਾ ਸ਼ਬਦੀਸ਼ ਦਾ ਸੁਚੇਤਕ ਰੰਗਮੰਚ ਤੇ ਸੰਗੀਤਾ ਦਾ ਰੂਪਕ ਕਲਾ ਮੰਚ ਚੰਡੀਗੜ੍ਹੀਆਂ ਦੇ ਅਗਪਣੇ ਗਰੁਪ ਹਨ। ਇਨ੍ਹਾਂ ਤੋਂ ਬਿਨਾ ਅੰਮ੍ਰਿਤਸਰ ਤੋਂ ਕੇਵਲ ਧਾਲੀਵਾਲ ਦਾ ਮੰਚ ਰੰਗਮੰਚ, ਪਟਿਆਲਾ ਤੋਂ ਲਖਾ ਲਹਿਰੀ ਦਾ ਸਾਰਥਕ ਰੰਗਮੰਚ, ਅੰਮ੍ਰਿਤਸਰ ਤੋਂ ਮੰਚ ਪ੍ਰੀਤ ਦੀ ਨਾਟਸ਼ਾਲਾ, ਚਮਕੌਰ ਸਾਹਿਬ ਦਾ ਚੇਤਨਾ ਕਲਾ ਮੰਚ ਆਦਿ ਜਾਣੇ-ਪਛਾਣੇ ਥੀਏਟਰ ਟੋਲੇ ਵੀ ਚੰਡੀਗੜ੍ਹੀਆਂ ਦੇ ਸੱਦੇ ਉਤੇ ਪੂਰੇ ਉਤਸ਼ਾਹ ਨਾਲ ਇਥੇ ਆ ਕੇ ਆਪਣੇ ਜੌਹਰ ਦਿਖਾਉਂਦੇ ਰਹਿੰਦੇ ਹਨ।

ਮੈਂ ਹੁਣ ਤੱਕ ਚੰਡੀਗੜ੍ਹ ਰੰਗਮੰਚ ਦੀ ਦੁਨੀਆਂ ਨੂੰ ਆਪਣੇ ਸੀਨੀਅਰ ਮਿੱਤਰ ਗੁਰਸ਼ਰਨ ਸਿੰਘ ਦੇ ਨਾਟਕਾਂ ਰਾਹੀਂ ਵੇਖਦਾ ਆਇਆ ਹਾਂ ਤੇ ਜਾਂ ਫੇਰ ਆਪਣੇ ਗਰਾਈਂ ਡਾ. ਸਾਹਿਬ ਸਿੰਘ ਦੇ ਨਾਟਕਾਂ ਰਾਹੀਂ। ਪਿਛਲੇ ਕੁਝ ਸਮੇਂ ਤੋਂ ਇਹ ਸਥਾਨ ਸੁਚੇਤਕ ਰੰਗਮੰਚ ਨੇ ਸਾਂਭ ਲਈ ਹੈ। ਮੈਂ 2016 ਦਾ ਚੰਡੀਗੜ੍ਹ ਰੰਗਮੰਚ ਅਨੀਤਾ ਤੇ ਸ਼ਬਦੀਸ਼ ਦੀ ਦੇਣ ਰਾਹੀਂ ਵੇਖਣ ਦੀ ਆਗਿਆ ਲੈਂਦਾ ਹਾਂ।

ਸਾਲ ਦਾ ਅਰੰਭ ਪਾਲੀ ਭੁਪਿੰਦਰ ਸਿੰਘ ਦਾ ਲਿਖਤ ਤੇ ਨਿਰਦੇਸ਼ਿਤ ਨਾਟਕ 'ਦਿੱਲੀ ਰੋਡ 'ਤੇ ਇਕ ਹਾਦਸਾ' ਨਾਲ ਹੋਇਆ ਜਿਸ ਵਿਚ ਇਕ



*ਨਟੀ ਬਿਨੋਦਨੀ ਦੇ ਕਿਰਦਾਰ ਵਿਚ ਅਨੀਤਾ ਸ਼ਬਦੀਸ਼*

ਰਾਣੀਨੁਮਾ ਇਸਤਰੀ ਸਿਆਸੀ ਸ਼ਕਤੀ ਦੀ ਏਨੀ ਭੁੱਖੀ ਹੈ ਕਿ ਉਸ ਦੇ ਪਰਿਵਾਰ ਦਾ ਜਿਹੜਾ ਵੀ ਬੰਦਾ ਉਹਦੇ ਨਾਲ ਨਹੀਂ ਤੁਰਦਾ, ਉਹ ਭੇਤਭਰੀ ਹਾਲਤ ਵਿਚ ਅਲੋਪ ਹੋ ਜਾਂਦਾ ਹੈ। ਉਸ ਦਾ ਪਤੀ ਕਿਵੇਂ ਅਲੋਪ ਹੋਇਆ, ਇਹ ਤਾਂ ਕਿਸੇ ਨੂੰ ਪਤਾ ਨਹੀਂ ਪਰ ਉਹ ਅਪਣੀ ਉਸ ਨੂੰਹ ਨੂੰ ਜਿਹੜੀ ਉਹਦੇ ਵਾਲਾ ਰਸਤਾ ਅਪਨਾਉਣ ਦੀ ਥਾਂ ਝੁੱਗੀ-ਝੋਂਪੜੀਆਂ ਦੇ ਵਸਨੀਕਾਂ ਦਾ ਸੁਧਾਰ ਕਰਨ ਵਿਚ ਡੂੰਘਾ ਵਿਸ਼ਵਾਸ ਰਖਦੀ ਹੈ, ਭੇਤ ਭਰੀ ਅਵਸਥਾ 'ਚ ਅਲੋਪ ਹੋ ਜਾਂਦੀ ਹੈ। ਨਾਟਕ ਦਾ ਨਿਰਦੇਸ਼ਨ ਪਾਲੀ ਨੇ ਸੁਚੇਤਕ ਰੰਗਮੰਚ ਲਈ ਕੀਤਾ ਸੀ।

ਸ਼ਬਦੀਸ਼ ਦੇ ਆਪਣੇ ਨਾਟਕ ਮਨ ਮਿੱਟੀ ਵਿਚ ਅਨੀਤਾ, ਚਾਰ ਪਾਤਰਾਂ-ਅਧਿਆਪਕਾ, ਅਭਿਨੇਤਰੀ, ਸ਼ਹਿਰ ਦੀ ਪੜ੍ਹੀ ਲਿਖੀ ਇਸਤਰੀ ਤੇ ਪਿੰਡ ਦੀ ਅਨਪੜ੍ਹ ਇਸਤਰੀ ਦਾ ਰੋਲ ਕਰਦਿਆਂ ਉਨ੍ਹਾਂ ਦੇ ਦੁਖਦਾਈ ਜੀਵਨ ਦਾ ਪਰਦਾ ਚੁਕਦੀ ਹੈ। ਨਾਟਕ ਦਾ ਅੰਤ ਪਾਕਿਸਤਾਨ ਦੀ ਮੁਖਤਾਰ ਮਾਈ ਦੇ ਜੀਵਨ ਨਾਲ ਹੁੰਦਾ ਹੈ, ਜਿਸ ਨਾਲ ਉਸ ਦੇ ਪਿੰਡ ਦੀ ਪੰਚਾਇਤ ਨੇ ਖੁਲ੍ਹੇਆਮ ਸਮੂਹਕ ਬਲਾਤਕਾਰ ਕੀਤਾ ਸੀ। ਪਾਕਿਸਤਾਨ ਸਰਕਾਰ ਨੂੰ ਇਸ ਕਰਤੂਤ ਨੂੰ ਧੋਣ ਲਈ ਮੁਖਤਾਰ ਮਾਈ ਨੂੰ ਚੋਖੀ ਮਾਇਕ ਸਹਾਇਤਾ ਦੇਣੀ ਪਈ ਸੀ, ਜਿਹੜੀ ਉਸ ਨੇ ਲੈ ਤਾਂ ਲਈ ਪਰ ਇਹਦੇ ਨਾਲ ਪਿੰਡ ਵਿਚ ਕੁੜੀਆਂ ਦਾ ਅਜਿਹਾ ਸਕੂਲ ਖੋਲ੍ਹਿਆ ਜਿਹੜਾ ਉਸ ਦੀ ਮ੍ਰਿਤੂ ਉਪਰੰਤ ਵੀ ਗੱਜ ਵੱਜ ਕੇ ਚਲ ਰਿਹਾ ਹੈ। ਅਨੀਤਾ ਇਹ ਸਾਰੇ ਰੋਲ ਖੁਦ ਨਿਭਾਉਂਦੀ ਹੈ। ਇਥੋਂ ਤੱਕ ਕਿ ਸੂਤਰਧਾਰ ਵੀ ਖੁਦ ਹੀ ਹੈ। ਅਦਾਕਾਰੀ ਦੀ ਸਿਖਰ ਹੀ ਸਮਝੋ।

ਨਾਟਕ '1084 ਦੀ ਮਾਂ' ਲੇਖਕ-ਨਿਰਦੇਸ਼ਕ ਸ਼ਬਦੀਸ਼ ਵਲੋਂ ਮਹਾਸ਼ਵੇਤਾ ਦੇਵੀ ਦੇ ਪ੍ਰਸਿਧ ਨਾਵਲ ਦਾ ਪੰਜਾਬੀ ਰੂਪ ਹੈ ਜਿਸ ਵਿਚ ਕਲਕੱਤਾ ਦੇ ਨਕਸਲੀ ਨੌਜਵਾਨ 1970 ਵਿਚ ਸੱਤਾਧਾਰੀ ਹਿੰਸਾ ਦਾ ਸ਼ਿਕਾਰ ਹੋਏ ਸਨ। ਉਨ੍ਹਾਂ ਵਿਚੋਂ ਇੱਕ ਨੌਜਵਾਨ ਨੂੰ ਸਮੇਂ ਦੀ ਸਰਕਾਰ ਜੇਲ੍ਹ ਵਿਚ ਬੰਦ ਕਰਕੇ ਇੰਨੇ ਤਸੀਹੇ ਦਿੰਦੀ ਹੈ ਕਿ ਉਸ ਦੀ ਮੌਤ ਹੋ ਜਾਂਦੀ ਹੈ। ਨਾਟਕ ਉਸ 1084 ਨੰਬਰ ਕੈਦੀ ਦੀ ਮਾਂ ਦੇ ਦਰਦ ਨੂੰ ਉਭਾਰਦਾ ਹੈ ਤੇ ਅੰਤ ਵਿਚ ਇਹ ਮਾਂ ਆਪਣੇ ਮ੍ਰਿਤਕ ਬੇਟੇ ਲਈ ਕੱਢੇ ਗਏ ਜਲੂਸ ਦੀ ਅਗਵਾਈ ਕਰਦੀ ਦਿਖਾਈ ਗਈ ਹੈ।

2016 ਦਾ ਅੰਤ 1874 ਵਿਚ ਕਲਕੱਤਾ ਦੇ ਬੰਗਾਲੀ ਰੰਗਮੰਚ ਉਤੇ ਆਈ ਨਟੀ ਬਿਨੋਦਨੀ ਦੇ ਨਾਟਕੀ ਰੂਪਾਂਤਰ ਨਾਲ ਹੁੰਦਾ ਹੈ। ਇਹ ਅਦਾਕਾਰ ਵੇਸਵਾ ਮਾਂ ਤੇ ਵੇਸਵਾ ਨਾਨੀ ਦੇ ਪਰਿਵਾਰ ਵਿਚੋਂ ਹੋਣ ਕਾਰਨ ਖੁਦ ਵੀ ਵੇਸਵਾ ਦਾ ਜੀਵਨ ਜਿਊਣ ਲਈ ਮਜਬੂਰ ਸੀ। ਪਰ ਉਹ ਇਸ ਜੀਵਨ ਵਿਚੋਂ ਨਾਟਕੀ ਜਗਤ ਵਿਚ ਜਾਣਾ ਚਾਹੁੰਦੀ ਸੀ, ਜਿਥੇ ਉਸ ਦੀ ਅਦਾਕਾਰੀ ਦੇ ਦਰਸ਼ਕਾਂ ਦਾ ਕੋਈ ਅੰਤ ਨਹੀਂ ਸੀ। ਪਰ ਨਾਟਕ ਜਗਤ ਦੇ ਮੁਖੀਏ ਤੇ ਸਰਪ੍ਰਸਤ ਉਸ ਨੂੰ ਇਸ ਦੁਨੀਆਂ ਵਿਚ ਦਾਖਲ ਹੋਣ ਦੇ ਰਾਹ ਵਿਚ ਏਨਾ ਵੱਡਾ ਅੜਿਕਾ ਬਣੇ ਹੋਏ ਸਨ ਕਿ ਉਸ ਨੂੰ ਰੰਗਮੰਚ ਦੀ ਦੁਨੀਆਂ ਨੂੰ ਸਦਾ ਲਈ ਤਿਆਗਣਾ ਪੈ ਜਾਂਦਾ ਹੈ। ਇਸ ਨਾਟਕ ਦਾ ਮੂਲ ਧੁਰਾ ਨਟੀ ਬਿਨੋਦਨੀ ਦੀ 1931 ਵਿਚ ਲਿਖੀ ਆਤਮਕਥਾ ਹੈ। ਨਾਟਕ ਅਰੰਭ ਤੋਂ ਅੰਤ ਤੱਕ ਇਸਤਰੀ ਜਾਤ ਪ੍ਰਤੀ ਮਰਦ ਬਿਰਤੀ ਦੀ ਹੈਂਕੜ ਦੀ ਗਾਥਾ ਹੈ।

ਪਿਛਲਾ ਸਾਲ ਚੰਡੀਗੜ੍ਹ ਰੰਗਮੰਚ ਸੰਸਾਰ ਵਲੋਂ ਇੱਕ ਨਵੇਂ ਅਨੁਭਵ ਵਜੋਂ ਵੀ ਚੇਤੇ ਕੀਤਾ ਜਾਵੇਗਾ। ਜਿਸ ਤਿੰਨ ਰੋਜ਼ਾ ਨਾਟ ਉਤਸਵ ਦੇ ਅੰਤਲੇ ਦਿਨ ਨਟੀ ਬਿਨੋਦਨੀ ਖੇਡਿਆ ਗਿਆ, ਟੈਗੋਰ ਥੀਏਟਰ ਵਾਲਿਆਂ ਨੇ 100 ਰੁਪਏ ਪ੍ਰਤੀ ਦਰਸ਼ਕ ਟਿਕਟ ਲਾ ਰੱਖੀ ਸੀ। ਦੇਖ ਕੇ ਬੜੀ ਖੁਸ਼ੀ ਹੋਈ ਕਿ ਚੰਦ ਇਕ ਖਾਲੀ ਕੁਰਸੀਆਂ ਨੂੰ ਛੱਡ ਕੇ ਸਾਰਾ ਹਾਲ ਦਰਸ਼ਕਾਂ ਨਾਲ ਭਰਿਆ ਹੋਇਆ ਸੀ। ਇਹ ਤਜਰਬਾ ਕੁਝ ਵਰ੍ਹੇ ਪਹਿਲਾਂ ਆਤਮਜੀਤ ਨੇ ਆਪਣੇ ਨਾਟਕ 'ਮੈਂ ਤਾਂ ਇਕ ਸਾਰੰਗੀ ਹਾਂ' ਦੇ ਨਾਲ ਕੀਤਾ ਸੀ।

ਚੇਤੇ ਰਹੇ, ਰੰਗਮੰਚ ਸੰਸਾਰ ਦੇ ਕਰੀਬ ਸਾਰੇ ਮੁਖੀ ਕ੍ਰਾਂਤੀਕਾਰੀ ਨਾਟਕਕਾਰ ਗੁਰਸ਼ਰਨ ਸਿੰਘ ਦੇ ਨਾਟਕਾਂ ਵਿਚ ਕੰਮ ਕਰਕੇ ਆਪੋ-ਆਪਣੀਆਂ ਨਾਟਕ ਮੰਡਲੀਆਂ ਬਣਾਉਣ ਦੇ ਰਾਹ ਤੁਰੇ ਹਨ।

**ਅੰਤਿਕਾ:** ਮਿਰਜ਼ਾ ਗਾਲਿਬ
ਬਨਾ ਕਰ ਫਕੀਰੋਂ ਕਾ ਹਮ ਭੇਸ ਗਾਲਿਬ
ਤਮਾਸ਼ਾ-ਏ-ਅਹਿਲ-ਏ-ਕਰਮ ਦੇਖਤੇ ਹੈਂ।

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

# ਲੋਹੜੀ ਦੇ ਗੀਤ

ਰਵਾਇਤੀ ਤੌਰ 'ਤੇ ਲੋਹੜੀ ਖੁਸ਼ੀ ਦਾ ਦਿਨ ਦਿਹਾਰ ਹੈ। ਪੁਰਾਣੇ ਵੇਲਿਆਂ ਵਿਚ ਆਮ ਕਰ ਕੇ ਮੁੰਡੇ ਦੇ ਜੰਮਣ ਜਾਂ ਮੁੰਡਾ ਵਿਆਹੇ ਜਾਣ 'ਤੇ ਲੋਹੜੀ ਦਾ ਤਿਓਹਾਰ ਬੜੇ ਚਾਅਵਾਂ ਨਾਲ ਮਨਾਇਆ ਜਾਂਦਾ। ਮੁੰਡੇ-ਕੁੜੀਆਂ ਖੁਸ਼ੀ ਵਾਲੇ ਘਰ ਲੋਹੜੀ ਮੰਗਣ ਜਾਂਦੇ। ਉਸ ਘਰ ਦੇ ਜੀਅ ਵੀ ਲੋਹੜੀ ਮੰਗਣ ਆਏ ਮੁੰਡੇ-ਕੁੜੀਆਂ ਨੂੰ ਬੜੇ ਚਾਅ ਨਾਲ ਗੁੜ, ਰਿਉੜੀਆਂ, ਮੱਕੀ ਦੀਆਂ ਖਿੱਲਾਂ ਆਦਿ ਵੰਡਦੇ। ਪਰ ਅੱਜ ਸਮਾਂ ਬਦਲ ਚੁਕਾ ਹੈ। ਲੋਹੜੀ ਹੁਣ ਮਿਥ ਕੇ ਮਨਾਏ ਪ੍ਰੋਗਰਾਮ ਜਿਹੀ ਹੀ ਰਹਿ ਗਈ ਹੈ। ਇਹ 'ਹੈਪੀ ਲੋਹੜੀ' ਤੱਕ ਹੀ ਸੀਮਤ ਰਹਿ ਗਈ ਹੈ। ਲੋਹੜੀ ਦੇ ਗੀਤ ਹੁਣ ਭੁੱਲਦੇ ਜਾ ਰਹੇ ਹਨ। ਪਿੰਡਾਂ ਵਿਚ ਵੀ ਹੁਣ ਲੋਹੜੀ ਪਹਿਲੇ ਉਤਸ਼ਾਹ ਨਾਲ ਨਹੀਂ ਮਨਾਈ ਜਾਂਦੀ, ਨਾ ਹੀ ਕੋਈ ਮੁੰਡਾ-ਕੁੜੀ ਕਿਸੇ ਦੇ ਘਰ ਗੁੜ-ਪਾਥੀਆਂ ਮੰਗਣ ਜਾਂਦਾ ਹੈ। ਸੈਂਕੜਿਆਂ ਦੀ ਗਿਣਤੀ ਵਿਚ ਲੋਹੜੀ ਦੇ ਗੀਤ ਉਪਲਬਧ ਹੋਣ ਦੇ ਬਾਵਜੂਦ ਇੱਕ ਗੀਤ ਵੀ ਅਜਿਹਾ ਨਹੀਂ ਮਿਲਦਾ ਜਿਸ ਵਿਚ ਨਵਜੰਮੀ ਕੁੜੀ ਦੀ ਵਧਾਈ ਮੰਗਣ ਦਾ ਜ਼ਿਕਰ ਹੋਵੇ। ਖੁਸ਼ੀ ਦੀ ਗੱਲ ਹੈ ਕਿ ਹੁਣ ਮੁੰਡੇ-ਕੁੜੀਆਂ ਵਿਚਲਾ ਫਰਕ ਕੁਝ ਘਟਦਾ ਜਾ ਰਿਹਾ ਹੈ। ਕਿਤੇ ਨਾ ਕਿਤੇ ਕੁੜੀਆਂ ਦੀ ਲੋਹੜੀ ਮਨਾਈ ਜਾਣ ਲੱਗ ਪਈ ਹੈ।

ਪੰਜਾਬ ਵਿਚ ਗਾਏ ਜਾਂਦੇ ਲੋਹੜੀ ਦੇ ਗੀਤਾਂ ਵਿਚ 'ਸੁੰਦਰ ਮੁੰਦਰੀਏ' ਨਾਂ ਦਾ ਇੱਕ ਲੋਕ ਗੀਤ ਬੜਾ ਪ੍ਰਸਿੱਧ ਹੈ ਜੋ ਲੋਹੜੀ ਦੇ ਪਿਛੋਕੜ ਨਾਲ ਜੁੜੀ ਕਹਾਣੀ ਬਿਆਨ ਕਰਦਾ ਹੈ। ਇਹ ਕਹਾਣੀ ਮੁਗਲ ਸਮਰਾਟ ਅਕਬਰ ਦੇ ਸਮਕਾਲੀ ਦੁੱਲੇ ਭੱਟੀ ਨਾਮੀਂ ਲੋਕ ਨਾਇਕ ਨਾਲ ਸਬੰਧ ਰੱਖਦੀ ਹੈ। ਬੱਚੇ 'ਸੁੰਦਰ ਮੁੰਦਰੀਏ' ਗੀਤ ਨੂੰ ਬੜੇ ਉਤਸ਼ਾਹ ਨਾਲ ਗਾਉਂਦੇ:

ਸੁੰਦਰ-ਮੁੰਦਰੀਏ, ਹੋ।
ਤੇਰਾ ਕੌਣ ਵਿਚਾਰਾ, ਹੋ।
ਦੁੱਲਾ ਭੱਟੀ ਵਾਲਾ, ਹੋ।
ਦੁੱਲੇ ਧੀ ਵਿਆਹੀ, ਹੋ।
ਸੇਰ ਸ਼ੱਕਰ ਪਾਈ, ਹੋ।
ਕੁੜੀ ਦਾ ਲਾਲ ਪਟਾਕਾ, ਹੋ।
ਕੁੜੀ ਦਾ ਸਾਲੂ ਪਾਟਾ, ਹੋ।
ਸਾਲੂ ਕੌਣ ਸਮੇਟੇ, ਹੋ।
ਚਾਚਾ ਗਾਲੀ ਦੇਸੇ, ਹੋ।
ਚਾਚੇ ਚੂਰੀ ਕੁੱਟੀ, ਹੋ।
ਜ਼ਿਮੀਂਦਾਰਾਂ ਲੁੱਟੀ, ਹੋ।
ਜ਼ਿਮੀਂਦਾਰ ਸੁਧਾਏ, ਹੋ।
ਗਿਣ ਗਿਣ ਪੌਲੇ ਲਾਏ, ਹੋ।
ਇੱਕ ਪੌਲਾ ਰਹਿ ਗਿਆ,
ਸਿਪਾਹੀ ਫੜ੍ਹ ਕੇ ਲੈ ਗਿਆ।
ਸਿਪਾਹੀ ਨੇ ਮਾਰੀ ਇੱਟ,
ਭਾਵੇਂ ਰੋ ਤੇ ਭਾਵੇਂ ਪਿੱਟ।

ਬੱਚਿਆਂ ਨੇ ਹੋਰਨਾਂ ਘਰਾਂ ਵਿਚ ਜਾ ਕੇ ਵੀ ਲੋਹੜੀ ਮੰਗਣੀ ਹੁੰਦੀ ਹੈ, ਜੇ ਕਿਸੇ ਘਰ ਵਾਲੇ ਲੋਹੜੀ ਦਾ ਗੁੜ ਦੇਣ ਵਿਚ ਦੇਰੀ ਕਰ ਦੇਣ ਤਾਂ ਬੱਚੇ ਉਚੀ-ਉਚੀ ਗਾਉਂਦੇ:

ਕੋਠੇ 'ਤੇ ਪਰਨਾਲਾ
ਸਾਨੂੰ ਖੜ੍ਹਿਆਂ ਨੂੰ ਲੱਗਦਾ ਪਾਲਾ
ਸਾਡੀ ਲੋਹੜੀ ਮਨਾ ਦਿਓ।

ਮੁੰਡਿਆਂ ਦੇ ਹੋਰ ਵੀ ਅਨੇਕਾਂ ਗੀਤ ਮਿਲਦੇ ਹਨ। ਮੁੰਡੇ ਅੱਧੀ ਰਾਤ ਤਕ ਪਿੰਡ ਵਿਚ ਗਾਹ ਪਾਈ ਰੱਖਦੇ।

ਕੁੜੀਆਂ ਜਿਨ੍ਹਾਂ ਵਿਚ ਆਮ ਕਰਕੇ ਮੁਟਿਆਰਾਂ ਸ਼ਾਮਲ ਹੁੰਦੀਆਂ, ਨਵਜੰਮੇ ਮੁੰਡੇ ਵਾਲਿਆਂ ਦੇ ਘਰ ਜਾ ਕੇ ਗੀਤ ਗਾਉਂਦੀਆਂ ਹੋਈਆਂ ਵਿਖਾਈਆਂ ਦਾ ਗੁੜ, ਗੁੜ ਦੀ ਭੇਲੀ ਦੇ ਰੂਪ ਵਿਚ ਮੰਗਦੀਆਂ। ਉਹ ਬੜੀ ਸੁਰੀਲੀ ਅਤੇ ਠਰ੍ਹੰਮੇ ਵਾਲੀ ਸੁਰ ਵਿਚ ਗੀਤ ਗਾਉਂਦੀਆਂ:

ਤਿਲ ਛੱਟੇ ਛੰਡ ਛਡਾਏ
ਗੁੜ ਦੇਹ ਮੁੰਡੇ ਦੀਏ ਮਾਏ
ਅਸੀਂ ਗੁੜ ਨਹੀਂ ਲੈਣਾ ਥੋੜ੍ਹਾ
ਅਸੀਂ ਲੈਣਾ ਗੁੜ ਦਾ ਰੋੜਾ
ਤਿਲ ਚੌਲੀਏ ਨੀਂ
ਗੀਗਾ ਜੰਮਿਆ ਨੀਂ
ਗੁੜ ਵੰਡਿਆ ਨੀਂ
ਗੁੜ ਦੀਆਂ ਰੋੜੀਆਂ ਨੀਂ
ਭਰਾਵਾਂ ਜੋੜੀਆਂ ਨੀਂ
ਗੀਗਾ ਆਪ ਜੀਵੇਗਾ
ਮਾਈ ਬਾਪ ਜੀਵੇਗਾ
ਸਹੁਰਾ ਸਾਕ ਜੀਵੇਗਾ।

ਲੋਹੜੀਏ ਨੀ!
ਗਿੱਗੇ ਮੌਲੀਏ ਨੀ।
ਗਿੱਗਾ ਜੰਮਿਆ ਨੀ,
ਗੁੜ ਵੰਡਿਆ ਨੀ।
ਗੁੜ ਦੀਆਂ ਰੋੜੀਆਂ ਨੀ,
ਭੰਨ ਮਰੋੜੀਆਂ ਨੀ।
ਭਰਮਾਂ ਜੋੜੀਆਂ ਨੀ,
ਨੀ ਤੇਰਾ ਗਿੱਗੜਾ।
ਜੀਵੇ ਟੋਪੀ ਵਾਲੜਾ,
ਜੀਵੇ ਭੈਣ-ਭਤੀਜੜਾ।
ਇਹ ਮੇਰੀ ਲੋਹੜੀ ਸੁਲੱਖਣੀ,
ਲੋਹੜੀ ਨੂੰ ਗੁੜ ਦੀ ਰੋੜੀ ਪਾਇਓ ਜੀ।

ਸੋਟੀ ਨੀ ਇਕ ਸੋਟੀ ਨੀ,
ਰੱਬ ਦੇਵੇ ਵੀਰਾ ਵੌਟ੍ਹੀ ਨੀ।
ਇਸ ਵੌਟ੍ਹੀ ਵੇਲ ਵਧਾਈ ਜੀ,
ਘਰ ਵਿਹੜੇ ਮਹਿਕ ਲਗਾਈ ਜੀ।
ਇਸ ਵੌਟ੍ਹੀ ਦੇ ਲੰਮੇ ਵਾਲ,
ਸੀਸ ਗੁੰਦਾਵੇ ਚੰਬੇ ਨਾਲ।
ਸੋਈ ਚੰਬਾ ਲੋੜੀਦਾ,
ਇਕ ਬਾਲਣ ਚਾਹੀਏ ਲੋਹੜੀ ਦਾ।

ਨੀ ਲੋਹੜੀਏ ਪਕਾਵੇ ਇਹਦੀ ਅੰਮਾਂ,
ਨੀ ਲੋਹੜੀਏ ਜਿਹਦਾ ਜੂੜਾ ਲੰਮਾ।



ਕੰਡਾ ਨੀ, ਲੋਕੜੀਓ ਕੰਡਾ।
ਕੰਡਾ ਨੀ, ਲੋਕੜੀਓ ਕੰਡਾ।
ਇਸ ਕੰਡੇ ਦੇ ਨਾਲ ਕਲੀਰੇ,
ਜੁੱਗ ਜੀਵਣ ਨੀ ਭੈਣੇ ਤੇਰੇ ਵੀਰੇ।
ਇਨ੍ਹਾਂ ਵੀਰਾਂ ਨੇ ਪਾ ਲਈ ਹੱਟੀ,
ਇਸ ਹੱਟੀ ਦਾ ਬੂਹਾ ਉਚਾ,
ਇਸ ਭਾਬੋ ਦਾ ਚੂੜਾ ਸੁੱਚਾ।

ਸੁਣ ਲੋਹੜੀਏ! ਚਾਰ ਨਿੰਬੂ ਪੱਕੇ।
ਸੁਣ ਲੋਹੜੀਏ! ਭਾਬੋ ਚੜ੍ਹ ਗਈ ਯੱਕੇ।
ਸੁਣ ਲੋਹੜੀਏ! ਭਾਬੋ ਕੁੱਛੜ ਗਿੱਗਾ।
ਸੁਣ ਲੋਹੜੀਏ! ਮੈਂ ਸੁਣਿਆ ਭਤੀਜਾ।
ਸੁਣ ਲੋਹੜੀਏ! ਭਤੀਜੇ ਪੈਰੀਂ ਕੜੀਆਂ।
ਸੁਣ ਲੋਹੜੀਏ! ਕਿਸ ਸੁਨਿਆਰੇ ਘੜੀਆਂ।
ਸੁਣ ਲੋਹੜੀਏ! ਪਹਿਨਣ ਵਾਲਾ ਹੀਰਾ।
ਸੁਣ ਲੋਹੜੀਏ! ਦੀਵਾਲੀ ਵਾਲਾ ਦੀਵਾ।

ਲੋਹੜੀ ਦਾ ਮਹੀਨਾ ਚੜ੍ਹਿਆ,
ਵੀਰ ਮੇਰਾ ਘਰ ਆਇਆ।
ਨਾ ਮੇਰੀ ਨਣਦੇ ਲੱਸੀ ਦਿਤੀ,
ਨਾ ਮੇਰਾ ਵੀਰ ਬੁਲਾਇਆ।
ਲੱਸੀ ਛੱਡ ਮੈਂ ਦੁੱਧ ਪਿਲਾਮਾਂ,
ਪੀ ਮੇਰੀ ਅੰਮਾ ਜਾਇਆ।

ਅਸੀਂ ਆਈਆਂ ਕੁੜੇ!
ਅਸੀਂ ਆਈਆਂ ਕੁੜੇ!
ਆਈਆਂ ਲੰਬੜਾਂ ਦੇ ਵਿਹੜੇ ਕੁੜੇ!
ਲੰਬੜਾਂ ਨੇ ਕੀ ਕੁਛ ਦਿਤਾ ਕੁੜੇ!
ਦਿਤੀਆਂ ਲੇਫ਼ ਤਲਾਈਆਂ ਕੁੜੇ!
ਲੇਫ਼ੀ ਕੌਣ ਕੌਣ ਸੁੱਤਾ ਕੁੜੇ!
ਸੁੱਤਾ ਭੈਣ ਦਾ ਵੀਰਾ ਕੁੜੇ!
ਸੁੱਤੇ ਨੂੰ ਕੌਣ ਜਗਾਵੇ ਕੁੜੇ!
ਜਗਾਵੇ ਇਹਦੀ ਅੰਮਾਂ ਕੁੜੇ!
ਲਿਆਵੇ ਦੁੱਧ ਦਾ ਛੰਨਾ ਕੁੜੇ!
ਛੰਨੇ ਦੇ ਵਿਚ ਮੇਵਾ ਕੁੜੇ!
ਜੁੱਗ ਜੀਵੇ ਬੱਚੜਾ ਤੇਰਾ ਕੁੜੇ!

ਗੀਤਾਂ ਦੀ ਸੁਰ ਹੋਰ ਤਿੱਖੀ ਹੋਈ ਜਾਂਦੀ ਜਦੋਂ ਘਰ ਵਾਲੇ ਬਾਹਰ ਨਾ ਨਿਕਲਦੇ ਤੇ ਜਾਣ-ਬੁੱਝ ਕੇ ਦੇਰੀ ਕਰਦੇ। ਕੁੜੀਆਂ ਅਗਲਾ ਗੀਤ ਛੋਹ ਦਿੰਦੀਆਂ:

ਤਿਲੀ ਹਰੀਓ ਭਰੀ
ਤਿਲੀ ਮੋਤੀਆਂ ਜੜੀ
ਤਿਲੀ ਓਸ ਘਰ ਜਾ,
ਜਿੱਥੇ ਕਾਕੇ ਦਾ ਵਿਆਹ
ਕਾਕਾ ਜੰਮਿਆ ਸੀ
ਗੁੜ ਵੰਡਿਆ ਸੀ
ਗੁੜ ਦੀਆਂ ਰੋੜੀਆਂ ਜੀ
ਭਰਾਵਾਂ ਜੋੜੀਆਂ ਜੀ।

ਉਹ ਤਾਂ ਗੀਗੇ ਦੇ ਭਰ ਜਵਾਨ ਹੋ ਕੇ ਵਿਆਹੇ ਜਾਣ ਦੀ ਵੀ ਕਾਮਨਾ ਕਰਦੀਆਂ:

ਮੂਲੀ ਦਾ ਖੇਤ ਹਰਿਆ ਭਰਿਆ
ਵੀਰ ਸੁਦਾਗਰ ਘੋੜੀ ਚੜ੍ਹਿਆ
ਆ ਵੀਰਾ ਤੂੰ ਜਾਹ ਵੀਰਾ
ਬੰਨੀ ਨੂੰ ਲਿਆ ਵੀਰਾ
ਬੰਨੀ ਤੇਰੀ ਹਰੀ ਭਰੀ
ਫੁੱਲਾਂ ਦੀ ਚੰਗੇਰ ਭਰੀ
ਇੱਕ ਫੁੱਲ ਡਿੱਗ ਪਿਆ
ਰਾਜੇ ਦੇ ਦਰਬਾਰ ਪਿਆ
ਰਾਜੇ ਬੇਟੀ ਸੁੱਤੀ ਸੀ
ਸੁੱਤੀ ਨੂੰ ਜਗਾ ਲਿਆ
ਰੱਤੇ ਡੋਲੇ ਪਾ ਲਿਆ
ਰੱਤਾ ਡੋਲਾ ਕਾਈ ਦਾ
ਸੱਤੇ ਵੀਰ ਵਿਆਹੀ ਦਾ।

ਉਹ ਮੁੰਡੇ ਦੀ ਮਾਂ ਨੂੰ ਅਸੀਸਾਂ ਦਿੰਦੀਆਂ ਹੋਈਆਂ ਕਾਮਨਾ ਕਰਦੀਆਂ:

ਪਾ ਨੀਂ ਮਾਏ ਪਾ
ਕਾਲੇ ਕੁੱਤੇ ਨੂੰ ਵੀ ਪਾ
ਕਾਲਾ ਕੁੱਤਾ ਦਏ ਵਧਾਈ
ਤੇਰੀ ਜੀਵੇ ਮੱਝੀਂ ਗਾਈਂ
ਮੱਝੀਂ ਗਾਈਂ ਨੇ ਦਿੱਤਾ ਦੁੱਧ
ਤੇਰੇ ਜੀਵਨ ਸੱਤੇ ਪੁੱਤ
ਸਾਨੂੰ ਸੇਰ ਸ਼ੱਕਰ ਪਾਈ
ਡੋਲੀ ਛਮ ਛਮ ਕਰਦੀ ਆਈ।

ਜਦੋਂ ਘਰ ਦੀਆਂ ਸੁਆਣੀਆਂ ਕੰਮ ਦੇ ਰੁਝੇਵਿਆਂ ਵਿਚ ਰੁੱਝੇ ਹੋਣ ਕਾਰਨ ਕੁੜੀਆਂ ਨੂੰ ਭੇਲੀ ਦੇਣ ਵਿਚ ਦੇਰੀ ਕਰ ਦਿੰਦੀਆਂ ਤਾਂ ਕੁੜੀਆਂ ਗਾਉਂਦੀਆਂ ਹੋਈਆਂ ਛੇਤੀ ਤੋਰਨ ਲਈ ਆਖਦੀਆਂ:

ਰੱਤੇ ਚੀਰੇ ਵਾਲੀ
ਸਾਡੇ ਪੈਰਾਂ ਹੇਠ ਸਲਾਈਆਂ
ਅਸੀਂ ਕਿਹੜੇ ਵੇਲੇ ਦੀਆਂ ਆਈਆਂ
ਸਾਡੇ ਪੈਰਾਂ ਹੇਠ ਰੋੜ
ਸਾਨੂੰ ਛੇਤੀ ਛੇਤੀ ਤੋਰ।

ਕਈ ਘਰ ਵਾਲੇ ਕੁੜੀਆਂ ਨੂੰ ਗਿੱਧਾ ਪਾਉਣ ਲਈ ਵੀ ਆਖਦੇ। ਇਸ ਤਰ੍ਹਾਂ ਨੱਚਦਿਆਂ-ਟੱਪਦਿਆਂ ਲੋਹੜੀ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ ਜਾਂਦੀਆਂ। ਕੁੜੀਆਂ ਵੱਲੋਂ ਘਰ ਘਰ ਜਾ ਕੇ 'ਕੱਠਾ ਕੀਤਾ ਗੁੜ ਸੱਥ ਵਿਚ ਲਿਆ ਕੇ ਸਭ ਨੂੰ ਇੱਕੋ ਜਿੰਨਾ ਵਰਤਾ ਦਿੱਤਾ ਜਾਂਦਾ ਅਤੇ ਵੱਖ-ਵੱਖ ਥਾਂਵਾਂ 'ਤੇ ਬਲਦੀਆਂ ਧੂਣੀਆਂ ਉਤੇ ਤਿਲ ਸੁੱਟੇ ਜਾਂਦੇ ਜੋ ਪਟਾਕ ਪਟਾਕ ਕਰਕੇ ਅਨੁਪਮ ਰਾਗ ਉਤਪੰਨ ਕਰਦੇ।

ਪਰ ਇਹ ਸਭ ਕੁਝ ਹੋਰ ਬਹੁਤ ਸਾਰੀਆਂ ਪੰਜਾਬੀ ਲੋਕ ਰਵਾਇਤਾਂ ਵਾਂਗ ਹੁਣ ਅਲੋਪ ਹੁੰਦਾ ਜਾ ਰਿਹਾ ਹੈ। ਘੱਟ ਹੀ ਕਿਤੇ ਬੱਚੇ ਲੋਹੜੀ ਮੰਗਣ ਜਾਂਦੇ ਹਨ ਅਤੇ ਘੱਟ ਹੀ ਕਿਤੇ ਲੋਹੜੀ ਬਾਲੀ ਜਾਂਦੀ ਹੈ।

**-ਗੁਰਮੀਤ ਸਿੰਘ**

# ਸਿੱਖ ਇਸਤਰੀ ਸ਼ਕਤੀ ਦੀ ਪ੍ਰਤੀਕ ਮਾਈ ਭਾਗੋ

**ਗੁਰਮਤਿ ਵਿਚਾਰ**



ਡਾ. ਗੁਰਨਾਮ ਕੌਰ, ਪਟਿਆਲਾ

ਗੁਰੂ ਨਾਨਕ ਸਾਹਿਬ ਨੇ ਮਨੁੱਖ ਦੀ ਬਰਾਬਰੀ ਦਾ ਜੋ ਸਿਧਾਂਤ ਦਿੱਤਾ, ਉਸ ਦਾ ਆਧਾਰ ਹੈ, 'ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥" ਇਸ ਸਿਧਾਂਤ ਅਨੁਸਾਰ ਸਾਰੇ ਮਨੁੱਖਾਂ ਵਿਚ, ਭਾਵੇਂ ਉਹ ਇਸਤਰੀ ਹੈ ਜਾਂ ਪੁਰਸ਼, ਉਸ ਇੱਕ ਅਕਾਲ ਪੁਰਖ ਦੀ ਜੋਤਿ ਇਕਸਾਰ ਵਿਆਪਕ ਹੈ। ਇਸ ਸਿਧਾਂਤ 'ਤੇ ਆਧਾਰਤ ਜਿਸ ਨਵੇਂ ਧਰਮ ਦੀ ਨੀਂਹ ਉਨ੍ਹਾਂ ਨੇ ਰੱਖੀ, ਉਸ ਵਿਚ ਮਨੁੱਖ ਨੂੰ ਇੱਕੋ ਇੱਕ ਪਰਮ ਹਸਤੀ ੴ ਵਿਚ ਆਪਣਾ ਵਿਸ਼ਵਾਸ ਦ੍ਰਿੜ ਕਰਨ ਦੇ ਨਾਲ ਨਾਲ ਉਸ ਦੇ ਉਚਤਮ ਗੁਣਾਂ ਨੂੰ ਅਪਨਾਉਂਦਿਆਂ ਨਿਰਭਉ ਤੇ ਨਿਰਵੈਰ ਹੋ ਕੇ ਸਵੈਮਾਣ ਨਾਲ ਜਿਉਣ ਦਾ ਰਸਤਾ ਦੱਸਿਆ ਅਤੇ ਨਾਲ ਹੀ ਇੱਕ ਅਕਾਲ ਪੁਰਖ ਦੀ ਜੋਤਿ ਤੋਂ ਪੈਦਾ ਹੋਣ ਕਰਕੇ ਸਾਰੇ ਮਨੁੱਖਾਂ ਦੀ ਬਰਾਬਰੀ ਦੇ ਸਿਧਾਂਤ 'ਤੇ ਇੱਕ ਅਜਿਹੇ ਸਮਾਜ ਦਾ ਸੰਕਲਪ ਸਿਰਜਿਆ, ਜਿਸ ਵਿਚ ਕੋਈ ਉਚਾ ਜਾਂ ਨੀਵਾਂ, ਛੋਟਾ ਜਾਂ ਵੱਡਾ ਨਹੀਂ ਬਲਕਿ ਸਾਰੇ ਉਸ ਪਰਵਦਗਾਰ ਦੀ ਮਿਹਰ ਤੇ ਪ੍ਰੇਮ ਦੇ ਇੱਕੋ ਜਿਹੇ ਪਾਤਰ ਹਨ। ਸਾਰੇ ਮਨੁੱਖ ਇੱਕ ਅਕਾਲ ਪੁਰਖ ਦੇ ਪੁੱਤਰ ਹੋਣ ਦੇ ਨਾਤੇ ਆਪਸੀ ਪ੍ਰੇਮ ਤੇ ਸਤਿਕਾਰ ਨਾਲ ਜਿਉਣ। ਸਾਰੇ ਉਸੇ ਇੱਕ ਅਕਾਲ ਪੁਰਖ ਦੀ ਜੋਤਿ ਤੋਂ ਪ੍ਰਕਾਸ਼ਿਤ ਹੋਣ ਕਰਕੇ ਕੋਈ ਵੀ ਮਨੁੱਖ ਜਾਤਿ ਜਾਂ ਜਨਮ ਕਰਕੇ, ਇਸਤਰੀ ਜਾਂ ਪੁਰਸ਼ ਹੋਣ ਦੇ ਨਾਤੇ ਉਚਾ ਜਾਂ ਨੀਵਾਂ, ਛੋਟਾ ਜਾਂ ਵੱਡਾ ਨਹੀਂ ਹੈ, ਸਾਰਿਆਂ ਨੂੰ ਜਿਉਣ ਦਾ ਇੱਕੋ ਜਿਹਾ ਅਧਿਕਾਰ ਹੈ।

ਗੁਰੂ ਨਾਨਕ ਸਾਹਿਬ ਦੇ ਜੋਤਿ-ਪ੍ਰਕਾਸ਼ਨ ਸਮੇਂ ਇਸਤਰੀ ਵਰਗ ਅਤੇ ਜਨਮ ਕਰਕੇ ਛੋਟੀਆਂ ਕਹੀਆਂ ਜਾਣ ਵਾਲੀਆਂ ਜਾਤਾਂ ਵਿਚ ਪੈਦਾ ਹੋਣ ਵਾਲਾ ਸਮਾਜ ਦਾ ਵੱਡਾ ਹਿੱਸਾ ਹਰ ਤਰ੍ਹਾਂ ਦੇ ਹੱਕਾਂ ਤੋਂ ਮਹਿਰੂਮੀਅਤ ਦੀ ਹਾਲਤ ਵਿਚ ਜਿਉਂ ਰਿਹਾ ਸੀ। ਗੁਰੂ ਨਾਨਕ ਨੇ ਜਿੱਥੇ ਜਨਮ 'ਤੇ ਆਧਾਰਤ ਵਰਗ-ਵੰਡ ਨੂੰ ਲਲਕਾਰਿਆ, ਉਥੇ ਨਾਲ ਹੀ ਇਸਤਰੀ ਹੋਣ ਦੇ ਨਾਤੇ ਸਮਾਜ ਦੇ ਇੱਕ ਵੱਡੇ ਵਰਗ ਨੂੰ ਉਸ ਦੇ ਜਿਉਣ ਦੇ ਅਧਿਕਾਰਾਂ ਤੋਂ ਮਹਿਰੂਮੀਅਤ ਨੂੰ ਵੀ ਲਲਕਾਰਿਆ ਤੇ ਨਕਾਰਿਆ। ਇਸੇ ਸੰਕਲਪ ਨੂੰ ਆਧਾਰ ਬਣਾਉਂਦਿਆਂ ਉਨ੍ਹਾਂ ਧਰਮ ਨੂੰ ਬੁੱਤ-ਪੂਜਾ ਤੇ ਕਰਮ-ਕਾਂਡੀ ਰਸਮਾਂ ਵਿਚੋਂ ਕੱਢ ਕੇ ਪਰਮਾਤਮਾ ਦੇ ਨਾਮ ਸਿਮਰਨ ਅਤੇ ਰੱਬੀ ਪ੍ਰੇਮ ਨਾਲ ਜੋੜਿਆ; ਅਧਿਆਤਮਕ ਅਨੁਭਵ ਨੂੰ ਏਕਾਂਤ ਵਿਚ ਜਾ ਕੇ ਜੰਗਲਾਂ ਵਿਚ ਤਪੱਸਿਆ ਕਰਨ, ਹੱਠ-ਯੋਗ ਵਰਗੀਆਂ ਕ੍ਰਿਆਵਾਂ ਨਾਲੋਂ ਤੋੜ ਕੇ ਗ੍ਰਿਹਸਥ ਵਿਚ ਰਹਿੰਦਿਆਂ ਤੇ ਸਮਾਜਿਕ ਫਰਜ਼ ਨਿਭਾਉਂਦਿਆ ਆਪਣੀ ਸੁਰਤਿ ਨੂੰ ਸ਼ਬਦ ਨਾਲ ਇੱਕਸੁਰ ਕਰਕੇ ਉਸ ਹਸਤੀ ਦਾ ਅਨੁਭਵ ਕਰਨ ਨਾਲ ਜੋੜਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਅਤੇ ਗੁਰੂ ਨਾਨਕ ਬਾਣੀ ਵਿਸ਼ੇਸ ਕਰਕੇ ਆਤਮਾ ਦੀ ਇਸਤਰੀ ਰੂਪ ਵਿਚ ਉਸ ਪਤੀ-ਪਰਮਾਤਮਾ ਨਾਲ ਮਿਲਾਪ ਤੇ ਜਗਿਆਸਾ ਦੀ ਤਾਂਘ ਦਾ ਰੂਹਾਨੀਅਤ ਗੀਤ-ਸੰਗੀਤ ਹੈ। ਸਿੱਖ ਧਰਮ ਦੀ ਸਿਧਾਂਤਕ ਰੂਹ ਤੋਂ ਅਣਜਾਣ ਵਿਦਵਾਨਾਂ ਵੱਲੋਂ ਆਮ ਤੌਰ 'ਤੇ ਇਹ ਸਮਝ ਲਿਆ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਦੀ ਆਸਾ ਦੀ ਵਾਰ ਵਿਚ ਰਚੇ ਇੱਕ ਸ਼ਬਦ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦੇ ਆਧਾਰ 'ਤੇ ਹੀ ਕਹਿ ਦਿੱਤਾ ਜਾਂਦਾ ਹੈ ਕਿ ਸਿੱਖ ਧਰਮ ਵਿਚ ਇਸਤਰੀ ਨੂੰ ਬਹੁਤ ਅਹਿਮ ਅਤੇ ਪੁਰਸ਼ ਦੇ ਬਰਾਬਰ ਦਾ ਰੁਤਬਾ ਪ੍ਰਾਪਤ ਹੈ। ਅਜਿਹੇ ਵਿਦਵਾਨ ਇਸ ਤੱਥ ਨੂੰ ਸਮਝਣ ਤੋਂ ਚੁੱਕ ਜਾਂਦੇ ਹਨ ਕਿ ਇਸ ਇੱਕ ਸ਼ਬਦ ਵਿਚ ਹੀ ਸਮਾਜ ਦੀ ਸਮੁੱਚੀ ਬਣਤਰ ਅਤੇ ਉਸ ਵਿਚ ਇਸਤਰੀ ਦਾ ਯੋਗਦਾਨ ਨਿਰੂਪਣ ਕਰ ਦਿੱਤਾ ਗਿਆ ਹੈ। ਇਸ ਵਿਚ ਇਹ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਇਸਤਰੀ ਤੋਂ ਬਿਨਾ ਮਨੁੱਖ ਅਤੇ ਸਮਾਜ ਦੀ ਹੋਂਦ ਹੀ ਸੰਭਵ ਨਹੀਂ ਹੈ। ਇਸ ਵਿਚ ਉਸ ਅਧਿਆਤਮਕ ਪਹੁੰਚ ਨੂੰ ਬਹੁਤ ਵੱਡੀ ਵੰਗਾਰ ਹੈ ਜੋ ਇਸਤਰੀ ਨੂੰ ਅਧਿਆਤਮਕ ਅਨੁਭਵ ਦੇ ਰਸਤੇ ਦਾ ਰੋੜਾ ਸਮਝ ਕੇ ਉਸ ਦੇ ਤਿਆਗ ਨੂੰ ਲਾਜ਼ਮ ਕਰਾਰ ਦੇ ਕੇ ਜੰਗਲਾਂ ਵਿਚ ਜਾ ਕੇ ਤਪੱਸਿਆ ਕਰਨ ਨੂੰ ਅਧਿਆਤਮਕ ਪ੍ਰਾਪਤੀ ਦਾ ਰਸਤਾ ਦੱਸਦੀ ਸੀ।

ਗੁਰੂ ਨਾਨਕ ਨੇ ਇਸ ਸ਼ਬਦ ਰਾਹੀਂ ਇਹ ਸਿਧਾਂਤ ਦ੍ਰਿੜ ਕਰਵਾਇਆ ਹੈ ਕਿ ਇਸਤਰੀ ਅਤੇ ਸਮਾਜਕ ਫਰਜ਼ਾਂ ਦਾ ਤਿਆਗ ਕਰਕੇ ਨਾ ਸਿਰਫ ਅਧਿਆਤਮਕ ਅਨੁਭਵ ਹੀ ਅਸੰਭਵ ਹੈ ਬਲਕਿ ਮਨੁੱਖ ਦੀ ਸ਼ਖਸੀਅਤ ਤੇ ਸਮਾਜ-ਦੋਵੇਂ ਸੰਤੁਲਨ ਗੁਆ ਬੈਠਦੇ ਹਨ। ਇਸ ਲਈ ਅਧਿਆਤਮਕਤਾ ਦਾ ਰਸਤਾ ਗ੍ਰਿਹਸਥੀ ਜੀਵਨ ਦੇ ਵਿਚ ਹੀ ਨਿਹਤ ਤੇ ਸੰਭਵ ਹੈ ਅਤੇ ਗ੍ਰਿਹਸਥ ਇਸਤਰੀ ਤੋਂ ਬਿਨਾ ਚੱਲ ਨਹੀਂ ਸਕਦਾ। ਗੁਰੂ ਨਾਨਕ ਸਾਹਿਬ ਨੇ ਪਹਿਲਿਆਂ ਧਾਰਮਿਕ ਪਰੰਪਰਾਵਾਂ ਵੱਲੋਂ ਇਸਤਰੀ ਨਾਲ ਜੋੜੇ ਗਏ ਵਹਿਮਾਂ-ਭਰਮਾਂ, ਸੂਤਕ, ਅਪਵਿੱਤਰਤਾ ਆਦਿ ਦੇ ਹਰ ਤਰ੍ਹਾਂ ਦੇ ਵਿਚਾਰਾਂ ਦੀ ਨਿਖੇਧੀ ਕਰਦਿਆਂ ਇਸਤਰੀ ਨੂੰ ਪੁਰਸ਼ ਦੀ ਤਰ੍ਹਾਂ ਹੀ ਸੁਤੰਤਰ ਸਥਾਨ ਪ੍ਰਦਾਨ ਕੀਤਾ। ਇਸਤਰੀ ਵਿਚ ਹਰ ਤਰ੍ਹਾਂ ਦੀ ਰੂਹਾਨੀ ਸਮਰੱਥਾ ਹੈ ਇਸ ਦਾ ਸਬੂਤ ਗੁਰੂ ਨਾਨਕ ਸਾਹਿਬ ਦੀ ਵੱਡੀ ਭੈਣ ਬੇਬੇ ਨਾਨਕੀ ਹੈ, ਜਿਸ ਨੇ ਹਰ ਤਰ੍ਹਾਂ ਨਾਲ ਗੁਰੂ ਨਾਨਕ ਦਾ ਸਾਥ ਦਿੱਤਾ ਅਤੇ ਉਨ੍ਹਾਂ ਅੰਦਰ ਵਿਆਪਕ ਰੱਬੀ ਜੋਤਿ ਨੂੰ ਵੀ ਸਭ ਤੋਂ ਪਹਿਲਾਂ ਬੇਬੇ ਨਾਨਕੀ ਨੇ ਹੀ ਪਛਾਣਿਆ। ਗੁਰੂ ਨਾਨਕ ਸਾਹਿਬ ਦੇ ਇਸੇ ਸਿਧਾਂਤ ਨੂੰ ਅਮਲੀ ਰੂਪ ਵਿਚ ਪਰਗਟ ਕਰਦਿਆਂ ਗੁਰੂ ਨਾਨਕ ਜੋਤਿ ਦੇ ਵਾਰਸ ਗੁਰੂਆਂ ਨੇ ਹਰ ਤਰ੍ਹਾਂ ਨਾਲ ਇਸਤਰੀ ਸ਼ਕਤੀ ਨੂੰ ਮਜ਼ਬੂਤ ਕੀਤਾ।

ਦੂਸਰੀ ਨਾਨਕ ਜੋਤਿ ਗੁਰੂ ਅੰਗਦ ਦੇਵ ਨੇ ਜਦੋਂ ਖਡੂਰ ਸਾਹਿਬ ਵਸਾਇਆ ਅਤੇ ਇਸ ਨੂੰ ਗੁਰੂ ਨਾਨਕ ਦੇ ਦਿੱਤੇ ਸਿਧਾਂਤਾਂ ਦਾ ਪ੍ਰਚਾਰ ਕੇਂਦਰ ਸਥਾਪਤ ਕਰਕੇ ਇਥੇ ਰੱਬੀ ਜੋਤਿ ਜਗਾਈ ਤਾਂ ਉਨ੍ਹਾਂ ਨੇ ਗੁਰੂ ਨਾਨਕ ਦੀਆਂ ਸਥਾਪਤ ਕੀਤੀਆਂ ਸੰਸਥਾਵਾਂ ਨੂੰ ਅੱਗੇ ਵਧਾਉਂਦਿਆਂ ਮਨੁੱਖ ਦੀ ਅਧਿਆਤਮਕ ਤ੍ਰਿਪਤੀ ਲਈ 'ਸ਼ਬਦ ਦਾ ਲੰਗਰ' ਚਲਾਇਆ ਅਤੇ ਮਨੁੱਖ ਦੇ ਪੇਟ ਦੀ ਭੁੱਖ ਨੂੰ ਸਰਚਾਉਣ ਲਈ ਲੰਗਰ ਦੀ ਸੰਸਥਾ ਨੂੰ ਹੋਰ ਵਿਸ਼ਾਲ ਤੇ ਮਜ਼ਬੂਤ ਕਰਦਿਆਂ ਮਾਤਾ ਖੀਵੀ ਨੇ ਇਸ ਦੀ ਸਾਰੀ ਜ਼ਿੰਮੇਵਾਰੀ ਸੰਭਾਲੀ ਕਿਉਂਕਿ ਭੁੱਖ ਦੇ ਸਤਾਏ ਮਨੁੱਖ ਦਾ ਧਿਆਨ ਅਕਾਲ ਪੁਰਖ ਦੇ ਸਿਮਰਨ ਵਿਚ ਜੁੜ ਸਕਣਾ ਮੁਸ਼ਕਿਲ ਹੈ। ਭਗਤ ਕਬੀਰ ਨੇ ਬਿਆਨ ਕੀਤਾ ਹੈ ਕਿ ਜੇ ਮਨੁੱਖ ਦੀ ਰੋਟੀ ਵੱਲੋਂ ਭੁੱਖ ਨਹੀਂ ਮੁੱਕੀ, ਫਿਰ ਉਹ ਰੱਬ ਦੀ ਭਗਤੀ ਨਹੀਂ ਕਰ ਸਕਦਾ, ਅਜਿਹੀ ਭਗਤੀ ਦਿਖਾਵਾ ਬਣ ਕੇ ਹੀ ਰਹਿ ਜਾਵੇਗੀ, "ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥"

ਤੀਜੇ ਪਾਤਸ਼ਾਹ ਗੁਰੂ ਅਮਰਦਾਸ ਨੇ ਇਸਤਰੀ ਦੇ ਰੁਤਬੇ ਨੂੰ ਅਮਲੀ ਰੂਪ ਵਿਚ ਹੋਰ ਮਜ਼ਬੂਤ ਕਰਦਿਆਂ ਇਸਤਰੀ ਦੀ ਗੁਲਾਮੀ ਨਾਲ ਜੁੜੀਆਂ ਤਮਾਮ ਰਸਮਾਂ ਦੇ ਖਾਤਮੇ ਦਾ ਰਾਹ ਮੋਕਲਾ ਕੀਤਾ। ਉਨ੍ਹਾਂ ਨੇ ਇਨ੍ਹਾਂ ਨਖਿਧ ਰਸਮਾਂ ਜਿਵੇਂ ਪਤੀ ਦੀ ਮੌਤ ਹੋਣ 'ਤੇ ਉਸ ਦੀ ਵਿਧਵਾ ਇਸਤਰੀ ਵੱਲੋਂ ਉਸ ਦੀ ਚਿਖਾ 'ਤੇ ਸੜ-ਮਰਨ ਦੀ ਅਣਮਨੁੱਖੀ ਪਰੰਪਰਾ ਜਿਸ ਨੂੰ 'ਸਤੀ ਹੋਣਾ' ਕਿਹਾ ਜਾਂਦਾ ਸੀ, ਦੀ ਨਾ ਸਿਰਫ ਆਪਣੀ ਬਾਣੀ ਵਿਚ ਹੀ ਨਿਖੇਧੀ ਕੀਤੀ ਬਲਕਿ ਅਮਲੀ ਤੌਰ 'ਤੇ ਇਸ ਰਸਮ ਨੂੰ ਸਿੱਖ ਸਮਾਜ ਵਿਚੋਂ ਖਤਮ ਕੀਤਾ ਅਤੇ ਵਿਧਵਾਵਾਂ ਦੇ ਪੁਨਰ-ਵਿਆਹ ਦੀ ਅਗਿਆ ਕੀਤੀ। ਇਸਤਰੀ ਦੀ ਗੁਲਾਮੀ ਦੀ ਇੱਕ ਹੋਰ ਵੱਡੀ ਨਿਸ਼ਾਨੀ ਉਸ ਨੂੰ ਪਰਦਾ ਕਰਨ ਲਈ ਮਜਬੂਰ ਕਰਨਾ ਸੀ। ਗੁਰੂ ਅਮਰਦਾਸ ਨੇ ਇਸ ਦੀ ਸਖਤੀ ਨਾਲ ਮਨਾਹੀ ਕੀਤੀ ਅਤੇ ਹੁਕਮ ਕੀਤਾ ਕਿ ਕੋਈ ਵੀ ਬੀਬੀ ਗੁਰੂ ਦਰਬਾਰ ਵਿਚ ਪਰਦਾ ਕਰਕੇ ਨਹੀਂ ਆਵੇਗੀ।

ਗੁਰੂ ਅਮਰਦਾਸ ਨੂੰ ਗੁਰੂ ਦਾ ਰਸਤਾ ਗੁਰੂ ਅੰਗਦ ਦੇਵ ਦੀ ਪੁੱਤਰੀ ਬੀਬੀ ਅਮਰੋ ਕੋਲੋਂ ਗੁਰੂ ਨਾਨਕ ਦੀ ਬਾਣੀ "ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ" ਸੁਣਦਿਆਂ ਪਤਾ ਲੱਗਾ ਸੀ ਜੋ ਉਨ੍ਹਾਂ ਦੇ ਭਤੀਜੇ ਨਾਲ ਵਿਆਹ ਹੋਣ ਉਪਰੰਤ ਬਾਸਰਕੇ ਉਨ੍ਹਾਂ ਦੇ ਪਰਿਵਾਰ ਦਾ ਹਿੱਸਾ ਬਣੀ ਸੀ। ਉਨ੍ਹਾਂ ਨੂੰ ਇਸਤਰੀ ਸ਼ਕਤੀ ਦਾ ਅਹਿਸਾਸ ਵੀ ਸੀ ਅਤੇ ਸਿਧਾਂਤਕ ਤੌਰ 'ਤੇ ਉਹ ਗੁਰੂ ਨਾਨਕ ਜੋਤਿ ਦੇ ਵਾਰਿਸ ਵੀ ਸਨ। ਸਿੱਖ ਸਿਧਾਂਤਾਂ ਦੇ ਪ੍ਰਚਾਰ ਹਿਤ ਉਨ੍ਹਾਂ ਨੇ ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚ 22 ਵੱਡੇ ਪ੍ਰਚਾਰ ਕੇਂਦਰ ਸਥਾਪਤ ਕੀਤੇ ਜਿਨ੍ਹਾਂ ਨੂੰ ਮੰਜੀਆਂ ਦਾ ਨਾਂ ਦਿੱਤਾ ਗਿਆ ਅਤੇ ਬਹੁਤ ਸਾਰੇ ਛੋਟੇ ਪ੍ਰਚਾਰ ਕੇਂਦਰ ਖੋਲ੍ਹੇ ਗਏ ਜਿਨ੍ਹਾਂ ਦਾ ਨਾਂ ਪੀੜ੍ਹੀਆਂ ਰੱਖਿਆ ਗਿਆ। ਇਨ੍ਹਾਂ ਪ੍ਰਚਾਰ ਕੇਂਦਰਾਂ ਦੀ ਸੇਵਾ ਸੰਭਾਲ ਦਾ ਕੰਮ ਪੁਰਸ਼ ਪ੍ਰਚਾਰਕਾਂ ਦੇ ਨਾਲ ਨਾਲ ਬੀਬੀਆਂ ਨੂੰ ਵੀ ਸੌਂਪਿਆ ਗਿਆ। ਗੁਰੂ ਸਾਹਿਬ ਦੀ ਪੁੱਤਰੀ ਬੀਬੀ ਭਾਨੀ ਨੂੰ ਪੁੱਤਰਾਂ ਵਾਂਗ ਗੁਰੂ-ਪਿਤਾ ਦੀ ਸੇਵਾ ਕਰਨ ਦੀ ਆਗਿਆ ਪ੍ਰਾਪਤ ਸੀ। ਬੀਬੀ ਭਾਨੀ ਨੂੰ ਗੁਰੂ ਅਮਰਦਾਸ ਦੀ ਪੁੱਤਰੀ, ਗੁਰੂ ਰਾਮ ਦਾਸ ਦੀ ਪਤਨੀ ਅਤੇ ਗੁਰੂ ਅਰਜਨ ਦੇਵ ਦੀ ਮਾਤਾ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਸਾਰੇ ਗੁਰੂ ਸਾਹਿਬਾਨ ਨੇ ਗੁਰੂ ਨਾਨਕ ਦੇ ਦਿੱਤੇ ਸਿਧਾਂਤਾਂ ਨੂੰ ਦ੍ਰਿੜ ਕਰਵਾਉਂਦਿਆਂ ਸੰਸਾਰ ਦੀ ਰੀਤ ਚਲਾਈ, ਗ੍ਰਿਹਸਥ ਧਾਰਨ ਕੀਤਾ ਤੇ 'ਆਸਾ ਮਾਹਿ ਨਿਰਾਸ' ਦਾ ਰਾਹ ਤੋਰਿਆ। ਭਾਈ ਗੁਰਦਾਸ ਨੇ ਇਸ ਰਸਤੇ ਦੀ ਜ਼ੋਰਦਾਰ ਸ਼ਬਦਾਂ ਵਿਚ ਪ੍ਰੋੜਤਾ ਕੀਤੀ ਹੈ।

ਦਸਵੀਂ ਨਾਨਕ ਜੋਤਿ ਗੁਰੂ ਗੋਬਿੰਦ ਸਿੰਘ ਨੇ ਜਦੋਂ ਖਾਲਸਾ ਸਾਜਣ ਲਈ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਤਾਂ ਮਾਤਾ ਜੀਤੋ (ਕਈ ਇਤਿਹਾਸਕਾਰਾਂ ਅਨੁਸਾਰ ਮਾਤਾ ਸਾਹਿਬ ਦੇਵਾਂ) ਨੇ ਇਸ ਵਿਚ ਪਤਾਸੇ ਪਾ ਕੇ ਅੰਮ੍ਰਿਤ ਨੂੰ ਮਿਠਾਸ ਤੇ ਮਾਤਰੀ ਪੱਖ ਦ੍ਰਿੜ ਕਰਨ ਦਾ ਬਿੰਬ ਸਾਹਮਣੇ ਲਿਆਂਦਾ ਅਤੇ ਸ਼ਕਤੀ ਨਾਲ ਖਾਲਸੇ ਨੂੰ ਮਿਠਾਸ ਬਖਸ਼ਿਸ਼ ਕੀਤੀ। ਮਿਠਾਸ ਹਲੀਮੀ ਦੀ ਪ੍ਰਤੀਕ ਹੈ। ਗੁਰੂ ਗੋਬਿੰਦ ਸਿੰਘ ਨੇ ਜਦੋਂ ਪੰਜ ਪਿਆਰਿਆਂ ਹੱਥੋਂ ਆਪ ਅੰਮ੍ਰਿਤ ਪਾਨ ਕੀਤਾ ਤਾਂ ਮਾਤਾ ਸਾਹਿਬ ਦੇਵਾਂ ਵੀ ਅੰਮ੍ਰਿਤ ਪਾਨ ਕਰਕੇ ਸਾਹਿਬ ਕੌਰ ਬਣੇ। ਗੁਰੂ ਗੋਬਿੰਦ ਸਿੰਘ ਨੇ ਆਪਣੇ ਆਪ ਨੂੰ ਖਾਲਸੇ ਦਾ ਪਿਤਾ ਅਤੇ ਸਾਹਿਬ ਕੌਰ ਨੂੰ ਖਾਲਸੇ ਦੀ ਮਾਤਾ ਐਲਾਨਿਆ। ਇਹ ਸਿੱਖ ਇਸਤਰੀ ਦੇ ਸੰਪੰਨ ਹੋਣ ਦਾ ਬਹੁਤ ਵੱਡਾ ਸੰਕੇਤ ਹੈ।

ਮਾਈ ਭਾਗੋ ਗੁਰੂ ਅਰਜਨ ਦੇਵ ਦੇ ਸ਼ਰਧਾਲੂ ਸਿੱਖ ਭਾਈ ਲੰਗਾਹ ਦੇ ਛੋਟੇ ਭਰਾ ਪੇਰੋ ਸ਼ਾਹ ਦੇ ਪਰਿਵਾਰ ਵਿਚੋਂ ਸੀ ਜਿਸ ਦਾ ਜਨਮ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਝਬਾਲ ਵਿਚ ਹੋਇਆ ਅਤੇ ਉਸ ਦਾ ਵਿਆਹ ਪੱਟੀ ਦੇ ਨਿਧਾਨ ਸਿੰਘ ਨਾਲ ਹੋਇਆ ਜੋ ਜਨਮ ਤੇ ਪਾਲਣ-ਪੋਸ਼ਣ ਪੱਖੋਂ ਇੱਕ ਬਹੁਤ ਹੀ ਸਿਦਕੀ ਸਿੱਖ ਸੀ। ਪਹਾੜੀ ਰਾਜਿਆਂ ਨੇ ਕਰੀਬ 1700 ਈਸਵੀ ਤੋਂ ਲੈ ਕੇ 1705 ਈਸਵੀ ਤੱਕ ਲਗਾਤਾਰ ਗੁਰੂ ਗੋਬਿੰਦ ਸਿੰਘ ਨਾਲ ਕਈ ਯੁੱਧ ਕੀਤੇ ਅਤੇ ਹਰ ਵਾਰ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਅਖੀਰ ਉਨ੍ਹਾਂ ਨੇ ਮੁਗਲ ਫੌਜਾਂ ਨਾਲ ਰਲ ਕੇ ਮਈ 1705 'ਚ ਅਨੰਦਪੁਰ ਦੇ ਕਿਲੇ ਨੂੰ ਘੇਰਾ ਪਾ ਲਿਆ ਅਤੇ ਕਿਲਾ ਖਾਲੀ ਕਰਾਉਣ ਦੀਆਂ ਕੋਸ਼ਿਸ਼ਾਂ ਕਰਨ ਲੱਗੇ। ਇਹ ਘੇਰਾਬੰਦੀ ਅਤੇ ਯੁੱਧ ਲੰਬਾ ਹੁੰਦਾ ਜਾ ਰਿਹਾ ਸੀ। ਇਤਿਹਾਸਕਾਰਾਂ ਅਨੁਸਾਰ ਉਨ੍ਹਾਂ ਨੇ ਐਲਾਨ ਕਰ ਦਿੱਤਾ ਕਿ ਜਿਹੜਾ ਵੀ ਕੋਈ ਸਿੱਖ ਇਹ ਕਹਿ ਦੇਵੇ ਕਿ ਉਹ ਗੁਰੂ ਗੋਬਿੰਦ ਸਿੰਘ ਦਾ ਸਿੱਖ ਨਹੀਂ ਹੈ, ਉਸ ਨੂੰ ਕੁਝ ਨਹੀਂ ਕਿਹਾ ਜਾਵੇਗਾ। ਇਸ 'ਤੇ ਮਹਾਂ ਸਿੰਘ ਦੀ ਅਗਵਾਈ ਵਿਚ 40 ਸਿੰਘ ਇਕੱਠੇ ਹੋ ਕੇ ਗੁਰੂ ਗੋਬਿੰਦ ਸਿੰਘ ਪਾਸ ਗਏ ਅਤੇ ਕਿਹਾ ਕਿ ਉਹ ਹੁਣ ਉਨ੍ਹਾਂ ਦੇ ਸਿੱਖ ਨਹੀਂ ਹਨ। ਗੁਰੂ ਨੇ ਉਨ੍ਹਾਂ ਨੂੰ ਇੱਕ ਦਸਤਾਵੇਜ਼ 'ਤੇ ਲਿਖ ਕੇ ਦੇਣ ਲਈ ਕਿਹਾ ਕਿ 'ਉਹ ਹੁਣ ਉਨ੍ਹਾਂ ਦੇ ਸਿੱਖ ਨਹੀਂ ਰਹੇ' ਅਤੇ ਇਸ ਉਤੇ ਆਪਣੇ ਦਸਤਖਤ ਕਰ ਦੇਣ। ਸਾਰੇ ਦੇ ਸਾਰੇ 40 ਸਿੱਖਾਂ ਨੇ 'ਬੇਦਾਵਾ' ਲਿਖ ਕੇ ਦੇ ਦਿੱਤਾ ਅਤੇ ਅਨੰਦਪੁਰ ਛੱਡ ਦਿੱਤਾ।

ਮਾਈ ਭਾਗੋ ਨੂੰ ਜਦੋਂ ਇਸ ਬੇਦਾਵੇ ਦਾ ਪਤਾ ਲੱਗਾ ਕਿ ਉਸ ਦੇ ਗਵਾਂਢ ਵਿਚੋਂ ਕੁਝ ਸਿੱਖ ਜੋ ਯੁੱਧ ਕਰਨ ਗਏ ਸੀ, ਇਸ ਔਖੇ ਸਮੇਂ ਗੁਰੂ ਸਾਹਿਬ ਨੂੰ ਛੱਡ ਕੇ ਵਾਪਸ ਆ ਗਏ ਹਨ, ਤਾਂ ਉਸ ਨੂੰ ਬੇਹੱਦ ਅਫਸੋਸ ਹੋਇਆ। ਮਾਈ ਭਾਗੋ ਦੇ ਮਿਹਣੇ ਸੁਣ ਕੇ ਉਹ ਆਪਣੀ ਕਰਤੂਤ 'ਤੇ ਬਹੁਤ ਸ਼ਰਮਿੰਦੇ ਹੋਏ। ਉਸ ਨੇ ਉਨ੍ਹਾਂ ਸਾਰਿਆਂ ਨੂੰ ਪ੍ਰੇਰਿਆ ਕਿ ਇਕੱਠੇ ਹੋ ਕੇ ਗੁਰੂ ਸਾਹਿਬ ਨੂੰ ਮਿਲਣ ਅਤੇ ਆਪਣੇ ਕੀਤੇ ਦੀ ਮੁਆਫੀ ਮੰਗਣ। ਉਹ ਆਪਣੀ ਅਗਵਾਈ ਵਿਚ ਉਨ੍ਹਾਂ ਨੂੰ ਇਕੱਠਿਆਂ ਕਰਕੇ ਗੁਰੂ ਸਾਹਿਬ ਨੂੰ ਮਿਲਣ ਲਈ ਜਥੇ ਦੇ ਰੂਪ ਵਿਚ ਤੁਰ ਪਈ।

ਇਸੇ ਸਮੇਂ ਦੌਰਾਨ ਗੁਰੂ ਸਾਹਿਬ ਔਰੰਗਜ਼ੇਬ ਦੀਆਂ ਕੁਰਾਨ 'ਤੇ ਖਾਧੀਆਂ ਝੂਠੀਆਂ ਕਸਮਾਂ ਦਾ ਵਿਸ਼ਵਾਸ ਕਰਕੇ ਖਾਲਸੇ ਅਤੇ ਪਰਿਵਾਰ ਸਮੇਤ ਅਨੰਦਪੁਰ ਦਾ ਕਿਲਾ ਖਾਲੀ ਕਰਕੇ ਤੁਰ ਪਏ। ਮੁਗਲ ਫੌਜਾਂ ਨੇ ਆਪਣੀਆਂ ਕਸਮਾਂ ਤੋੜਦਿਆਂ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਮੀਂਹ, ਝੱਖੜ ਵਾਲੀ ਹਨੇਰੀ ਰਾਤ ਵਿਚ ਸਰਸਾ ਨਦੀ ਦੇ ਕੰਢੇ ਪਰਿਵਾਰ ਵਿਛੜ ਗਿਆ। ਗੁਰੂ ਗੋਬਿੰਦ ਸਿੰਘ ਦੋ ਵੱਡੇ ਸਾਹਿਬਜ਼ਾਦਿਆਂ ਅਤੇ 40 ਸਿੰਘਾਂ ਸਮੇਤ ਮੁਗਲ ਫੌਜਾਂ ਨਾਲ ਝੜੱਪਾਂ ਲਾਉਂਦੇ ਚਮਕੌਰ ਦੀ ਕੱਚੀ ਗੜ੍ਹੀ ਵਿਚ ਜਾ ਪਹੁੰਚੇ। ਮਾਤਾ ਗੁਜਰੀ ਦੋ ਛੋਟੇ ਸਾਹਿਬਜ਼ਾਦਿਆਂ ਸਮੇਤ ਤੁਰਦੇ ਤੁਰਾਉਂਦੇ ਗੰਗੂ, ਜੋ ਗੁਰੂ ਘਰ ਦਾ ਰਸੋਈਆ ਸੀ, ਦੀ ਬੇਨਤੀ ਮੰਨ ਕੇ ਉਸ ਦੇ ਘਰ ਸਹੇੜੀ ਚਲੇ ਗਏ। ਗੰਗੂ ਨੇ ਲਾਲਚ ਵਿਚ ਆ ਕੇ ਉਨ੍ਹਾਂ ਨੂੰ ਮੋਰਿੰਡੇ ਦੀ ਮੁਗਲੀਆ ਪੁਲਿਸ ਦੇ ਹਵਾਲੇ ਕਰ ਦਿੱਤਾ। ਸੂਬਾ ਸਰਹਿੰਦ ਨੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਅਤੇ ਮਾਤਾ ਗੁਜਰੀ ਨੇ ਵੀ ਪ੍ਰਾਣ ਤਿਆਗ ਦਿੱਤੇ।

ਚਮਕੌਰ ਦੇ ਯੁੱਧ ਵਿਚ ਚਾਲੀ ਸਿੰਘਾਂ ਅਤੇ ਦੋ ਸਾਹਿਬਜ਼ਾਦਿਆਂ ਦੇ ਸਾਥ ਵਿਚ ਲੱਖਾਂ ਦੀ ਗਿਣਤੀ ਵਿਚ ਮੁਗਲੀਆ ਤੇ ਪਹਾੜੀ ਰਾਜਿਆਂ ਨਾਲ ਯੁੱਧ ਹੋਇਆ ਜਿਸ ਵਿਚ ਸਾਹਿਬਜ਼ਾਦੇ ਅਤੇ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ। ਪੰਜ ਪਿਆਰਿਆਂ ਦੇ ਕਹਿਣ 'ਤੇ ਗੁਰੂ ਸਾਹਿਬ ਨੂੰ ਚਮਕੌਰ ਦੀ ਗੜ੍ਹੀ ਤੋਂ ਕੂਚ ਕਰਨਾ ਪਿਆ ਅਤੇ ਉਨ੍ਹਾਂ ਨੇ ਮਾਲਵੇ ਵੱਲ ਚਾਲੇ ਪਾ ਦਿੱਤੇ ਤੇ ਮੁਗਲ ਫੌਜਾਂ ਨੇ ਵੀ ਪਿੱਛਾ ਕਰਨਾ ਜਾਰੀ ਰੱਖਿਆ। ਜੰਗਲਾਂ ਵਿਚੋਂ ਹੁੰਦੇ ਹੋਏ ਗੁਰੂ ਗੋਬਿੰਦ ਸਿੰਘ ਖਿਦਰਾਣੇ ਪਹੁੰਚੇ। ਮੁਗਲ ਫੌਜਾਂ ਉਨ੍ਹਾਂ ਦਾ ਪਿੱਛਾ ਕਰ ਰਹੀਆਂ ਸਨ। ਮਾਈ ਭਾਗੋ ਦੀ ਅਗਵਾਈ ਵਿਚ ਸਿੰਘ ਵੀ ਇੱਥੇ ਪਹੁੰਚੇ ਅਤੇ ਉਨ੍ਹਾਂ ਨੇ ਖਿਦਰਾਣੇ ਦੀ ਢਾਬ 'ਤੇ ਪੜਾਉ ਕੀਤਾ। ਇਸੇ ਹੀ ਸਮੇਂ ਮੁਗਲ ਫੌਜਾਂ ਵੀ ਇੱਥੇ ਪਹੁੰਚ ਗਈਆਂ ਅਤੇ ਇੱਥੇ ਸਿੰਘਾਂ ਨੇ ਸ਼ਾਹੀ ਫੌਜਾਂ ਨੂੰ ਰੋਕਣ ਲਈ ਉਨ੍ਹਾਂ ਨਾਲ ਗਹਿਗੱਚ ਯੁੱਧ ਕੀਤਾ ਅਤੇ ਫੌਜਾਂ ਨੂੰ ਅੱਗੇ ਵਧਣ ਤੋਂ ਰੋਕੀ ਰੱਖਿਆ। ਗੁਰੂ ਗੋਬਿੰਦ ਸਿੰਘ ਆਪ ਉਚੇ ਟਿੱਲੇ ਤੋਂ ਤੀਰ ਵਰਸਾ ਕੇ ਮਾਈ ਭਾਗੋ ਅਤੇ ਜਥੇ ਦੀ ਸਹਾਇਤਾ ਕਰ ਰਹੇ ਸਨ। ਜਦੋਂ ਗੁਰੂ ਸਾਹਿਬ ਜੰਗ ਦੇ ਮੈਦਾਨ ਵਿਚ ਪਹੁੰਚੇ ਤਾਂ ਉਨ੍ਹਾਂ ਨੇ ਦੇਖਿਆ ਕਿ ਮਹਾਂ ਸਿੰਘ ਤੋਂ ਬਿਨਾ ਸਾਰੇ ਸਿੰਘ ਸ਼ਹੀਦੀਆਂ ਪਾ ਗਏ ਸਨ। ਮਾਈ ਭਾਗੋ ਨੂੰ ਵੀ ਕਾਫੀ ਜ਼ਖਮ ਆਏ ਸਨ। ਮਹਾਂ ਸਿੰਘ, ਜੋ ਬਹੁਤ ਜ਼ਖਮੀ ਹਾਲਤ ਵਿਚ ਸੀ, ਨੇ ਗੁਰੂ ਗੋਬਿੰਦ ਸਿੰਘ ਦੀ ਗੋਦ ਵਿਚ ਪ੍ਰਾਣ ਤਿਆਗੇ ਅਤੇ ਉਸ ਤੋਂ ਪਹਿਲਾਂ ਆਖਰੀ ਇੱਛਾ ਦੇ ਤੌਰ 'ਤੇ ਬੇਦਾਵਾ ਪਾੜਨ ਲਈ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਜੋ ਉਨ੍ਹਾਂ ਪ੍ਰਵਾਨ ਕਰ ਲਈ। ਉਨ੍ਹਾਂ ਨੂੰ 'ਮੁਕਤੇ' ਹੋਣ ਦਾ ਖਿਤਾਬ ਬਖਸ਼ਿਸ਼ ਹੋਇਆ। ਉਪਰੰਤ ਮਾਈ ਭਾਗੋ ਗੁਰੂ ਗੋਬਿੰਦ ਸਿੰਘ ਦੀ ਛਤਰ ਛਾਇਆ ਹੇਠ ਹੀ ਰਹੀ ਅਤੇ ਉਨ੍ਹਾਂ ਦੀ ਅੰਗ-ਰਖਿਅਕ ਵਜੋਂ ਸੇਵਾ ਨਿਭਾਈ।

ਜਦੋਂ ਗੁਰੂ ਗੋਬਿੰਦ ਸਿੰਘ ਨਾਂਦੇੜ ਵਿਖੇ 1708 ਈਸਵੀ ਵਿਚ ਜੋਤੀ ਜੋਤਿ ਸਮਾ ਗਏ ਤਾਂ ਮਾਈ ਭਾਗੋ ਕਰਨਾਟਕ ਵਿਚ ਬਿਦਰ ਤੋਂ 11 ਕਿਲੋਮੀਟਰ ਦੂਰ ਹੋਰ ਦੱਖਣ ਵੱਲ ਜੀਨਵਾਰਾ ਦੇ ਸਥਾਨ 'ਤੇ ਚਲੀ ਗਈ ਅਤੇ ਉਥੇ ਕਾਫੀ ਬਿਰਧ ਅਵਸਥਾ ਤੱਕ ਜੀਵਨ ਸਫਰ ਪੂਰਾ ਕੀਤਾ। ਨਾਂਦੇੜ ਵਿਖੇ ਮਾਈ ਭਾਗੋ ਦੇ ਨਾਮ 'ਤੇ ਬੁੰਗਾ ਬਣਿਆ ਹੋਇਆ ਹੈ ਅਤੇ ਜੀਨਵਾਰਾ ਵਿਚ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਗੁਰਦੁਆਰਾ ਤਪ ਅਸਥਾਨ ਮਾਈ ਭਾਗੋ ਬਣਿਆ ਹੋਇਆ ਹੈ।

ਇਹ ਜਰੂਰੀ ਨਹੀਂ ਹੁੰਦਾ ਕਿ ਯੁੱਧ ਮੈਦਾਨ-ਏ-ਜੰਗ ਵਿਚ ਹੀ ਲੜਿਆ ਜਾਂਦਾ ਹੈ ਅਤੇ ਸਾਹਮਣੇ ਔਰੰਗਜ਼ੇਬੀ ਫੌਜਾਂ ਹੀ ਹੋਣ। ਅੱਜ ਪੰਜਾਬ ਦੀ ਨੌਜੁਆਨ ਪੀੜ੍ਹੀ ਨੂੰ ਲੱਚਰ ਗਾਇਕੀ ਰਾਹੀਂ ਗੁਮਰਾਹ ਕੀਤਾ ਜਾ ਰਿਹਾ ਹੈ ਅਤੇ ਪੰਜਾਬੀ ਸਭਿਆਚਾਰ ਨੂੰ ਪਲੀਤ ਕੀਤਾ ਜਾ ਰਿਹਾ ਹੈ। ਦੂਸਰੇ ਪਾਸੇ ਅਫਸਰਸ਼ਾਹੀ, ਪੁਲਿਸ, ਪੀਲੀ ਪੱਤਰਕਾਰੀ ਅਤੇ ਪੰਜਾਬ ਸਰਕਾਰ ਦੇ ਅਪਵਿੱਤਰ ਗਠਜੋੜ ਸਦਕਾ ਪੰਜਾਬ ਨੂੰ ਭ੍ਰਿਸ਼ਟਾਚਾਰ ਤੇ ਨਸ਼ਿਆਂ ਨੇ ਤਬਾਹ ਕਰ ਦਿੱਤਾ ਹੈ। ਪੰਜਾਬ ਦਾ ਕਿਸਾਨ ਤੇ ਮਜ਼ਦੂਰ ਰੁਲ ਗਿਆ ਹੈ। ਅੱਜ ਸਖਤ ਜਰੂਰਤ ਹੈ ਕਿ ਪੰਜਾਬੀ ਇਸਤਰੀ ਮਾਈ ਭਾਗੋ ਵਾਂਗ ਅੱਗੇ ਆਵੇ ਅਤੇ ਇਨ੍ਹਾਂ ਬੁਰਾਈਆਂ ਨਾਲ ਯੁੱਧ ਕਰੇ। ਸਮੇਂ ਦੇ ਬਦਲਣ ਨਾਲ ਬੁਰੀਆਂ ਤਾਕਤਾਂ ਨੇ ਭੇਸ ਬਦਲ ਕੇ ਪੰਜਾਬ ਨੂੰ ਤਬਾਹੀ ਦੀ ਦੰਦੀ 'ਤੇ ਲੈ ਆਂਦਾ ਹੈ ਅਤੇ ਇਨ੍ਹਾਂ ਤਾਕਤਾਂ ਨਾਲ ਨਜਿੱਠਣ ਲਈ ਯੁੱਧ ਦੇ ਵੀ ਨਵੇਂ ਢੰਗ ਤਲਾਸ਼ ਕਰਨੇ ਪੈਣਗੇ।

## ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥

**ਗੁਰਬਾਣੀ ਗਿਆਨ**

ੴ ਸਤਿਗੁਰ ਪ੍ਰਸਾਦਿ॥
ਮਾਝ ਮਹਲਾ 5
ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥
ਤੂੰ ਮੇਰੀ ਰਾਖਾ ਸਭਨੀ ਥਾਈ
ਤਾ ਭਉ ਕੇਹਾ ਕਾੜਾ ਜੀਉ॥
ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥
ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ॥
ਤੁਝ ਬਿਨੁ ਦੂਜਾ ਅਵਰੁ ਨ ਕੋਈ
ਸਭੁ ਤੇਰਾ ਖੇਲੁ ਅਖਾੜਾ ਜੀਉ॥
ਜੀਅ ਜੰਤ ਸਭਿ ਤੁਧੁ ਉਪਾਏ॥
ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ॥
ਸਭ ਕਿਛੁ ਕੀਤਾ ਤੇਰਾ ਹੋਵੈ
ਨਾਹੀ ਕਿਛੁ ਅਸਾੜਾ ਜੀਉ॥
ਨਾਮੁ ਧਿਆਇ ਮਹਾ ਸੁਖੁ ਪਾਇਆ॥
ਹਰਿ ਗੁਣ ਗਾਇ
ਮੇਰਾ ਮਨੁ ਸੀਤਲਾਇਆ॥
ਗੁਰਿ ਪੂਰੈ ਵਜੀ ਵਧਾਈ
ਨਾਨਕ ਜਿਤਾ ਬਿਖਾੜਾ ਜੀਉ॥

ਗੁਰਦੇਵ ਪਿਤਾ ਸ੍ਰੀ ਗੁਰੂ ਅਰਜਨ ਦੇਵ ਉਸ ਪ੍ਰਭੂ ਦੀ ਮਹਿਮਾ ਦਾ ਵਰਣਨ ਕਰਦੇ ਹਨ ਕਿ ਪ੍ਰਭੂ! ਆਪ ਹੀ ਮੇਰੇ ਪਿਤਾ ਹੋ, ਆਪ ਹੀ ਮੇਰੀ ਮਾਂ ਭੀ ਹੋ। ਆਪ ਹੀ ਮੇਰੇ ਸਭ ਰਿਸ਼ਤੇ ਨਾਤੇ ਹੋ ਅਤੇ ਆਪ ਹੀ ਮੇਰੇ ਭਰਾ ਭੀ ਹੋ। ਸੋ, ਹੇ ਮੇਰੇ ਪ੍ਰਭੂ ਜੀਉ! ਜਦੋਂ ਆਪ ਹੀ ਮੇਰੇ ਹਰ ਥਾਂ ਰਖਵਾਲੇ ਹੋ ਤਾਂ ਹੁਣ ਮੈਨੂੰ ਕੋਈ ਵੀ ਦੁਨਿਆਵੀ ਡਰ ਜਾਂ ਚਿੰਤਾ-ਫਿਕਰ ਨਹੀਂ ਸਤਾਉਂਦੇ, ਕਿਉਂਕਿ ਆਪ ਸਦਾ ਹੀ ਮੇਰੇ ਨਾਲ ਹੋ।

ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥
ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ॥
ਤੁਝ ਬਿਨੁ ਦੂਜਾ ਅਵਰੁ ਨ ਕੋਈ
ਸਭੁ ਤੇਰਾ ਖੇਲੁ ਅਖਾੜਾ ਜੀਉ॥

ਹੇ ਮੇਰੇ ਪ੍ਰਭੂ ਜੀਉ! ਆਪ ਜੀ ਦੀ ਕ੍ਰਿਪਾ ਸਦਕਾ ਹੀ ਮੈਨੂੰ ਆਪ ਜੀ ਦੀ ਪਛਾਣ ਹੋਈ ਹੈ। ਆਪ ਜੀ ਹੀ ਮੇਰੀ ਓਟ, ਮੇਰਾ ਆਸਰਾ ਹੋ ਅਤੇ ਆਪ ਦੇ ਨਾਲ ਹੀ ਮੇਰਾ ਮਾਣ ਭੀ ਹੈ। ਹੇ ਮੇਰੇ ਪ੍ਰਭੂ ਜੀਉ! ਆਪ ਜੈਸਾ ਹੋਰ ਕੋਈ ਦੂਸਰਾ ਤਾਂ ਹੈ ਹੀ ਨਹੀਂ ਹੈ ਅਤੇ ਇਹ ਜੋ ਸੰਸਾਰ ਦਾ ਖੇਡ ਅਖਾੜਾ ਚੱਲ ਰਿਹਾ ਹੈ, ਇਹ ਭੀ ਤਾਂ ਆਪ ਦਾ ਹੀ ਚਲਾਇਆ ਹੋਇਆ ਚੱਲ ਰਿਹਾ ਹੈ।

ਜੀਅ ਜੰਤ ਸਭਿ ਤੁਧੁ ਉਪਾਏ॥
ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ॥
ਸਭ ਕਿਛੁ ਕੀਤਾ ਤੇਰਾ ਹੋਵੈ
ਨਾਹੀ ਕਿਛੁ ਅਸਾੜਾ ਜੀਉ॥

ਹੇ ਮੇਰੇ ਪ੍ਰਭੂ ਜੀਉ! ਇਸ ਸੰਸਾਰ ਦੇ ਜਿੰਨੇ ਵੀ ਜੀਅ-ਜੰਤ ਹਨ, ਇਹ ਵੀ ਤਾਂ ਸਭ ਆਪ ਜੀ ਦੇ ਹੀ ਪੈਦਾ ਕੀਤੇ ਹੋਏ ਹਨ ਅਤੇ ਜਿਸ ਕੰਮ ਵਿਚ ਜਿੱਥੇ ਜਿਵੇਂ ਆਪ ਜੀ ਦੀ ਮਰਜ਼ੀ ਹੋਈ, ਉਵੇਂ ਉਵੇਂ ਹੀ ਆਪ ਜੀ ਨੇ ਕੰਮਾਂ 'ਤੇ ਲਾਇਆ ਹੋਇਆ ਹੈ। ਹੇ ਪ੍ਰਭੂ ਜੀਉ! ਇਸ ਸ੍ਰਿਸ਼ਟੀ ਵਿਚ ਜੋ ਵੀ ਹੋ ਰਿਹਾ ਹੈ, ਉਹ ਵੀ ਸਭ ਆਪ ਜੀ ਦਾ ਕੀਤਾ ਅਤੇ ਆਪ ਦੇ ਹੁਕਮ ਵਿਚ ਹੀ ਹੋ ਰਿਹਾ ਹੈ। ਸਾਡਾ ਸੰਸਾਰ ਦੇ ਜੀਵਾਂ ਦਾ ਤਾਂ ਕੋਈ ਵੀ ਕਿਤੇ ਜ਼ੋਰ ਨਹੀਂ ਚੱਲ ਸਕਦਾ। ਸੋ, ਇਹ ਜੋ ਦਿਖਾਈ ਦੇ ਰਿਹਾ ਹੈ, ਸਭ ਆਪ ਹੀ ਤਾਂ ਹੋ।

ਨਾਮੁ ਧਿਆਇ ਮਹਾ ਸੁਖੁ ਪਾਇਆ॥
ਹਰਿ ਗੁਣ ਗਾਇ
ਮੇਰਾ ਮਨੁ ਸੀਤਲਾਇਆ॥
ਗੁਰਿ ਪੂਰੈ ਵਜੀ ਵਧਾਈ
ਨਾਨਕ ਜਿਤਾ ਬਿਖਾੜਾ ਜੀਉ॥

ਹੁਣ ਗੁਰਦੇਵ ਸੰਸਾਰ ਦੇ ਜੀਵਾਂ ਨੂੰ ਸੰਬੋਧਨ ਕਰਦੇ ਹਨ ਕਿ ਹੇ ਭਾਈ! ਉਸ ਅਕਾਲ ਪੁਰਖ ਦਾ ਨਾਮ ਸਿਮਰਨ ਕਰਕੇ ਮੈਨੂੰ ਬਹੁਤ ਵੱਡਾ ਆਤਮਿਕ ਸੁੱਖ ਪ੍ਰਾਪਤ ਹੋਇਆ ਹੈ ਅਤੇ ਉਸ ਪ੍ਰਮੇਸ਼ਵਰ ਪਿਤਾ ਦੇ ਗੁਣਾਂ ਦਾ ਗਾਇਨ ਕਰ ਕਰਕੇ ਮੇਰਾ ਮਨ ਸੀਤਲਾਇਆ ਭਾਵ ਠੰਡਾ-ਠਾਰ ਹੋ ਗਿਆ ਹੈ। ਇਸ ਲਈ ਇਹ ਨਾਨਕ ਆਖਦਾ ਹੈ ਕਿ ਪੂਰੇ ਗੁਰੂ ਦੀ ਕ੍ਰਿਪਾ ਸਦਕਾ ਹੀ ਵਜੀ ਵਧਾਈ, ਭਾਵ ਮੇਰੇ ਅੰਦਰ ਪ੍ਰਭੂ ਪ੍ਰਾਪਤੀ ਲਈ ਉਤਸ਼ਾਹ ਅਤੇ ਉਮਾਹ ਦਾ ਢੋਲ ਵੱਜ ਰਿਹਾ ਹੈ ਅਤੇ ਮੈਂ ਵਿਸ਼ਿਆਂ-ਵਿਕਾਰਾਂ ਦੇ ਅਖਾੜੇ ਵਿਚ ਜਿੱਤ ਪ੍ਰਾਪਤ ਕਰ ਲਈ ਹੈ।

ਆਉ ਗੁਰੂ ਪਿਆਰਿਓ! ਸ਼ਬਦ ਗੁਰੂ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ, ਸੈਕਟਰਾਮੈਂਟੋ*
*ਫੋਨ: 916-687-3536*

ਵਿਚਾਰ-ਚਰਚਾ

# ਅਜਮੇਰ ਸਿੰਘ ਖਾਲਿਸਤਾਨ ਦਾ ਨਕਸ਼-ਨਿਗਾਰ ਨਹੀਂ ਸੀ

***ਕਮਿਊਨਿਸਟ (ਨਕਸਲੀ) ਆਗੂ ਤੋਂ ਸਿੱਖ ਵਿਦਵਾਨ ਬਣੇ ਸ. ਅਜਮੇਰ ਸਿੰਘ ਨੇ ਇਕ ਟੀ.ਵੀ. ਚੈਨਲ ਨੂੰ ਦਿਤੀ ਇੰਟਰਵਿਊ (ਯੂਟਿਊਬ 'ਤੇ https://www.youtube.com/watch?v=ZyhB1I0udBE&t=1437s) ਦੌਰਾਨ ਇਹ ਕਹਿ ਕੇ, ਕਿ ਕਾਮਰੇਡ ਤੇ ਖਾਲਿਸਤਾਨੀ ਇਕੋ ਸਿੱਕੇ ਦੇ ਦੋ ਪਹਿਲੂ ਹਨ ਅਤੇ ਉਹ ਖਾਲਿਸਤਾਨੀਆਂ ਨਾਲ ਦੋ ਮਿੰਟ ਵੀ ਨਹੀਂ ਬੈਠ ਸਕਦੇ, ਸਿੱਖ ਹਲਕਿਆਂ ਵਿਚ ਤਰਥੱਲੀ ਮਚਾ ਦਿੱਤੀ। ਉਨ੍ਹਾਂ 'ਨੇਸ਼ਨ ਸਟੇਟ' ਦੇ ਮੁੱਦੇ ਉਤੇ ਸਮੁੱਚੇ ਖਾਲਿਸਤਾਨੀਆਂ ਬਾਰੇ ਅਜਿਹੀ ਰਾਏ ਪ੍ਰਗਟ ਕੀਤੀ ਜਿਸ ਤੋਂ ਕੁਝ ਧਿਰਾਂ ਨੂੰ ਮਾਯੂਸੀ ਅਤੇ ਨਿਰਾਸ਼ਾ ਹੋਣੀ ਹੀ ਸੀ। ਹੁਣ ਜਦੋਂ ਉਹ ਇਕ ਤਰ੍ਹਾਂ ਨਾਲ ਨੇਸ਼ਨ ਸਟੇਟ ਦੇ ਖਿਲਾਫ ਆਣ ਡਟੇ ਹਨ ਤਾਂ ਕੁਝ ਸਿੱਖ ਹਲਕਿਆਂ ਨੇ ਉਨ੍ਹਾਂ ਉਤੇ ਸਵਾਲਾਂ ਦੀ ਵਾਛੜ ਕਰ ਦਿੱਤੀ ਹੈ। ਇਸੇ ਪ੍ਰਸੰਗ ਵਿਚ ਪੰਜਾਬੀ ਟ੍ਰਿਬਿਊਨ (ਚੰਡੀਗੜ੍ਹ) ਦੇ ਸਾਬਕਾ ਅਸਿਸਟੈਂਟ ਐਡੀਟਰ ਅਤੇ ਸਿੱਖ ਵਿਦਵਾਨ ਸ. ਕਰਮਜੀਤ ਸਿੰਘ ਚੰਡੀਗੜ੍ਹ ਦਾ ਲੇਖ 'ਪੰਜਾਬ ਟਾਈਮਜ਼' ਦੇ ਪਿਛਲੇ ਅੰਕ ਵਿਚ ਛਾਪਿਆ ਗਿਆ ਸੀ ਜਿਸ ਵਿਚ ਉਨ੍ਹਾਂ ਸ. ਅਜਮੇਰ ਸਿੰਘ ਦੇ ਸਿਆਸੀ ਪੈਂਤੜਿਆਂ ਨੂੰ ਖੁੱਲ੍ਹੀ ਚੁਣੌਤੀ ਦਿਤੀ। ਸਾਡਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ। ਸਾਡਾ ਮਨਸ਼ਾ ਇਸ ਮਸਲੇ ਬਾਰੇ ਸੰਜੀਦਾ ਬਹਿਸ ਚਲਾਉਣਾ ਹੈ। 'ਪੰਜਾਬ ਟਾਈਮਜ਼' ਪਹਿਲਾਂ ਵੀ ਅਜਿਹੇ ਗੰਭੀਰ ਮਸਲਿਆਂ ਬਾਰੇ ਵਿਚਾਰ-ਚਰਚਾ ਛੇੜਨ ਦੇ ਮਨੋਰਥ ਨਾਲ ਲਿਖਤਾਂ ਛਾਪਦਾ ਰਿਹਾ ਹੈ। ਇਸ ਅੰਕ ਵਿਚ ਉਪਰੋਕਤ ਚਰਚਾ ਦੀ ਲੜੀ ਹੇਠ ਸ. ਕਰਮਜੀਤ ਸਿੰਘ ਚੰਡੀਗੜ੍ਹ, ਸ. ਹਜਾਰਾ ਸਿੰਘ ਮਿਸੀਸਾਗਾ (ਕੈਨੇਡਾ) ਅਤੇ ਸ. ਤਰਲੋਕ ਸਿੰਘ ਨਿਊ ਜਰਸੀ ਦੇ ਵਿਚਾਰ ਛਾਪੇ ਜਾ ਰਹੇ ਹਨ। ਇਸ ਮਸਲੇ 'ਤੇ ਆਈਆਂ ਹੋਰ ਲਿਖਤਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। ਬੱਸ ਇਕ ਹੀ ਬੇਨਤੀ ਹੈ ਕਿ ਧੀਰਜ ਤੇ ਸ਼ਾਇਸਤਗੀ ਦਾ ਪੱਲਾ ਨਾ ਛੱਡਿਆ ਜਾਵੇ। -ਸੰਪਾਦਕ***


ਸ. ਅਜਮੇਰ ਸਿੰਘ ਡੇਢ ਕੁ ਦਹਾਕੇ ਤੋਂ ਸਿੱਖ ਹਲਕਿਆਂ ਅਤੇ ਖਾਸ ਕਰ ਕੇ ਖਾਲਿਸਤਾਨੀ ਹਲਕਿਆਂ ਅੰਦਰ ਸਿੱਖ ਚਿੰਤਕ ਦੇ ਤੌਰ 'ਤੇ ਮਕਬੂਲ ਹੋਏ ਹਨ। ਜਦ ਉਨ੍ਹਾਂ ਦਾ ਸਿੱਖ ਚਿੰਤਨ ਦੇ ਮੰਚ 'ਤੇ ਆਗਾਜ਼ ਹੋਇਆ, ਉਦੋਂ ਖਾਲਿਸਤਾਨ ਦੀ ਲਹਿਰ ਸਿਖਰ 'ਤੇ ਪਹੁੰਚ ਕੇ ਬਿਖਰ ਚੁਕੀ ਸੀ। ਬਹੁਤ ਸਾਰਾ ਜਾਨੀ ਅਤੇ ਜਥੇਬੰਦਕ ਨੁਕਸਾਨ ਹੋ ਚੁਕਾ ਸੀ। ਲਹਿਰ ਦੀ ਆਲੋਚਨਾ ਹੋ ਰਹੀ ਸੀ। ਕੋਈ ਚੰਗਾ ਪੱਖ ਉਘਾੜਨਾ ਤਾਂ ਦੂਰ ਦੀ ਗੱਲ, ਸੰਘਰਸ਼ ਦੇ ਇਸ ਸਮੇਂ ਨੂੰ ਕਾਲਾ ਦੌਰ, ਬੁਰੇ ਦਿਨ ਜਾਂ ਮਾੜਾ ਸਮਾਂ ਕਹਿ ਕੇ ਮਸਾਂ ਪਰਤੀ 'ਸ਼ਾਂਤੀ' ਦਾ ਗੁਣਗਾਨ ਕੀਤਾ ਜਾ ਰਿਹਾ ਸੀ। ਸਿੱਖਾਂ ਦੇ ਡੁੱਲ੍ਹੇ ਲਹੂ ਅਤੇ ਹਕੂਮਤੀ ਜ਼ੁਲਮਾਂ ਨੂੰ ਆਪਣੀ ਸਿਆਸਤ ਦਾ ਠੁੰਮਣਾ ਬਣਾ ਕੇ ਰਾਜ ਭਾਗ 'ਤੇ ਕਾਬਜ਼ ਹੋਈ ਅਕਾਲੀ ਸਰਕਾਰ ਪੰਜ ਸਾਲ ਰਾਜ


ਹਜਾਰਾ ਸਿੰਘ, ਮਿਸੀਸਾਗਾ
ਫੋਨ: 905-795-3428
hazara.hsindhar@gmail.com

ਕਰ ਕੇ ਜਾ ਚੁਕੀ ਸੀ ਅਤੇ ਕਾਂਗਰਸ ਪੰਜਾਬ ਦੇ ਰਾਜ ਭਾਗ 'ਤੇ ਮੁੜ ਕਾਬਜ਼ ਹੋ ਚੁਕੀ ਸੀ। ਸਿਆਸੀ ਤਬਦੀਲੀ ਦਾ ਘਟਨਾਕ੍ਰਮ ਪੂਰਾ ਚੱਕਰ ਕੱਟ ਚੁਕਾ ਸੀ। ਖਾੜਕੂ ਜਾਂ ਖਾਲਿਸਤਾਨੀ ਧਿਰਾਂ ਨਾਇਕ ਤੋਂ ਖਲਨਾਇਕ ਅਤੇ ਦੋਸ਼ੀ ਬਣਾ ਕੇ ਪੇਸ਼ ਕੀਤੀਆਂ ਜਾ ਰਹੀਆਂ ਸਨ।

ਉਸ ਵਕਤ ਸਮੁੱਚੀ ਖਾਲਿਸਤਾਨ ਲਹਿਰ ਸਿਧਾਂਤਕ ਅਤੇ ਇਖਲਾਕੀ ਸਵਾਲਾਂ ਦੀ ਬੁਛਾੜ ਹੇਠ ਸੀ। ਲਹਿਰ ਦੀ ਚੜ੍ਹਤਲ ਤੋਂ ਬਾਅਦ ਨਿਰਾਸ਼ਾ ਦਾ ਦੌਰ ਸੀ। ਲਹਿਰ ਬਾਰੇ ਸਿਧਾਂਤਕ ਸਵਾਲਾਂ ਅਤੇ ਦੋਸ਼ਾਂ ਦਾ ਢੁਕਵਾਂ ਉਤਰ ਦੇ ਕੇ ਲਹਿਰ ਦਾ ਪੱਖ ਪੇਸ਼ ਕਰਨ ਵਾਲਿਆਂ ਦੀ ਅਣਹੋਂਦ ਸੀ। ਲਹਿਰ ਕੋਲ ਇਸ ਬਾਰੇ ਆਪਣਾ ਕੋਈ ਪ੍ਰਬੰਧ ਨਹੀਂ ਸੀ, ਕਿਉਂਕਿ ਇਸ ਲਹਿਰ ਨੇ ਤਾਂ ਆਪਣਾ ਸੰਘਰਸ਼ ਵੀ ਬਿਨਾ ਕਿਸੇ ਸਿਧਾਂਤਕ ਅਤੇ ਬੌਧਿਕ ਤਿਆਰੀ ਦੇ ਹੀ ਲੜਿਆ ਸੀ ਜਿਸ ਕਾਰਨ ਮਾਹੌਲ ਨਿਰਾਸ਼ਾ ਤੋਂ ਨਮੋਸ਼ੀ ਵਾਲਾ ਬਣਿਆ ਪਿਆ ਸੀ। ਐਸੇ ਸਮੇਂ ਖਾਲਿਸਤਾਨੀ ਧਿਰਾਂ ਨੂੰ ਕੋਈ ਐਸਾ ਬੁੱਧੀਮਾਨ ਬੰਦਾ ਲੋੜੀਂਦਾ ਸੀ ਜੋ ਉਨ੍ਹਾਂ ਨੂੰ ਘੱਟੋ-ਘੱਟ ਗੱਲ ਕਰਨ ਜੋਗੇ ਤਾਂ ਕਰ ਦੇਵੇ। ਐਸੇ ਸਮੇਂ ਸ. ਅਜਮੇਰ ਸਿੰਘ ਨੇ ਵਿਤਕਰਿਆਂ ਭਰਪੂਰ ਭਾਰਤੀ ਉਚ ਜਾਤੀ ਪਰੰਪਰਾ, ਘੱਟ ਗਿਣਤੀਆਂ ਨੂੰ ਕੁਚਲਣ ਵਾਲੀ ਭਾਰਤੀ ਰਾਸ਼ਟਰਵਾਦੀ ਸੋਚ, ਭਾਰਤੀ ਰਾਸ਼ਟਰਵਾਦ ਅਤੇ ਭਾਰਤੀ ਸਟੇਟ ਨੂੰ ਇਤਿਹਾਸਕ ਪ੍ਰਸੰਗ ਵਿਚ ਦੋਸ਼ੀ ਗਰਦਾਨ ਕੇ ਸਵਾਲਾਂ ਦੇ ਘੇਰੇ ਵਿਚ ਖੜ੍ਹਾ ਕਰ ਦਿੱਤਾ। ਇਸ ਨਾਲ ਭਾਵੇਂ ਖਾਲਿਸਤਾਨੀ ਧਿਰਾਂ ਦਾ ਸਿੱਧਾ ਬਚਾਅ ਤਾਂ ਨਹੀਂ ਸੀ ਹੋਇਆ, ਪਰ ਵਿਰੋਧੀ ਧਿਰ ਨੂੰ ਸਿਧਾਂਤਕ ਪੈਂਤੜੇ ਤੋਂ ਹੀਣੇ ਹੋਇਆ ਜਾਣ ਕੇ ਆਪਣੀ ਇਖਲਾਕੀ ਮਜ਼ਬੂਤੀ ਦਾ ਅਹਿਸਾਸ ਖਾਲਿਸਤਾਨੀ ਧਿਰਾਂ ਨੇ ਜ਼ਰੂਰ ਮਹਿਸੂਸ ਕੀਤਾ।

ਜਦ ਅਜਮੇਰ ਸਿੰਘ ਨੇ ਖਾਲਸਈ ਧਿਰਾਂ ਦਾ ਵਿਰੋਧ ਕਰਨ ਵਾਲੀ ਧਿਰ ਨੂੰ ਗੁਰੂ ਕਾਲ ਤੋਂ ਚੱਲੀ ਆਉਂਦੀ ਗੁਰੂ ਘਰ ਵਿਰੋਧੀ ਬਿਪਰ ਧਾਰਾ ਨਾਲ ਜੋੜ ਕੇ ਮੌਜੂਦਾ ਦੁਸ਼ਮਣੀ ਨੂੰ 'ਪੰਜ ਸਦੀਆਂ ਦੇ ਵੈਰ' ਦੀ ਨਿਰੰਤਰਤਾ ਵਜੋਂ ਉਘੇੜ ਕੇ ਖਾਲਿਸਤਾਨੀ ਧਿਰਾਂ ਦੇ ਸੰਘਰਸ਼ ਨੂੰ ਗੁਰੂਆਂ ਵੇਲੇ ਤੋਂ ਬਿਪਰਵਾਦ ਖਿਲਾਫ ਚਲਦੇ ਆ ਰਹੇ ਵੱਡੇ ਇਤਿਹਾਸਕ ਸੰਘਰਸ਼ ਦੀ ਨਿਰੰਤਰਤਾ ਵਜੋਂ ਪੇਸ਼ ਕੀਤਾ ਤਾਂ ਖਾਲਿਸਤਾਨੀ ਧਿਰਾਂ ਦੇ ਚਿਹਰਿਆਂ 'ਤੇ ਹੱਕੀ ਅਤੇ ਉਚੇ ਇਖਲਾਕੀ ਆਦਰਸ਼ਾਂ ਨੂੰ ਪ੍ਰਨਾਏ ਇਤਿਹਾਸਕ ਸੰਘਰਸ਼ ਦੇ ਵਾਰਿਸ ਹੋਣ ਦਾ ਮਾਣ ਚਮਕ ਉਠਿਆ। ਇਕ ਵਾਰ ਤਾਂ ਗੱਲ 'ਬਾਰਾਂ ਬਰਸ ਦੀ ਔੜ ਸੀ ਮੀਂਹ ਵੁੱਠਾ, ਲੱਗਾ ਰੰਗ ਫਿਰ ਖੁਸ਼ਕ ਬਗੀਚਿਆਂ ਨੂੰ' ਵਾਲੀ ਹੋ ਗਈ। ਚਿਰਾਂ ਬਾਅਦ ਪੰਥ ਵਿਚ ਪਸਰੇ ਬੌਧਿਕ ਮਾਰੂਥਲ ਵਿਚ ਹੋਈ ਉਸ ਨੇ ਖਾਲਿਸਤਾਨੀ ਧਿਰਾਂ ਵੱਲੋਂ ਰਵਾਇਤੀ ਲੀਡਰਸ਼ਿਪ ਖਿਲਾਫ ਦਿਖਾਏ ਰੋਹ ਭਰੇ ਵਤੀਰੇ ਨੂੰ ਵਾਜਬ ਠਹਿਰਾ ਕੇ ਖਾਲਿਸਤਾਨੀਆਂ ਨੂੰ ਸਿਧਾਂਤਕ ਲੜਾਈ ਲੜਨ ਵਾਲੇ ਯੋਧੇ ਹੋਣ ਦਾ ਮਾਣ ਬਖਸ਼ਿਆ। ਉਨ੍ਹਾਂ ਧਿਰਾਂ ਨੇ ਵੀ ਸ. ਅਜਮੇਰ ਸਿੰਘ ਨੂੰ ਸਿੱਖ ਚਿੰਤਕ ਹੋਣ ਦਾ ਮਾਣ ਬਖਸ਼ਿਆ।


ਕਰਮਜੀਤ ਸਿੰਘ


ਅਜਮੇਰ ਸਿੰਘ

ਬਰਸਾਤ ਨੇ ਖਾਲਿਸਤਾਨੀ ਧਿਰਾਂ ਬਾਗੋ-ਬਾਗ ਕਰ ਦਿੱਤੀਆਂ। ਫਿਰ ਕੀ ਸੀ, ਇਨ੍ਹਾਂ ਧਿਰਾਂ ਨੇ ਅਜਮੇਰ ਸਿੰਘ ਨੂੰ ਪਲਕਾਂ 'ਤੇ ਬਿਠਾ ਲਿਆ ਅਤੇ ਉਨ੍ਹਾਂ ਦੀਆਂ ਲਿਖਤਾਂ ਨੂੰ ਭਰਪੂਰ ਪਿਆਰ ਤੇ ਸਤਿਕਾਰ ਦਿੱਤਾ। ਦੇਸ਼-ਵਿਦੇਸ਼ ਵਿਚ ਸਮਾਗਮ ਕਰਵਾਏ ਗਏ।

ਅਜਮੇਰ ਸਿੰਘ ਸੱਚੀਂ ਇਨ੍ਹਾਂ ਖਾਲਿਸਤਾਨੀ ਧਿਰਾਂ ਵਾਸਤੇ ਔਖੇ ਸਮੇਂ ਵਕੀਲ ਵਜੋਂ ਬਹੁੜਿਆ ਸੀ ਜਿਸ ਨੇ ਤੱਥਾਂ ਅਤੇ ਦਲੀਲਾਂ ਨਾਲ ਹਮਲਾਵਰ ਧਿਰ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਸੀ। ਇਨ੍ਹਾਂ ਧਿਰਾਂ ਵਾਸਤੇ ਇਹ ਸਕੂਨ ਦੇਣ ਵਾਲੀ ਗੱਲ ਸੀ। ਇਸ ਦੇ ਨਾਲ ਹੀ ਅਜਮੇਰ ਸਿੰਘ ਨੇ ਪਿਛਲੇ ਸਮੇਂ ਤੋਂ ਸਿੱਖ ਲੀਡਰਸ਼ਿਪ ਵੱਲੋਂ ਕਮਜ਼ੋਰੀ ਅਤੇ ਲਾਲਚ ਕਾਰਨ ਸਿੱਖ ਸਿਧਾਂਤਾਂ ਨੂੰ ਪਿੱਠ ਦਿਖਾਏ ਜਾਣ ਦੇ ਇਤਿਹਾਸ ਦੀ ਜੋ ਤਸਵੀਰ ਖਿੱਚੀ,

ਸ. ਅਜਮੇਰ ਸਿੰਘ ਨੇ ਖਾਲਿਸਤਾਨੀ ਧਿਰਾਂ ਲਈ ਨਾ ਤਾਂ ਕੋਈ ਭਵਿੱਖ ਦੀ ਸਿਧਾਂਤਕਾਰੀ ਪੇਸ਼ ਕੀਤੀ, ਨਾ ਕੋਈ ਆਪਣੀ ਧਿਰ ਸਿਰਜੀ ਅਤੇ ਨਾ ਹੀ ਖਾਲਿਸਤਾਨੀ ਜਾਂ ਖਾੜਕੂ ਸੰਘਰਸ਼ ਦੀ ਕੋਈ ਵਧਵੀਂ ਆਲੋਚਨਾ ਕੀਤੀ। ਉਸ ਦੀਆਂ ਲਿਖਤਾਂ ਦੀ ਤਰਤੀਬ ਅਨੁਸਾਰ ਅਜੇ ਉਸ ਨੇ ਮੌਜੂਦਾ ਦੌਰ ਬਾਰੇ ਲਿਖਣਾ ਹੈ। ਇਨ੍ਹਾਂ ਲਿਖਤਾਂ ਦੌਰਾਨ ਸ. ਅਜਮੇਰ ਸਿੰਘ ਦਾ ਆਪਣਾ ਰੂਹਾਨੀ ਅਤੇ ਬੌਧਿਕ ਸਫਰ ਵੀ ਜਾਰੀ ਰਿਹਾ। ਲਿਖਦਿਆਂ ਲਿਖਦਿਆਂ ਉਹ ਹੁਣ ਉਸ ਪੜਾਅ 'ਤੇ ਆ ਗਿਆ ਜਿਥੇ ਖਾਲਿਸਤਾਨੀ ਲਹਿਰ ਬਾਰੇ ਲਿਖਣ ਲੱਗਿਆਂ ਕੁਝ ਤਲਖ ਸੱਚਾਈਆਂ ਨਾਲ ਵੀ ਦੋ ਚਾਰ ਹੋਣਾ ਪੈਣਾ ਸੀ। ਸੱਚ ਇਹ ਹੈ ਕਿ ਹਮਦਰਦੀ ਜਾਂ ਸਿਫਤਾਂ ਤਾਂ ਹਰ ਕੋਈ ਖੁਸ਼ ਹੋ ਕੇ ਪ੍ਰਵਾਨ ਕਰ ਲੈਂਦਾ ਹੈ, ਪਰ ਆਲੋਚਨਾ ਸਹਿਣ ਕਰਨੀ ਸੌਖੀ ਨਹੀਂ। ਇਸ ਲਈ ਜਦ ਅਜਮੇਰ ਸਿੰਘ ਨੇ ਖਾਲਿਸਤਾਨੀ ਧਿਰਾਂ ਪ੍ਰਤੀ ਖਰ੍ਹਵੀਂ ਟਿੱਪਣੀ ਕਰ ਦਿੱਤੀ ਤਾਂ ਕਈਆਂ ਨੂੰ ਅਚੰਭਾ ਲੱਗਣਾ ਸੁਭਾਵਿਕ ਸੀ।

ਪਿਛਲੇ ਡੇਢ ਦਹਾਕੇ ਦੌਰਾਨ ਅਜਮੇਰ ਸਿੰਘ ਵਿਚ ਆਈ ਰੂਹਾਨੀ ਤੇ ਬੌਧਿਕ ਤਬਦੀਲੀ ਅਤੇ ਸਪਸ਼ਟਤਾ ਕਾਰਨ ਵੀ ਇਹ ਹੋਣਾ ਜ਼ਰੂਰੀ ਸੀ। ਬੱਸ, ਇਸ ਨਾਲ ਹੀ ਖਿਲਾਰਾ ਪੈ ਗਿਆ। ਸਭ ਸਬੰਧਾਂ ਦਾ ਮੁੜ ਮੁਲੰਕਣ ਹੋਣਾ ਸ਼ੁਰੂ ਹੋ ਗਿਆ। ਖਾਲਿਸਤਾਨੀ ਧਿਰਾਂ ਅਜਮੇਰ ਸਿੰਘ ਕੋਲੋਂ ਖਾਲਿਸਤਾਨ ਦੀ ਸਿਧਾਂਤਕਾਰੀ ਦੀ ਆਸ ਰੱਖਦੀਆਂ ਜਾਪਦੀਆਂ ਸਨ, ਪਰ ਅਜਮੇਰ ਸਿੰਘ ਨੇ ਇਹੋ ਮੋੜਵਾਂ ਸਵਾਲ ਖਾਲਿਸਤਾਨੀ ਧਿਰਾਂ ਨੂੰ ਹੀ ਪੁੱਛ ਕੇ ਡੌਰ-ਭੌਰ ਕਰ ਦਿੱਤਾ। ਖਾਲਿਸਤਾਨੀ ਧਿਰਾਂ ਤਾਂ ਅਜਮੇਰ ਸਿੰਘ ਸਮੇਤ ਹੋਰ ਸਿੱਖ ਵਿਦਵਾਨਾਂ ਨੂੰ ਵੀ ਇਹੋ ਕਹਿੰਦੀਆਂ ਹਨ ਕਿ ਜੇ ਖਾਲਿਸਤਾਨ ਦੀ ਸਿਧਾਂਤਕਾਰੀ ਸਾਡੇ ਕੋਲੋਂ ਹੀ ਪੁੱਛਣੀ ਹੈ ਤਾਂ ਤੁਸੀਂ ਵਿਦਵਾਨ ਕਾਹਦੇ?

ਸੱਚ ਇਹ ਹੈ ਕਿ ਖਾਲਿਸਤਾਨ ਦਾ ਸਿਧਾਂਤ ਜਾਂ ਸਿੱਖ ਰਾਜ ਦਾ ਸਿਧਾਂਤਕ ਮਾਡਲ ਅਜੇ ਤੱਕ ਘੜਿਆ ਨਹੀਂ ਜਾ ਸਕਿਆ। ਰਾਜ ਦਾ ਮਾਡਲ ਤਾਂ ਕੀ, ਅਜੇ ਤੱਕ ਤਾਂ ਕੈਲੰਡਰ ਵੀ ਨਹੀਂ ਘੜਿਆ ਜਾ ਸਕਿਆ। ਅਜਮੇਰ ਸਿੰਘ ਦੀ ਖਾਲਿਸਤਾਨੀ ਧਿਰਾਂ ਪ੍ਰਤੀ ਹਮਦਰਦੀ, ਵਜਾਹਤ ਅਤੇ ਹਮਾਇਤ ਦਾ ਦੌਰ ਲੰਘਣ ਬਾਅਦ ਭਵਿੱਖ ਦੀ ਨੀਤੀ ਉਲੀਕਣ ਬਾਰੇ ਖੜ੍ਹੋਤ ਵਾਲੇ ਹਾਲਾਤ ਤੋਂ ਖਾਲਿਸਤਾਨੀ ਧਿਰਾਂ ਬਾਰੇ ਚੁਭਵੀਂ ਟਿੱਪਣੀ ਉਪਰੰਤ ਸ. ਕਰਮਜੀਤ ਸਿੰਘ (ਪੱਤਰਕਾਰ) ਨੇ ਅਜਮੇਰ ਸਿੰਘ ਨੂੰ ਅਸਿੱਧੇ ਤੌਰ 'ਤੇ ਖਾਲਿਸਤਾਨ ਤੋਂ ਭਗੌੜਾ ਐਲਾਨ ਕੇ ਉਸ ਦੇ ਚਿੰਤਨ ਨੂੰ ਹੀ ਚੁਣੌਤੀ ਦੇ ਕੇ ਸਵਾਲਾਂ ਦੇ ਘੇਰੇ ਵਿਚ ਲੈ ਆਂਦਾ ਹੈ। ਇਸ ਦਾ ਸਿੱਧਾ ਜਿਹਾ ਭਾਵ ਇਹ ਹੈ ਕਿ ਜੇ ਕੋਈ ਖਾਲਿਸਤਾਨੀ ਧਿਰਾਂ ਦੀ ਧੁਰ ਖਾਲਿਸਤਾਨ ਤੱਕ ਹਮਾਇਤ ਜਾਰੀ ਨਹੀਂ ਰੱਖਦਾ ਤਾਂ ਉਸ ਵੱਲੋਂ ਕੀਤਾ ਬਾਕੀ ਕਾਰਜ ਵੀ ਸ਼ੱਕੀ ਹੈ।

ਸ. ਕਰਮਜੀਤ ਸਿੰਘ ਨੇ 'ਪੰਜਾਬ ਟਾਈਮਜ਼' ਦੇ 7 ਜਨਵਰੀ ਦੇ ਅੰਕ ਵਿਚ ਛਪੇ ਆਪਣੇ ਲੇਖ ਰਾਹੀਂ ਅਜਮੇਰ ਸਿੰਘ ਵੱਲੋਂ ਨੇਸ਼ਨ ਸਟੇਟ ਦੀ ਆਲੋਚਨਾ ਦੇ ਪੈਂਤੜੇ ਨੂੰ ਸਿੱਖ ਨੇਸ਼ਨ ਸਟੇਟ ਦੇ ਵਿਰੋਧ ਦਾ ਮੁੱਢ ਦੱਸਿਆ ਹੈ। ਕਰਮਜੀਤ ਸਿੰਘ ਅਨੁਸਾਰ, ਅਜਮੇਰ ਸਿੰਘ ਵੱਲੋਂ ਜਿਸ ਤਰਕ ਨਾਲ ਹਿੰਦੂ ਨੇਸ਼ਨ ਸਟੇਟ ਨੂੰ ਰੱਦ ਕੀਤਾ ਜਾ ਰਿਹਾ ਹੈ, ਉਸ ਨਾਲ ਤਾਂ ਸਿੱਖ ਨੇਸ਼ਨ ਸਟੇਟ ਦੀ ਅਗਾਊਂ ਹੀ 'ਸਿਧਾਂਤਕ ਘੇਰਾਬੰਦੀ' ਕੀਤੀ ਜਾ ਰਹੀ ਜਾਪਦੀ ਹੈ। ਇਸ ਤੋਂ ਅੱਗੇ ਕਰਮਜੀਤ ਸਿੰਘ ਵੱਲੋਂ ਅਜਮੇਰ ਸਿੰਘ ਦਾ ਸਿੱਖਾਂ ਨੂੰ ਦੂਜੀ ਗੁਲਾਮੀ ਦੇਣ ਵਾਲਿਆਂ ਨਾਲ ਰਲ ਜਾਣ ਦਾ ਪ੍ਰਗਟਾਇਆ ਤੌਖਲਾ ਗੱਦਾਰੀ ਦਾ ਤਮਗਾ ਦੇਣ ਨਾਲੋਂ ਐਵੇਂ ਹਵਾ ਕੁ ਭਰ ਈ ਥੱਲੇ ਰਹਿ ਜਾਂਦਾ ਹੈ। ਕਰਮਜੀਤ ਸਿੰਘ ਦੇ ਇਹ ਕਹਿਣ, ਕਿ 'ਅਜਮੇਰ ਸਿੰਘ ਰੂਪੀ ਲੱਕੜ ਉਪਰ ਹੁਣ ਖਾਲਿਸਤਾਨ ਦੀ ਨਕਾਸ਼ੀ ਮੁਸ਼ਕਿਲ ਹੈ' ਤੋਂ ਤਾਂ ਇਹ ਲਗਦਾ ਹੈ, ਜਿਵੇਂ ਕੋਈ ਹੋਰ ਨਕਸ਼-ਨਿਗਾਰ ਅਜਮੇਰ ਸਿੰਘ ਨੂੰ ਖਾਲਿਸਤਾਨੀ ਸਾਂਚੇ ਵਿਚ ਢਾਲਣ ਵਾਸਤੇ ਜ਼ੋਰ ਲਾ ਰਿਹਾ ਸੀ, ਪਰ ਉਸ ਦੇ ਯਤਨਾਂ ਨੂੰ ਬੂਰ ਨਾ ਪਿਆ ਹੋਵੇ। ਕੀ ਖਾਲਿਸਤਾਨੀ ਧਿਰਾਂ ਨੇ ਅਜਮੇਰ ਸਿੰਘ ਰੂਪੀ 'ਪੱਤੇਦਾਰ' ਬੂਟੇ ਤੋਂ ਸੰਘਣੀ ਛਾਂ ਦੇ ਨਾਲ ਨਾਲ ਖਾਲਿਸਤਾਨ ਦੀ ਨਕਸ਼-ਨਗੀਰੀ ਦੇ 'ਰਸੀਲੇ' ਫਲ ਦੀ ਵੀ ਆਸ ਰੱਖੀ ਸੀ ਅਤੇ ਅਜਮੇਰ ਸਿੰਘ ਉਸ 'ਤੇ ਖਰਾ ਨਹੀਂ ਉਤਰਿਆ? ਜੇ ਐਸਾ ਹੈ ਤਾਂ ਇਹ ਉਕਾਈ ਖਾਲਿਸਤਾਨੀ ਧਿਰਾਂ ਦੀ ਹੈ, ਜਿਨ੍ਹਾਂ ਵੱਲੋਂ ਬੂਟਾ ਲਾਉਣ ਵੇਲੇ ਬੂਟੇ ਦੀ ਪਰਖ ਕਰਨੀ ਵੀ ਬਣਦੀ ਸੀ। ਖਾਲਿਸਤਾਨੀ ਧਿਰਾਂ ਨੂੰ ਵੀ ਕੁਝ ਸਵਾਲਾਂ ਦਾ ਸਾਹਮਣਾ ਤਾਂ ਕਰਨਾ ਹੀ ਪਵੇਗਾ। ਪੰਜਾਬ ਵਿਚਲੇ ਸਿਆਸੀ ਖਲਾਅ ਨੂੰ ਜਿਵੇਂ ਆਮ ਆਦਮੀ ਪਾਰਟੀ ਨੇ ਆਣ ਮੱਲਿਆ ਹੈ, ਉਸ ਦੇ ਮੱਦੇਨਜ਼ਰ ਖਾਲਿਸਤਾਨੀ ਧਿਰ ਨੂੰ ਸਵਾਲ ਤਾਂ ਕੀ, ਕੋਈ ਇਹ ਮਿਹਣਾ ਵੀ ਮਾਰ ਸਕਦਾ ਹੈ ਕਿ 'ਬੇਰੀਆਂ ਨੂੰ ਬੇਰ ਲੱਗ ਗਏ, ਤੈਨੂੰ ਕੁਝ ਨਾ ਲੱਗਾ ਮੁਟਿਆਰੇ।'

ਸੱਚ ਇਹ ਹੈ ਕਿ ਖਾਲਿਸਤਾਨੀ ਧਿਰਾਂ ਖਾਲਿਸਤਾਨ ਨੂੰ ਸ਼ਬਦਾਂ ਦੀਆਂ ਝਾੜੀਆਂ ਵਿਚੋਂ ਬਾਹਰ ਨਹੀਂ ਕੱਢ ਸਕੀਆਂ (ਸਿ. ਗੁਰਤੇਜ ਸਿੰਘ ਦੇ ਸ਼ਬਦਾਂ ਅਨੁਸਾਰ)। ਬਹੁਤੇ ਵਿਸਥਾਰ ਵਿਚ ਨਾ ਜਾਂਦਿਆਂ ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਮੌਜੂਦਾ ਘੜੀ ਮੁਸ਼ਕਿਲ ਇਹ ਹੈ ਕਿ ਖਾਲਿਸਤਾਨੀ ਧਿਰਾਂ ਅਜਮੇਰ ਸਿੰਘ ਦੇ ਖਾਲਿਸਤਾਨ ਦਾ ਨਕਸ਼-ਨਿਗਾਰ ਹੋਣ ਦਾ ਟਪਲਾ ਖਾ ਗਈਆਂ। ਕੀ ਅਜਮੇਰ ਸਿੰਘ ਨੇ ਕਦੇ ਐਸਾ ਹੋਣ ਦਾ ਭਰਮ ਪੈਦਾ ਵੀ ਕੀਤਾ ਸੀ? ਇਸ ਬਾਰੇ ਜਾਂ ਅਜਮੇਰ ਸਿੰਘ ਜਾਣਦੇ ਹੋਣਗੇ ਜਾਂ ਬਾਕੀ ਧਿਰਾਂ, ਪਰ ਉਹ ਖਾਲਿਸਤਾਨ ਦਾ ਨਕਸ਼-ਨਿਗਾਰ ਨਹੀਂ ਸੀ। ਹੁਣ ਖਾਲਿਸਤਾਨੀ ਧਿਰਾਂ ਸਾਹਮਣੇ ਸਵਾਲ ਇਹ ਵੀ ਹੈ ਕਿ ਉਹ ਅਜਮੇਰ ਸਿੰਘ ਵੱਲੋਂ ਖਾਲੀ ਕੀਤੀ ਥਾਂ ਨੂੰ ਭਰ ਕੇ ਭਵਿੱਖ ਦੀ ਨਕਸ਼-ਨਗੀਰੀ ਦਾ ਕਾਰਜ ਕਿਸ ਹਵਾਲੇ ਕਰਦੀਆਂ ਹਨ?

ਸ. ਕਰਮਜੀਤ ਸਿੰਘ ਵਲੋਂ ਲਹਿਰ ਦੇ ਜੁਝਾਰੂਆਂ ਵੱਲੋਂ ਹਕੂਮਤੀ ਜਬਰ ਝੱਲਦਿਆਂ ਦਿਖਾਈ ਗਈ 'ਰੂਹਾਨੀ ਮਜ਼ਬੂਤੀ' ਦੀ ਕੀਤੀ ਜਾਣ ਵਾਲੀ ਖੋਜ ਭਵਿੱਖ ਦੀ ਉਹ ਨਕਸ਼-ਨਗੀਰੀ, ਜਿਸ ਤੋਂ ਅਜਮੇਰ ਸਿੰਘ ਨੂੰ ਖਹਿੜਾ ਛੁਡਾਉਣ ਵਾਲਾ ਕਿਹਾ ਗਿਆ ਹੈ, ਨਹੀਂ ਸਗੋਂ ਅਤੀਤ ਦੇ ਝਿਰਿਆਂ ਵਿਚ ਹੀ ਘੁੰਮਣ ਵਾਲੀ ਗੱਲ ਹੋਏਗੀ।

---

# ਅਜੇ ਦੂਰ ਹੈ ਅਨੰਦਪੁਰ ਦੀ ਮੰਜ਼ਿਲ

ਸਿੱਖ ਚਿੰਤਕ/ਲੇਖਕ ਅਜਮੇਰ ਸਿੰਘ ਵੱਲੋਂ ਹਾਲ ਹੀ ਵਿਚ ਇਕ ਟੀ.ਵੀ. ਚੈਨਲ ਨੂੰ ਦਿੱਤੀ ਇੰਟਰਵਿਊ ਪਿਛੋਂ ਸੀਨੀਅਰ ਪੱਤਰਕਾਰ ਤੇ ਸਿੱਖ ਚਿੰਤਕ ਕਰਮਜੀਤ ਸਿੰਘ ਨੇ ਲਿਖੇ ਆਪਣੇ ਲੇਖ ਵਿਚ ਅਜਮੇਰ ਸਿੰਘ ਦੇ ਚਿੰਤਨ ਨੂੰ ਚੁਣੌਤੀ ਦਿੰਦਿਆਂ ਉਸ ਨੂੰ ਕੁਝ ਗੰਭੀਰ ਸਵਾਲਾਂ ਦੇ ਸਨਮੁਖ ਖੜ੍ਹਾ ਕਰ ਦਿਤਾ ਹੈ। ਅਜਮੇਰ ਸਿੰਘ ਨੇ ਆਪਣੀਆਂ ਕਿਤਾਬਾਂ ਅਤੇ ਵਿਚਾਰਾਂ ਦੇ ਪ੍ਰਚਾਰ

ਤਰਲੋਕ ਸਿੰਘ, ਨਿਊਜਰਸੀ

ਲਈ ਪਿਛਲੇ 15 ਸਾਲਾਂ ਤੋਂ ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਆਸਟਰੇਲੀਆ ਦੇ ਅਣਗਿਣਤ ਚੱਕਰ ਲਾਏ ਹਨ, ਤੇ ਇੰਜ ਆਪਣੇ ਸਮਥਕਾਂ ਦਾ ਕਾਫਲਾ ਤਿਆਰ ਕੀਤਾ ਹੈ। ਇਸ ਕਾਫਲੇ ਵਿਚ ਵੱਡੀ ਗਿਣਤੀ ਉਨ੍ਹਾਂ ਲੋਕਾਂ ਦੀ ਹੈ ਜੋ ਖਾਲਿਸਤਾਨ ਦੀ ਮੰਜ਼ਿਲ ਦੇ ਪਾਂਧੀ ਹਨ ਅਤੇ ਇਸ ਉਡੀਕ ਵਿਚ ਸਨ ਕਿ ਉਹ ਵਕਤ ਵੀ ਆਏਗਾ, ਜਦੋਂ ਅਜਮੇਰ ਸਿੰਘ ਉਨ੍ਹਾਂ ਦੀ ਦਰਦ ਕਹਾਣੀ ਨੂੰ ਖਾਲਿਸਤਾਨ ਦੇ ਏਜੰਡੇ ਰਾਹੀਂ ਪੇਸ਼ ਕਰਨਗੇ। ਉਂਜ ਵੀ ਉਨ੍ਹਾਂ ਦੀਆਂ ਪੁਸਤਕਾਂ ਵਿਚ ਪੇਸ਼ ਸਮੱਗਰੀ ਉਸ ਦਿਸ਼ਾ ਵੱਲ ਜਾਣ ਦੀ ਆਸ ਵੀ ਬੰਨ੍ਹਾਉਂਦੀ ਸੀ, ਪਰ ਜਦੋਂ ਉਨ੍ਹਾਂ ਨੇ ਇੰਟਰਵਿਊ ਦੌਰਾਨ ਇਹ ਐਲਾਨ ਕਰ ਦਿਤਾ ਕਿ ਉਹ ਖਾਲਿਸਤਾਨੀਆਂ ਨਾਲ ਦੋ ਮਿੰਟ ਵੀ ਨਹੀਂ ਬੈਠ ਸਕਦੇ ਕਿਉਂਕਿ ਇਹ ਡਿਸਗਸਟਿੰਗ (ਕਚਿਆਣ ਭਰਿਆ) ਹੈ, ਤਾਂ ਉਨ੍ਹਾਂ ਦੇ ਸਮਰਥਕਾਂ ਵਿਚ ਤਰਥੱਲੀ ਜਿਹੀ ਮੱਚ ਗਈ। ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਉਨ੍ਹਾਂ ਨਾਲ ਕੋਈ ਵੱਡਾ ਧੋਖਾ ਹੋ ਗਿਆ ਹੈ। ਅਜਮੇਰ ਸਿੰਘ ਨੇ ਹਾਲਾਤ ਨੂੰ ਭਾਂਪਦਿਆਂ ਇਕ ਹੋਰ ਇੰਟਰਵਿਊ ਵਿਚ ਆਪਣਾ ਪੱਖ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਇੰਟਰਵਿਊ ਇੰਨੀ ਕਮਜ਼ੋਰ ਹੋ ਨਿਬੜੀ ਕਿ ਅਸਲ ਨਿਸ਼ਾਨੇ 'ਤੇ ਕੇਂਦਰਤ ਹੀ ਨਾ ਹੋ ਸਕੀ।

ਸ. ਕਰਮਜੀਤ ਸਿੰਘ ਦਾ ਤਰਕ ਹੈ ਕਿ ਅਜਮੇਰ ਸਿੰਘ ਨੇ ਸਿੱਖਾਂ ਨੂੰ ਖਾਲਿਸਤਾਨ ਦੇ ਮੁੱਦੇ ਤੋਂ ਭਟਕਾਉਣ ਲਈ 'ਨੇਸ਼ਨ ਸਟੇਟ' ਦਾ ਮੋਢਾ ਵਰਤਿਆ ਅਤੇ ਇਹ ਰਣਨੀਤੀ ਇਕ ਤਰ੍ਹਾਂ ਨਾਲ ਅਸਿੱਧੇ ਰੂਪ ਵਿਚ ਖਾਲਿਸਤਾਨ ਦਾ ਵਿਰੋਧ ਕਰਨਾ ਹੀ ਸੀ। ਖਾਲਿਸਤਾਨੀ ਸਫਾਂ ਵਿਚੋਂ ਕਿਸੇ ਨੇ ਵੀ ਉਨ੍ਹਾਂ ਦੇ ਅਜਿਹੇ ਗੁੱਝੇ ਯਤਨਾਂ ਨੂੰ ਬੇਨਕਾਬ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਵਿਚ ਖਾਲਿਸਤਾਨੀ ਸਮਰਥਕਾਂ ਦਾ ਵੀ ਦੋਸ਼ ਹੈ, ਕਿਉਂਕਿ ਉਨ੍ਹਾਂ ਨੇ ਇਹ ਪਤਾ ਲਾਉਣ ਦੀ ਕਦੇ ਕੋਸ਼ਿਸ਼ ਹੀ ਨਹੀਂ ਕੀਤੀ ਕਿ 'ਨੇਸ਼ਨ ਸਟੇਟ' ਨੂੰ ਰੱਦ ਕਰਨ ਦੀ ਨੀਤੀ ਤੇ ਇਸ ਨਾਲ ਜੁੜੀਆਂ ਸੂਖਮ ਤੇ ਬਰੀਕ ਤੰਦਾਂ ਕਿਸ ਦਿਸ਼ਾ ਵੱਲ ਲੈ ਕੇ ਜਾਣਗੀਆਂ।

ਹੁਣ ਖਾਲਿਸਤਾਨੀਆਂ ਬਾਰੇ ਸ. ਅਜਮੇਰ ਸਿੰਘ ਦੀ ਟਿੱਪਣੀ ਤੋਂ ਸਾਰੀ ਗੱਲ ਸਾਹਮਣੇ ਆ ਰਹੀ ਹੈ, ਕਿਉਂਕਿ ਸ. ਕਰਮਜੀਤ ਸਿੰਘ ਦੇ ਲੰਮੇ ਲੇਖ ਨੇ ਦੱਬੀਆਂ ਪਰਤਾਂ ਨੂੰ ਸਾਹਮਣੇ ਲਿਆਂਦਾ ਹੈ। ਸ਼ੋਸ਼ਲ ਮੀਡੀਏ ਉਤੇ ਵੀ ਬਹਿਸ ਚੱਲੀ ਹੋਈ ਹੈ। ਇਥੇ ਇਹ ਯਾਦ ਕਰਾਉਣਾ ਵੀ ਜ਼ਰੂਰੀ ਹੈ ਕਿ ਖਾਲਿਸਤਾਨ ਨਾਲ ਜੁੜੀਆਂ ਜਥੇਬੰਦੀਆਂ ਅਤੇ ਇਸ ਨਿਸ਼ਾਨੇ ਨੂੰ ਪ੍ਰਨਾਏ ਸਰਗਰਮ ਜ਼ਿਆਰਤੀਆਂ ਵਿਚ ਵੀ ਅਜਮੇਰ ਸਿੰਘ ਦੀਆਂ ਟਿੱਪਣੀਆਂ ਉਸ ਦੇ ਅਸਲ ਮਕਸਦ ਪ੍ਰਤੀ ਨਾ ਤਾਂ ਕੋਈ ਗੰਭੀਰ ਬਹਿਸ ਹੋਈ ਹੈ, ਨਾ ਹੀ ਤਿੱਖਾ ਵਿਰੋਧ ਹੋਇਆ ਹੈ। ਇਹ ਬਹਿਸ ਜਾਂ ਹਿਲਜੁਲ ਕਿਉਂ ਨਹੀਂ ਹੋਈ?

ਸ. ਕਰਮਜੀਤ ਸਿੰਘ ਦੀ ਦਲੀਲ ਹੈ ਕਿ ਦਰਅਸਲ ਸਿੱਖ ਸਾਵਰਨ ਸਟੇਟ ਦੀ ਹਕੀਕਤ ਨੂੰ ਅਮਲੀ ਜਾਮਾ ਪਹਿਨਾਉਣ ਲਈ ਨਾ ਕੋਈ ਬੌਧਿਕ ਸੰਸਥਾ ਹੈ, ਨਾ ਹੀ ਬੌਧਿਕ ਮਾਹੌਲ ਹੈ ਅਤੇ ਨਾ ਹੀ ਬੌਧਿਕ ਲਹਿਰ ਦੀ ਸਿਰਜਣਾ ਲਈ ਕੋਈ ਜਥੇਬੰਦਕ ਯਤਨ ਹੋਇਆ ਹੈ, ਅਤੇ ਨਾ ਹੀ ਕਿਸੇ ਦੀ ਇਸ ਕਾਰਜ ਵਿਚ ਕੋਈ ਦਿਲਚਸਪੀ ਜੁੜੀ ਹੈ। ਸਿੱਖਾਂ ਦੀ 'ਸਰਬ ਸਾਂਝੀ ਸੋਚ' ਨੇ ਕਿਸੇ ਮਹਾਨ ਅਤੇ ਯਾਦਗਾਰੀ ਬੌਧਿਕ ਰਵਾਇਤ ਨੂੰ ਵੀ ਸਥਾਪਤ ਨਹੀਂ ਕੀਤਾ। ਇਸੇ ਲਈ ਅਚਾਨਕ ਕੋਈ ਵਿਦਵਾਨ ਉਠਦਾ ਹੈ ਤੇ ਆਪਣੀ ਮਨਮਰਜ਼ੀ ਨੂੰ ਸੰਗਤਾਂ ਉਤੇ ਠੋਸਣ ਦਾ ਯਤਨ ਕਰਦਾ ਹੈ ਅਤੇ ਕੋਈ ਵੀ ਕਿਸੇ ਸਰਬਪੱਖੀ ਬਹਿਸ ਲਈ ਅੱਗੇ ਨਹੀਂ ਆਉਂਦਾ ਜਾਂ ਚੁਣੌਤੀ ਨਹੀਂ ਦਿੰਦਾ। ਅੱਜ ਹਾਲਤ ਇਹ ਹੈ ਕਿ ਖਾਲਿਸਤਾਨੀ ਵਿਦਵਤਾ ਨੂੰ ਖਾਸ ਦਿਸ਼ਾ ਦੇਣ ਦਾ ਮੈਦਾਨ ਖਾਲੀ ਪਿਆ ਹੈ।

ਮੈਂ ਕਰਮਜੀਤ ਸਿੰਘ ਦੀ ਇਸ ਧਾਰਨਾ ਨਾਲ ਕਿਸੇ ਹੱਦ ਤੱਕ ਸਹਿਮਤ ਹਾਂ ਕਿ ਵਿਚਾਰਾਂ ਦੀ ਚੌਧਰ ਕਿਸੇ ਇਕ ਬੰਦੇ ਉਤੇ ਕੇਂਦਰਤ ਨਹੀਂ ਹੋਣੀ ਚਾਹੀਦੀ, ਸਗੋਂ ਵਿਦਵਾਨਾਂ ਦੀ ਵੱਡੀ ਟੀਮ ਤਿਆਰ ਕੀਤੀ ਜਾਣੀ ਚਾਹੀਦੀ ਹੈ ਜੋ ਪੰਥ ਦੀ ਬੌਧਿਕ ਅਗਵਾਈ ਦੀ ਜ਼ਿੰਮੇਵਾਰੀ ਲਏ, ਪਰ ਸਾਡਾ ਵਿਚਾਰ ਹੈ ਕਿ ਇਸ ਔਖੇ ਕੰਮ ਲਈ ਵੱਡਾ ਪ੍ਰਾਜੈਕਟ ਤਿਆਰ ਹੋਣਾ ਚਾਹੀਦਾ ਹੈ। ਫਿਲਹਾਲ ਇਸ ਪਹਿਲੂ ਤੋਂ ਸਾਡੇ ਪੱਲੇ ਨਿਰਾਸ਼ਾ ਹੀ ਹੈ। ਅਜੇ ਮੰਜ਼ਿਲ ਦੂਰ ਜਾਪਦੀ ਹੈ ਤੇ ਹਨ੍ਹੇਰੇ ਗਾੜ੍ਹੇ ਹਨ। ਇਸੇ ਨਿਰਾਸ਼ਾ ਤੇ ਉਦਾਸੀ 'ਚ ਹੀ ਹਰਿੰਦਰ ਸਿੰਘ ਮਹਿਬੂਬ ਦਸਮੇਸ਼ ਪਿਤਾ ਨੂੰ ਆਵਾਜ਼ਾਂ ਮਾਰਦੇ ਰਹੇ ਹਨ:

ਤੂੰ ਬਹੁੜੀਂ ਕਲਗੀ ਵਾਲਿਆ,
ਕੋਈ ਦੇਸ ਨਾ ਸਾਡਾ।
ਸੁਪਨਾ ਪੂਰੀ ਅਨੰਦ ਦਾ, ਬੇਨੂਰ, ਦੁਰਾਡਾ।

# ਐਸਕੇਪ ਰੂਟ ਦੀ ਤਲਾਸ਼ ਕਰ ਰਹੇ ਹਨ ਅਜਮੇਰ ਸਿੰਘ

**ਵਿਚਾਰ-ਚਰਚਾ**

***ਸ. ਅਜਮੇਰ ਸਿੰਘ ਦੀਆਂ ਖਾਲਿਸਤਾਨੀਆਂ ਬਾਰੇ ਟਿੱਪਣੀਆਂ ਤੋਂ ਛਿੜੀ ਬਹਿਸ ਦੇ ਸਿਲਸਿਲੇ ਵਿਚ ਸੋਸ਼ਲ ਮੀਡੀਏ ਉਤੇ ਸ. ਜਸਜੀਤ ਸਿੰਘ (ਮਾਲਕ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼') ਦੀਆਂ ਕੁਝ ਟਿੱਪਣੀਆਂ ਆਈਆਂ ਹਨ ਜਿਨ੍ਹਾਂ ਉਤੇ ਪ੍ਰਤੀਕਰਮ ਵਜੋਂ ਸ. ਕਰਮਜੀਤ ਸਿੰਘ ਦਾ ਇਹ ਲੇਖ ਛਾਪ ਰਹੇ ਹਾਂ। -ਸੰਪਾਦਕ***

**ਕਰਮਜੀਤ ਸਿੰਘ ਚੰਡੀਗੜ੍ਹ**
ਫੋਨ: 91-99150-91063

ਪਿਛਲੇ ਕਰੀਬ 15 ਸਾਲਾਂ ਤੋਂ ਖਾਲਿਸਤਾਨ ਦੀ ਹਮਾਇਤ ਕਰਦੇ ਆ ਰਹੇ ਸਿੱਖ ਚਿੰਤਕ ਸ. ਅਜਮੇਰ ਸਿੰਘ ਵਲੋਂ ਖਾਲਿਸਤਾਨੀਆਂ ਬਾਰੇ ਕੀਤੀ ਗਈ ਟਿੱਪਣੀ ਪਿਛੋਂ 'ਪੰਜਾਬ ਟਾਈਮਜ਼' ਵਿਚ ਛਪੇ ਮੇਰੇ ਲੇਖ 'ਥਿੜਕ ਗਏ ਹਨ ਅਜਮੇਰ ਸਿੰਘ ਆਪਣੀ ਮੰਜ਼ਿਲ ਤੋਂ' ਬਾਰੇ ਸੋਸ਼ਲ ਮੀਡੀਏ 'ਤੇ ਅਖਬਾਰ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੇ ਮਾਲਕ ਸ. ਜਸਜੀਤ ਸਿੰਘ ਦੇ ਵਿਚਾਰ ਮੈਂ ਡੂੰਘੇ ਧਿਆਨ ਨਾਲ ਪੜ੍ਹੇ ਹਨ। ਦਰਅਸਲ ਮੈਂ ਇਹ ਕਦਾਚਿਤ ਨਹੀਂ ਚਾਹੁੰਦਾ ਹਾਂ ਕਿ ਚਲਦੇ ਰੌਲੇ ਵਿਚ ਅਸਲ ਨੁਕਤੇ ਹੀ ਗੁਆਚ ਜਾਣ ਅਤੇ ਬਹਿਸ ਆਪਣੇ ਨਿਸ਼ਾਨੇ ਤੋਂ ਹੀ ਭਟਕ ਜਾਵੇ। ਇਸ ਲਈ ਮੈਂ ਸਾਰੇ ਜਾਗਦੇ ਅਤੇ ਅੱਧ-ਸੁੱਤੇ ਵੀਰਾਂ ਨੂੰ ਵਾਰ-ਵਾਰ ਬੇਨਤੀ ਕਰਦਾ ਆ ਰਿਹਾ ਹਾਂ ਕਿ ਭਰਾਵੋ! ਨੇਸ਼ਨ ਸਟੇਟ ਦੇ ਸੰਕਲਪ ਨੂੰ ਸਮਝੋ। ਆਪਣੇ ਰੁਝੇਵਿਆਂ ਵਿਚੋਂ ਕੁਝ ਵਿਹਲ ਕੱਢੋ ਅਤੇ ਨੇਸ਼ਨ ਸਟੇਟ ਨੂੰ ਆਪਣੇ ਧਿਆਨ ਦਾ ਕੇਂਦਰ ਬਣਾਵੋ। ਇਹ ਬੇਹੱਦ ਜ਼ਰੂਰੀ ਹੈ ਕਿਉਂਕਿ ਸ. ਅਜਮੇਰ ਸਿੰਘ ਨੇਸ਼ਨ ਸਟੇਟ ਦਾ ਮੋਢਾ ਵਰਤ ਕੇ ਹੀ ਅਸਲ ਵਿਚ ਸਿੱਖ ਸੌਵਰਨ (ਖੁਦਮੁਖਤਾਰ) ਸਟੇਟ (ਖਾਲਿਸਤਾਨ) ਦਾ ਵਿਰੋਧ ਕਰਨ ਵਿਚ ਲੱਗੇ ਹੋਏ ਹਨ। ਇਹ ਕੰਮ ਵਿੰਗੇ-ਟੇਢੇ ਢੰਗ ਨਾਲ ਹੋ ਰਿਹਾ ਹੈ ਤੇ ਕਈ ਵਾਰ ਅਣਦਿਸਦਾ ਤੇ ਅਣਪਛਾਤਾ ਹੀ ਰਹਿ ਜਾਂਦਾ ਹੈ। ਇਹ ਯੋਜਨਾਬੱਧ ਕੰਮ ਅਚਾਨਕ ਹੀ ਨਹੀਂ ਸ਼ੁਰੂ ਹੋ ਗਿਆ, ਸਗੋਂ ਦੋ-ਤਿੰਨ ਸਾਲ ਤੋਂ ਉਨ੍ਹਾਂ ਨੇ ਸ਼ੁਰੂ ਕੀਤਾ ਹੋਇਆ ਹੈ।


ਸਾਡੀ ਚਿੰਤਾ ਇਹ ਹੈ ਕਿ ਨੇਸ਼ਨ ਸਟੇਟ ਦਾ ਮੁੱਦਾ ਐਨਾ ਬਾਰੀਕ, ਗੁੰਝਲਦਾਰ, ਬਹੁਪਰਤੀ ਤੇ ਬਹੁਦਿਸ਼ਾਵੀ ਹੈ ਕਿ ਛੇਤੀ ਕੀਤਿਆਂ ਇਸ ਦੀਆਂ ਸੂਖਮ ਤੰਦਾਂ ਫੜ ਨਹੀਂ ਹੁੰਦੀਆਂ। ਉਤੋਂ ਇਕ ਹੋਰ ਮੁਸ਼ਕਿਲ ਇਹ ਬਣੀ ਹੋਈ ਹੈ ਕਿ ਸੁਲਝੇ ਹੋਏ ਖਾਲਿਸਤਾਨੀ ਵੀ ਇਹ ਬੁਝਣ ਲਈ ਘੱਟ ਹੀ ਵਿਹਲ ਕੱਢਦੇ ਹਨ ਕਿ ਅਜਮੇਰ ਸਿੰਘ ਕਿਹੜੇ 'ਟੇਸ਼ਨ ਤੋਂ ਬੋਲ ਰਹੇ ਹਨ, ਪਰ ਅਜਮੇਰ ਸਿੰਘ ਨੇ ਉਨ੍ਹਾਂ ਵਿਚ 15 ਸਾਲ ਕੰਮ ਕਰ ਕੇ ਇਹ ਪਤਾ ਲਾ ਲਿਆ ਹੈ ਕਿ ਖਾਲਿਸਤਾਨੀ ਡੂੰਘੇ ਨਹੀਂ ਹਨ ਅਤੇ ਉਹ ਅਜੇ ਗਿੱਟੇ-ਗਿੱਟੇ ਪਾਣੀਆਂ ਵਿਚ ਹੀ ਤਰਨ ਦੀ ਜਾਚ ਸਿੱਖ ਰਹੇ ਹਨ।

ਕੀ ਸ. ਜਸਜੀਤ ਸਿੰਘ ਵੀ ਜਾਣੇ ਜਾਂ ਅਣਜਾਣੇ ਆਪਣਾ ਨਾਂ ਉਨ੍ਹਾਂ ਵਿਚ ਦਰਜ ਕਰਵਾਉਣਾ ਚਾਹੁੰਦੇ ਹਨ? ਸੋਸ਼ਲ ਮੀਡੀਏ 'ਤੇ ਸਾਡੇ ਬਾਰੇ ਉਨ੍ਹਾਂ ਦੀ ਤਾਜ਼ਾ ਟਿੱਪਣੀ ਤੋਂ ਤਾਂ ਇਹੋ ਇਸ਼ਾਰੇ ਮਿਲ ਰਹੇ ਹਨ। ਖੇਡਾਂ ਦੀ ਉਤਮ ਕਲਾ ਨੂੰ ਸਿਆਸਤ ਨਾਲ ਜੋੜਨ ਅਤੇ ਇਸ ਹੁਨਰ ਵਿਚ ਪਿਛਲੇ ਕਈ ਸਾਲਾਂ ਤੋਂ ਬੇਮਿਸਾਲ ਸਫਲਤਾ ਹਾਸਲ ਕਰਨ ਵਾਲਾ ਇਹ ਵੀਰ ਸਾਡੇ ਉਤੇ ਇਤਰਾਜ਼ ਕਰ ਰਿਹਾ ਹੈ ਕਿ ਅਸਾਂ ਅਜਮੇਰ ਸਿੰਘ ਦੀ ਪਹਿਲੀ ਮੁਲਾਕਾਤ ਨੂੰ ਤਾਂ ਆਪਣੀ ਬਹਿਸ ਦਾ ਆਧਾਰ ਬਣਾਇਆ ਅਤੇ ਛਪਵਾਇਆ ਵੀ ਹੈ, ਪਰ ਦੂਜੀ ਮੁਲਾਕਾਤ ਵਿਚ ਅਜਮੇਰ ਸਿੰਘ ਵਲੋਂ ਦਿੱਤੇ ਸਪਸ਼ਟੀਕਰਨ ਨੂੰ 'ਅਣਗੌਲਿਆਂ' ਕਰ ਦਿੱਤਾ। ਇਸ ਵੀਰ ਨੂੰ ਕਿਵੇਂ ਦੱਸੀਏ ਕਿ ਕਰੀਬ ਇਕ ਘੰਟੇ ਦੀ ਇਸ ਦੂਜੀ ਮੁਲਾਕਾਤ ਨੂੰ ਮੈਂ ਤਿੰਨ ਵਾਰ ਸੁਣਿਆ ਹੈ ਅਤੇ ਬਹੁਤ ਚੰਗੀ ਤਰ੍ਹਾਂ ਸੁਣਿਆ ਹੈ, ਪਰ ਜਿਸ ਵਿਅਕਤੀ ਨੇ ਪਹਿਲੀ ਮੁਲਾਕਾਤ ਨੂੰ ਤੀਜੀ ਅੱਖ ਨਾਲ ਪੜ੍ਹਿਆ ਤੇ ਸੁਣਿਆ ਹੋਵੇ, ਉਸ ਨੂੰ ਸਹਿਜੇ ਹੀ ਪਤਾ ਲੱਗ ਜਾਵੇਗਾ ਕਿ ਦੂਜੀ ਮੁਲਾਕਾਤ ਵਿਚ ਅਜਮੇਰ ਸਿੰਘ ਮੁੱਦਿਆਂ ਤੋਂ ਲਾਂਭੇ ਜਾ ਕੇ ਕਿਸੇ ਬਚਾਉ ਵਾਲੇ ਰਸਤੇ (ਐਸਕੇਪ ਰੂਟ) ਦੀ ਤਲਾਸ਼ ਕਰ ਰਹੇ ਹਨ ਅਤੇ ਆਪਣੇ ਬਚਾਅ ਲਈ ਨਿਸ਼ਾਨਾ ਉਨ੍ਹਾਂ ਨੇ ਮਾਨ ਦਲ ਦੇ ਖਾਲਿਸਤਾਨੀਆਂ ਵੱਲ ਸੇਧ ਦਿੱਤਾ ਹੈ। ਜਦਕਿ ਹਕੀਕਤ ਇਹ ਹੈ ਕਿ ਅਜਮੇਰ ਸਿੰਘ ਨੇ ਖਾਲਿਸਤਾਨ ਹਮਾਇਤੀਆਂ ਵਿਰੁਧ ਨਫਰਤ ਦਾ ਰਿਉੜੀ-ਪ੍ਰਸ਼ਾਦ ਬਿਨਾ ਕਿਸੇ ਵਿਤਕਰੇ ਤੋਂ ਸਾਰੇ ਖਾਲਿਸਤਾਨੀਆਂ ਨੂੰ ਬਰਾਬਰ ਵੰਡਿਆ ਹੈ ਅਤੇ ਜਸਜੀਤ ਸਿੰਘ ਵੀ ਉਨ੍ਹਾਂ 'ਚ ਸ਼ਾਮਿਲ ਹਨ, ਪਰ ਹੈਰਾਨੀ ਹੈ ਕਿ ਅਜਮੇਰ ਸਿੰਘ ਵਲੋਂ ਸਰਬ-ਸਾਂਝੇ ਤੌਰ 'ਤੇ ਕੀਤੇ ਅਪਮਾਨ ਦਾ ਰੂਪ ਇਸ ਸਾਬਕਾ ਖਿਡਾਰੀ ਨੂੰ ਮਹਿਸੂਸ ਨਹੀਂ ਹੋ ਰਿਹਾ!

ਹੋਰ ਸੁਣੋ, ਮੈਂ ਆਪਣੀ ਗੱਲ ਨੇਸ਼ਨ ਸਟੇਟ ਵੱਲ ਘੁਮਾਈ ਸੀ ਅਤੇ ਉਮੀਦ ਸੀ ਕਿ ਇਹ ਵੀਰ ਨੇਸ਼ਨ ਸਟੇਟ ਬਾਰੇ ਕੋਈ ਗਹਿਰ ਗੰਭੀਰ, ਸੁਘੜ ਸਿਆਣੀ ਗੱਲ ਕਰੇਗਾ। ਜੇ ਨੇਸ਼ਨ ਸਟੇਟ ਬੁਰੀ ਹੈ ਤਾਂ ਵੀ ਦੱਸੇਗਾ ਅਤੇ ਜੇ ਚੰਗੀ ਹੈ ਤਾਂ ਵੀ, ਸਾਡੀ ਮਿਹਨਤ ਤੇ ਸਾਡੇ ਨਜ਼ਰੀਏ ਦੀ ਕੁਝ ਤਾਂ ਦਾਦ ਦੇਵੇਗਾ, ਪਰ ਨੇਸ਼ਨ ਸਟੇਟ ਬਾਰੇ ਇਕ ਅੱਧੀ ਲਾਈਨ ਲਿਖ ਕੇ ਅੱਖ ਦੇ ਫੋਰ ਵਿਚ ਝਕਾਨੀ ਦਿੰਦਿਆਂ ਹੋਰ ਪਾਸੇ ਨਿਕਲ ਗਿਆ ਤੇ ਅਨਾੜੀ ਖਿਡਾਰੀਆਂ ਵਾਂਗ ਫਾਉਲ ਗੇਮ ਖੇਡਣ ਤੁਰ ਪਿਆ। ਉਹ ਇਹ ਭੁੱਲ ਗਿਆ ਕਿ ਕੋਈ 'ਰੈਫਰੀ' ਵੀ ਉਸ ਨੂੰ ਵੇਖ ਰਿਹਾ ਹੈ।

ਸ. ਜਸਜੀਤ ਸਿੰਘ ਨੇ ਅਜਮੇਰ ਸਿੰਘ ਦੇ ਹੱਕ ਵਿਚ ਸਫਾਈਆਂ ਦੇਣ ਲਈ ਵੀਡੀਓ ਵੀ ਪੇਸ਼ ਕਰ ਦਿੱਤੀ ਜੋ ਦੋ ਮੁਲਾਕਾਤਾਂ ਨੂੰ ਕੱਟ-ਵੱਢ ਕੇ ਜੋੜੀ ਗਈ ਸੀ, ਪਰ ਇਥੇ ਵੀ ਜਸਜੀਤ ਸਿੰਘ ਦਾ ਇਹ ਦਾਅ ਚੱਲ ਨਹੀਂ ਸਕਿਆ, ਕਿਉਂਕਿ ਅਜਮੇਰ ਸਿੰਘ ਨੇ ਤਾਂ ਇਸੇ ਵੀਡੀਓ ਵਿਚ ਹੀ ਨੰਗੇ-ਚਿੱਟੇ ਰੂਪ ਵਿਚ ਨੇਸ਼ਨ ਸਟੇਟ ਨੂੰ ਰੱਦ ਕਰ ਦਿੱਤਾ ਸੀ। ਇਉਂ ਕਰ ਕੇ ਜਸਜੀਤ ਸਿੰਘ ਨੇ ਸਿੱਧ ਕਰ ਦਿੱਤਾ ਕਿ ਉਹ ਅਜਮੇਰ ਸਿੰਘ ਦੇ ਕਮਜ਼ੋਰ ਤੇ ਮਾੜਚੂ ਵਕੀਲ ਹਨ। ਚੰਗੇ ਵਕੀਲ ਤਿਆਰੀ ਕਰ ਕੇ ਅਦਾਲਤ ਵਿਚ ਆਉਂਦੇ ਹਨ, ਪਰ ਬਦਕਿਸਮਤੀ ਇਹ ਹੈ ਕਿ ਸਾਡਾ ਇਹ ਵੀਰ ਅਜਮੇਰ ਸਿੰਘ ਦਾ ਵਕੀਲ ਵੀ ਬਣ ਗਿਆ ਅਤੇ ਨਾਲ ਹੀ ਜੱਜ ਦੀ ਕੁਰਸੀ ਵੀ ਸਾਂਭ ਲਈ। ਫੇਰ ਤਾਂ ਹਰ ਕਿਸੇ ਨੂੰ ਪਤਾ ਸੀ, "ਹਮਰਾ ਕਸੂਰ ਨਿਕਲੇਗਾ।"

ਸ. ਜਸਜੀਤ ਸਿੰਘ ਇਹ ਇਤਰਾਜ਼ ਵੀ ਉਠਾ ਰਹੇ ਹਨ ਕਿ ਅਸੀਂ ਨੇਸ਼ਨ ਸਟੇਟ ਬਾਰੇ ਕੋਈ ਮਾਡਲ ਕਿਉਂ ਨਹੀਂ ਦਿੱਤਾ? ਸਾਰੇ ਜਾਣਦੇ ਹਨ ਕਿ ਜਸਜੀਤ ਸਿੰਘ ਖੁਦ ਵੱਡੇ ਅਖਬਾਰ ਦੇ ਮਾਲਕ ਹਨ ਅਤੇ ਕਦੇ-ਕਦੇ ਕਲਮ ਚਲਾਉਣ ਦਾ ਅਭਿਆਸ ਵੀ ਕਰਦੇ ਰਹਿੰਦੇ ਹਨ। ਵੈਸੇ ਵੀ ਇਹ ਅਖਬਾਰ ਸਿੱਖ ਸੌਵਰਨ ਸਟੇਟ (ਖਾਲਿਸਤਾਨ) ਦੇ ਪ੍ਰਚਾਰ ਤੇ ਪ੍ਰਸਾਰ ਲਈ ਸੱਚੇ ਦਿਲੋਂ ਵਚਨਬੱਧ ਹੋਣ ਦਾ ਦਾਅਵਾ ਵੀ ਕਰਦਾ ਹੈ, ਪਰ ਬੜੀ ਹਲੀਮੀ ਨਾਲ ਉਨ੍ਹਾਂ ਨੂੰ ਪੁੱਛਦੇ ਹਾਂ ਕਿ ਜੇ ਕਦੇ ਉਨ੍ਹਾਂ ਨੇ ਸਿੱਖ ਸਟੇਟ ਦੇ ਮਾਡਲ ਬਾਰੇ ਆਪਣੇ ਅਖਬਾਰ ਵਿਚ ਕੋਈ ਵੱਡੀ ਤੇ ਯਾਦਗਾਰੀ ਬਹਿਸ ਚਲਾਉਣ ਦਾ ਇਰਾਦਾ ਕੀਤਾ ਹੋਵੇ ਤੇ ਅਸੀਂ ਉਸ ਬਹਿਸ ਵਿਚ ਜੇ ਕਦੇ ਸ਼ਾਮਿਲ ਹੋਣ ਤੋਂ ਇਨਕਾਰ ਕੀਤਾ ਹੋਵੇ ਤਾਂ ਸਾਨੂੰ ਜ਼ਰੂਰ ਦੋਸ਼ੀਆਂ ਦੇ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇ। ਸ. ਅਜਮੇਰ ਸਿੰਘ ਵੀ ਤਾਂ ਇਸ ਅਖਬਾਰ ਦੇ ਮੁੱਖ ਸੰਪਾਦਕ ਰਹੇ ਹਨ। ਉਨ੍ਹਾਂ ਨੇ ਇਹ ਬਹਿਸ ਕਦੇ ਕਿਉਂ ਨਹੀਂ ਚਲਾਈ?




***ਜਸਜੀਤ ਸਿੰਘ ਇਹ ਇਤਰਾਜ਼ ਵੀ ਉਠਾ ਰਹੇ ਹਨ ਕਿ ਅਸੀਂ ਨੇਸ਼ਨ ਸਟੇਟ ਬਾਰੇ ਕੋਈ ਮਾਡਲ ਕਿਉਂ ਨਹੀਂ ਦਿੱਤਾ? ਸਾਰੇ ਜਾਣਦੇ ਹਨ ਕਿ ਜਸਜੀਤ ਸਿੰਘ ਖੁਦ ਵੱਡੇ ਅਖਬਾਰ ਦੇ ਮਾਲਕ ਹਨ ਅਤੇ ਕਦੇ-ਕਦੇ ਕਲਮ ਚਲਾਉਣ ਦਾ ਅਭਿਆਸ ਵੀ ਕਰਦੇ ਰਹਿੰਦੇ ਹਨ। ਵੈਸੇ ਵੀ ਇਹ ਅਖਬਾਰ ਸਿੱਖ ਸੌਵਰਨ ਸਟੇਟ (ਖਾਲਿਸਤਾਨ) ਦੇ ਪ੍ਰਚਾਰ ਤੇ ਪ੍ਰਸਾਰ ਲਈ ਸੱਚੇ ਦਿਲੋਂ ਵਚਨਬੱਧ ਹੋਣ ਦਾ ਦਾਅਵਾ ਵੀ ਕਰਦਾ ਹੈ, ਪਰ ਬੜੀ ਹਲੀਮੀ ਨਾਲ ਉਨ੍ਹਾਂ ਨੂੰ ਪੁੱਛਦੇ ਹਾਂ ਕਿ ਜੇ ਕਦੇ ਉਨ੍ਹਾਂ ਨੇ ਸਿੱਖ ਸਟੇਟ ਦੇ ਮਾਡਲ ਬਾਰੇ ਆਪਣੇ ਅਖਬਾਰ ਵਿਚ ਕੋਈ ਵੱਡੀ ਤੇ ਯਾਦਗਾਰੀ ਬਹਿਸ ਚਲਾਉਣ ਦਾ ਇਰਾਦਾ ਕੀਤਾ ਹੋਵੇ ਤੇ ਅਸੀਂ ਉਸ ਬਹਿਸ ਵਿਚ ਜੇ ਕਦੇ ਸ਼ਾਮਿਲ ਹੋਣ ਤੋਂ ਇਨਕਾਰ ਕੀਤਾ ਹੋਵੇ ਤਾਂ ਸਾਨੂੰ ਜ਼ਰੂਰ ਦੋਸ਼ੀਆਂ ਦੇ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇ।***

ਇਸ ਦੇ ਬਾਵਜੂਦ ਖਾਲਿਸਤਾਨ ਦੀ ਮੰਜ਼ਿਲ ਬਾਰੇ 101 ਸਵਾਲ ਮੈਂ ਪੰਥ ਦੀ ਝੋਲੀ ਪਾਏ ਸਨ ਤੇ ਉਹ ਅੰਮ੍ਰਿਤਸਰ ਤੋਂ ਨਿਕਲਦੇ ਮੈਗਜ਼ੀਨ 'ਵੰਗਾਰ' ਵਿਚ ਛਪ ਵੀ ਚੁੱਕੇ ਹਨ। ਸ. ਜਸਜੀਤ ਸਿੰਘ ਸਾਨੂੰ ਇਹ ਮਿਹਣੇ ਵੀ ਅਕਸਰ ਮਾਰਦੇ ਰਹਿੰਦੇ ਹਨ ਕਿ ਮੈਂ ਕੋਈ ਕਿਤਾਬ ਨਹੀਂ ਲਿਖੀ ਅਤੇ ਸ. ਅਜਮੇਰ ਸਿੰਘ ਨੇ ਕਈ ਕਿਤਾਬਾਂ ਲਿਖ ਛੱਡੀਆਂ ਹਨ, ਤੇ ਅਸੀਂ ਈਰਖਾ ਵਸ ਅਜਮੇਰ ਸਿੰਘ ਦੀ ਮੁਖਾਲਫਤ ਕਰਨ ਵਿਚ ਲੱਗੇ ਹੋਏ ਹਾਂ। ਇੰਜ ਕਿਤਾਬਾਂ ਦੀ ਦਹਿਸ਼ਤ ਪਾ ਕੇ ਸਾਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਜਸਜੀਤ ਸਿੰਘ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਅਸੀਂ ਅਜਮੇਰ ਸਿੰਘ ਦੀਆਂ ਕਿਤਾਬਾਂ ਦੀ ਭਰਪੂਰ ਮਹਿਮਾ 6-7 ਸਾਲ ਪਹਿਲਾਂ ਹੀ ਕਰ ਚੁੱਕੇ ਹਾਂ ਤੇ ਇਹ ਮਹਿਮਾ ਕਰ ਕੇ ਅਜਮੇਰ ਸਿੰਘ ਦੇ ਵਿਰੋਧੀਆਂ ਦਾ ਮੂੰਹ ਬੰਦ ਕਰ ਦਿੱਤਾ ਸੀ। ਫੇਰ ਜਦੋਂ ਅਜਮੇਰ ਸਿੰਘ ਨੇ ਅੰਮ੍ਰਿਤ ਛਕਿਆ ਤਾਂ ਅਸੀਂ ਫੇਰ ਉਨ੍ਹਾਂ ਦਾ ਕਸੀਦਾ ਪੜ੍ਹਿਆ। ਇਹ ਸਾਰਾ ਕੁਝ ਉਚ-ਪੱਧਰ ਦੇ ਲੇਖਾਂ ਸਮੇਤ ਬਾਕਾਇਦਾ ਰਿਕਾਰਡ ਵਿਚ ਦਰਜ ਹੈ। ਹਾਂ, ਮੈਂ ਖੁਸ਼ਾਮਦ ਨਹੀਂ ਕਰ ਸਕਦਾ ਕਿਉਂਕਿ ਖੁਸ਼ਾਮਦੀ ਲੁਕਵੇਂ ਦੁਸ਼ਮਣ ਹੁੰਦੇ ਹਨ। ਜਰਮਨੀ ਦੇ ਸਿਆਣਿਆਂ ਨੇ ਲੰਮੀ ਬਹਿਸ ਕਰ ਕੇ ਇਹ ਸਿੱਟਾ ਕੱਢਿਆ ਹੈ, ਪਈ ਖੁਸ਼ਾਮਦੀ ਦੇ ਇਕ ਹੱਥ ਵਿਚ ਪਾਣੀ ਅਤੇ ਦੂਜੇ ਹੱਥ ਵਿਚ ਅੱਗ ਹੁੰਦੀ ਹੈ। ਹੁਣ ਜੇ ਮੈਂ ਅਜਮੇਰ ਸਿੰਘ ਦੇ ਚਿੰਤਨ ਦੀ ਆਲੋਚਨਾ ਕਰਨ ਲਈ ਮਜਬੂਰ ਹੋਇਆ ਹਾਂ ਤਾਂ ਜਸਜੀਤ ਸਿੰਘ ਨੂੰ ਦਿਮਾਗ ਉਤੇ ਬੋਝ ਪਾ ਕੇ ਘੱਟੋ-ਘੱਟ ਇਹ ਤਾਂ ਪਛਾਣ ਕਰਨੀ ਹੀ ਚਾਹੀਦੀ ਸੀ ਕਿ ਇਸ ਆਲੋਚਨਾ ਦਾ ਕੋਈ ਖਾਸ ਕਾਰਨ ਹੋਵੇਗਾ। ਮੈਨੂੰ ਐਵੇਂ ਹਵਾ ਵਿਚ ਤੀਰ ਛੱਡਣ ਦਾ ਕੋਈ ਸ਼ੌਕ ਨਹੀਂ ਹੈ। ਮੈਂ ਸਪਸ਼ਟ ਕੀਤਾ ਹੈ ਅਤੇ ਹੁਣ ਫੇਰ ਸਪਸ਼ਟ ਕਰ ਰਿਹਾ ਹਾਂ ਕਿ ਅਜਮੇਰ ਸਿੰਘ ਦੇ ਚਿੰਤਨ ਵਿਚ ਕੋਈ ਗੜਬੜ ਆ ਚੁੱਕੀ ਹੈ। ਗੜਬੜ ਹੀ ਨਹੀਂ, ਸਗੋਂ ਵੱਡੀ ਗੜਬੜ ਹੈ। ਉਹ ਵਲ-ਵਿੰਗ ਪਾ ਕੇ ਨੇਸ਼ਨ ਸਟੇਟ ਦੇ ਨਾਂ ਹੇਠ ਖਾਲਿਸਤਾਨ ਦਾ ਵਿਰੋਧ ਕਰ ਰਹੇ ਹਨ, ਪਰ ਜਸਜੀਤ ਸਿੰਘ ਨੂੰ ਇਤਰਾਜ਼ ਹੈ ਕਿ ਮੈਂ ਇਹ ਬਹਿਸ ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ 'ਚੌਰਾਹੇ' ਵਿਚ ਕਿਉਂ ਲੈ ਆਇਆ, ਜਦਕਿ ਚੌਰਾਹੇ ਵਿਚ ਲਿਆਉਣ ਦੀ ਸ਼ੁਰੂਆਤ ਅਜਮੇਰ ਸਿੰਘ ਨੇ ਕੀਤੀ ਹੈ। ਮੈਂ ਤਾਂ ਕੇਵਲ ਜਵਾਬ ਹੀ ਦੇ ਰਿਹਾ ਹਾਂ; ਫਿਰ ਵੀ ਉਹ ਪੱਥਰਾਂ ਦੀ ਵਾਛੜ ਮੇਰੇ ਵੱਲ ਹੀ ਕਰ ਰਹੇ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਪੱਥਰ 'ਇਧਰ' ਹੀ ਕਿਉਂ ਆ ਰਹੇ ਹੈਂ, 'ਉਧਰ' ਕਿਉਂ ਨਹੀਂ ਜਾ ਰਹੇ।

ਜਿਥੋਂ ਤਕ ਕਿਤਾਬਾਂ ਦਾ ਸਬੰਧ ਹੈ, ਅਸੀਂ ਜੇਲ੍ਹ ਵਿਚ ਨਜ਼ਰਬੰਦ ਭਾਈ ਨਰੈਣ ਸਿੰਘ ਚੌਰਾ ਨਾਲ ਰਲ ਕੇ ਪੰਜ ਸੌ ਤੋਂ ਵੱਧ ਸਫਿਆਂ ਦੀ ਕਿਤਾਬ 'ਪੰਥਕ ਦਸਤਾਵੇਜ਼' ਛਪਵਾ ਚੁੱਕੇ ਹਾਂ ਜਿਸ ਵਿਚ ਸ਼ਹੀਦ ਹੋਏ ਸਿੰਘਾਂ ਨੇ ਆਪਣੀ ਜੱਦੋਜਹਿਦ ਦੌਰਾਨ ਖੁਦ ਗਵਾਹੀਆਂ ਦਿੱਤੀਆਂ ਕਿ ਉਨ੍ਹਾਂ ਦਾ ਸੰਘਰਸ਼ ਕੇਵਲ ਤੇ ਕੇਵਲ ਖਾਲਿਸਤਾਨ ਲਈ ਸੀ, ਪਰ ਹੈਰਾਨੀ ਤੇ ਰੋਸ ਇਹ ਹੈ ਕਿ ਜਸਜੀਤ ਸਿੰਘ ਆਪ ਵੀ ਉਸ ਦੌਰ ਦਾ ਹਿੱਸਾ ਰਹੇ ਹਨ, ਪਤਾ ਨਹੀਂ ਕਿਸ ਮਜਬੂਰੀ ਵਿਚ ਉਹ ਅਜਮੇਰ ਸਿੰਘ ਦੀ ਇਸ ਟਿੱਪਣੀ ਉਤੇ ਰਤਾ ਮਾਸਾ ਵੀ ਕਿੰਤੂ ਨਹੀਂ ਕਰ ਰਹੇ ਕਿ ਉਹ ਖਾਲਿਸਤਾਨੀਆਂ ਨਾਲ ਦੋ ਮਿੰਟ ਵੀ ਨਹੀਂ ਬੈਠ ਸਕਦੇ, ਕਿ ਖਾਲਿਸਤਾਨੀ ਤੇ ਕਾਮਰੇਡ ਇਕੋ ਸਿੱਕੇ ਦੇ ਦੋ ਪਾਸੇ ਹਨ, ਕਿ ਜਿਹੜੀ ਖਾਲਿਸਤਾਨ ਦੀ ਗੱਲ ਹੈ, ਇਹ ਸਿੱਖ ਧਰਮ ਦੀ ਗੱਲ ਨਹੀਂ, ਕਿ ਉਨ੍ਹਾਂ ਨੂੰ ਖਾਲਿਸਤਾਨੀਆਂ ਤੋਂ ਕਚਿਆਣ (ਡਿਸਗਸਟਿੰਗ) ਆਉਂਦੀ ਹੈ। ਕੀ ਇਹ 'ਅਣਚਿਤਵੇ ਕਹਿਰ' ਦਾ ਹਿੱਸਾ ਨਹੀਂ ਜਿਸ ਨੂੰ ਜਸਜੀਤ ਸਿੰਘ ਨੇ ਅਣਗੌਲਿਆਂ ਕਰ ਦਿੱਤਾ ਹੈ।

ਸ. ਜਸਜੀਤ ਸਿੰਘ ਨੇ ਸ. ਅਜਮੇਰ ਸਿੰਘ ਦੇ ਹੱਕ ਵਿਚ ਵੀਡੀਓ ਪੇਸ਼ ਕਰ ਕੇ ਇਹ ਸਮਝਾਉਣ ਦੀ ਵੀ ਕੋਸ਼ਿਸ਼ ਕੀਤੀ ਹੈ ਕਿ ਅਜਮੇਰ ਸਿੰਘ 'ਰਾਜ' ਦੀ ਗੱਲ ਕਰਦੇ ਹਨ। ਅਖੇ, ਉਹ ਕਦੋਂ ਖਾਲਿਸਤਾਨ ਦਾ ਵਿਰੋਧ ਕਰ ਰਹੇ ਹਨ? ਜਸਜੀਤ ਸਿੰਘ ਜੀ! ਇਹੋ ਤਾਂ ਭੇਤ ਹੈ ਜੋ ਛੇਤੀ ਕੀਤਿਆਂ ਸਮਝ ਵਿਚ ਨਹੀਂ ਆਉਂਦਾ। ਉਹ ਇਹ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰਦੇ ਕਿ ਰਾਜ ਦੀ ਗੱਲ ਦੇ ਨਾਲ ਹੀ ਇਕ ਦਮ ਸਵੈ-ਵਿਰੋਧਾਂ ਦਾ ਭਰਵਾਂ ਮੇਲਾ ਵੀ ਲਾ ਰਹੇ ਹਨ। 'ਰਾਜ' ਦੀ ਗੱਲ ਕਰਦਿਆਂ ਉਹ ਲੰਮੀਆਂ ਉਡੀਕਾਂ ਕਰਨ ਦਾ ਵੀ ਉਪਦੇਸ਼ ਦਿੰਦੇ ਰਹਿੰਦੇ ਹਨ, ਭਾਵੇਂ ਇਹ ਉਡੀਕ ਸੌ ਸਾਲ ਵੀ ਲੰਮੀ ਕਿਉਂ ਨਾ ਹੋ ਜਾਵੇ। ਨਾਲ ਹੀ ਨੇਸ਼ਨ ਸਟੇਟ ਦਾ ਵੀ ਭੋਗ ਪਾਉਂਦੇ ਹਨ। ਇਹ ਵੀ ਕਹਿੰਦੇ ਹਨ, ਪਈ ਖਾਲਿਸਤਾਨ ਸਿੱਖ ਧਰਮ ਨਹੀਂ ਹੈ, ਯਾਨਿ ਦੂਜੇ ਸ਼ਬਦਾਂ ਵਿਚ ਉਹ ਸਿੱਖ ਧਰਮ ਵਿਚੋਂ ਸੌਵਰੈਨਿਟੀ ਦੇ ਉਤਮ ਤੱਤ ਨੂੰ ਖਾਰਜ ਵੀ ਕਰਦੇ ਜਾ ਰਹੇ ਹਨ। ਰਾਜ ਕਿਵੇਂ ਕਰਨਾ ਹੈ, ਇਸ ਦੀਆਂ ਕੁਝ ਮਿਸਾਲਾਂ ਉਨ੍ਹਾਂ ਨੇ ਬੰਗਲੌਰ ਵਿਚ ਅਤੇ ਕੈਨੇਡਾ ਵਿਖੇ ਹਰਜਿੰਦਰ ਸਿੰਘ ਥਿੰਦ ਨਾਲ ਕੀਤੀ ਇੰਟਰਵਿਊ ਵਿਚ ਦਿੱਤੀਆਂ ਹਨ ਜਿਸ ਦਾ ਵਿਆਖਿਆ ਸਹਿਤ ਖੁਲਾਸਾ ਫਿਰ ਕਰਾਂਗੇ।

***ਜਦਕਿ ਹਕੀਕਤ ਇਹ ਹੈ ਕਿ ਅਜਮੇਰ ਸਿੰਘ ਨੇ ਖਾਲਿਸਤਾਨ ਹਮਾਇਤੀਆਂ ਵਿਰੁਧ ਨਫਰਤ ਦਾ ਰਿਉੜੀ-ਪ੍ਰਸ਼ਾਦ ਬਿਨ੍ਹਾ ਕਿਸੇ ਵਿਤਕਰੇ ਤੋਂ ਸਾਰੇ ਖਾਲਿਸਤਾਨੀਆਂ ਨੂੰ ਬਰਾਬਰ ਵੰਡਿਆ ਹੈ ਅਤੇ ਜਸਜੀਤ ਸਿੰਘ ਵੀ ਉਨ੍ਹਾਂ ਵਿਚ ਸ਼ਾਮਿਲ ਹਨ। ਪਰ ਹੈਰਾਨੀ ਹੈ ਕਿ ਅਜਮੇਰ ਸਿੰਘ ਵਲੋਂ ਸਰਬ-ਸਾਂਝੇ ਤੌਰ 'ਤੇ ਕੀਤੇ ਅਪਮਾਨ ਦਾ ਰੂਪ ਇਸ ਸਾਬਕਾ ਖਿਡਾਰੀ ਨੂੰ ਮਹਿਸੂਸ ਕਿਉਂ ਨਹੀਂ ਹੋ ਰਿਹਾ।***

ਵੈਸੇ ਅਜਮੇਰ ਸਿੰਘ ਨੇ ਸੀਨੀਅਰ ਪੱਤਰਕਾਰ ਯਾਦਵਿੰਦਰ ਸਿੰਘ (ਕਰਫਿਊ) ਨਾਲ ਇੰਟਰਵਿਊ ਕਰ ਕੇ ਸੁੱਤੇ ਹੋਏ ਖਾਲਿਸਤਾਨੀਆਂ ਦੇ ਦਿਲਾਂ ਤੇ ਦਿਮਾਗਾਂ ਉਤੇ ਵੱਡਾ ਬੋਝ ਤਾਂ ਪਾ ਹੀ ਦਿੱਤਾ ਹੈ। ਜਸਜੀਤ ਸਿੰਘ ਵੀ ਇਸ ਬੋਝ ਤੋਂ ਖਹਿੜਾ ਨਹੀਂ ਛੁਡਾ ਸਕਣਗੇ। ਹੁਣ ਉਹ ਘੜੀ ਆਣ ਪਹੁੰਚੀ ਹੈ ਜਦੋਂ ਜਸਜੀਤ ਸਿੰਘ ਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਉਹ ਲਕੀਰ ਦੇ ਕਿਸ ਪਾਸੇ ਖੜ੍ਹੇ ਹਨ।

## ਸੰਪਾਦਕ ਦੀ ਡਾਕ

## ਰਾਣਾ ਅਯੂਬ ਦੀਆਂ 'ਗੁਜਰਾਤ ਫਾਈਲਾਂ'

ਦਲੇਰ ਪੱਤਰਕਾਰ ਰਾਣਾ ਅਯੂਬ ਦੀ 'ਪੰਜਾਬ ਟਾਈਮਜ਼' ਵਿਚ ਛਪਦੀ ਕਿਤਾਬ 'ਗੁਜਰਾਤ ਫਾਈਲਾਂ' ਨਿੱਠ ਕੇ ਪੜ੍ਹ ਰਿਹਾ ਹਾਂ। ਪਿਛਲੇ ਸਾਲ ਜਦੋਂ ਤੁਸੀਂ ਇਸ ਕਿਤਾਬ ਬਾਰੇ ਲਗਾਤਾਰ ਦੋ-ਤਿੰਨ ਲੇਖ ਛਾਪੇ ਸਨ, ਤਾਂ ਇਸ ਕਿਤਾਬ ਵੱਲ ਧਿਆਨ ਆਪ-ਮੁਹਾਰੇ ਹੀ ਖਿੱਚਿਆ ਗਿਆ ਸੀ। ਇਹ ਕਿਤਾਬ ਅੰਗਰੇਜ਼ੀ ਵਿਚ ਲਿਖੀ ਹੋਈ ਸੀ, ਸੋ ਮੈਂ ਪੜ੍ਹ ਨਹੀਂ ਸਾਂ ਸਕਿਆ। ਇਹ ਤਲਬ ਤੁਸੀਂ ਹੁਣ ਇਹ ਕਿਤਾਬ ਲੜੀਵਾਰ ਛਾਪਣੀ ਸ਼ੁਰੂ ਕਰ ਕੇ ਪੂਰੀ ਕਰ ਦਿੱਤੀ ਹੈ। ਸੱਚਮੁੱਚ ਇਸ ਕੁੜੀ ਨੇ ਸੱਚ ਦਾ ਖੁਰਾ ਨੱਪਦਿਆਂ ਬਹੁਤ ਦਲੇਰੀ ਦਾ ਕੰਮ ਕੀਤਾ ਹੈ। ਜਾਅਲੀ ਫਿਲਮ ਵਾਲੀ ਬਣ ਕੇ ਸ਼ੇਰ ਦੇ ਪਿੜ ਵਿਚ ਕੁੱਦਣ ਦਾ ਕੰਮ ਕੋਈ ਦਿਲ-ਗੁਰਦੇ ਵਾਲਾ ਬੰਦਾ ਹੀ ਕਰ ਸਕਦਾ ਹੈ।

ਕਿਤਾਬ ਵਿਚਲੀਆਂ ਕਈ ਗੱਲਾਂ ਭਾਵੇਂ ਅਖਬਾਰਾਂ ਅਤੇ ਟੈਲੀਵਿਜ਼ਨ ਚੈਨਲਾਂ ਰਾਹੀਂ ਸਾਹਮਣੇ ਆ ਚੁੱਕੀਆਂ ਹਨ, ਪਰ ਰਾਣਾ ਅਯੂਬ ਜਿਸ ਢੰਗ ਨਾਲ ਸਾਰੇ ਹਾਲਾਤ ਦੀਆਂ ਪਰਤਾਂ ਇਕ-ਇਕ ਕਰ ਕੇ ਫਰੋਲਦੀ ਜਾਂਦੀ ਹੈ, ਉਹ ਬੜੀ ਮੁੱਲਵਾਨ ਚੀਜ਼ ਬਣ ਗਈ ਹੈ। ਬੂਟਾ ਸਿੰਘ ਨੂੰ ਇਹ ਕਿਤਾਬ ਅਨੁਵਾਦ ਕਰਨ ਲਈ ਅਤੇ ਤੁਹਾਨੂੰ ਇਹ ਕਿਤਾਬ ਲੜੀਵਾਰ ਛਾਪਣ ਲਈ ਵਧਾਈ।

ਅਜਿਹੀਆਂ ਹੀ ਕੁਝ ਗੱਲਾਂ-ਬਾਤਾਂ ਹਨ ਜਿਸ ਕਰ ਕੇ 'ਪੰਜਾਬ ਟਾਈਮਜ਼' ਨੂੰ ਪੜ੍ਹੇ ਬਗੈਰ ਤਸੱਲੀ ਨਹੀਂ ਹੁੰਦੀ ਹੈ। ਸਾਡਾ ਤਾਂ ਸਾਰਾ ਪਰਿਵਾਰ ਹੀ ਵਾਰੀ-ਵਾਰੀ ਇਹ ਅਖਬਾਰ ਪੜ੍ਹਦਾ ਹੈ। ਇਕ ਅੰਕ ਵਿਚ ਹੀ ਕਿੰਨੀਆਂ ਵੰਨਗੀਆਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਹਰ ਵਾਰ ਕੁਝ ਨਾ ਕੁਝ ਅਸਲੋਂ ਨਵਾਂ ਪੜ੍ਹਨ ਤੇ ਸਿੱਖਣ ਨੂੰ ਮਿਲ ਜਾਂਦਾ ਹੈ। ਸਭ ਤੋਂ ਪਹਿਲਾਂ ਤਾਂ ਸਿਰਲੇਖ ਬਹੁਤ ਧਿਆਨ ਖਿੱਚਦੇ ਹਨ। ਫਿਰ ਸਿਰਲੇਖ ਪੜ੍ਹ ਕੇ ਸਾਰਾ ਮੈਟਰ ਪੜ੍ਹੇ ਬਗੈਰ ਰਿਹਾ ਨਹੀਂ ਜਾਂਦਾ। ਪੰਜਾਬ ਰਹਿੰਦਿਆਂ ਮੈਂ ਕਦੀ ਫਿਲਮਾਂ ਬਾਰੇ ਨਹੀਂ ਸੀ ਪੜ੍ਹਦਾ ਹੁੰਦਾ, ਪਰ ਤੁਹਾਡੀ ਅਖਬਾਰ ਦੇ ਸਿਰਲੇਖ ਪੜ੍ਹ-ਪੜ੍ਹ ਕੇ ਮੈਂ ਫਿਲਮੀ ਮੈਟਰ ਵੀ ਪੜ੍ਹਨ ਲੱਗ ਪਿਆ ਹਾਂ। ਮੈਨੂੰ ਨਹੀਂ ਸੀ ਪਤਾ ਕਿ ਫਿਲਮਾਂ ਬਾਰੇ ਵੀ ਇਤਨਾ ਦਿਲਚਸਪ ਲਿਖਿਆ ਜਾ ਸਕਦਾ ਹੋਵੇਗਾ। ਲਗਦਾ ਹੁੰਦਾ ਸੀ ਕਿ ਇਹ ਵੀ ਕੋਈ ਪੜ੍ਹਨ ਵਾਲੀਆਂ ਗੱਲਾਂ ਹਨ!

ਇਤਨਾ ਸਾਰਾ ਕੁਝ ਪੜ੍ਹਦਿਆਂ ਚਿਰ ਪਹਿਲਾਂ, ਇਕ ਵਾਰ ਤਾਂ ਮੈਂ ਆਪ ਹੀ ਕੁਝ ਲਿਖ ਮਾਰਿਆ ਸੀ, ਪਰ ਡਾਕ ਵਿਚ ਪਾ ਨਹੀਂ ਸਕਿਆ। ਇਹ ਮੈਂ ਆਪਣੇ ਪਿੰਡ ਬਾਰੇ ਲਿਖਿਆ ਸੀ। ਪਿੰਡ ਛੁਟਣ ਤੋਂ ਬਾਅਦ ਪਿੰਡ ਪਤਾ ਨਹੀਂ ਕਿਉਂ ਇਤਨਾ ਚੇਤੇ ਆਉਂਦਾ ਰਹਿੰਦਾ ਹੈ। ਪਿੰਡ ਰਹਿੰਦਿਆਂ ਤੇ ਨੌਕਰੀ ਕਰਦਿਆਂ ਕਦੀ ਇਨ੍ਹਾਂ ਗੱਲਾਂ ਨੂੰ ਗੌਲਿਆ ਨਹੀਂ ਸੀ। ਫੇਰ ਸੋਚਿਆ, ਪਤਾ ਨਹੀਂ ਆਪ ਜੀ ਨੂੰ ਇਹ ਲੇਖ ਪਸੰਦ ਆਵੇਗਾ ਜਾਂ ਨਹੀਂ। ਆਪਣੇ ਇਕ ਮਿੱਤਰ ਨਾਲ ਇਸ ਬਾਰੇ ਗੱਲ ਸਾਂਝੀ ਕੀਤੀ ਤਾਂ ਉਸ ਨੇ ਮੈਨੂੰ ਸਿਰਫ ਪਾਠਕ ਹੀ ਬਣੇ ਰਹਿਣ ਲਈ ਪ੍ਰੇਰਿਆ। ਉਸ ਦੀ ਇਹ ਗੱਲ ਮੈਨੂੰ ਬੜੀ ਜਚੀ ਅਤੇ ਹੁਣ ਮੈਨੂੰ ਪਾਠਕ ਬਣ ਕੇ ਹੀ ਤਸੱਲੀ ਹੈ, ਬਲਕਿ ਅਖਬਾਰ ਵਿਚਲੇ ਮੈਟਰ ਦੀ ਚਰਚਾ ਕਰ-ਕਰ ਕੇ ਮੈਂ ਤਾਂ ਆਪਣੇ ਕੁਝ ਹੋਰ ਸਾਥੀਆਂ ਨੂੰ ਵੀ ਇਹ ਚੇਟਕ ਲਾ ਦਿੱਤੀ ਹੈ।

ਉਂਜ ਮੇਰੀਆਂ ਭੇਜੀਆਂ ਦੋ ਕੈਪਸ਼ਨਾਂ ਤੁਸੀਂ 'ਤਸਵੀਰਾਂ ਬੋਲਦੀਆਂ' ਵਾਲੇ ਸਫੇ ਉਤੇ ਛਾਪੀਆਂ ਸਨ। ਉਦੋਂ ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ ਰਿਹਾ। ਹੁਣ ਨਾਲੇ ਬੱਚਿਆਂ ਦੇ ਬੱਚੇ ਖਿਡਾਈਦੇ ਨੇ, ਨਾਲੇ ਅਖਬਾਰ ਪੜ੍ਹ ਛੱਡੀਦਾ ਹੈ। ਚੰਗਾ ਦਿਨ ਲੰਘ ਜਾਂਦਾ ਹੈ। ਪਹਿਲਾਂ-ਪਹਿਲ ਤਾਂ ਇਤਨੀ ਔਖ ਸੀ ਕਿ ਪੁੱਛੋ ਕੁਝ ਨਾ।

***-ਕੇਸਰ ਸਿੰਘ***
***ਨਿਊ ਯਾਰਕ।***

ਕਹਾਣੀ

# ਹਾਰ ਗਿਐਂ ਰਤਨਿਆਂ

***ਗੁਰਦਿਆਲ ਸਿੰਘ ਪੰਜਾਬੀ ਸਾਹਿਤ ਦਾ ਅਜਿਹਾ ਨਾਵਲਕਾਰ ਸੀ ਜਿਸ ਨੇ ਪੰਜਾਬੀ ਨਾਵਲ ਦਾ ਮੁਹਾਂਦਰਾ ਮੂਲੋਂ ਹੀ ਬਦਲ ਦਿੱਤਾ। 'ਮੜ੍ਹੀ ਦਾ ਦੀਵਾ' ਨੇ ਪੰਜਾਬੀ ਸਾਹਿਤ ਵਿਚ ਨਵੇਂ ਰਾਹ ਬਣਾਏ ਅਤੇ ਨਵੀਆਂ ਮੱਲਾਂ ਮਾਰੀਆਂ। ਇਸ ਤੋਂ ਬਾਅਦ 'ਅਣਹੋਏ', 'ਅੰਨ੍ਹੇ ਘੋੜੇ ਦਾ ਦਾਨ' ਅਤੇ ਹੋਰ ਨਾਵਲਾਂ ਰਾਹੀਂ ਉਸ ਨੇ ਭਰਪੂਰ ਹਾਜ਼ਰੀ ਲਗਵਾਈ। ਉਸ ਨੇ ਕਈ ਯਾਦਗਾਰੀ ਕਹਾਣੀਆਂ ਵੀ ਲਿਖੀਆਂ। ਇਥੇ ਅਸੀਂ ਉਸ ਦੀ ਕਹਾਣੀ 'ਹਾਰ ਗਿਐਂ ਰਤਨਿਆਂ' ਛਾਪ ਰਹੇ ਹਾਂ ਜਿਸ ਵਿਚਲੇ ਪਾਤਰ ਹਰ ਮੁਸ਼ਕਿਲ ਦੇ ਬਾਵਜੂਦ ਜ਼ਿੰਦਗੀ ਦੀ ਚਿਣਗ ਲਗਾਤਾਰ ਬਾਲੀ ਰੱਖਦੇ ਹਨ। -ਸੰਪਾਦਕ***

**ਗੁਰਦਿਆਲ ਸਿੰਘ**

ਸਵੇਰੇ ਚੰਗਾ-ਭਲਾ, ਹੱਸਦਾ-ਖੇਡਦਾ ਉਹ ਮੰਡੀ ਗਿਆ ਸੀ ਤੇ ਦੁਪਹਿਰ ਵੇਲੇ ਉਹ ਸਾਰੇ ਹਸਪਤਾਲੋਂ ਉਸ ਦੀ ਲਾਸ਼ ਚੁੱਕ ਲਿਆਏ ਸਨ। ਡਾਕਟਰ, ਠਾਣੇਦਾਰ ਤੇ ਕੁਝ 'ਸਰਦਾਰਾਂ' ਨੇ ਉਨ੍ਹਾਂ ਨੂੰ ਪਹਿਲਾਂ ਡਰਾਇਆ, ਪਰ ਫੇਰ ਦੋ ਸੌ ਰੁਪਈਆ ਦੇ ਕੇ 'ਸਮਝੌਤਾ' ਕਰ ਲਿਆ ਸੀ। ਉਹ ਸ਼ਰਾਬੀ ਸਰਦਾਰਾਂ ਦੀ ਜੀਪ ਹੇਠ ਆ ਗਿਆ ਸੀ। ਜੀਪ ਹੇਠ ਆਉਣ ਤੋਂ ਉਹਦੀ ਲਾਸ਼ ਟਿੱਬੀ ਉਤੇ, ਡੇਰੇ ਲਿਆਉਣ ਤਕ ਕੁੱਲ ਇਕ ਪਹਿਰ ਦਾ ਫਰਕ ਸੀ। ਤੇ ਇਕੋ ਪਹਿਰ ਵਿਚ ਹੀ ਸਭ ਕੁਝ ਮੁੱਕ-ਚੁੱਕ ਗਿਆ ਸੀ। ਹੋਰ ਅੱਧੇ ਪਹਿਰ ਮਗਰੋਂ ਜਦੋਂ ਉਹ ਲਾਂਬੂ ਲਾ ਕੇ ਆਏ ਤਾਂ ਕੁਝ ਚਿਰ ਉਨ੍ਹਾਂ ਤੀਵੀਆਂ ਨੂੰ ਰੋਣ ਦਿਤਾ, ਤੇ ਆਪ ਪਾਸੇ ਬਹਿ ਕੇ ਏਥੋਂ ਤੁਰਨ ਦੀਆਂ ਸਲਾਹਾਂ ਕਰਨ ਲੱਗ ਪਏ।

"ਪਰ ਗੱਭਰੂ ਸੀ, ਫੁੱਲ ਚੁਗ ਕੇ ਜਾਂਦੇ ਤਾਂ ਚੰਗਾ ਸੀ।" ਮਾਂਢੇ ਨੇ ਸਰਸਰੀ ਸਲਾਹ ਦਿਤੀ।

"ਕਮਲਿਆ, ਰੁਜ਼ਗਾਰ ਦਾ ਵੇਲੈ। ਪਰਸੋਂ ਦੀ ਸਾਈ ਫੜੀ ਬੈਠੇ ਆਂ। ਫੁੱਲ ਕਿਧਰੇ ਕਿਸੇ ਹੋਰ ਤਾਂ ਨਹੀਂ ਲੈ ਜਾਣੇ-ਦੋ ਦਿਨ ਅੱਗੋਂ ਕੀ ਤੇ ਦੋ ਦਿਨ ਪਿੱਛੋਂ ਕੀ!" ਬਾਬੇ ਧੀਦੋ ਨੇ ਰਤਾ ਤਲਖੀ ਨਾਲ ਜੁਆਬ ਦਿੱਤਾ। ਤੇ ਅੱਗੋਂ ਕਿਸੇ ਨੂੰ ਗੱਲ ਨਾ ਅਹੁੜੀ।

ਡੇਰੇ ਆਏ ਤਾਂ ਸਾਰਿਆਂ ਬਹਿ ਕੇ ਮਸ਼ਵਰਾ ਕੀਤਾ। ਸਲਾਹ ਇਹੋ ਬਣੀ ਕਿ ਜਿਹੜੇ ਨਾਲ ਦੇ ਪਿੰਡ ਵਾਲੇ ਦੋ ਜ਼ਿਮੀਂਦਾਰ ਕੱਲ੍ਹ ਦਿਹਾੜੀ ਲਈ ਸਾਈ ਫੜਾ ਗਏ ਸਨ, ਵੇਲੇ ਸਿਰ ਉਨ੍ਹਾਂ ਦੇ ਕੰਮ 'ਤੇ ਪਹੁੰਚਣਾ ਚਾਹੀਦਾ ਹੈ। ਉਸ ਵੇਲੇ ਸਾਰੇ 'ਖੇਮੇ' ਪੁੱਟ ਕੇ ਗਧੀਆਂ ਉਤੇ ਲੱਦ ਲਏ ਗਏ। ਬੁੱਢੇ-ਠੇਰੇ, ਨਿਆਣੇ, ਲੱਦੇ ਹੋਏ ਸਾਮਾਨ ਉਤੇ ਬਹਿ ਗਏ। ਜੁਆਨ ਮੁੰਡੇ ਤੇ ਕੁੜੀਆਂ ਪੈਦਲ ਤੁਰ ਪਏ। ਧੀਦੋ ਬਾਬਾ ਆਪਣੀ ਹੁੱਕੀ ਚੁੱਕ ਕੇ ਅੱਗੇ ਲੱਗ ਤੁਰਿਆ।

ਅਜੇ ਦਿਨ ਅੰਦਰ-ਬਾਹਰ ਸੀ, ਪਰ ਅਸਮਾਨ ਉਤੇ ਚੜ੍ਹੀ ਧੂੜ ਕਰ ਕੇ ਹਨੇਰਾ ਹੋਇਆ ਜਾਪਦਾ ਸੀ। ਧਰਤੀ ਇੰਜ ਤਪ ਰਹੀ ਸੀ ਜਿਵੇਂ ਭੱਠ ਦਾ ਰੇਤ ਪਾ-ਪਾ ਭੁੰਨ ਦਿੱਤੀ ਹੋਵੇ। ਟਿੱਬੇ ਤੋਂ ਹੇਠ ਲਹਿੰਦਿਆਂ, ਕਾਫਲੇ ਦੀਆਂ ਤੀਵੀਆਂ ਫੇਰ ਰੋਣ ਲੱਗ ਪਈਆਂ।

"ਮੂੰਹ ਲਗਾਮ ਦੇਓ ਨੀਂ, ਸੂਰ ਦੀਓ ਸੂਰੀਓ।" ਬਾਬੇ ਧੀਦੋ ਨੇ ਉਨ੍ਹਾਂ ਨੂੰ ਝਿੜਕਿਆ, "ਰੁਜ਼ਗਾਰ 'ਤੇ ਚੱਲੇ ਆਂ, ਇਹ ਬੂਕਣ ਡਹੀਆਂ ਹੋਈਐਂ।"

ਬਾਬੇ ਅੱਗੇ ਕੋਈ ਨਾ ਕੁਸਕਿਆ। ਪਰ ਸਿਰਫ ਪਹਿਰ ਡੇਢ ਪਹਿਰ-ਭਰ ਦੀ ਵਿਧਵਾ ਹੋਈ ਛੰਨੋਂ ਨੇ ਘੁੰਡ ਵਿਚੋਂ ਬਾਬੇ ਵੱਲ ਘੂਰ ਕੇ ਵੇਖਿਆ ਤੇ ਪਿਛਾਂਹ ਹਟ ਗਈ। ਫੇਰ ਉਹਦੀ ਨਿਗ੍ਹਾ ਸਿਵੇ ਦੀਆਂ ਲਾਟਾਂ ਉਤੇ ਪਈ। ਇਕ ਵਾਰ ਮੁੜ ਉਹਦੀ ਹਾਅ ਨਿਕਲੀ, ਪਰ ਮੂੰਹ ਅੱਗੇ ਦੋਵੇਂ ਹੱਥ ਦੇ ਕੇ ਉਸ ਨੀਵੀਂ ਪਾ ਲਈ। ਸਿਰਫ ਹੱਥਾਂ ਦੇ ਅੰਗੂਠੇ ਤੇ ਉਂਗਲਾਂ ਹੰਝੂਆਂ ਨਾਲ ਭਿੱਜਦੇ ਰਹੇ।

"ਦਿਲ ਹੌਲਾ ਕਿਉਂ ਕਰਦੀ ਆਂ ਭਰਜਾਈ।" ਨੀਵੀਂ ਪਾ ਕੇ ਕੋਲ ਆਉਂਦਿਆਂ ਛੰਨੋਂ ਦੇ ਦਿਓਰ ਤਾਪੇ ਨੇ ਧਰਵਾਸ ਦਿਤਾ।

ਦੂਜੀਆਂ ਤੀਵੀਆਂ ਉਹਨੂੰ ਛੰਨੋਂ ਦੇ ਕੋਲ ਆਇਆ ਵੇਖ ਕੇ, ਲੰਮੀਆਂ ਪੁਲਾਂਘਾਂ ਨਾਲ ਅਗਾਂਹ ਹੋ ਗਈਆਂ।

ਛੰਨੋਂ ਨੇ ਤਾਪੇ ਵੱਲ ਗਹੁ ਨਾਲ ਵੇਖਿਆ ਤੇ ਘੁੰਡ ਸੂਤ ਕਰਦਿਆਂ ਅੱਖਾਂ ਪੂੰਝ ਲਈਆਂ। ਤਾਪੇ ਦੇ ਪੱਕੇ ਪੀਡੇ ਮੋਟੇ-ਮੋਟੇ ਨਕਸ਼ ਇਕ ਵਾਰ ਉਹਨੂੰ ਧੁੰਦਲੇ ਲੱਗੇ, ਪਰ ਫੇਰ ਸਾਫ ਦਿਸਣ ਲੱਗ ਪਏ। ਸੱਜੇ ਮੌਰ ਕੋਲੋਂ ਪਾਟੇ ਕੁੜਤੇ ਵਿਚੋਂ ਉਹਦੇ ਨਰੋਏ ਹੱਡਾਂ 'ਤੇ ਨਜ਼ਰ ਪੈਂਦਿਆਂ ਉਹਦੇ ਪਿੰਡੇ ਵਿਚ ਝਰਨਾਹਟ ਛਿੜਦੀ ਜਾਪੀ। ਆਪਣੇ ਨਿਆਣਿਆਂ ਵੱਲ ਤੱਕਿਆ। ਉਹ ਦੋਵੇਂ ਆਪੋ ਵਿਚ ਖੇਡ ਲੱਗੇ ਹੋਏ ਸਨ। ਸੂਏ ਉਤਲੀਆਂ ਕਿੱਕਰਾਂ ਦੀ ਲੁੰਗ ਉਤੇ ਜੰਮਿਆ ਘੱਟਾ-ਮਿੱਟੀ ਕਿਰ-ਕਿਰ ਹੇਠ ਡਿੱਗੀ ਜਾਂਦਾ ਸੀ। ਬੂਈਆਂ, ਅਧ-ਸੁੱਕਾ ਘਾਹ, ਮਲ੍ਹੇ ਤੇ ਬੂਟੀਆਂ, ਸਭ ਧੂੜ ਨਾਲ ਅੱਟੀਆਂ ਹੋਈਆਂ ਸਨ। ਸੂਏ ਦਾ ਪਾਣੀ ਵੀ ਬੜਾ ਗੰਧਲਾ ਸੀ। ਸੂਏ ਦੀ ਪਟੜੀ ਦੇ ਨਾਲ ਨਾਲ ਜਿਹੜੇ ਪਹੇ ਉਤੇ 'ਕਾਫਲਾ' ਤੁਰਿਆ ਜਾ ਰਿਹਾ ਸੀ, ਉਹਦੀ ਪੀਕ ਪੈਰ ਮਾਰਿਆਂ ਸਿਰ ਨੂੰ ਚੜ੍ਹਦੀ ਸੀ। ਜੁੱਤੀਆਂ, ਛਿੱਤਰਾਂ ਦੇ ਤਲਿਆਂ ਵਿਚ ਜਿਵੇਂ ਭੁੱਬਲ ਪਾਈ ਹੋਏ ਹੋਵੇ- ਜਿਵੇਂ ਉਹ ਨਿਰੀ ਅੱਗ ਵਿਚੋਂ ਲੰਘ ਰਹੇ ਹੋਣ।

"ਤੂੰ ਗਮ ਨਾ ਲਾਈਂ, ਸਭ ਠੀਕ ਹੋ ਜਾਣੈਂ!" ਛੰਨੋਂ ਨੂੰ ਚੁੱਪ ਵੇਖ ਕੇ ਤਾਪੇ ਨੇ ਆਪਣੀ ਢੱਠੀ ਪੱਗ ਦਾ ਲੜ ਟੰਗਿਆ ਤੇ ਛੰਨੋਂ ਦੀਆਂ ਸਿੱਲ੍ਹੀਆਂ ਅੱਖਾਂ ਦੀਆਂ ਕਾਲੀਆਂ ਝਿੰਮਣੀਆਂ ਉਤੇ ਨਿਗ੍ਹਾ ਟਿਕਾ ਲਈ।

"ਤੂੰ ਮੇਰੇ ਨਿਆਣਿਆਂ ਨੂੰ ਸਾਂਭ ਲਏਂਗਾ?" ਛੰਨੋਂ ਨੇ ਘੱਗੀ ਆਵਾਜ਼ ਵਿਚ ਪੁੱਛਿਆ।

"ਸਾਂਭਣ ਨੂੰ ਹੋਰ ਕਿਧਰੇ, ਇਨ੍ਹਾਂ ਨੂੰ ਹੁਣ ਅਸੀਂ ਕਬੀਲਿਓਂ ਬਾਹਰਲਿਆਂ ਦੇ ਦੁਆਰੇ ਤਾਂ ਨਹੀਂ ਸੁੱਟ ਆਉਣਾ!" ਤਾਪਾ ਮੋਢੇ ਧਰੀ ਖੇਸੀ ਦੇ ਦੋ ਬੁੰਬਲਾਂ ਨੂੰ ਉਂਗਲਾਂ ਨਾਲ ਵੱਟ ਦੇਣ ਲੱਗ ਪਿਆ। ਡਾਂਗ ਉਸ ਕੱਛੇ ਮਾਰ ਲਈ। ਮੂੰਹ ਉਹਦਾ ਤਾਂਬੇ ਵਰਗਾ ਹੋ ਗਿਆ।

"ਸੋਚ ਲੈ।"

"ਸੋਚ ਕੇ ਤੁਰਿਆ ਸਾਂ ਕਿ- ਆਥਣੇ।"

ਛੰਨੋਂ ਨੇ ਉਹਦੇ ਲੰਮੇ, ਪੀਡੇ ਸਰੀਰ ਨੂੰ ਜਿਵੇਂ ਸਿਰ ਤੋਂ ਪੈਰਾਂ ਤਕ ਜੋਹ ਲਿਆ। ਫੇਰ ਆਪਣੀ ਛੀਂਟ ਦੀ ਘੱਗਰੀ ਉਤੇ ਝਟਕਾ ਕੇ ਰੇਤਾ ਝਾੜਿਆ।

"ਇਕ ਵਾਰੀ ਫੇਰ ਸੋਚ ਲੈ!" ਛੰਨੋਂ ਨੇ ਰਤਾ ਪੈਰ ਮਲ ਕੇ ਜੁੱਤੀ ਝਾੜਦਿਆਂ, ਸਿਰੋਂ ਚੁੰਨੀ ਲਾਹ ਕੇ, ਦੋਹਾਂ ਹੱਥਾਂ ਨਾਲ ਉਤਾਂਹ ਹੁਲਾਰੀ ਤੇ ਉਹਦਾ ਘੱਟਾ-ਮਿੱਟੀ ਵੀ ਝਾੜ ਲਿਆ।

"ਤੂੰ ਕੀ ਅਖਵਾਨੀ ਐਂ ਹੋਰ?" ਤਾਪੇ ਨੇ ਬੁੰਬਲਾਂ ਨੂੰ ਜ਼ੋਰ ਨਾਲ ਮਲਦਿਆਂ, ਉਸ ਵੱਲ ਤਾੜ ਕੇ ਵੇਖਿਆ।

ਸੱਚੀਂ ਹੀ, ਹੋਰ ਉਹ ਕੀ ਅਖਵਾਉਣਾ ਚਾਹੁੰਦੀ ਸੀ?

ਛੰਨੋਂ ਨੇ ਪਲ ਦਾ ਪਲ ਸੋਚਿਆ ਤੇ ਉਹਦੀਆਂ ਕਾਲੀਆਂ ਸ਼ਾਹ ਅੱਖਾਂ ਦੀ ਸਿੱਲ੍ਹ ਅਲੋਪ ਹੋ ਗਈ। ਅਸਮਾਨ ਉਤੇ ਧੂੜ ਹੋਰ ਸੰਘਣੀ ਹੁੰਦੀ ਦਿਸੀ। ਕਾਫਲਾ ਅਗਾਂਹ ਲੰਘ ਗਿਆ ਸੀ। ਕੋਈ ਬੰਦਾ,



ਤੀਵੀਂ ਸਾਫ ਵਿਖਾਈ ਨਹੀਂ ਸੀ ਦਿੰਦਾ। ਸੂਏ ਦੇ ਨਾਲ ਨਾਲ ਲੋਕਾਂ ਸਭ ਕਣਕਾਂ ਵੱਢ ਕੇ ਮੰਡਲੀਆਂ ਲਾ ਦਿਤੀਆਂ ਹੋਈਆਂ ਸਨ। ਖੇਤ ਸੁੰਨੇ ਸਨ।

"ਚੰਗਾ, ਮੇਰੀ ਬਾਂਹ ਫੜ੍ਹ।" ਛੰਨੋਂ ਨੇ ਸੱਖਣੀ ਬਾਂਹ ਅਗਾਂਹ ਕਰਦਿਆਂ ਕਿਹਾ।

"ਲੈ!"

ਛੰਨੋਂ ਦੇ ਪਿੰਡੇ ਵਿਚੋਂ ਸੇਕ ਨਿਕਲਿਆ। ਉਹਦੀਆਂ ਅੱਖਾਂ ਤਪਣ ਲੱਗ ਪਈਆਂ। ਸਿਰ ਤੋਂ ਪੈਰਾਂ ਤਕ ਲਹੂ ਨਾੜਾਂ ਵਿਚ ਰਿਝਦਾ ਜਾਪਿਆ ਤੇ ਕੰਬਦੇ ਹੋਠਾਂ ਨਾਲ ਸਿਰਫ "ਬੱਸ" ਕਹਿ ਕੇ ਉਹ ਉਹਦੇ ਮੋਢੇ ਲੱਗ ਗਈ।

ਅਗਾਂਹ ਜਾ ਕੇ ਉਹ ਪਟੜੀ ਚੜ੍ਹ ਗਏ। ਕਾਫਲੇ ਦੇ ਨਿਆਣੇ ਸੂਏ ਵਿਚ ਨਹਾਉਣ ਲੱਗ ਪਏ ਸਨ। ਉਨ੍ਹਾਂ ਦੀਆਂ ਕਿਲਕਾਰੀਆਂ ਤੇ ਚੀਕਾਂ ਅਸਮਾਨ ਦੀ ਧੂੜ ਨੂੰ ਖਿੰਡਾ ਰਹੀਆਂ ਜਾਪਦੀਆਂ ਸਨ। ਗਧੀਆਂ ਨਾਲ ਜਾਂਦੇ ਬੰਦੇ-ਤੀਵੀਆਂ, ਦਾਣੇ-ਫੱਕੇ ਤੇ ਰੁਜ਼ਗਾਰ ਦੀਆਂ ਗੱਲਾਂ ਵਿਚ ਰੁਝ ਗਏ ਸਨ। ਛੰਨੋਂ ਤੇ ਤਾਪਾ ਦੋਏ ਹੌਲੀ-ਹੌਲੀ ਤੁਰਦੇ, ਏਸ ਧੂੜ ਅੱਟੇ ਵਾਤਾਵਰਣ ਵਿਚ ਦੋ ਪਰਛਾਵਿਆਂ ਵਾਂਗ ਜਿਵੇਂ ਅਲੋਪ ਹੋ ਰਹੇ ਸਨ, ਪਰ ਪੁਲ ਕੋਲ, ਚਾਣਚਕ ਛੰਨੋਂ ਠੱਲ੍ਹ ਉਤੇ ਚੜ੍ਹ ਕੇ ਪਿਛਾਂਹ ਝਾਕਣ ਲੱਗ ਪਈ। ਏਨੀ ਧੂੜ ਵਿਚੋਂ ਵੀ ਅੱਗ ਦੀ ਲਾਲੀ ਅਜੇ ਦਿਸਦੀ ਸੀ।

"ਕੀ ਗੱਲ?" ਤਾਪੇ ਨੇ ਡਾਂਗ ਦਾ ਅਗਲਾ ਸਿਰਾ ਪਟੜੀ 'ਤੇ ਮਾਰਦਿਆਂ ਪੁੱਛਿਆ।

"ਕੋਈ ਨਹੀਂ।" ਛੰਨੋਂ ਠੱਲ੍ਹ ਤੋਂ ਹੇਠ ਉਤਰ ਆਈ ਤੇ ਪਹਿਲਾਂ ਵਾਂਗ ਹੀ ਚੁੰਨੀ ਤੋਂ ਧੂੜ ਛੰਡ ਕੇ ਉਸ ਤਾਪੇ ਦਾ ਹੱਥ ਫੇਰ ਫੜ੍ਹ ਲਿਆ।

ਕਾਫਲਾ ਅਗਲੇ ਪਿੰਡ ਅੱਪੜਨ ਵਾਲਾ ਸੀ, ਪਰ ਅਜੇ ਤਕ ਕਿਸੇ ਨੂੰ ਇਹ ਖਿਆਲ ਨਹੀਂ ਸੀ ਆਇਆ ਕਿ ਛੰਨੋਂ ਦਾ ਸਹੁਰਾ ਸੂਏ ਦੇ ਪੁਲ ਦੀ ਓਸੇ ਠੱਲ੍ਹ 'ਤੇ ਬੈਠਾ ਸੀ ਜਿਸ ਉਤੇ ਚੜ੍ਹ ਕੇ ਛੰਨੋਂ ਨੇ ਪਿਛਾਂਹ ਤੱਕਿਆ ਸੀ। ਉਹਦੇ ਬੁੱਢੇ ਗੋਡੇ ਤੁਰਨੋਂ ਜੁਆਬ ਦੇ ਗਏ ਸਨ। ਉਹ 'ਰਾਹਾਂ ਵਿਚ' ਪੰਜਾਂ ਵਿਚੋਂ ਅੱਜ ਤੀਜਾ ਪੁੱਤਰ ਗੁਆ ਕੇ, ਚੁੱਪ-ਚੁਪੀਤਾ, ਕਾਫਲੇ ਪਿੱਛੇ ਤੁਰ ਆਇਆ ਸੀ, ਤੇ ਆਪਣੀ ਹੁੱਕੀ ਦੀ ਅੱਗ ਦੇ ਆਸਰੇ, ਪੁਲ ਤਕ ਪਹੁੰਚ ਗਿਆ ਸੀ, ਪਰ ਏਥੇ ਆ ਕੇ ਹੁੱਕੀ ਦੀ ਅੱਗ ਬੁਝ ਗਈ ਸੀ। ਹੁੱਕੀ ਦੀ ਅੱਗ ਵਾਂਗ ਹੀ ਹੁਣ ਧੂੜ ਤੇ ਰਾਤ ਦਾ ਹਨੇਰਾ ਏਨਾ ਸੰਘਣਾ ਹੋ ਚੁਕਾ ਸੀ ਕਿ ਹੱਥ ਨੂੰ ਹੱਥ ਮਾਰਿਆ ਨਹੀਂ ਸੀ ਦਿਸਦਾ।

"ਇਉਂ ਢੇਰੀ ਢਾਹਿਆਂ ਕੀ ਬਣਦੈ ਰਤਨਿਆਂ।" ਉਸ ਹੰਭਲਾ ਮਾਰ ਕੇ ਉਠਣ ਦਾ ਯਤਨ ਕਰਦਿਆਂ ਆਪਣੇ ਉਸ 'ਮਨੀ ਰਾਮ' ਨੂੰ ਕਿਹਾ ਜਿਸ ਨਾਲ ਗੱਲਾਂ ਕਰਨ ਦੀ ਆਦਤ ਉਹਨੂੰ ਜਿਵੇਂ ਕਈ 'ਜਨਮਾਂ' ਤੋਂ ਪਈ ਹੋਈ ਸੀ।

ਪਰ ਉਠ ਕੇ ਤੁਰਿਆ ਨਹੀਂ ਗਿਆ। ਇਕ ਵਾਰ ਜੀਅ ਕੀਤਾ ਮੁੜ ਠੱਲ੍ਹ ਉਤੇ ਬਹਿ ਜਾਏ, ਫੇਰ ਉਸ ਹੱਥ ਵਿਚ ਫੜੀ ਹੁੱਕੀ ਨੂੰ ਵੇਖਿਆ ਤੇ ਚਿਲਮ ਦੀ ਅੱਗ ਟੋਹ ਕੇ, ਪਹੀ ਕੋਲ ਖੜੋਤੇ ਇਕ ਵਣ ਹੇਠ ਜਾ ਬੈਠਾ। ਡੱਕੇ 'ਕੱਠੇ ਕਰ ਕੇ ਜੇਬ ਵਿਚੋਂ ਡੱਬੀ ਕੱਢੀ ਤੇ ਅੱਗ ਬਾਲ ਲਈ। ਹੁੱਕੀ ਉਤੇ ਅੱਗ ਧਰ ਕੇ ਜਦੋਂ ਦੋ ਤਿੰਨ ਸੂਟੇ ਲਾਏ ਤਾਂ ਉਸ ਨੂੰ ਆਪਣੀਆਂ ਕੜਕਦੀਆਂ ਹੱਡੀਆਂ ਵਿਚ ਤਾਅ ਆਉਂਦਾ ਜਾਪਿਆ। ਬਚਦੀ ਅੱਗ ਉਤੇ ਉਸ ਪੈਰ ਮਾਰਿਆ ਤੇ ਖੰਘਦਿਆਂ, ਪਟੜੀ ਆ ਚੜ੍ਹਿਆ, ਪਰ ਠੱਲ੍ਹ ਕੋਲ ਆ ਕੇ ਸੱਜੇ ਗੋਡੇ ਵਿਚ ਅੰਤਾਂ ਦੀ ਪੀੜ ਹੋਈ।

"ਹਾਰ ਗਿਐਂ ਰਤਨਿਆਂ!" ਉਸ ਜਿਵੇਂ ਕਚੀਚੀ ਵੱਟੀ ਤੇ ਹੁੱਕੀ ਦੀ ਨੜੀ ਮੂੰਹ ਨਾਲ ਜੋੜ ਕੇ, ਪੀੜ ਕਰਦੇ ਗੋਡੇ ਨੂੰ ਧਰੀਕਦਾ ਅਗਾਂਹ ਤੁਰ ਪਿਆ। ਕਾਫਲਾ ਬੜਾ ਦੂਰ ਲੰਘ ਗਿਆ ਸੀ, ਪਰ ਬਾਬੇ ਧੀਦੋ ਦੇ ਹੋਕਰੇ ਉਹਨੂੰ ਸੁਣ ਰਹੇ ਸਨ।

"ਵਗੇ ਆਓ, ਵਗੇ ਆਓ ਕੋਹੜੀਓ- ਦਿਨ ਛਿਪਦੈ ਕਿ ਚੜ੍ਹਦੈ!"

ਕਿੱਡਾ ਉਚਾ, ਗੜ੍ਹਕੇ ਵਾਲਾ ਬੋਲ ਸੀ।

ਧੀਦੋ ਨੇ ਵੀ ਤਾਂ ਆਪਣੇ ਚਾਰੇ ਪੁੱਤਰ ਇਉਂ ਈ 'ਰਾਹਾਂ ਵਿਚ' ਗੁਆ ਲਏ ਸਨ, ਪਰ ਉਹ ਹਾਰਿਆ ਨਹੀਂ ਸੀ।

"ਮੈਂ ਵੀ ਕਿਹੜਾ ਹਾਰਿਐਂ!" ਉਹ ਦ੍ਰਿੜਤਾ ਨਾਲ ਬੋਲਿਆ।

"ਨਹੀਂ! ਤੂੰ ਤਾਂ ਹਾਰ ਗਿਐਂ ਰਤਨਿਆਂ!" 'ਮਨੀ ਰਾਮ' ਬੋਲ ਪਿਆ।

ਰੁਕ ਕੇ ਰਤਨਾ ਸੱਜੇ ਹੱਥ ਨਾਲ ਆਪਣੇ ਖੀਸੇ ਵਿਚ ਨੋਟ ਟੋਹਣ ਲੱਗ ਪਿਆ, ਤੇ ਖੱਬੇ ਨਾਲ ਹੁੱਕੀ ਨੀਵੀਂ ਕਰ ਕੇ ਉਹਦੇ ਮੁੜ 'ਸੌਂਦੇ ਜਾਂਦੇ' ਚੰਗਿਆੜਿਆਂ ਨੂੰ ਘੂਰਨ ਲੱਗ ਪਿਆ। ਤੇ ਫੇਰ ਚਾਣਚਕ ਉਹਨੇ ਹੁੱਕੀ ਸੂਏ ਵਿਚ ਵਗਾਹ ਮਾਰੀ।

"ਮੈਂ ਜੋ ਕਹਿਨੈਂ ਤੂੰ ਹਾਰ ਗਿਐ!" ਉਹ ਕਚੀਚੀ ਵੱਟ ਕੇ ਚੀਕਿਆ ਤੇ ਖੀਸੇ ਵਿਚ ਪਾਏ ਹੱਥ ਨੇ ਨਵੇਂ ਨੋਟ ਮਰੋੜ ਕੇ ਕਰੂੰਡਾ ਕਰ ਦਿਤੇ।

'ਕਾਫਲਾ' ਬੜੀ ਦੂਰ, ਜਿਵੇਂ 'ਮੰਜ਼ਲ' 'ਤੇ ਵੀ ਅੱਪੜ ਗਿਆ ਸੀ, ਪਰ ਰਤਨਾ ਓਥੇ ਈ ਖੜੋਤਾ ਹਨੇਰੇ ਨੂੰ ਘੂਰ ਰਿਹਾ ਸੀ।

# ਜੀਵਨ ਸਾਥੀ

**ਸ਼ਮਿੰਦਰ ਕੌਰ**
shaminderbrar83@gmail.com

"ਦਿਮਾਗ ਫਿਰ ਗਿਆ ਬੁੜੇ ਦਾ! ਕੀ ਆਖਰ ਆ ਗਈ ਜੇ ਬੁੱਢੀ ਮਰ ਗਈ? ਹੁਣ ਮਰਨਾ ਨ੍ਹੀਂ ਸੀ ਓਹਨੇ? ਸੁਆਹ ਚੱਕ ਲਿਆਇਆ।" ਬਚਿੱਤਰ ਸਿਉਂ ਖਫਾ-ਖੂਨ ਹੋਇਆ ਆਪਣੀ ਪਤਨੀ ਗੁਰਬਚਨ ਕੌਰ (ਬਚਨੋ) ਨਾਲ ਖਹਿ ਰਿਹਾ ਸੀ।

"ਜੀ ਆਵਦਾ ਜੀਵਨ ਸਾਥੀ ਕਿਹੜਾ ਥੋੜੀ ਚੀਜ ਹੁੰਦਾ?" ਨੀਵੀਂ ਪਾ ਕੇ ਚੁੰਨੀ ਮੂੰਹ ਉਤੇ ਰੱਖੀ ਬੈਠੀ ਬਚਨੋ ਬਸ ਇੰਨਾ ਹੀ ਬੋਲ ਸਕੀ।

ਬਚਿੱਤਰ ਸਿੰਘ ਤੇ ਬਚਨੋ-ਦੋਵੇਂ ਪੱਕੀ ਉਮਰ ਵਿਚ ਪਹੁੰਚ ਗਏ ਸਨ। ਤਿੰਨ ਧੀਆਂ ਤੇ ਦੋ ਪੁੱਤਰ ਵਿਆਹ ਕੇ ਸੁਰਖਰੂ ਹੋ ਗਏ ਸਨ। ਬਚਿੱਤਰ ਸਿੰਘ ਬੜਾ ਰੋਅਬ ਵਾਲਾ ਬੰਦਾ ਸੀ ਪਰ ਸੁਭਾਅ ਦਾ ਰੁੱਖਾ। ਜ਼ਮੀਨ ਠੇਕੇ ਉਤੇ ਦੇ ਦਿੰਦਾ ਤੇ ਹਰ ਵੇਲੇ ਟੌਹਰ ਕੱਢ ਕੇ ਰੱਖਦਾ। ਦਾੜ੍ਹੀ ਬੰਨ ਕੇ ਲਹਿਰੀਆ ਪੱਗ ਬੰਨਦਾ। ਮੁੱਛਾਂ ਜਿੰਨੀਆਂ ਕੁੰਡੀਆਂ ਹੋ ਸਕਦੀਆਂ, ਕਰ ਕੇ ਰੱਖਦਾ। ਗੱਲ ਕਰਦਾ ਵਾਰ-ਵਾਰ ਦਾੜ੍ਹੀ 'ਤੇ ਹੱਥ ਫੇਰਦਾ। ਕੰਮ ਦਾ ਡੱਕਾ ਨਾ ਤੋੜਦਾ। ਜਦੋਂ ਕਰਜ਼ਾ ਚੜ੍ਹ ਜਾਂਦਾ ਤਾਂ ਕਿੱਲਾ ਜ਼ਮੀਨ ਵੇਚ ਕੇ ਲਾਹ ਦਿੰਦਾ। ਪੁੱਤ ਭਾਵੇਂ ਵਿਆਹ ਲਏ ਸਨ ਪਰ ਘਰ ਵਿਚ ਅਜੇ ਵੀ ਉਸੇ ਦੀ ਚਲਦੀ ਸੀ। ਸ਼ਾਮ ਨੂੰ ਪੰਜ ਵਜੇ ਹੀ ਬੋਤਲ ਖੋਲ੍ਹ ਲੈਂਦਾ, ਸ਼ਰਾਬ ਪੀਤੇ ਬਿਨਾ ਨਹੀਂ ਸੀ ਰਹਿ ਸਕਦਾ। ਇਸੇ ਲਈ ਬਚਨੋ ਦੁਪਹਿਰ 3 ਵਜੇ ਹੀ ਰੋਟੀ ਤਿਆਰ ਕਰਨ ਲੱਗ ਜਾਂਦੀ। 5 ਵਜੇ ਤੱਕ ਚਟਣੀ, ਸਬਜ਼ੀ, ਸਲਾਦ-ਸਭ ਕੁਝ ਤਿਆਰ ਕਰ ਲੈਂਦੀ। ਬਚਿੱਤਰ ਸਿਉਂ ਆ ਕੇ ਆਵਾਜ਼ ਮਾਰਦਾ, 'ਬਚਨੋ! ਲਿਆ ਰੋਟੀ।' ਤਾਂ ਗਰਮ ਫੁਲਕੇ ਲਾਹ ਕੇ ਨਾਲ ਦੀ ਨਾਲ ਖਵਾਈ ਜਾਂਦੀ।

ਬਚਨੋ ਪਤੀ ਦੀ ਬਹੁਤ ਸੇਵਾ ਕਰਦੀ ਤੇ ਉਸ ਤੋਂ ਡਰਦੀ ਵੀ, ਕਿਉਂਕਿ ਜੇ ਆਵਾਜ਼ ਮਾਰਦੇ ਸਾਰ ਰੋਟੀ ਹਾਜ਼ਰ ਨਾ ਹੁੰਦੀ ਤਾਂ ਬਚਿੱਤਰ ਸਿਉਂ ਲੋਹਾ-ਲਾਖਾ ਹੋ ਜਾਂਦਾ। ਬਚਨੋ ਪਤੀ ਦੇ ਮਾੜੇ ਬੋਲਾਂ ਤੋਂ ਵੀ ਕੋਈ ਜਵਾਬ ਨਾ ਦਿੰਦੀ। ਨੂੰਹਾਂ ਟੋਕਦੀਆਂ ਵੀ ਕਿ ਬੁੜੀ ਦੁਪਹਿਰੇ ਹੀ ਕੁੰਡਾ-ਸੋਟਾ ਖੜਕਾਉਣ ਲੱਗ ਜਾਂਦੀ ਆ...।

ਅੱਜ ਬਚਿੱਤਰ ਸਿਉਂ ਤੇ ਬਚਨੋ-ਦੋਵੇਂ ਬਚਨੋ ਦੀ ਮਾਂ ਦੇ ਫੁੱਲਾਂ ਤੋਂ ਹੋ ਕੇ ਆਏ ਸਨ। ਬਚਨੋ ਦੇ ਪਿਤਾ ਨੇ ਆਪਣੀ ਪਤਨੀ ਦੇ ਫੁੱਲ ਚੁਗਣ ਨਹੀਂ ਦਿੱਤੇ ਸਨ। ਉਸ ਨੇ ਸਾਰੀ ਸੁਆਹ ਇਕੱਠੀ ਕਰਕੇ ਆਪਣੇ ਮੰਜੇ ਹੇਠਾਂ ਰੱਖ ਲਈ ਸੀ ਤੇ ਉਤੇ ਕੱਪੜਾ ਪਾ ਦਿੱਤਾ ਸੀ। ਸਭ ਨੇ ਬਹੁਤ ਰੌਲਾ ਪਾਇਆ ਪਰ ਬੁੜੇ ਨੇ ਕਿਸੇ ਦੀ ਨਾ ਸੁਣੀ।

ਇਸੇ ਗੱਲੋਂ ਔਖਾ ਹੋਇਆ ਬਚਿੱਤਰ ਸਿਉਂ ਬਚਨੋ ਨਾਲ ਖਫਾ ਹੋ ਰਿਹਾ ਸੀ।

ਪਤਨੀ ਦੇ ਵਿਛੋੜੇ ਤੋਂ ਬਾਅਦ ਬਚਨੋ ਦਾ ਪਿਤਾ ਵੀ ਜਿਆਦਾ ਚਿਰ ਜਿਉਂਦਾ ਨਾ ਰਿਹਾ। ਛੇ ਮਹੀਨੇ ਬਾਅਦ ਉਹ ਵੀ ਚੱਲ ਵਸਿਆ ਤੇ ਦੋਹਾਂ ਪਤੀ-ਪਤਨੀ ਦੇ ਫੁੱਲ ਇਕੱਠਿਆਂ ਹੀ ਜਲ-ਪ੍ਰਵਾਹ ਕਰ ਦਿੱਤੇ ਗਏ।

ਬਚਨੋ ਤੇ ਬਚਿੱਤਰ ਸਿਉਂ ਆਪਣੀ ਜ਼ਿੰਦਗੀ ਵਿਚ ਉਸੇ ਤਰ੍ਹਾਂ ਮਗਨ ਸਨ ਕਿ ਇਕ ਦਿਨ ਬਚਨੋ ਆਪਣੇ ਪੋਤਰੇ ਨੂੰ ਪਿੰਡ ਵਾਲੇ ਸਕੂਲੋਂ ਛੁੱਟੀ ਹੋਣ ਤੋਂ ਬਾਅਦ ਘਰ ਲੈ ਕੇ ਆ ਰਹੀ ਸੀ। ਦੁਪਹਿਰ ਦੋ ਵਜੇ ਦਾ ਸਮਾਂ ਸੀ, ਗਰਮੀ ਸਿਖਰ 'ਤੇ ਸੀ ਕਿ ਰਸਤੇ ਵਿਚ ਬਚਨੋ ਨੂੰ ਤਰੇਲੀ ਆਈ, ਉਸ ਦਾ ਦਮ ਉਖੜ ਗਿਆ ਤੇ ਉਹ ਉਥੇ ਹੀ ਡਿੱਗ ਪਈ। ਉਸ ਨੂੰ ਚੱਕ ਕੇ ਘਰੇ ਲਿਆਂਦਾ ਗਿਆ, ਡਾਕਟਰ ਨੂੰ ਬੁਲਾਇਆ ਗਿਆ ਪਰ ਬਚਨੋ ਹੁਣ ਰਹੀ ਨਹੀਂ ਸੀ, ਦਿਲ ਦਾ ਦੌਰਾ ਪੈਣ ਕਰਕੇ ਡਿੱਗਦਿਆਂ ਹੀ ਉਸ ਦੀ ਮੌਤ ਹੋ ਗਈ ਸੀ। ਗਰਮੀਆਂ ਦੇ ਵੱਡੇ ਦਿਨ ਸਨ, ਸੂਰਜ ਛਿਪਣ ਵਿਚ ਅਜੇ ਕਾਫੀ ਸਮਾਂ ਸੀ। ਸਾਰੀ ਤਿਆਰੀ ਕਰਕੇ ਛੇ ਵਜੇ ਤੱਕ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

ਇਹ ਸਭ ਇੰਨਾ ਛੇਤੀ ਹੋ ਗਿਆ ਕੇ ਬਚਿੱਤਰ ਸਿਉਂ ਕੁਝ ਸਮਝ ਹੀ ਨਾ ਸਕਿਆ। ਸੱਤਵੇਂ ਦਿਨ ਬਚਨੋ ਦਾ ਭੋਗ ਪੈ ਗਿਆ।

ਬਚਿੱਤਰ ਸਿਉਂ ਬਹੁਤ ਰੋਇਆ। ਸਭ ਨੇ ਅੱਜ ਪਹਿਲੀ ਵਾਰੀ ਉਸ ਨੂੰ ਰੋਂਦਿਆਂ ਵੇਖਿਆ ਸੀ। ਪਰ ਰੋਣ ਨਾਲ ਵੀ ਉਸ ਦੇ ਮਨ ਦਾ ਭਾਰ ਹੌਲਾ ਨਾ ਹੋਇਆ।

ਬਚਿੱਤਰ ਸਿਉਂ ਹੁਣ ਪਹਿਲਾਂ ਵਾਲਾ ਨਹੀਂ

## ਸੱਚੋ ਸੱਚ


ਸੀ ਰਹਿ ਗਿਆ, ਉਸ ਨੂੰ ਟੌਹਰਾਂ ਭੁੱਲ ਗਈਆਂ ਸਨ। ਕੁੜਤੇ ਦੇ ਬਟਨ ਖੁੱਲ੍ਹੇ ਹੁੰਦੇ ਸਨ। ਘਬਰਾਹਟ ਕਰਕੇ ਉਹ ਵਾਰ ਵਾਰ ਦਿਲ ਅਤੇ ਗਲੇ ਉਤੇ ਹੱਥ ਫੇਰਦਾ। ਕਿਤੇ ਵੀ ਟਿਕ ਕੇ ਨਾ ਬੈਠਦਾ। ਘਰ ਤੋਂ ਕਾਹਲੀ- ਕਾਹਲੀ ਸੱਥ ਵੱਲ ਭੱਜਿਆ ਜਾਂਦਾ। ਸਭ ਬੈਠਣ ਲਈ ਆਖਦੇ ਪਰ ਉਹ ਨਾ ਬੈਠਦਾ। ਫਿਰ ਭੱਜਿਆ-ਭੱਜਿਆ ਘਰ ਨੂੰ ਆਉਂਦਾ, ਆ ਕੇ ਆਵਾਜ਼ਾਂ ਮਾਰਦਾ, ਬਚਨੋ! ਬਚਨੋ!

ਪਰ ਅੱਗੋਂ ਕੋਈ ਜਵਾਬ ਨਾ ਮਿਲਦਾ ਫਿਰ ਕਮਰੇ ਵਿਚ ਜਾ ਕੇ ਬਚਨੋ ਦੀ ਫੋਟੋ ਨਾਲ ਗੱਲਾਂ ਕਰਨ ਲੱਗਦਾ, ਰੋਂਦਾ ਰਹਿੰਦਾ। ਉਹ ਇਸੇ ਤਰ੍ਹਾਂ ਘਰ ਤੋਂ ਸੱਥ, ਸੱਥ ਤੋਂ ਘਰ ਤੇ ਬਚਨੋ ਦੀ ਫੋਟੋ ਤੱਕ ਗੇੜਾ ਬੰਨੀ ਰੱਖਦਾ। ਬਚਨੋ! ਬਚਨੋ! ਕੁਰਲਉਂਦਾ ਰਹਿੰਦਾ। ਉਸ ਦੇ ਅੰਦਰ ਜਿਵੇਂ ਤੂਫਾਨ ਆਇਆ ਹੋਇਆ ਸੀ।

ਬਚਨੋ ਦੀ ਫੋਟੋ ਨਾਲ ਗੱਲਾਂ ਕਰਦਾ, ਰੋਂਦਾ ਤੇ ਘਰ ਤੋਂ ਸੱਥ ਦੇ ਗੇੜੇ ਕੱਢਦਾ ਬਚਿੱਤਰ ਸਿਉਂ ਜਿਵੇਂ ਪੂਰਾ ਪਾਗਲ ਹੋ ਚੁਕਾ ਸੀ।

# ਮੈਂ ਤਸਲੀਮਾ: ਨਾ ਰਸ਼ਦੀ ਤੇ ਨਾ ਹੁਸੈਨ...

***ਬੰਗਲਾ ਲਿਖਾਰੀ ਤਸਲੀਮਾ ਨਸਰੀਨ ਆਪਣੇ ਨਾਵਲ 'ਲੱਜਾ' ਨਾਲ ਸੰਸਾਰ ਦੀਆਂ ਨਜ਼ਰਾਂ ਵਿਚ ਆਈ। ਇਸ ਨਾਵਲ ਦੀ ਪਿੱਠਭੂਮੀ ਵਿਚ ਉਸ ਹਿੰਦੂ ਪਰਿਵਾਰ ਦੀ ਕਹਾਣੀ ਹੈ ਜੋ ਦੰਗਿਆਂ ਦੌਰਾਨ ਬੁਰੀ ਤਰ੍ਹਾਂ ਫਸ ਜਾਂਦਾ ਹੈ। ਕੱਟੜਪੰਥੀਆਂ ਨੇ ਇਸ ਰਚਨਾ ਤੋਂ ਖਿਝ ਕੇ ਉਸ ਖਿਲਾਫ ਫਤਵਾ ਜਾਰੀ ਕਰ ਦਿੱਤਾ। ਇਹ 1994 ਦੀਆਂ ਗੱਲਾਂ-ਬਾਤਾਂ ਹਨ। ਉਦੋਂ ਤੋਂ ਹੀ ਤਸਲੀਮਾ ਜਲਾਵਤਨੀ ਦੀ ਜੂਨੇ ਪਈ ਹੋਈ ਹੈ, ਪਰ ਉਸ ਨੇ ਔਰਤ ਅਤੇ ਮਨੁੱਖ ਦੀ ਆਜ਼ਾਦੀ ਦਾ ਮਸਲਾ ਬੜੇ ਪ੍ਰਚੰਡ ਰੂਪ ਵਿਚ ਉਠਾਇਆ ਹੈ। ਇਸ ਲੇਖ ਵਿਚ ਉਹਨੇ ਮਸ਼ਹੂਰ ਲਿਖਾਰੀ ਸਲਮਾਨ ਰਸ਼ਦੀ ਤੇ ਪ੍ਰਸਿੱਧ ਚਿੱਤਰਕਾਰ ਮਕਬੂਲਬੂਲ ਫਿਦਾ ਹੁਸੈਨ ਦੀਆਂ ਗੱਲਾਂ ਆਪਣੇ ਹਵਾਲੇ ਨਾਲ ਕੀਤੀਆਂ ਹਨ। ਇਸ ਲੇਖ ਦਾ ਤਰਜਮਾ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਜਰਮਨੀ ਵਸਦੇ ਲਿਖਾਰੀ ਕੇਹਰ ਸ਼ਰੀਫ ਨੇ ਕੀਤਾ ਹੈ। -ਸੰਪਾਦਕ***



ਕੇਹਰ ਸ਼ਰੀਫ਼

**ਤਸਲੀਮਾ ਨਸਰੀਨ**
**ਅਨੁਵਾਦ: ਕੇਹਰ ਸ਼ਰੀਫ਼**
*E-mail: ksharif@arcor.de*

ਬਹੁਤ ਸਾਰੇ ਲੋਕ ਮੇਰਾ ਨਾਮ ਸਲਮਾਨ ਰਸ਼ਦੀ ਦੇ ਨਾਂ ਨਾਲ ਜੋੜ ਦਿੰਦੇ ਹਨ, ਦੇਸ-ਵਿਦੇਸ਼ ਸਭ ਥਾਵੀਂ; ਪਰ ਜਦੋਂ ਦੋ ਵਿਅਕਤੀਆਂ ਨੂੰ ਅਜਿਹੇ ਪੱਧਰ 'ਤੇ ਦੇਖਿਆ ਜਾਂਦਾ ਹੈ ਜਿਨ੍ਹਾਂ ਵਿਚ ਕਾਫੀ ਅਸਮਾਨਤਾ ਹੋਵੇ ਤਾਂ ਇਤਰਾਜ਼ ਸੁਭਾਵਕ ਹੈ। ਅੱਜ ਕੱਲ੍ਹ ਧੜੱਲੇ ਨਾਲ ਮੈਨੂੰ 'ਔਰਤ ਰਸ਼ਦੀ' ਕਹਿ ਦਿਤਾ ਜਾਂਦਾ ਹੈ। ਮੈਂ ਪੁੱਛਦੀ ਹਾਂ ਕਿ ਸਲਮਾਨ ਰਸ਼ਦੀ ਨੂੰ ਮਰਦ ਨਸਰੀਨ ਕਿਉਂ ਨਹੀਂ ਕਹਿ ਸਕਦੇ? ਫਤਵੇ ਨੂੰ ਛੱਡ ਦਿਉ ਤਾਂ ਸਾਡੇ ਵਿਚਕਾਰ ਕੋਈ ਸਮਾਨਤਾ ਨਹੀਂ ਹੈ। ਮਰਦ ਹੋਣ ਕਰ ਕੇ ਉਹ ਸਭ ਸੁੱਖ-ਸਹੂਲਤਾਂ ਭੋਗ ਰਹੇ ਹਨ, ਔਰਤ ਹੋਣ ਕਰ ਕੇ ਮੈਂ ਮੁਸ਼ਕਿਲਾਂ ਵਿਚ ਘਿਰੀ ਹੋਈ ਹਾਂ।

ਮੈਂ ਇਕ ਇਕ ਕਰ ਕੇ ਪਹਿਲਾਂ ਅਸਮਾਨਤਾਵਾਂ ਗਿਣਾਉਂਦੀ ਹਾਂ। ਫਤਵਾ ਜਾਰੀ ਹੋਣ ਤੋਂ ਬਾਅਦ ਉਨ੍ਹਾਂ ਨੇ ਕੱਟੜਪੰਥੀਆਂ ਤੋਂ ਮੁਆਫੀ ਮੰਗੀ। ਤੌਬਾ ਕਰ ਕੇ ਚੰਗੇ ਮੁਸਲਮਾਨ ਬਣੇ ਰਹਿਣ ਦੀ ਕਸਮ ਖਾਧੀ। ਮੈਂ ਮੁਆਫੀ ਨਹੀਂ ਮੰਗੀ, ਮੁਸਲਮਾਨ ਵੀ ਨਹੀਂ ਹੋਣਾ ਚਾਹੁੰਦੀ। ਮੈਂ ਬਚਪਨ ਤੋਂ ਹੀ ਨਾਸਤਿਕ ਹਾਂ, ਭਾਵੇਂ ਕਿੰਨੀਆਂ ਹਨ੍ਹੇਰੀਆਂ-ਤੂਫਾਨ ਆਏ, ਹਮੇਸ਼ਾ ਸਿਰ ਉਚਾ ਕਰ ਕੇ ਨਾਸਤਿਕ ਬਣੀ ਰਹੀ।

ਜਿਸ ਇਰਾਨ ਨੇ ਸਲਮਾਨ ਰਸ਼ਦੀ ਖਿਲਾਫ ਫਤਵਾ ਜਾਰੀ ਕੀਤਾ ਸੀ, ਉਹ ਉਸ ਦੇਸ ਵਿਚ ਕਦੇ ਨਹੀਂ ਰਹੇ; ਪਰ ਜਿਸ ਦੇਸ ਵਿਚ ਮੈਨੂੰ ਫਾਂਸੀ 'ਤੇ ਲਟਕਾਉਣ ਦੇ ਮਕਸਦ ਨਾਲ ਸਾਲਾਂ ਬੱਧੀ ਖਰੂਦੀਆਂ ਦੇ ਜਲੂਸ ਨਿਕਲਦੇ ਰਹੇ, ਜਿਥੇ ਅਸਹਿਣਸ਼ੀਲ ਮੁਸਲਮਾਨ ਮੇਰੀ ਹੱਤਿਆ ਕਰਨਾ ਚਾਹੁੰਦੇ ਸਨ, ਜਿਥੇ ਦੀ ਸਰਕਾਰ ਨੇ ਖੁਦ ਮੇਰੇ ਖਿਲਾਫ ਅਪੀਲ ਕੀਤੀ ਸੀ, ਜਿਸ ਦੇ ਚੱਲਦਿਆਂ ਮੇਰਾ ਹੁਲੀਆ ਜਾਰੀ ਕੀਤਾ ਗਿਆ ਅਤੇ ਮੈਨੂੰ ਮਹੀਨਿਆਂ ਬੱਧੀ ਹਨ੍ਹੇਰੇ ਵਿਚ ਲੁਕ-ਛਿਪ ਕੇ ਰਹਿਣਾ ਪਿਆ ਸੀ; ਜਿਸ ਦੇਸ ਦੇ ਕੱਟੜਪੰਥੀ ਆਪਣੇ ਹੱਥਾਂ ਨਾਲ ਮੇਰੀ ਗਰਦਨ ਮਰੋੜਨ ਲਈ ਬਜ਼ਿਦ ਸਨ; ਉਸ ਦੇਸ ਵਿਚ, ਅਜਿਹੇ ਹਿੰਸਕ ਮਹੌਲ ਵਿਚ ਵੀ ਮੈਂ ਸ਼ਖਸੀ ਤੌਰ 'ਤੇ ਉਥੇ ਹਾਜ਼ਰ ਰਹੀ। ਸਰਕਾਰ ਅਤੇ ਕੱਟੜਪੰਥੀਆਂ ਦੇ ਅੱਤਿਆਚਾਰ ਮੈਂ ਇਕੱਲੀ ਨੇ ਹੀ ਝੱਲੇ।

ਫਤਵੇ ਦੌਰਾਨ ਸਲਮਾਨ ਰਸ਼ਦੀ ਨੂੰ ਉਸ ਦੇ ਦੇਸ ਵਿਚ ਕਿਸੇ ਨੇ ਤੰਗ ਨਹੀਂ ਕੀਤਾ। ਉਸ ਨੂੰ ਦੇਸ ਨਿਕਾਲੇ ਦੀ ਸਜ਼ਾ ਨਹੀਂ ਦਿਤੀ ਗਈ। ਰਸ਼ਦੀ ਦਾ ਦੇਸ ਹੈ ਇੰਗਲੈਂਡ। ਉਹ ਉਥੇ ਹੀ ਰਹੇ ਅਤੇ ਉਥੇ ਹੀ ਹਨ। ਉਨ੍ਹਾਂ ਦੇ ਖਿਲਾਫ ਸਿਰਫ ਇਕ ਫਤਵਾ ਜਾਰੀ ਹੋਇਆ। ਮੇਰੇ ਖਿਲਾਫ ਬੰਗਲਾਦੇਸ ਵਿਚ ਤਿੰਨ ਅਤੇ ਭਾਰਤ ਵਿਚ ਪੰਜ ਫਤਵੇ ਜਾਰੀ ਹੋਏ। ਸਾਰਿਆਂ ਵਿਚ ਮੇਰੇ ਸਿਰ ਦੀ ਕੀਮਤ ਦਾ ਐਲਾਨ ਕੀਤਾ ਗਿਆ। ਸਲਮਾਨ ਰਸ਼ਦੀ ਨੂੰ ਤਾਂ ਕਿਸੇ ਦੇਸ ਤੋਂ ਨਹੀਂ, ਪਰ ਮੈਨੂੰ ਮੇਰੇ ਲਿਖਣ ਦੇ ਕਾਰਨ ਦੋ ਦੇਸਾਂ ਤੋਂ ਬਾਹਰ ਕੱਢ ਦਿਤਾ ਗਿਆ। ਉਸ ਦੀ ਇਕ ਕਿਤਾਬ ਉਤੇ ਪਾਬੰਦੀ ਲੱਗੀ ਹੈ, ਪਰ ਮੇਰੀਆਂ ਪੰਜ ਕਿਤਾਬਾਂ 'ਤੇ ਪਾਬੰਦੀ ਹੈ- ਲੱਜਾ, ਮੇਰਾ ਬਚਪਨ, ਉਤਾਲ ਹਵਾ, ਦਿਖੰਡਿਤ ਅਤੇ ਸਾਰਾ ਅੰਧਕਾਰ। ਧਰਮ ਦੀ ਨਿੰਦਿਆ ਕਰਨ ਦੇ ਬਾਵਜੂਦ ਸਲਮਾਨ ਰਸ਼ਦੀ ਕਿਸੇ ਵੀ ਧਰਮ ਨਿਰਪੱਖ ਮਨੁੱਖੀ ਅਧਿਕਾਰ ਸੰਗਠਨ ਨਾਲ ਨਹੀਂ ਜੁੜੇ ਹੋਏ, ਮੈਂ ਸਰਗਰਮੀ ਨਾਲ ਜੁੜੀ ਹੋਈ ਹਾਂ।

ਉਹ ਵਿਅਕਤੀਗਤ ਜੀਵਨ ਵਿਚ ਅਤਿਅੰਤ ਸਾਮੰਤਵਾਦੀ (ਜਗੀਰੂ) ਹਨ। ਮੈਂ ਉਨ੍ਹਾਂ ਦੇ ਉਲਟ ਹਾਂ। ਸਲਮਾਨ ਰਸ਼ਦੀ ਇਕ ਤੋਂ ਬਾਅਦ ਇਕ ਲੜਕੀਆਂ ਨੂੰ ਪਕੜਦੇ, ਉਨ੍ਹਾਂ ਨੂੰ ਭੋਗਦੇ ਅਤੇ ਫੇਰ ਛੱਡ ਦਿੰਦੇ ਹਨ। ਬੁੱਢੀ ਉਮਰ ਵਿਚ ਉਨ੍ਹਾਂ ਦੀ ਇਸ ਕਾਮੁਕਤਾ (ਯੌਨ ਇੱਛਾ) ਨੂੰ ਕੋਈ ਬੁਢਾਪੇ ਦੇ ਸੁਪਨੇ ਵਜੋਂ ਨਹੀਂ ਦੇਖਦਾ, ਸਗੋਂ ਉਸ ਨੂੰ ਵਧੇਰੇ ਸਮਰੱਥ, ਖੂਬਸੂਰਤ, ਪ੍ਰੇਮੀ ਦੇ ਰੂਪ ਵਿਚ ਸਨਮਾਨ ਦਿਤਾ ਜਾਂਦਾ ਹੈ ਅਤੇ ਬਹੁਤੇ ਮਰਦਾਂ ਵਾਸਤੇ ਉਹ ਈਰਖਾ ਦਾ ਵਿਸ਼ਾ ਬਣੇ ਹੋਏ ਹਨ; ਜਦੋਂਕਿ ਇਸ ਪਾਸੇ ਮਰਦ ਸਾਥੀ ਤੋਂ ਬਿਨਾ ਜੀਵਨ ਗੁਜ਼ਾਰਦੇ ਰਹਿਣ ਦੇ ਬਾਵਜੂਦ ਮੇਰੀ ਕਾਮੁਕਤਾ ਨੂੰ ਲੈ ਕੇ ਤਰ੍ਹਾਂ-ਤਰ੍ਹਾਂ ਦੇ ਕਿੱਸੇ-ਕਹਾਣੀਆਂ ਲਿਖੇ ਜਾਂਦੇ ਹਨ। ਮੈਨੂੰ ਵੇਸਵਾ ਅਤੇ ਵਿਗੜੀ ਹੋਈ ਔਰਤ ਦੱਸਣ ਵਾਲਿਆਂ ਦਾ ਵੀ ਕੋਈ ਘਾਟਾ ਨਹੀਂ ਹੈ।

ਮਰਦ ਯੌਨ ਜੀਵਨ ਦਾ ਆਨੰਦ ਲੈ ਸਕਦਾ ਹੈ, ਪਰ ਔਰਤ ਜਦੋਂ ਅਜਿਹਾ ਕਰਦੀ ਹੈ ਜਾਂ ਕਰਨ ਦੇ ਅਧਿਕਾਰ ਦੀ ਗੱਲ ਕਰਦੀ, ਲਿਖਦੀ ਹੈ ਤਾਂ ਉਹ "ਵੇਸਵਾ" ਹੈ। ਜਦੋਂ ਤੋਂ ਲਿਖਣਾ ਸ਼ੁਰੂ ਕੀਤਾ ਹੈ ਤਾਂ ਲੋਕਾਂ ਦੀ ਨਿੰਦਿਆ ਸੁਣਦੀ ਆ ਰਹੀ ਹਾਂ। ਔਰਤ ਦੀ ਯੌਨ ਆਜ਼ਾਦੀ ਦਾ ਸਵਾਲ ਉਠਾ ਕੇ ਜਿਵੇਂ ਮੈਂ ਸਮਾਜ ਵਿਗਾੜ ਦਿਤਾ ਹੋਵੇ। ਰਸ਼ਦੀ ਅਤੇ ਮੇਰੇ ਵਿਚਕਾਰ ਇਕ ਹੋਰ ਅਜੀਬ ਸਮਾਨਤਾ ਜਾਂ ਅਸਮਾਨਤਾ ਇਹ ਹੈ ਕਿ ਜਿਹੜੇ ਰਸ਼ਦੀ ਨੂੰ ਚੰਗਾ ਲੇਖਕ ਮੰਨਦੇ ਹਨ, ਉਨ੍ਹਾਂ ਵਿਚੋਂ ਬਹੁਤਿਆਂ ਨੇ ਉਨ੍ਹਾਂ ਦੀਆਂ ਲਿਖਤਾਂ ਨਹੀਂ ਪੜ੍ਹੀਆਂ ਹੋਈਆਂ ਅਤੇ ਜੋ ਲੋਕ ਮੈਨੂੰ ਖਰਾਬ ਲੇਖਕ ਮੰਨਦੇ ਹਨ, ਉਨ੍ਹਾਂ ਵਿਚੋਂ ਬਹੁਤਿਆਂ ਨੇ ਮੇਰਾ ਲਿਖਿਆ ਪੜ੍ਹਿਆ ਹੀ ਨਹੀਂ।

ਰਸ਼ਦੀ ਨਾਲ 1993 ਤੋਂ ਮੇਰਾ ਨਾਮ ਜੋੜਿਆ ਜਾ ਰਿਹਾ ਹੈ। ਇਰਾਨ ਵਲੋਂ ਫਤਵਾ ਜਾਰੀ ਹੋਣ ਤੋਂ ਬਾਅਦ ਰਸ਼ਦੀ ਇਕ ਬਹੁਤ ਵੱਡਾ ਨਾਮ ਹੋ ਗਿਆ ਸੀ। ਮੇਰੇ ਸਿਰ ਦੀ ਕੀਮਤ ਐਲਾਨੇ ਜਾਣ ਤੋਂ ਬਾਅਦ ਬੰਗਲਾ ਦੇਸ ਅਤੇ ਭਾਰਤ ਦੀ ਸੀਮਾ ਨੇੜਲੇ ਕੁਝ ਲੋਕਾਂ ਨੇ ਮੇਰਾ ਨਾਮ ਜਾਣਿਆ। ਜਿਸ ਸਮੇਂ ਬੰਗਲਾ ਦੇਸ ਵਿਚ ਮੈਂ ਨਜ਼ਰਬੰਦ ਸੀ, ਉਸ ਵਕਤ ਮੇਰੇ ਹੱਕ ਵਿਚ ਖੁੱਲ੍ਹਾ ਖ਼ਤ ਲਿਖ ਕੇ ਅੰਦੋਲਨ ਚਲਾਉਣ ਵਾਲੇ ਯੂਰਪੀ ਲੇਖਕਾਂ ਵਿਚ ਰਸ਼ਦੀ ਵੀ ਸ਼ਾਮਲ ਸਨ। ਪਰਵਾਸ ਦੌਰਾਨ ਜਰਮਨੀ ਦੇ ਇਕ ਪਰਚੇ ਵਿਚ ਛਪੇ ਮੇਰੇ ਬਿਆਨ ਪੜ੍ਹ ਕੇ ਉਹ ਭੜਕ ਉਠੇ। ਉਸ ਪਰਚੇ ਵਿਚ ਮੈਂ ਗੁੱਸਾ ਪ੍ਰਗਟ ਕਰਦਿਆਂ ਕਿਹਾ ਸੀ ਕਿ ਜੇ ਫਤਵੇ ਦੇ ਡਰ ਤੋਂ ਰਸ਼ਦੀ ਨੇ ਮੁਆਫੀ ਮੰਗੀ ਹੈ ਤਾਂ ਇਹ ਉਸ ਦੀ ਕਾਇਰਤਾ ਹੈ।

ਫਿਲਹਾਲ ਰਸ਼ਦੀ ਨਿਊ ਯਾਰਕ ਸ਼ਹਿਰ ਵਿਚ ਰਹਿੰਦੇ ਹਨ, ਮੈਂ ਵੀ ਉਥੇ ਹੀ ਰਹਿੰਦੀ ਹਾਂ। ਫਿਰ ਸਾਡੇ ਦੋਹਾਂ ਵਿਚਕਾਰ ਮੁਲਾਕਾਤ ਦੀ ਕੋਈ ਸੰਭਾਵਨਾ ਨਹੀਂ। ਉਹ ਅਮਰੀਕੀ ਲੇਖਕਾਂ, ਕਵੀਆਂ ਦੇ ਵੱਡੇ ਸੰਗਠਨ ਪੈੱਨ ਕਲੱਬ ਦੇ ਪ੍ਰਧਾਨ ਹਨ। ਦੋ ਸਾਲ ਪਹਿਲਾਂ ਪੈੱਨ ਕਲੱਬ ਵੱਲੋਂ ਲਿਖਣ ਦੀ ਆਜ਼ਾਦੀ ਨੂੰ ਲੈ ਕੇ ਕਾਫੀ ਵੱਡਾ ਇਕੱਠ ਹੋਇਆ ਸੀ। ਉਸ ਵਿਚ ਏਸ਼ੀਆ, ਅਫਰੀਕਾ ਦੇ ਬਹੁਤ ਸਾਰੇ ਲੇਖਕ ਇਕੱਠੇ ਹੋਏ ਸਨ, ਸਾਰੇ ਹੀ ਅਣਜਾਣੇ ਜਿਹੇ।

ਸਲਮਾਨ ਰਸ਼ਦੀ ਜਾਣਦੇ ਹਨ ਕਿ ਮੈਂ ਭਾਰਤ ਵਿਚੋਂ ਕੱਢੇ ਜਾਣ ਤੋਂ ਬਾਅਦ ਉਥੇ ਆਈ ਹਾਂ। ਮੇਰੀ ਲਿਖਣ ਦੀ ਆਜ਼ਾਦੀ ਉਤੇ ਹਮਲੇ ਹੋਏ ਹਨ, ਉਸ ਦੇ ਪਿੱਛੇ ਨਫਰਤ ਅਤੇ ਅਵਿਸ਼ਵਾਸ ਹੈ। ਬੰਗਲਾ ਦੇਸ ਵਿਚ ਮੇਰੀਆਂ ਸਾਰੀਆਂ ਕਿਤਾਬਾਂ ਸਮਾਜਿਕ ਭਾਵ ਤੋਂ ਨਹੀਂ, ਸਰਕਾਰੀ ਤੌਰ 'ਤੇ ਪਾਬੰਦੀਸ਼ੁਦਾ ਹਨ। ਸਿਰਫ ਬੰਗਲਾ ਦੇਸ ਤੋਂ ਹੀ ਨਹੀਂ, ਪੱਛਮੀ ਬੰਗਾਲ ਤੋਂ ਵੀ ਮੈਨੂੰ ਕੱਢਿਆ ਜਾ ਚੁੱਕਾ ਹੈ। ਇਹੀ ਨਹੀਂ, ਦੇਸ ਵਿਚੋਂ ਬਾਹਰ ਕੱਢਣ ਤੋਂ ਪਹਿਲਾਂ ਸਾਢੇ ਸੱਤ ਮਹੀਨੇ ਤੱਕ ਮੈਨੂੰ ਕੋਲਕਾਤਾ ਅਤੇ ਦਿੱਲੀ ਵਿਖੇ ਨਜ਼ਰਬੰਦੀ ਦੀ ਹਾਲਤ ਵਿਚ ਰੱਖਿਆ ਗਿਆ, ਪਰ ਮੇਰੇ ਇਤਿਹਾਸ ਨੂੰ ਧੋਖੇ, ਧੱਕੇ ਅਤੇ ਚਤੁਰਾਈ ਨਾਲ ਅਸਵੀਕਾਰ ਕਰਦੇ ਹੋਏ ਸਲਮਾਨ ਰਸ਼ਦੀ ਲੇਖਕ ਦੀ ਆਜ਼ਾਦੀ ਦਾ ਉਤਸਵ ਮਨਾ ਰਹੇ ਹਨ।

ਉਹ ਜੋ ਚਾਹੁੰਦੇ ਹਨ, ਕਰਦੇ ਹਨ। ਉਹਦੇ ਸੁਰੱਖਿਆ ਗਾਰਡਾਂ ਵਿਚੋਂ ਇਕ ਨੇ ਉਸ ਦੇ ਖਿਲਾਫ ਕਿਤਾਬ ਲਿਖੀ। ਉਹਨੇ ਪ੍ਰਕਾਸ਼ਕਾਂ ਨਾਲ ਗੱਲਬਾਤ ਕਰ ਕੇ ਉਸ ਨੂੰ ਨਾ ਛਪਣ ਦੇਣ ਦਾ ਪ੍ਰਬੰਧ ਕਰ ਲਿਆ ਹੈ। ਹਾਂ! ਉਹ ਪੇਸ਼ਕਾਰੀ ਦੀ ਆਜ਼ਾਦੀ ਦਾ ਜਸ਼ਨ ਮਨਾ ਰਹੇ ਹਨ। ਉਹ ਸੱਠ ਪਾਰ ਕਰ ਚੁੱਕੇ ਹਨ, ਪਰ ਲੜਕੀਆਂ ਨੂੰ ਲਲਚਾਈਆਂ ਨਜ਼ਰਾਂ ਨਾਲ ਦੇਖਦੇ ਹਨ ਤਾਂ ਉਨ੍ਹਾਂ ਨੂੰ ਕੋਈ ਬੁਰਾ ਨਹੀਂ ਕਹਿੰਦਾ। ਲੜਕੀਆਂ ਉਹਦੇ 'ਤੇ ਇਲਜ਼ਾਮ ਲਾ ਚੁੱਕੀਆਂ ਹਨ ਕਿ ਰਸ਼ਦੀ ਉਨ੍ਹਾਂ ਨੂੰ ਕਾਮੁਕ ਖਿਡੌਣੇ ਤੋਂ ਵੱਧ ਕੁਝ ਨਹੀਂ ਸਮਝਦੇ; ਤਦ ਵੀ ਉਨ੍ਹਾਂ ਦੇ ਖਿਲਾਫ ਲੋਕਾਂ ਦੇ ਮਨਾਂ ਵਿਚ ਨਫਰਤ ਪੈਦਾ ਨਹੀਂ ਹੁੰਦੀ। ਇਸ ਪ੍ਰਚੰਡ ਮਰਦਵਾਦੀ ਲੇਖਕ ਦਾ ਖੂਬ ਨਾਮ ਹੈ, ਯਸ਼ ਹੈ। ਉਹਨੂੰ ਖੂਬ ਪ੍ਰਸਿੱਧੀ ਮਿਲ ਚੁੱਕੀ ਹੈ, ਪਰ ਹਕੀਕਤ ਇਹ ਹੈ ਕਿ ਫਤਵੇ ਨੂੰ ਛੱਡ ਕੇ ਉਸ ਨਾਲ ਮੇਰਾ ਕੋਈ ਮੇਲ ਨਹੀਂ ਹੈ।

ਪਿਛਲੇ ਤਕਰੀਬਨ ਦੋ ਸਾਲਾਂ ਤੋਂ ਇਕ ਹੋਰ ਬੰਦੇ ਨਾਲ ਮੇਰਾ ਨਾਮ ਜੋੜਿਆ ਜਾਣ ਲੱਗਾ ਹੈ, ਉਹ ਹਨ ਮਕਬੂਲ ਫਿਦਾ ਹੁਸੈਨ। ਉਹ ਵੱਡੇ ਚਿੱਤਰਕਾਰ ਹਨ। ਭਾਰਤ ਵਿਚ ਉਸ ਦੇ ਚਿੱਤਰ ਸਭ ਤੋਂ ਵੱਧ ਕੀਮਤ 'ਤੇ ਵਿਕਦੇ ਹਨ। ਬਹੁਤ ਸਾਰੇ ਲੋਕ ਉਸ ਨੂੰ ਭਾਰਤ ਦੇ ਨੰਬਰ ਇਕ ਚਿੱਤਰਕਾਰ ਦੇ ਰੂਪ ਵਿਚ ਵੇਖਦੇ ਹਨ। ਉਨ੍ਹਾਂ ਨੇ ਸਰਸਵਤੀ ਦੀ ਨੰਗੀ ਤਸਵੀਰ ਬਣਾ ਕੇ ਧਾਰਮਿਕ ਹਿੰਦੂ ਮਨ 'ਤੇ ਜ਼ਖ਼ਮ ਕੀਤਾ ਸੀ। ਹਿੰਦੂਆਂ ਨੇ ਉਸ ਦੇ ਚਿੱਤਰ ਨਸ਼ਟ ਕਰ ਦਿਤੇ। ਉਹਨੂੰ ਧਮਕੀ ਦਿਤੀ ਗਈ। ਉਹ ਦੇਸ ਛੱਡਣ ਲਈ ਮਜਬੂਰ ਹੋਏ। ਮੈਂ ਰਚਨਾਕਾਰ ਦੀ ਆਜ਼ਾਦੀ ਵਿਚ ਸੌ ਫੀਸਦੀ ਵਿਸ਼ਵਾਸ ਰੱਖਦੀ ਹਾਂ। ਮੇਰਾ ਮੰਨਣਾ ਹੈ ਕਿ ਮਕਬੂਲ ਫਿਦਾ ਹੁਸੈਨ ਜੋ ਚਾਹੁੰਦੇ ਹਨ, ਉਨ੍ਹਾਂ ਨੂੰ ਉਹ ਹੀ ਰਚਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ। ਇਸ ਪੱਖੋਂ ਉਨ੍ਹਾਂ 'ਤੇ ਅੱਤਿਆਚਾਰ ਕਰਨ ਦਾ ਕਿਸੇ ਨੂੰ ਕੋਈ ਹੱਕ ਨਹੀਂ।

ਜਦੋਂ ਹੁਸੈਨ ਵਰਗੇ ਵੱਡੇ ਚਿੱਤਰਕਾਰ ਨਾਲ ਮੇਰੇ ਵਰਗੇ ਛੋਟੇ ਇਨਸਾਨ ਦਾ ਨਾਮ ਜੋੜਿਆ ਜਾਂਦਾ ਹੈ ਤਾਂ ਮੈਂ ਬੇਚੈਨੀ ਮਹਿਸੂਸ ਕਰਦੀ ਹਾਂ। ਇਸ ਕਰ ਕੇ ਕਿ ਛੋਟੀ ਹੋਣ ਦੇ ਬਾਵਜੂਦ ਮੈਂ ਆਪਣੇ ਆਦਰਸ਼ਾਂ ਨੂੰ ਬਹੁਤ ਮੁੱਲਵਾਨ ਮੰਨਦੀ ਹਾਂ। ਮੇਰੇ ਆਦਰਸ਼ਾਂ ਦੀ ਤੁਲਨਾ ਕਿਸੇ ਦੂਜੇ ਬੰਦੇ ਨਾਲ ਨਹੀਂ ਕੀਤੀ ਜਾ ਸਕਦੀ; ਭਾਵੇਂ ਉਹ ਇਸ ਦੁਨੀਆਂ ਦਾ ਕਿੰਨਾ ਵੀ ਮਸ਼ਹੂਰ ਬੰਦਾ ਕਿਉਂ ਨਾ ਹੋਵੇ, ਉਸ ਪ੍ਰਤੀ ਮੇਰੇ ਮਨ ਵਿਚ ਕੋਈ ਪੱਖਪਾਤ ਪੈਦਾ ਨਹੀਂ ਹੁੰਦਾ। ਉਹਦੇ ਨਾਲ ਮੇਰਾ ਨਾਮ ਲਿਆ ਜਾਂਦਾ ਹੈ ਤਾਂ ਮੈਂ ਸਨਮਾਨਿਤ ਨਹੀਂ ਹੁੰਦੀ।

ਹੁਸੈਨ ਵਲੋਂ ਸਰਸਵਤੀ ਦੀ ਨੰਗੀ ਤਸਵੀਰ ਬਣਾਉਣ ਨੂੰ ਲੈ ਕੇ ਭਾਰਤ ਵਿਚ ਵਿਵਾਦ ਸ਼ੁਰੂ ਹੋਇਆ ਤਾਂ ਸੁਭਾਵਿਕ ਰੂਪ ਵਿਚ ਮੈਂ ਚਿੱਤਰਕਾਰ ਦੀ ਆਜ਼ਾਦੀ ਦੇ ਹੱਕ ਵਿਚ ਸੀ। ਮੁਸਲਮਾਨਾਂ ਵਿਚ ਨਾਸਤਕਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਮੈਂ ਮਕਬੂਲ ਫਿਦਾ ਹੁਸੈਨ ਦੇ ਚਿੱਤਰਾਂ ਨੂੰ ਹਰ ਜਗ੍ਹਾ ਤੋਂ ਲੱਭ ਕੇ ਦੇਖਣ ਦੀ ਕੋਸ਼ਿਸ਼ ਕੀਤੀ ਕਿ ਹਿੰਦੂ ਧਰਮ ਤੋਂ ਬਿਨਾ ਕਿਸੇ ਹੋਰ ਧਰਮ, ਖਾਸ ਕਰ ਆਪਣੇ ਧਰਮ ਇਸਲਾਮ ਨੂੰ ਲੈ ਕੇ ਉਨ੍ਹਾਂ ਨੇ ਕੋਈ ਵਿਅੰਗ ਕੀਤਾ ਹੈ ਕਿ ਨਹੀਂ; ਪਰ ਮੈਂ ਦੇਖਿਆ ਕਿ ਬਿਲਕੁੱਲ ਨਹੀਂ ਕੀਤਾ, ਪਰ ਉਹ ਕੈਨਵਸ 'ਤੇ ਅਰਬੀ ਵਿਚ ਲਫ਼ਜ਼ ਅੱਲਾਹ ਲਿਖਦੇ ਹਨ। ਮੈਂ ਇਹ ਵੀ ਸਪਸ਼ਟ ਰੂਪ ਵਿਚ ਦੇਖਿਆ ਕਿ ਉਨ੍ਹਾਂ ਦੀ ਇਸਲਾਮ ਦੇ ਪ੍ਰਤੀ ਡੂੰਘੀ ਸ਼ਰਧਾ ਅਤੇ ਵਿਸ਼ਵਾਸ ਹੈ। ਇਸਲਾਮ ਤੋਂ ਬਿਨਾ ਕਿਸੇ ਦੂਜੇ ਧਰਮ ਵਿਚ ਉਹ ਵਿਸ਼ਵਾਸ ਨਹੀਂ ਕਰਦੇ। ਹਿੰਦੂਤਵ ਵੱਲ ਅਵਿਸ਼ਵਾਸ ਕਾਰਨ ਹੀ ਉਨ੍ਹਾਂ ਲੱਛਮੀ ਅਤੇ ਸਰਸਵਤੀ ਨੂੰ ਨੰਗਿਆਂ ਚਿੱਤਰਿਆ। ਕੀ ਉਹ ਮੁਹੰਮਦ ਨੂੰ ਨੰਗਿਆਂ ਚਿੱਤਰ ਸਕਦੇ ਹਨ? ਮੈਨੂੰ ਯਕੀਨ ਹੈ, ਨਹੀਂ। ਮੈਨੂੰ ਕਿਸੇ ਵੀ ਧਰਮ ਦੇ ਦੇਵੀ-ਦੇਵਤੇ ਜਾਂ ਪੈਗੰਬਰ ਬਗੈਰਾ ਨੂੰ ਨੰਗਾ ਚਿਤਰਨ ਵਿਚ ਕੋਈ ਹਿਚਕਚਾਹਟ ਨਹੀਂ ਹੈ।

ਦੁਨੀਆ ਦੇ ਹਰ ਧਰਮ ਪ੍ਰਤੀ ਮੇਰੇ ਮਨ ਵਿਚ ਬਰਾਬਰ ਦਾ ਅਵਿਸ਼ਵਾਸ ਹੈ। ਮੈਂ ਕਿਸੇ ਧਰਮ ਨੂੰ ਉਪਰ ਰੱਖ ਕੇ ਦੂਜੇ ਨਾਲ ਨਫਰਤ ਪ੍ਰਗਟ ਕਰਨ, ਕਿਸੇ ਵੱਲ ਲਗਾਉ ਜਾਂ ਵਿਸ਼ਵਾਸ ਦਿਖਾਉਣ ਦੀ ਕੋਸ਼ਿਸ਼ ਨਹੀਂ ਕਰਦੀ।

ਹੁਸੈਨ ਵੀ ਉਨ੍ਹਾਂ ਧਾਰਮਿਕ ਲੋਕਾਂ ਵਾਂਗ ਹਨ ਜੋ ਆਪਣੇ ਧਰਮ ਵਿਚ ਤਾਂ ਵਿਸ਼ਵਾਸ ਰੱਖਦੇ ਹਨ, ਪਰ ਦੂਜੇ ਲੋਕਾਂ ਵਲੋਂ ਉਨ੍ਹਾਂ ਦੇ ਧਰਮ ਵਿਚ ਵਿਸ਼ਵਾਸ ਕਰਨ ਦੀ ਨਿੰਦਿਆ ਕਰਦੇ ਹਨ। ਫਿਦਾ ਹੁਸੈਨ ਨਾਲ ਮੇਰਾ ਨਾਮ ਲਿਆ ਜਾਂਦਾ ਹੈ, ਕਿਥੇ ਉਹ ਵਿਸ਼ਾਲ ਵੱਡਾ ਦਰੱਖਤ ਅਤੇ ਕਿਥੇ ਮੈਂ ਛੋਟਾ ਜਿਹਾ ਤਿਣਕਾ। ਦੋਹਾਂ ਵਿਚ ਕੀ ਮੇਲ਼! ਕਿਥੇ ਮੈਂ ਨਾਸਤਿਕ ਅਤੇ ਕਿਥੇ ਉਹ ਆਸਤਿਕ ਨਾ ਸਹੀ, ਪਰ ਆਪਣੇ ਰੱਬ ਪ੍ਰਤੀ ਤਾਂ ਆਸਤਿਕ ਹੈ।

ਫਿਦਾ ਹੁਸੈਨ ਨਾਲ ਮੇਰੀ ਇਕ ਹੀ ਸਮਾਨਤਾ ਹੈ। ਧਰਮੀ ਲੋਕਾਂ ਵਲੋਂ ਹਮਲਾਵਰ ਹੋ ਜਾਣ ਤੋਂ ਬਾਅਦ ਤਕਰੀਬਨ ਇਕੋ ਹੀ ਸਮੇਂ ਸਾਨੂੰ ਦੋਹਾਂ ਨੂੰ ਦੇਸ ਛੱਡਣ ਲਈ ਮਜਬੂਰ ਹੋਣਾ ਪਿਆ ਸੀ। ਇਸ ਤੋਂ ਬਿਨਾ ਬਾਕੀ ਸਭ ਅਸਮਾਨਤਾ ਹੈ। ਪਹਿਲੀ ਅਸਮਾਨਤਾ ਤਾਂ ਇਹ ਹੀ ਹੈ ਕਿ ਉਨ੍ਹਾਂ ਨੇ ਆਪਣੀ ਮਰਜ਼ੀ ਨਾਲ ਦੇਸ ਛੱਡਿਆ ਹੈ, ਮੈਂ ਆਪਣੀ ਮਰਜ਼ੀ ਨਾਲ ਨਹੀਂ ਛੱਡਿਆ। ਫਿਰ ਮੈਨੂੰ ਆਪਣੇ ਕੋਲਕਾਤਾ ਵਾਲੇ ਘਰ ਤੋਂ ਹੀ ਨਹੀਂ, ਸਮੁੱਚੇ ਭਾਰਤ ਤੋਂ ਹੀ ਬਾਹਰ ਕਰ ਦਿਤਾ ਗਿਆ ਹੈ, ਕਿਸੇ ਕੱਟੜਪੰਥੀ ਨੇ ਨਹੀਂ, ਖੁਦ ਸਰਕਾਰ ਨੇ ਮੈਨੂੰ ਬਾਹਰ ਕੱਢਿਆ। ਹੁਸੈਨ ਕੋਲ ਤਾਂ ਵਿਦੇਸ਼ ਵਿਚ ਰਹਿਣ ਲਈ ਆਪਣਾ ਘਰ ਹੈ, ਮੇਰਾ ਨਹੀਂ ਹੈ।

ਹੁਸੈਨ ਦੀ ਦੇਸ ਵਾਪਸੀ ਲਈ ਸਰਕਾਰ ਪੂਰੀ ਕੋਸ਼ਿਸ਼ ਕਰ ਰਹੀ ਹੈ। ਮੈਨੂੰ ਤਾਂ ਨਾ ਭਾਰਤ ਸਰਕਾਰ ਵਾਪਸ ਪਰਤਣ ਦੇ ਰਹੀ ਹੈ, ਨਾ ਬੰਗਲਾ ਦੇਸ ਦੀ ਸਰਕਾਰ। ਭਾਰਤ ਵਿਚੋਂ ਕੱਢੇ ਜਾਣ ਤੋਂ ਬਾਅਦ ਮੈਂ ਜਿੰਨੀ ਵਾਰ ਵੀ ਉਥੇ ਵਾਪਸ ਜਾਣ ਦੀ ਕੋਸ਼ਿਸ਼ ਕੀਤੀ, ਮੈਨੂੰ ਹਠਧਰਮੀ ਨਾਲ ਰੋਕ ਦਿਤਾ ਗਿਆ। ਹੁਸੈਨ ਤਾਂ ਇਕ ਧਰਮ 'ਤੇ ਹੀ ਵਿਅੰਗ ਕਰਦੇ ਹਨ, ਮੈਂ ਔਰਤਾਂ ਦੇ ਅਧਿਕਾਰਾਂ ਦੀ ਗੱਲ ਕਰਦਿਆਂ ਦੁਨੀਆ ਦੇ ਸਾਰੇ ਧਰਮਾਂ ਵਿਚ ਵਰਨਣ ਕੀਤੇ ਗਏ ਔਰਤਾਂ ਦੇ ਵਿਰੋਧੀ ਸ਼ਲੋਕਾਂ ਦੀ ਆਲੋਚਨਾ ਕਰਦੀ ਹਾਂ। ਔਰਤਾਂ ਦੀ ਵਿਰੋਧੀ ਸੰਸਕ੍ਰਿਤੀ ਅਤੇ ਕਾਨੂੰਨ ਖਤਮ ਹੋਣੇ ਚਾਹੀਦੇ ਹਨ। ਜਦੋਂ ਧਰਮ ਦੀ ਆਲੋਚਨਾ ਕਰਦੀ ਹਾਂ ਤਾਂ ਸਾਰੇ ਧਰਮਾਂ ਦੀ ਕਰਦੀ ਹਾਂ। ਅਜਿਹਾ ਨਹੀਂ ਕਿ ਆਪਣੇ ਜਨਮ ਵਾਲੇ ਅਤੇ ਹੋਰਨਾਂ ਦੇ ਧਰਮ ਇਸਲਾਮ ਨੂੰ ਵੱਖ ਰੱਖ ਕੇ ਕਰਦੀ ਹਾਂ।

ਰਸ਼ਦੀ ਅਤੇ ਫਿਦਾ ਹੁਸੈਨ ਵਾਂਗ ਮੈਨੂੰ ਨਾਮ, ਪ੍ਰਸਿੱਧੀ ਅਤੇ ਵਿਸ਼ੇਸ਼ਤਾ ਪ੍ਰਾਪਤ ਨਹੀਂ। ਉਨ੍ਹਾਂ ਦੇ ਨਾਲ ਮੇਰਾ ਨਾਮ ਨਹੀਂ ਲਿਆ ਜਾਣਾ ਚਾਹੀਦਾ। ਜਿਸ ਤਰ੍ਹਾਂ ਲੰਮੇ ਸਮੇਂ ਤੱਕ ਮੈਂ ਧਾਰਮਿਕ ਕੱਟੜਵਾਦੀਆਂ ਅਤੇ ਤਾਕਤਵਰ ਸਰਕਾਰ ਦੇ ਅੱਤਿਆਚਾਰ ਸਹਿਣ ਕੀਤੇ ਹਨ, ਉਹੋ ਜਿਹਾ ਇਨ੍ਹਾਂ 'ਚੋਂ ਕਿਸੇ ਨਹੀਂ ਝੱਲਿਆ। ਜਿਸ ਤਰ੍ਹਾਂ ਬੇ-ਘਰ ਹਾਲਤ ਵਿਚ ਬੇ-ਯਕੀਨੀ ਅਤੇ ਇਕੱਲਤਾ ਵਿਚ ਇਕੱਲੀ ਖੁਦ ਨੂੰ ਬਚਾਉਣ ਲਈ ਵਿਦੇਸ਼ ਵਿਚ ਰਹਿ ਕੇ ਦਿਨ ਪ੍ਰਤੀ ਦਿਨ ਸੰਘਰਸ਼ ਕਰਨਾ ਪੈ ਰਿਹਾ ਹੈ। ਜੇ ਕੋਈ ਨਾਲ ਹੈ ਤਾਂ ਉਹ ਮੇਰਾ ਆਦਰਸ਼ ਅਤੇ ਵਿਸ਼ਵਾਸ ਜਿਸ ਦੇ ਸਿਰੜ ਅਤੇ ਤਾਕਤ ਨਾਲ ਸੰਘਰਸ਼ ਕਰੀ ਜਾ ਰਹੀ ਹਾਂ। ਇਹ ਸਭ ਨਜ਼ਰ-ਅੰਦਾਜ਼ ਕਰਨ ਦੀ ਚੀਜ਼ ਨਹੀਂ। ਰਸ਼ਦੀ ਅਤੇ ਹੁਸੈਨ ਨੂੰ ਇੰਨੀ ਦੁੱਖ ਭਰੀ ਹਾਲਤ ਵਿਚ ਕਦੇ ਦਿਨ ਨਹੀਂ ਗੁਜ਼ਾਰਨੇ ਪਏ।

ਉਨ੍ਹਾਂ ਦੋਹਾਂ ਦੀਆਂ ਰਚਨਾਵਾਂ ਦੇ ਪ੍ਰਤੀ ਅਥਾਹ ਸ਼ਰਧਾ ਰੱਖਦੇ ਹੋਏ ਕਹਿ ਰਹੀ ਹਾਂ ਕਿ ਇਨ੍ਹਾਂ ਦੋਹਾਂ ਮਰਦਾਂ ਨਾਲ ਇਕੋ ਪੱਧਰ 'ਤੇ ਮੇਰਾ ਨਾਮ ਰੱਖਣਾ ਠੀਕ ਨਹੀਂ ਹੈ। ਧਰਮ ਮੁਕਤ, ਨਫਰਤ ਤੋਂ ਮੁਕਤ, ਬਰਾਬਰੀ ਦੇ ਅਧਿਕਾਰਾਂ ਵਾਲੇ ਸਮਾਜ ਦੀ ਸਥਾਪਨਾ ਲਈ ਮੈਂ ਸੰਘਰਸ਼ ਕਰ ਰਹੀ ਹਾਂ; ਜੇ ਉਹ ਕਿਸੇ ਨੂੰ ਵਿਖਾਈ ਨਹੀਂ ਦਿੰਦਾ ਤਾਂ ਉਹ ਭਾਵੇਂ ਕਿੰਨਾ ਵੱਡਾ ਰਚਨਾਕਾਰ ਕਿਉਂ ਨਾ ਹੋਵੇ, ਮੇਰੇ ਆਦਰਸ਼ ਦੇ ਨੇੜੇ ਆਉਣ ਦੀ ਉਸ ਵਿਚ ਕੋਈ ਯੋਗਤਾ ਨਹੀਂ।



ਤਸਲੀਮਾ ਨਸਰੀਨ

***ਰਸ਼ਦੀ ਨਾਲ 1993 ਤੋਂ ਮੇਰਾ ਨਾਮ ਜੋੜਿਆ ਜਾ ਰਿਹਾ ਹੈ। ਇਰਾਨ ਵਲੋਂ ਫਤਵਾ ਜਾਰੀ ਹੋਣ ਤੋਂ ਬਾਅਦ ਰਸ਼ਦੀ ਇਕ ਬਹੁਤ ਵੱਡਾ ਨਾਮ ਹੋ ਗਿਆ ਸੀ। ਮੇਰੇ ਸਿਰ ਦੀ ਕੀਮਤ ਐਲਾਨੇ ਜਾਣ ਤੋਂ ਬਾਅਦ ਬੰਗਲਾ ਦੇਸ ਅਤੇ ਭਾਰਤ ਦੀ ਸੀਮਾ ਨੇੜਲੇ ਕੁਝ ਲੋਕਾਂ ਨੇ ਮੇਰਾ ਨਾਮ ਜਾਣਿਆ। ਜਿਸ ਸਮੇਂ ਬੰਗਲਾ ਦੇਸ ਵਿਚ ਮੈਂ ਨਜ਼ਰਬੰਦ ਸੀ, ਉਸ ਵਕਤ ਮੇਰੇ ਹੱਕ ਵਿਚ ਖੁੱਲ੍ਹਾ ਖ਼ਤ ਲਿਖ ਕੇ ਅੰਦੋਲਨ ਚਲਾਉਣ ਵਾਲੇ ਯੂਰਪੀ ਲੇਖਕਾਂ ਵਿਚ ਰਸ਼ਦੀ ਵੀ ਸ਼ਾਮਲ ਸਨ। ਪਰਵਾਸ ਦੌਰਾਨ ਜਰਮਨੀ ਦੇ ਇਕ ਪਰਚੇ ਵਿਚ ਛਪੇ ਮੇਰੇ ਬਿਆਨ ਪੜ੍ਹ ਕੇ ਉਹ ਭੜਕ ਉਠੇ। ਉਸ ਪਰਚੇ ਵਿਚ ਮੈਂ ਗੁੱਸਾ ਪ੍ਰਗਟ ਕਰਦਿਆਂ ਕਿਹਾ ਸੀ ਕਿ ਜੇ ਫਤਵੇ ਦੇ ਡਰ ਤੋਂ ਰਸ਼ਦੀ ਨੇ ਮੁਆਫੀ ਮੰਗੀ ਹੈ ਤਾਂ ਇਹ ਉਸ ਦੀ ਕਾਇਰਤਾ ਹੈ।***



ਸਲਮਾਨ ਰਸ਼ਦੀ

***ਰਸ਼ਦੀ ਤੇ ਫਿਦਾ ਹੁਸੈਨ ਵਾਂਗ ਮੈਨੂੰ ਨਾਮ, ਪ੍ਰਸਿੱਧੀ ਅਤੇ ਵਿਸ਼ੇਸ਼ਤਾ ਪ੍ਰਾਪਤ ਨਹੀਂ। ਉਨ੍ਹਾਂ ਦੇ ਨਾਲ ਮੇਰਾ ਨਾਮ ਨਹੀਂ ਲਿਆ ਜਾਣਾ ਚਾਹੀਦਾ। ਜਿਸ ਤਰ੍ਹਾਂ ਲੰਮੇ ਸਮੇਂ ਤੱਕ ਮੈਂ ਧਾਰਮਿਕ ਕੱਟੜਵਾਦੀਆਂ ਅਤੇ ਤਾਕਤਵਰ ਸਰਕਾਰ ਦੇ ਅੱਤਿਆਚਾਰ ਸਹਿਣ ਕੀਤੇ ਹਨ, ਉਹੋ ਜਿਹਾ ਇਨ੍ਹਾਂ 'ਚੋਂ ਕਿਸੇ ਨਹੀਂ ਝੱਲਿਆ। ਜਿਸ ਤਰ੍ਹਾਂ ਬੇ-ਘਰ ਹਾਲਤ ਵਿਚ ਬੇ-ਯਕੀਨੀ ਅਤੇ ਇਕੱਲਤਾ ਵਿਚ ਇਕੱਲੀ ਖੁਦ ਨੂੰ ਬਚਾਉਣ ਲਈ ਵਿਦੇਸ਼ ਵਿਚ ਰਹਿ ਕੇ ਦਿਨ ਪ੍ਰਤੀ ਦਿਨ ਸੰਘਰਸ਼ ਕਰਨਾ ਪੈ ਰਿਹਾ ਹੈ। ਜੇ ਕੋਈ ਨਾਲ ਹੈ ਤਾਂ ਉਹ ਮੇਰਾ ਆਦਰਸ਼ ਅਤੇ ਵਿਸ਼ਵਾਸ ਜਿਸ ਦੇ ਸਿਰੜ ਅਤੇ ਤਾਕਤ ਨਾਲ ਸੰਘਰਸ਼ ਕਰੀ ਜਾ ਰਹੀ ਹਾਂ। ਇਹ ਸਭ ਨਜ਼ਰ-ਅੰਦਾਜ਼ ਕਰਨ ਦੀ ਚੀਜ਼ ਨਹੀਂ। ਰਸ਼ਦੀ ਅਤੇ ਹੁਸੈਨ ਨੂੰ ਇੰਨੀ ਦੁੱਖ ਭਰੀ ਹਾਲਤ ਵਿਚ ਕਦੇ ਦਿਨ ਨਹੀਂ ਗੁਜ਼ਾਰਨੇ ਪਏ।***

## ਤਵਾਰੀਖ-ਏ-ਗ਼ਦਰ

*ਹਫਤਾਵਾਰੀ 'ਗ਼ਦਰ' ਪਹਿਲੀ ਨਵੰਬਰ 1913 ਨੂੰ ਸ਼ੁਰੂ ਕੀਤਾ ਗਿਆ ਸੀ। ਉਦੋਂ ਉਰਦੂ ਵਿਚ ਤਿੰਨ ਪਰਚੇ ਹੀ ਛਪੇ ਸਨ। ਪਰਚੇ ਦੀ ਮੰਗ ਇੰਨੀ ਵਧੀ ਕਿ ਬਿਜਲੀ ਨਾਲ ਚੱਲਣ ਵਾਲੀ ਨਵੀਂ ਮਸ਼ੀਨ ਲਿਆ ਕੇ ਲਾਈ ਗਈ। ਪੰਜਾਬੀ ਦਾ ਪਹਿਲਾ ਪਰਚਾ 9 ਦਸੰਬਰ 1913 ਨੂੰ ਛਪਿਆ। ਹਫਤਾਵਾਰੀ ਹੋਣ ਕਰ ਕੇ ਇਸ ਦੇ ਦੂਜੇ ਪੰਜਾਬੀ ਅੰਕ ਦੀ ਤਰੀਕ 16 ਦਸੰਬਰ 1913 ਬਣਦੀ ਸੀ, ਪਰ ਲਾਲਾ ਹਰਦਿਆਲ (ਜੋ ਪਰਚੇ ਦੇ ਬਾਨੀ ਸੰਪਾਦਕ ਸਨ) ਨੇ 16 ਦਸੰਬਰ ਵਾਲਾ ਪਰਚਾ 23 ਦਸੰਬਰ ਨੂੰ ਛਾਪਣ ਲਈ ਕਿਹਾ, ਕਿਉਂਕਿ 23 ਦਸੰਬਰ 1912 ਨੂੰ ਕ੍ਰਾਂਤੀਕਾਰੀ ਗਰੁਪ ਵੱਲੋਂ ਵਾਇਸਰਾਇ ਉਤੇ ਬੰਬ ਸੁੱਟਿਆ ਗਿਆ ਸੀ। ਇਉਂ ਪੰਜਾਬੀ ਦਾ ਤੀਜਾ ਅੰਕ 30 ਦਸੰਬਰ 1913 ਨੂੰ ਛਪਿਆ ਸੀ। 1913 ਵਿਚ ਦਸੰਬਰ ਮਹੀਨੇ ਦੇ ਇਨ੍ਹਾਂ ਤਿੰਨ ਅੰਕਾਂ ਤੋਂ ਬਾਅਦ, ਬਾਕੀ ਅਖਬਾਰ ਹਰ ਹਫਤੇ ਛਪਦਾ ਰਿਹਾ। ਪੰਜਾਬੀ 'ਗ਼ਦਰ' ਦੇ 9 ਅਤੇ 23 ਦਸੰਬਰ 1913 ਵਾਲੇ ਦੋ ਅੰਕ ਅਸੀਂ ਆਪਣੇ ਪਾਠਕਾਂ ਲਈ ਪਹਿਲਾਂ ਹੀ ਲੜੀਵਾਰ ਛਾਪ ਚੁੱਕੇ ਹਾਂ। ਪਿਛਲੀ ਵਾਰ ਪਾਠਕਾਂ ਨੇ ਤੀਜੇ ਅੰਕ (30 ਦਸੰਬਰ 1913) ਦੇ ਪਹਿਲੇ ਚਾਰ ਸਫੇ ਪੜ੍ਹੇ ਸਨ, ਐਤਕੀਂ ਇਸ ਅੰਕ ਦੇ ਆਖਰੀ ਚਾਰ ਸਫੇ ਛਾਪੇ ਜਾ ਰਹੇ ਹਨ। ਸ਼ਬਦਜੋੜ ਉਦੋਂ ਛਪਦੇ 'ਗ਼ਦਰ' ਵਾਲੇ ਹੀ ਰੱਖੇ ਹਨ, ਤਾਂਕਿ ਉਸ ਵਕਤ ਪ੍ਰਚਲਿਤ ਪੰਜਾਬੀ ਦੇ ਦੀਦਾਰ ਵੀ ਹੋ ਸਕਣ। ਇਹ ਸਾਰੀ ਸਮੱਗਰੀ 'ਪੰਜਾਬ ਟਾਈਮਜ਼' ਦੇ ਸਾਥੀ ਕਸ਼ਮੀਰ ਸਿੰਘ ਕਾਂਗਣਾ, ਬੇਕਰਜ਼ਫੀਲਡ (ਫੋਨ: 661-331-5651) ਨੇ ਮੁਹੱਈਆ ਕਰਵਾਈ ਹੈ। -ਸੰਪਾਦਕ*

# 'ਗ਼ਦਰ' ਦਾ ਤੀਜਾ ਪੰਜਾਬੀ ਅੰਕ

**ਭਾਗ ਦੂਜਾ**

### ਅੰਗਾਂ ਦੀ ਗੁਆਹੀ
### ਪੰਜਾਬ ਵਿਚ ਬਿਮਾਰੀ

ਪਿਛਲੇ ਸਾਲਾਂ ਵਿਚ ਪੰਜਾਬ ਵਿਚ ਬਿਮਾਰੀਆਂ ਸਨ। ਬੜੇ ਅਫ਼ਸੋਸ ਦੀ ਬਾਤ ਹੈ ਕਿ ਪੰਜਾਬੀ ਮਜ਼ਬੂਤ ਬੀ ਹਨ। ਪਰ ਫੇਰ ਵੀ ਬਮਾਰੀ ਦੀ ਹਦ ਹੋ ਗਈ। ਏਸ ਦੀ ਕੀ ਵਜ੍ਹਾ ਹੈ। 1907 ਵਿਚ ਪਲੇਗ ਏਸ ਜ਼ੋਰ ਦੀ ਰਹੀ ਕਿ ਪਿੰਡਾਂ ਦੇ ਪਿੰਡ ਖਪ ਗਏ ਅਤੇ ਸ਼ੈਹਰਾਂ ਦੇ ਸ਼ੈਹਰਾਂ ਵਿਚ ਮੁਰਦਿਆਂ ਦੇ ਢੇਰ ਲਗ ਗਏ। ਇਕ ਇਕ ਜਿਲੇ ਵਿਚ ਹਜ਼ਾਰਾਂ ਮਰਦ ਔਰਤਾਂ ਤੇ ਬੱਚੇ ਮਰ ਗਏ। ਜਿਲਾ ਗੁਜਰਾਂਵਾਲੇ ਵਿਚ 71 ਹਜ਼ਾਰ 8 ਸੌ ਮੌਤਾਂ ਹੋਈਆਂ। ਜ਼ਿਲ੍ਹਾ ਸਿਆਲਕੋਟ ਵਿਚ 62 ਹਜ਼ਾਰ 6 ਸੌ, ਜਿਲਾ ਜਲੰਧਰ ਵਿਚ 39 ਹਜ਼ਾਰ ਸੱਤ ਸੌ। ਜਿਲਾ ਹੁਸ਼ਿਆਰਪੁਰ ਵਿਚ 39 ਹਜ਼ਾਰ 7 ਸੌ ਪੰਜ। ਲਾਹੌਰ ਵਿਚ 47 ਹਜ਼ਾਰ ਚਾਰ ਸੌ। ਅੰਮ੍ਰਿਤਸਰ ਵਿਚ 24 ਹਜ਼ਾਰ। ਜ਼ਿਲ੍ਹਾ ਲੁਧਿਆਣਾ ਵਿਚ 22 ਹਜ਼ਾਰ ਤਿੰਨ ਸੌ। ਜਿਲਾ ਫੀਰੋਜ਼ਪੁਰ ਵਿਚ 29 ਹਜ਼ਾਰ ਪੰਜ ਸੌ। 6 ਲੱਖ ਪੰਜ ਹਜ਼ਾਰ ਮੌਤਾਂ ਸਿਰਫ 1907 ਵਿਚ ਹੀ ਪੰਜਾਬ ਵਿਚ ਹੋਈਆਂ। ਕੈਹੰਦੇ ਹਨ ਕਿ ਪਲੇਗ ਕਮਜ਼ੋਰ ਆਦਮੀਆਂ ਨੂੰ ਹੁੰਦੀ ਹੈ। ਪਰ ਪੰਜਾਬ ਵਿਚ ਤਾਂ ਖਿਲਕਤ ਏਤਨੀ ਜ਼ਿਆਦਾ ਕਮਜ਼ੋਰ ਨਹੀਂ ਹੈ। ਮੌਤਾਂ ਪਿੰਡਾਂ 'ਚ ਬਹੁਤ ਹੋਈਆਂ, ਸ਼ਹਿਰਾਂ ਵਿਚ ਤਾਂ ਤਦ ਹੋ ਗਈਆਂ। ਜਿਨ੍ਹਾਂ ਨੂੰ 1907 ਯਾਦ ਹੈ, ਉਨ੍ਹਾਂ ਦੇ ਦਿਲਾਂ ਨੂੰ ਅੱਗ ਲੱਗੀ ਹੋਈ ਹੈ।


1908 ਵਿਚ ਪਲੇਗ ਕਮ ਰਹੀ ਪਰ ਬੁਖਾਰ ਦਾ ਬੜਾ ਜ਼ੋਰ ਹੋਇਆ। ਤਾਪ ਤਾਂ ਅਸਲ ਵਿਚ ਬਹੁਤੀਆਂ ਮੌਤਾਂ ਹੋਣ ਦਾ ਸਬੱਬ ਹੈ। ਪਰ ਅਸੀਂ ਜਰਾ ਵੀ ਨਹੀਂ ਹਿਲਦੇ। 1908 ਵਿਚ ਤਾਪ ਨੇ ਸ਼ੈਹਰਾਂ ਵਿਚ ਕੰਮ ਬੰਦ ਕਰ ਦਿੱਤੇ। ਖਿਲਕਤ ਬਿਲਕੁਲ ਬੇ ਬਸ ਤੇ ਹਰਾਨ ਰਹੀ। 1908 ਵਿਚ ਤਾਪ ਨਾਲ ਕੁੱਲ ਮੌਤਾਂ 6 ਲੱਖ 90 ਹਜ਼ਾਰ ਹੋਈਆਂ। ਅਤੇ 1907 ਵਿਚ ਪਲੇਗ ਨਾਲ 6 ਲੱਖ 5 ਹਜ਼ਾਰ ਹੋਈਆਂ। ਏਨ੍ਹਾਂ ਮੌਤਾਂ ਤੋਂ ਪਤਾ ਲੱਗਦਾ ਹੈ ਕਿ ਤਾਪ ਪਲੇਗ ਤੋਂ ਘਟ ਨਹੀਂ ਹੈ। ਜ਼ਿਆਦਾ ਅਫ਼ਸੋਸ ਦੀ ਬਾਤ ਹੈ ਕਿ ਬੱਚਿਆਂ ਦੀ ਮੌਤਾਂ ਦੀ ਗਿਣਤੀ ਵਧ ਗਈ ਹੈ। ਏਸ ਸਾਲ ਵਿਚ ਦਸ ਸਾਲ ਤੇ ਕਮ ਉਮਰ ਦੇ 3 ਲੱਖ 62 ਹਜ਼ਾਰ ਬੱਚੇ ਮਰ ਗਏ। ਜਾਣੀ ਕੁੱਲ ਮੌਤਾਂ ਵਿਚੋਂ ਅੱਧੀਆਂ ਤੋਂ ਜਿਆਦਾ ਬੱਚਿਆਂ ਦੀਆਂ ਹੋਈਆਂ। ਕੀ ਇਹ ਕੌਮ ਦੇ ਆਖਰੀ ਦਿਨ ਨਹੀਂ ਹਨ। ਜੁਦਾ ਜੁਦਾ ਜ਼ਿਲਿਆਂ ਦਾ ਹੇਠਾਂ ਹਾਲ ਹੈ:

1908 ਵਿਚ ਤਾਪ ਨਾਲ ਮੌਤਾਂ:
ਜਿਲਾ ਜਲੰਧਰ... 22 ਹਜ਼ਾਰ
ਹੁਸ਼ਿਆਰਪੁਰ... 30 ਹਜ਼ਾਰ
ਅੰਮ੍ਰਿਤਸਰ... 45 ਹਜ਼ਾਰ
ਲੁਧਿਆਣਾ... 10 ਹਜ਼ਾਰ ਪੰਜ ਸੌ।
ਫੀਰੋਜ਼ਪੁਰ... 28 ਹਜ਼ਾਰ
ਲਾਹੌਰ... 42 ਹਜ਼ਾਰ 5 ਸੌ।

ਕਿਸੇ ਮੁਲਕ ਵਿਚ ਏਨੀਆਂ ਬਮਾਰੀਆਂ ਨਹੀਂ ਹੋਈਆਂ ਕਿਉਂਕਿ ਉਥੇ ਦੀ ਸਰਕਾਰ ਅੱਛਾ ਬੰਦੋਬਸਤ ਰੱਖਦੀ ਹੈ। ਲੋਕ ਜਿਆਦਾ ਪੈਸਾ ਹੋਣ ਕਰਕੇ ਸਾਡੇ ਨਾਲੋਂ ਖੁਰਾਕ ਖਾਂਦੇ ਹਨ। ਅੱਛੇ ਕਪੜੇ ਪੈਹਨਦੇ ਹਨ ਅਤੇ ਹਿੰਦੋਸਤਾਨੀਆਂ ਨੂੰ ਸੋਚਣਾ ਚਾਹੀਦਾ ਹੈ ਕਿ ਸਾਡਾ ਕੀ ਹਾਲ ਹੈ।

### ਮਕਸੀਕੋ ਵਿਚ ਜਿਮੀਂਦਾਰਾਂ ਤੇ ਮਜ਼ਦੂਰਾਂ ਦੀ ਹਾਲਤ

ਮੈਕਸੀਕੋ ਦੇ ਗ਼ਦਰ ਦਾ ਹਾਲ ਸਮਝਣ ਦੇ ਜੋਗ ਹੈ ਕਿ ਏਸ ਮੁਲਕ ਦੇ ਲੋਕਾਂ ਦੀ ਹਾਲਤ ਪੁਰ ਨਿਗਾ ਮਾਰੀ ਜਾਵੇ। ਜਿਸ ਮੁਲਕ ਵਿਚ ਖਿਲਕਤ ਗੁਲਾਮੀ ਤੇ ਗਰੀਬੀ ਵਿਚ ਫਸੀ ਹੋਵੇ, ਉਸੇ ਜ਼ਰੂਰ ਗ਼ਦਰ ਹੋਵੇਗਾ ਕਿਉਂਕਿ ਆਦਮੀ ਦਾ ਦਿਲ ਬਹੁਤ ਦੇਰ ਜੁਲਮ ਨਹੀਂ ਸੈਹ ਸਕਦਾ। ਬਾਤ ਤਾਂ ਏਹ ਹੈ ਕਿ ਲੋਕ ਇਕ ਦਿਨ ਬੀ ਏਸ ਹਾਲ ਵਿਚ ਨਹੀਂ ਰਹਿ ਸਕਦੇ। ਅਮਰੀਕਨ ਲੇਖਕ 'ਜਾਨ ਕਥ ਵਰਨਰ' ਨੇ ਇਕ ਕਤਾਬ 'ਜੰਗਲੀ ਮਕਸੀਕੋ' ਨਾਮੇ ਕਿਤਾਬ ਲਿਖੀ ਹੈ। ਜਿਸ ਵਿਚ ਮਕਸੀਕੋ ਦੇ ਜ਼ੁਲਮ ਦਾ ਹਾਲ ਹੈ। ਉਹ ਲਿਖਦਾ ਹੈ ਕਿ ਮੁਲਕ ਦੀ ਇਕ ਤਿਹਾਈ ਪਰਜਾ ਗੁਲਾਮੀ ਦੀ ਹਾਲਤ ਵਿਚ ਹੈ। ਸੈਕੜੇ ਸਰਕਾਰੀ ਅਫ਼ਸਰ ਗੁਲਾਮੀ ਦੀ ਹਾਲਤ ਵਿਚ ਹੈ। ਸੈਕੜੇ ਸਰਕਾਰੀ ਅਫਸਰ ਗੁਲਾਮਾਂ ਨੂੰ ਕੱਠੇ ਕਰਕੇ ਇਕ ਥਾਂ ਤੋਂ ਦੂਜੀ ਥਾਂ ਲੈ ਜਾ ਕੇ ਬੇਚਣ ਵਿਚ ਲੱਗੇ ਹੋਏ ਹਨ। ਮਜ਼ਦੂਰਾਂ ਨੂੰ ਸਪਾਹੀਆਂ ਦੀ ਗਾਰਦ ਦੇ ਪੈਹਰੇ ਹੇਠਾਂ ਭੇਜਿਆ ਜਾਂਦਾ ਹੈ। ਭਈ ਭਜ ਨਾ ਜਾਣ। ਜੇ ਸਪਾਹੀਆਂ ਦੀ ਬੰਦੂਕਾਂ ਦਾ ਜ਼ੋਰ ਨਾ ਹੋਵੇ ਤਾਂ ਮਜ਼ਦੂਰ ਇਕ ਮੀਲ ਬੀ ਨਾ ਜਾਣ, ਮਜ਼ਦੂਰ ਭੁਖੇ ਮਰਦੇ ਹਨ ਅਤੇ ਉਨ੍ਹਾਂ ਨੂੰ ਚਾਬਕਾਂ ਨਾਲ ਮਾਰਿਆ ਜਾਂਦਾ ਹੈ।



*ਜਿਸ ਮਸ਼ੀਨ ਉਤੇ 'ਗਦਰ' ਛਪਦਾ ਹੁੰਦਾ ਸੀ*

ਮੈਕਸੀਕੋ ਵਿਚ ਸਾਦੇ ਸੱਤ ਲੱਖ ਆਦਮੀ ਜਾਨਵਰਾਂ ਵਾਂਗ ਵੇਚੇ ਜਾਂਦੇ ਹਨ ਅਤੇ ਬਾਕੀ ਜਿਮੀਂਦਾਰ ਗੁਲਾਮੀ ਵਿਚ ਫਸੇ ਹੋਏ ਹਨ। ਮਜ਼ਦੂਰਾਂ ਨੂੰ ਸਰਕਾਰਾਂ ਦੀ ਜ਼ਮੀਨ ਪਰ ਕੰਮ ਕਰਨਾ ਪੈਂਦਾ ਹੈ। ਅਤੇ ਜਿਹੜੀ ਮਜ਼ਦੂਰੀ ਸਰਕਾਰ ਦਿੰਦਾ ਹੈ। ਉਹ ਲੈਣੀ ਪੈਂਦੀ ਹੈ। ਪਰ ਮਜ਼ਦੂਰ ਉਤੇ ਸਰਦਾਰ ਦਾ ਕਰਜ਼ਾ ਬੀ ਚੜ ਜਾਂਦਾ ਹੈ। ਉਹ ਕਰਜ਼ਾ ਕਦੇ ਉਤਰਦਾ ਹੀ ਨਹੀਂ। ਮੈਕਸੀਕੋ ਵਿਚ ਸੌ ਵਿਚੋਂ 80 ਅਜੇਹੇ ਹਨ ਜਿਹੜੇ ਅਪਨੇ ਦਿਲ ਦੀ ਬਾਤ ਨਹੀਂ ਕਰ ਸਕਦੇ। ਅਤੇ 20 ਅਜੇਹੇ ਹਨ ਜਿਹੜੇ ਅਮੀਰ ਬਨੇ ਹੋਏ ਹਨ ਤੇ ਲੋਕਾਂ ਨੂੰ ਮੁਲ ਖਰੀਦ ਲੈਂਦੇ ਹਨ। ਇਕ ਬਾਰ ਦੀ ਇਕ ਕਹਾਣੀ ਮੈਨੂੰ ਯਾਦ ਹੈ ਕਿ ਇਕ ਘਰ ਛੇ ਆਦਮੀ ਸਨ। ਮੈਂ ਉਥੇ ਬਾਜਾ ਬਜਾਇਆ ਤੇ ਗੀਤ ਗਾਏ ਪਰ ਉਸ ਟੱਬਰ ਵਿਚੋਂ ਕੋਈ ਖੁਸ਼ ਨਾ ਹੋਇਆ। ਅਤੇ ਇਕ ਬੁੱਢਾ ਆਦਮੀ ਬਾਹਰ ਨਿਕਲਿਆ। ਉਸ ਦੇ ਕੋਲ ਪਾਟਿਆਂ ਕੋਟ ਸੀ। ਜਿਸ ਨੂੰ ਕਈ ਟਾਕੀਆਂ ਲੱਗੀਆਂ ਹੋਈਆਂ ਸਨ। ਉਸ ਦੀ ਔਰਤ ਦਾ ਚਿਹਰਾ ਉਦਾਸ ਸੀ ਅਤੇ ਉਸ ਦੇ ਬੱਚਿਆਂ ਵਿਚੋਂ ਇਕ ਸਭ ਤੋਂ ਛੋਟਾ ਇਕ ਵਾਰ ਹੱਸਿਆ ਪਰ ਚੁਪ ਹੋ ਗਿਆ ਤੇ ਬੁੱਢੇ ਨੇ ਇਹ ਰਾਮ ਕਹਾਣੀ ਸੁਣਾਈ- ਅਸੀਂ ਖੇਤਾਂ ਵਿਚ ਕੰਮ ਕਰਦੇ ਹਾਂ। ਸਾਰੀ ਉਮਰ ਏਸ ਮੱਕੀ ਤੇ ਖਰਬੂਜੇ ਦੇ ਖੇਤਾਂ ਵਿਚ ਮੇਹਨਤ ਕਰਦੇ ਰੈਹੰਦੇ ਹਾਂ। ਸਰਦਾਰ ਪੂਰੀ ਤਨਖਾਹ ਨਹੀਂ ਦਿੰਦੇ। ਅਸੀਂ ਕੁਛ ਨਹੀਂ ਕਰ ਸਕਦੇ। ਵਕੀਲ ਸਾਡੀ ਮਦਦ ਨਹੀਂ ਕਰਦੇ। ਸਰਦਾਰ ਸਾਨੂੰ ਕੈਦ ਕਰ ਦੇਵੇਗਾ। ਅਸੀਂ ਸੁਸਤ ਨਹੀਂ ਹਾਂ। ਪਰ ਰੋਜ਼ ਕਰਜ਼ਾ ਵਧਦਾ ਜਾਂਦਾ ਹੈ। ਮੈਕਸੀਕੋ ਵਿਚ ਅਜਿਹੀ ਗਰੀਬੀ ਹੈ ਕਿ ਇਕ ਗਦਰ ਨਹੀਂ, ਹਜ਼ਾਰ ਗ਼ਦਰ ਦੀ ਲੋੜ ਹੈ।

### ਸੱਚੀ ਪੁਕਾਰ
### ਬੈਂਤ

ਸਾਰੀ ਖਲਕ ਖੁਦਾਇ ਬੇਕਾਰ ਬੈਠੀ,
ਸੁਤਾ ਜਾਗਦਾ ਤੂੰ ਹਿੰਦੋਸਤਾਨ ਕਿਉਂ ਨਹੀਂ।
ਪਾਟੇ ਕੱਪੜੇ ਜਿਸਮ ਕਮਜ਼ੋਰ ਹੋਇਆ,
ਜੁਸੇ ਜੋਸ਼ ਤੇ ਜਿਗਰ ਦਾ ਤਾਣ ਕਿਉਂ ਨੀਂ।
ਕਾਲਾ ਚੋਰ ਆਖੇ ਸਾਰਾ ਜਗ ਸਾਨੂੰ,
ਸੁਖੀ ਵਸਦੀ ਤੇਰੀ ਸੰਤਾਨ ਕਿਉਂ ਨੀ।
ਨਾ ਉਹ ਰੰਗ ਤੇਰਾ ਨਾ ਉਹ ਰੂਪ ਤੇਰਾ,
ਨਾ ਉਹ ਸ਼ਾਨ ਤੇ ਨਾਲੇ ਗੁਮਾਨ ਕਿਉਂ ਨੀ।
ਨਾ ਉਹ ਇਲਮ ਅਖਲਾਕ ਨਾ ਧਨ ਦੌਲਤ,
ਰਾਜ ਜੋਗ ਤੇ ਬ੍ਰੰਮ ਦਾ ਗਿਆਨ ਕਿਉਂ ਨੀ।
ਕਾਲੀ ਦਾਸ ਪੰਡਤ ਰਾਜਾ ਭੋਜ ਧਰਮੀ,
ਅਰਜਨ ਭੀਮ ਜੈਸੇ ਬਲਵਾਨ ਕਿਉਂ ਨੀ।
ਨਾ ਏਹ ਹਿੰਦ ਵਾਸੀ ਹਿੰਦੂ ਜੀਂਵਦੇ ਹਨ,
ਬੱਚੇ ਗਾਜ਼ੀਆਂ ਦੇ ਮੁਸਲਮਾਨ ਕਿਉਂ ਨੀ।
ਜ਼ਾਲਮ ਦੋਹਾਂ ਨੂੰ ਖਾ ਗਿਆ ਪਾੜ ਯਾਰੋ,
ਅੰਦਰ ਜ਼ੈਹਰ ਬਣ ਕੇ ਲੈਂਦੇ ਜਾਨ ਕਿਉਂ ਨੀ।
ਹੁੰਦਾ ਕਹਿਰ ਤੇ ਗ਼ਜ਼ਬ ਦਾ ਜ਼ੁਲਮ ਸਿਰ 'ਤੇ,
ਸਿੱਖੇ ਆਪਣਾ ਵਾਰ ਚਲਾਉਣ ਕਿਉਂ ਨੀ।
ਕੁਲੀ ਕੁਲੀ ਪੁਕਾਰਦਾ ਜਗ ਸਾਨੂੰ,
ਸਾਡਾ ਝੂਲਦਾ ਕਿਤੇ ਨਿਸ਼ਾਨ ਕਿਉਂ ਨੀ।
ਲੱਖਾਂ ਆਣ ਮੁਸੀਬਤਾਂ ਪੇਸ਼ ਪਈਆਂ,
ਚਿਤ ਅਸਾਂ ਦੇ ਜ਼ਰਾ ਘਬਰਾਨ ਕਿਉ ਨੀ।
ਸਾਨੂੰ ਜਾਪਦਾ ਅਸੀਂ ਗਏ ਗੁਜਰੇ,
ਸਾਰੇ ਜੱਗ ਅੰਦਰ ਸਾਡਾ ਮਾਨ ਕਿਉਂ ਨੀ।
ਮੁਢੋਂ ਪਿਆ ਗੁਲਾਮੀ ਦਾ ਤੋਂਕ ਸਾਨੂੰ,
ਸੁਪਨੇ ਵਿਚ ਅਜ਼ਾਦੀ ਦਾ ਧਿਆਨ ਕਿਉਂ ਨੀ।
ਕਿਕੂੰ ਬਚਾਂਗੇ ਸਦਾ ਗੁਲਾਮ ਰੇਹ ਕੇ
ਸਾਨੂੰ ਰਾਜਨੀਤੀ ਵਾਲਾ ਗਿਆਨ ਕਿਉਂ ਨੀ।
ਲੱਖਾਂ ਵਿਚ ਸਾਡੇ ਦਗੇ ਬਾਜ਼ ਫਿਰਦੇ,
ਮਾਰਨ ਕੌਮ! ਮਰਦੇ ਬੇਈਮਾਨ ਕਿਉਂ ਨੀ।
ਭਾਰਤ ਵਰਸ਼ ਦੇ ਬੀਰ ਬਨਵਾਨ ਬੱਚੇ,
ਮਿਸਟਰ 'ਤਿਲਕ' ਵਰਗੇ ਬੇਗੁਮਾਨ ਕਿਉਂ ਨੀ।
ਰਿਸ਼ੀ ਅਰਬਿੰਦੋ ਜੰਗਲ ਮੱਲ ਬੈਠੇ,
ਹੀਰਾ ਚਮਕਦਾ ਨੂਰ ਇਨਸਾਨ ਕਿਉਂ ਨੀ।
"ਹਰਦਿਯਾਲ" ਜਿਥੇ ਹਰਦਿਯਾਲ ਹੋਇਆ,
ਪਿਆਰਾ ਯਾਰ "ਅਜੀਤ" ਕੁਰਬਾਨ ਕਿਉਂ ਨੀ।
ਸਮਾਂ ਆਵਸੀ ਅੱਖੀਆਂ ਵੇਖ ਲੈਸਨ,
ਭਾਰਤ ਏਨਾਂ ਨੂੰ ਕਰੂ ਪਰਵਾਨ ਕਿਉਂ ਨੀ।
ਜਿਨ੍ਹਾਂ ਵਿਚ ਮੁਸੀਬਤਾਂ ਉਮਰ ਗਾਲੀ,
ਬਦਲਾ ਦੇਵੇਂਦਾ ਤੁਰਤ 'ਭਗਵਾਨ' ਕਿਉਂ ਨੀ।
ਖੰਡਾਂ ਸਾਰ ਦਾ ਅਸਾਂ ਤੋਂ ਅਲੋਪ ਹੋਇਆ,
ਬਿਜਲੀ ਲਿਸ਼ਕਦੀ ਹਥ ਕਰਪਾਨ ਕਿਉਂ ਨੀ।
ਉਠੋ ਸ਼ੇਰ ਮਰਦੋ ਵੇਲਾ ਸੌਣ ਦਾ ਨਹੀਂ,
ਜਾ ਕੇ ਦੇਖਦੇ ਕੁਲ ਜਹਾਨ ਕਿਉਂ ਨੀ।
ਬੰਦਰ ਬਾਂਟ ਕਰਦਾ ਜ਼ਾਲਮ ਨਾਲ ਸਾਡੇ,
ਬੇਈਮਾਨ ਦੀ ਕੱਢਦੇ ਜਾਨ ਕਿਉਂ ਨੀ।
ਟਰਕੀ ਅਤੇ ਈਰਾਨ ਨੂੰ ਹਜ਼ਮ ਕੀਤਾ,
ਸਮਝੇ ਹਿੰਦਵਾਸੀ ਮੁਸਲਮਾਨ ਕਿਉਂ ਨੀ।
ਬੱਚਾ ਕੱਲ ਦਾ ਚੀਨ ਹੁਣ ਮਰਨ ਲੱਗਾ,
ਸੁਤਾ ਜਾਗਦਾ ਸ਼ੇਰ ਜਪਾਨ ਕਿਉਂ ਨੀ।
ਮੇਰੇ ਬਾਪ ਬਜ਼ੁਰਗ ਦੇ ਖੂਨ ਜਿਗਰੋਂ,
ਮਿਲੋ ਜਲਦ ਤਾਂ ਮਰੂ ਸ਼ੈਤਾਨ ਕਿਉਂ ਨੀ।
ਕਰੋ ਆਪ ਹਿੰਮਤ ਕੰਮ ਸੌਰ ਜਾਸੀ,
ਪਰੀਤਮ ਪਿਆਰ ਪਾ ਕੇ ਦਿੰਦਾ ਜਾਨ ਕਿਉਂ ਨੀ।
ਜਿਧਰ ਜਾਂਵਦੇ ਮਾਰ ਦੁਰਕਾਰ ਪੈਂਦੀ,
ਕੋਈ ਅਸਾਂ ਉਤੇ ਮੇਹਰਬਾਨ ਕਿਉਂ ਨੀ।
ਮੰਜ਼ਲ ਦੂਰ ਤੇ ਚਾਲ ਮਸਤਾਨਿਆਂ ਦੀ,
ਅੱਠੇ ਪੈਹਰ ਹੁੰਦੇ ਗਲਤਾਨ ਕਿਉਂ ਨੀ।
ਸੁਕਾ ਖੂਨ ਬਾਕੀ ਪਿਆ ਪਿੰਜਰਾ ਜੇ,
ਜਾ ਕੇ ਫੂਕਦੇ ਵਿਚ ਸ਼ਮਸ਼ਾਨ ਕਿਉਂ ਨੀ।
ਲੱਗੀ ਅੱਗ ਤੇ ਜਲੇ ਘਰ ਬਾਰ ਸਾਡਾ,
ਉਠਦੇ ਉਸ ਨੂੰ ਅਸੀਂ ਬਚਾਨ ਕਿਉਂ ਨੀ।
ਧਰਤੀ ਵੇਹਲ ਨਾ ਦੇਵਂਦੀ ਗਰਕ ਜਾਈਏ,
ਬਿਜਲੀ ਸੁਟਦਾ ਕਿਸਰੋਂ ਅਸਮਾਨ ਕਿਉਂ ਨੀ।
ਏਸ ਜ਼ਿੰਦਗੀ ਤੋਂ ਸਾਨੂੰ ਮਰਨ ਚੰਗਾ,
ਮੌਤ ਕਢਦੀ ਅਸਾਂ ਦੀ ਜਾਨ ਕਿਉਂ ਨੀ।
ਐਵੇਂ ਵਾਂਗ ਦਵਾਨਿਆਂ ਪਏ ਫਿਰਦੇ,
ਲਾਉਂਦੇ ਉਠ ਕੇ ਆਪਨਾ ਤਾਨ ਕਿਉਂ ਨੀ।
ਜਬੀ ਬਾਨ ਲਾਗੇ ਤਬੀ ਰੋਸ ਜਾਗੇ,
ਸੀਨੇ ਵੱਜਦੇ ਅਸਾਂ ਦੇ ਬਾਨ ਕਿਉਂ ਨੀ।
ਢਾਈ ਟੋਟਰੂ ਖਾ ਗਏ ਖੇਤ ਸਾਡਾ,
ਹਿੰਦੋਸਤਾਨ ਦਾ ਕੋਈ ਕਿਰਸਾਨ ਕਿਉਂ ਨੀ।
ਬੱਚੇ ਤੜਫਦੇ ਵਿਦਿਆ ਬਾਝ ਸਾਡੇ,
ਕਾਲਜ ਖੁਲਦੇ ਸਦਾ ਵਗਿਆਨ ਕਿਉਂ ਨੀ।
ਸਾਰਾ ਜਗ ਰੋਸ਼ਨ ਦਿਨ ਰਾਤ ਰੋਸ਼ਨ,
ਸਾਡੇ ਜਿਹਾ ਕਿਧਰੇ ਸੁਨ ਸਾਨ ਕਿਉਂ ਨੀ।
ਜੇ ਸੂਰਮੇ ਅਸੀਂ ਬਲਵਾਨ ਬਨੀਏ,
ਖੇਲਣ ਵਾਸਤੇ ਭਲਾ ਮੈਦਾਨ ਕਿਉਂ ਨੀ।
ਜੇਕਰ ਅਸੀਂ ਪਤੰਗ ਦਾ ਰੂਪ ਹੋਈਏ,
ਸਾਡਾ ਮੁਲਕ ਯਾਰੋ ਸ਼ਮਾਂਦਾਨ ਕਿਉਂ ਨੀ।
ਜੇਕਰ ਮਾਪਿਆਂ ਨੂੰ ਪੁੱਤਰ ਹੈਨ ਪਿਆਰੇ,
ਭਾਰਤ ਵਰਸ਼ ਦੀ ਅਸੀਂ ਸੰਤਾਨ ਕਿਉਂ ਨੀ।
ਜੇਕਰ ਕੰਵਲ ਵਰਗੀ ਸਾਡੀ ਜ਼ਿੰਦਗੀ ਹੈ,
ਸੂਰਜ ਵਾਂਗ ਰੋਸ਼ਨ ਹਿੰਦੋਸਤਾਨ ਕਿਉਂ ਨੀ।

### ਰੂਸ ਦੇ ਗ਼ਦਰ ਦੀ ਤਿਆਰੀ
#### *ਹਰਜਨ ਨਾਮੇ ਇਕ ਸੂਰ ਬੀਰ ਦਾ ਜੀਵਨ ਬ੍ਰਿਤਾਂਤ*

ਉਨਵੀਂ ਸਦੀ ਵਿਚ "ਐਲਗਜ਼ੈਂਡਰ ਹਰਜਨ" ਨਾਮੇ ਇਕ ਰਈਸ ਨੇ ਰੂਸ ਵਿਚ ਅਜ਼ਾਦੀ ਦੇ ਖਿਆਲਾਂ ਦੀ ਜੜ੍ਹ ਰੱਖੀ। ਏਹ ਦੇਸ਼ ਭਗਤ ਇਕ ਦੌਲਤਮੰਦ ਦਾ ਪੁੱਤਰ ਸੀ। ਛੋਟੀ ਉਮਰ ਵਿਚ ਪੜ੍ਹਨ ਦਾ ਬੜਾ ਸ਼ੌਕੀਨ ਸੀ। ਕਤਾਬਾਂ ਪੜ੍ਹਦੇ ਪੜ੍ਹਦੇ ਰੂਸ ਦੀ ਸਰਕਾਰ ਦੇ ਜ਼ੁਲਮ ਤੋਂ ਉਸ ਦੇ ਦਿਲ ਉਤੇ ਬੜੀ ਸਟ ਲੱਗੀ। ਬਾਪ ਦੇ ਮਰਨ ਪਿਛੋਂ ਸਾਰੀ ਜੈਦਾਦ ਬੇਚ ਕੇ ਜਰਮਨੀ ਨੂੰ ਚਲਿਆ ਗਿਆ। ਉਥੋਂ ਗਿਆਨ ਸਿੱਖ ਕੇ ਫੇਰ ਪੈਰਿਸ ਵਿਚ ਜਾ ਕੇ ਉਸ ਵੇਲੇ ਦੇ ਅਜ਼ਾਦੀ ਦੇ ਬੜੇ ਵੱਡੇ ਗਿਆਨੀਆਂ ਨੂੰ ਮਿਲ ਕੇ ਇਕ ਮਸ਼ੂਰ ਪਰਜਾ ਭਗਤ "ਪ੍ਰੂਦੌਨ" ਦਾ ਚੇਲਾ ਬਣ ਗਿਆ। ਜਦ ਫਰਾਂਸ ਦੀ ਗਵਰਮਿੰਟ ਨੇ "ਪ੍ਰੂਦੌਨ" ਦੇ ਅਖਬਾਰ ਦੀ ਚੌਵੀ ਹਜ਼ਾਰ ਫਰਾਂਕ (ਫ੍ਰੈਂਕ) ਦੀ ਜ਼ਮਾਨਤ ਮੰਗੀ, ਤਦ 'ਹਰਜਨ' ਨੇ ਆਪਣੇ ਪਾਸ ਤੋਂ ਸਾਰੀ ਰਕਮ ਦੇ ਦਿਤੀ ਤੇ ਗਵਰਮਿੰਟ ਅਖਬਾਰ ਬੰਦ ਨਾ ਕਰ ਸਕੀ। ਏਸ ਤਰ੍ਹਾਂ ਹਰ ਇਕ ਪਾਰਟੀ ਦੀ ਮਦਦ ਕਰਦਾ ਰੈਹੰਦਾ ਸੀ। ਇਟਲੀ ਦੇ ਦੇਸ਼ ਭਗਤ "ਮੇਜ਼ਨੀ" ਨੂੰ ਵੀ ਕਈਵਾਰ ਬੜੀ ਵਡੀ ਰਕਮਾਂ ਨਾਲ ਮਦਦ ਦਿਤੀ। ਹਰ ਮੁਲਕ ਦੀ ਅਜ਼ਾਦੀ ਦੇ ਪ੍ਰੇਮੀ ਏਸ ਦੀ ਬੜੀ ਕਦਰ ਕਰਦੇ ਸੀ। "ਹਰਜਨ" ਇਉਂ ਤਾਂ ਸਾਰੇ ਮੁਲਕਾਂ ਦੀ ਪਾਰਟੀਆਂ ਨਾਲ ਮੋਹ ਰੱਖਦਾ ਸੀ। ਪਰ ਦਿਲ ਵਿਚ ਰੂਸ ਦੀ ਅੱਗ ਲੱਗੀ ਹੋਈ ਸੀ। ਲੰਦਨ ਵਿਚ ਉਸ ਦੇ ਪਹਿਲਾ ਛਾਪਾਖਾਨਾ ਬਣਾਇਆ। ਜਿਸ (ਵਿਚ) ਰੂਸ ਦੇ ਰਾਜ ਦੇ ਵਿਰੁਧ ਉਪਦੇਸ਼ ਕਰਨ ਵਾਲੀ ਕਤਾਬਾਂ ਛਾਪੀਆਂ ਗਈਆਂ। ਕਤਾਬਾਂ ਤੇ ਅਖਬਾਰਾਂ ਦੇ ਢੇਰ ਜਮ੍ਹਾਂ ਹੋ ਗਏ। ਹਜ਼ਾਰਾਂ ਜਵਾਨ ਅਪਨੀ ਜਾਨ ਤਲੀ ਉਤੇ ਰੱਖ ਕੇ ਏਨਾਂ ਨੂੰ ਰੂਸ ਵਿਚ ਲੈ ਜਾਨ ਲੱਗ ਪਏ। ਫੇਰ ਉਸ ਸ਼ੈਹਰ ਸ਼ੈਹਰ ਵੰਡ ਦਿੱਤੀਆਂ ਜਾਂਦੀਆਂ ਸਨ। ਰੂਸ ਦੇ ਸਾਰੇ ਪੜ੍ਹਨ ਵਾਲੇ "ਹਰਜਨ" ਦੇ ਲੇਖਾਂ ਨੂੰ ਦੇਖ ਕੇ ਹੈਰਾਨ ਹੋ ਗਏ। ਅਤੇ ਉਸ ਦੇ ਖਿਆਲਾਂ ਦਾ ਰੌ ਹਰ ਪਾਸੇ ਫੈਲ ਗਿਆ। (ਪਾਠਕ ਜ਼ਰਾ ਵਿਚਾਰ ਕਰਨ। ਸਾਡਾ ਛਾਪਾਖਾਨਾਂ ਬੀ ਓਸ ਵਰਗਾ ਹੈ। ਪਰ ਸਾਡੇ ਪਾਸ ਅਜੇ ਉਤਨਾ ਰੁਪੈਆ ਨਹੀਂ ਹੈ ਜਿਤਨਾ ਲੱਖਪਤੀ ਹਰਜਨ ਪਾਸ ਸੀ। ਉਮੇਦ ਹੈ ਅਸੀਂ ਬੀ ਛੇਤੀ ਹੀ ਲੱਖਾਂ ਅਖਬਾਰ ਤੇ ਕਤਾਬਾਂ ਛਾਪਾਂਗੇ।) ਪਰ ਸਾਡੀ ਕਤਾਬਾਂ ਨਾਲੋਂ ਵਧ ਕੇ "ਹਰਜਨ" ਦੇ ਅਖਬਾਰਾਂ "ਕੋਲ ਕੋਲ" ਨਾਮੇ ਨੇ ਹਿਲਚਲ ਮਚਾ ਦਿਤੀ। "ਕੋਲ ਕੋਲ" ਦਾ ਮਤਲਬ ਹੈ ਘੜੀਆਲ ਜਾਂ ਘੰਟਾ ਹੈ। ਬੇਸ਼ਕ ਏਸ ਅਖਬਾਰ ਨੇ ਸੁੱਤੇ ਹੋਏ ਰੂਸੀਆਂ (ਨੂੰ) ਜਗਾ ਦਿੱਤਾ। ਲੰਦਨ ਵਿਚ ਘੰਟਾ ਵਜਦਾ ਸੀ। ਪਰ ਰੂਸਦੀ ਰਾਜਧਾਨੀ "ਮਾਸਕੋ" ਵਿਚ ਅਵਾਜ਼ ਪੁਜਦੀ ਸੀ। ਏਸ ਅਖਬਾਰ ਦੀ ਏਤਨੀ ਧੁਮ ਸੀ ਕਿ ਬਾਦਸ਼ਾਹ ਵੀ ਉਸ ਨੂੰ ਮੰਗ ਕੇ ਪੜ੍ਹਦਾ ਸੀ। ਏਸ ਅਖਬਾਰ ਵਿਚ ਸਾਰੇ ਹਾਕਮਾਂ ਦੇ ਜ਼ੁਲਮ ਦਾ ਹਾਲ ਛਪਦਾ ਸੀ। ਬਾਦਸ਼ਾਹ ਦੇ ਦਰਬਾਰ ਦਾ ਕੱਚਾ ਚਿੱਠਾ ਲਿਖਿਆ ਜਾਂਦਾ ਸੀ। ਐਹਲਕਾਰਾਂ ਦੀ ਗ਼ਲਤੀ ਤੇ ਧੱਕੇ ਨੂੰ ਖੋਲ੍ਹ ਖੋਲ੍ਹ ਕੇ ਦੱਸਿਆ ਜਾਂਦਾ ਸੀ। ਇਹ ਅਖਬਾਰ ਕੀ ਸੀ ਚਾਬਕ ਸੀ ਜਿਸ ਦੇ ਲਟਕਾਉਣ ਤੋਂ ਹੀ ਗਵਰਮਿੰਟ ਦਾ ਦਮ ਨਿਕਲ ਜਾਂਦਾ ਸੀ। ਜਿਮੀਦਾਰਾਂ ਤੇ ਮਜ਼ਦੂਰਾਂ ਦੇ ਹਾਲ ਦਾ ਅਜੇਹਾ ਦੁਖ ਭਰਿਆ ਨਕਸ਼ਾ ਖਿਚਿਆ ਜਾਂਦਾ ਸੀ ਕਿ ਪੱਥਰ ਦਿਲ ਬੀ ਮੋਮ ਹੋ ਜਾਂਦਾ ਸੀ। ਅਤੇ ਜੁਆਨਾਂ ਦੇ ਦਿਲਾਂ ਵਿਚ ਗੁਸੇ ਦੀ ਅੱਗ ਭੜਕ ਪੈਂਦੀ ਸੀ। ਏਸ ਅਖਬਾਰ ਦੇ ਅਸਰ ਨਾਲ ਰੂਸ ਦੀ ਗਵਰਮਿੰਟ ਨੇ 1861 ਵਿਚ ਕਿਰਸਾਣਾਂ ਨੂੰ ਗੁਲਾਮੀ ਤੋਂ ਕੁਝ ਅਜ਼ਾਦੀ ਦਿਤੀ। ਅਤੇ ਹੁਕਮ ਦਿਤਾ ਕਿ ਸਰਕਾਰ ਕਿਰਸਾਣਾਂ ਨੂੰ ਅਪਨੀ ਜੈਦਾਤ ਵਾਂਗ ਗੁਲਾਮ ਨਹੀਂ ਰੱਖ ਸਕਦੇ। ਉਹ ਸਿਰਫ ਮਾਮਲਾ ਦਿਆ ਕਰਨਗੇ। ਬਾਕੀ ਕੰਮਾਂ ਵਿਚ ਆਪ ਮੁਖਤਿਆਰ ਰੈਹਣਗੇ। ਏਹ ਕੰਮ ਰੂਸ ਦੀ ਤਵਾਰੀਖ ਵਿਚ ਪਰਜਾ ਦੀ ਫਤੇ ਦਾ ਇਕ ਬੜਾ ਨਸ਼ਾਨ ਹੈ। "ਹਰਜਨ" ਨੇ ਜੇਹੜਾ ਕੰਮ ਅਪਨੀ ਕਲਮ ਤੇ ਰੁਪੈਏ ਨਾਲ ਕੀਤਾ ਹੈ, ਉਹ ਮਨੁਸ਼ ਜਾਤੀ ਦੀ ਤਵਾਰੀਖ ਵਿਚ ਸੋਨੇ ਦੇ ਹਰਫ਼ਾਂ ਵਿਚ ਲਿਖਿਆ ਦੇ ਲੈਕ ਹੈ। ਫ਼ੇਕਤ 1870 ਵਿਚ ਪਰਦੇਸਾਂ ਵਿਚ ਹੀ ਮੁਕਾਮ ਨੀਲ (ਫਰਾਂਸ)

*(ਬਾਕੀ ਅਗਲੇ ਸਫੇ 'ਤੇ)*

# ਟਰਕੀ, ਹਿੰਦ ਦਾ ਕੁੱਕੜ?

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਇਸ ਵਾਰੀ ਅਮਰੀਕਾ ਦਾ ਵਾਢੀ ਦਾ ਤਿਉਹਾਰ ਥੈਂਕਸਗਿਵਿੰਗ ਡੇਅ (ਪੰਜਾਬੀ ਵਿਚ ਸ਼ੁਕਰਾਨਾ ਦਿਵਸ) ਅਸੀਂ ਬੜੇ ਚਾਅ ਨਾਲ ਅਮਰੀਕੀਆਂ ਦੀ ਰੀਸੇ ਭਰਵੀਂ ਟਰਕੀ ਬਣਾ ਕੇ ਮਨਾਇਆ। ਪਰ ਇਸ ਦੇ ਕੁਸੈਲੇ ਜਿਹੇ ਸੁਆਦ ਕਾਰਨ ਬਹੁਤਾ ਮਜ਼ਾ ਨਾ ਆਇਆ। ਮਸਾਂ ਚੌਥਾ ਹਿੱਸਾ ਹੀ ਖਾਧਾ ਹੋਵੇਗਾ, ਬਾਕੀ ਦਾ ਤਿੰਨ ਚਾਰ ਦਿਨਾਂ ਵਿਚ ਕੁਝ ਖਾ ਕੇ, ਕੁਝ ਇਸ ਦਾ ਸੂਪ ਬਣਾ ਕੇ ਤੇ ਕੁਝ ਸੁੱਟ ਕੇ ਬਿਲੇ ਲਾਇਆ। ਬਚੇ ਟਰਕੀ ਤੋਂ ਬਣਾਏ ਸੂਪ ਨੂੰ ਵੀ ਟਰਕੀ ਸੂਪ ਹੀ ਕਿਹਾ ਜਾਂਦਾ ਹੈ। ਸਾਡੇ ਗੁਆਂਢੀ ਸ਼ਹਿਰ ਲਿਵੋਨੀਆ (ਮਿਸ਼ੀਗਨ ਸਟੇਟ) ਵਿਚ ਟਰਕੀ ਦਾ ਵੱਡਾ ਤੇ ਮਸ਼ਹੂਰ ਫਾਰਮ ਹੈ, ਜਿਥੋਂ ਇਸ ਦਿਨ ਮਿਸ਼ੀਗਨ ਤੋਂ ਇਲਾਵਾ ਹੋਰ ਲਾਗਲੇ ਰਾਜਾਂ ਦੇ ਲੋਕ ਵੀ ਧੜਾ ਧੜ ਟਰਕੀਆਂ ਖਰੀਦਣ ਆਉਂਦੇ ਹਨ। ਸਿਤਮ ਦੀ ਗੱਲ ਹੈ ਕਿ ਟਰਕੀ ਨੂੰ ਵਢਣ ਤੋਂ ਪਹਿਲਾਂ ਉਨ੍ਹਾਂ ਅੱਗੇ ਕਿੰਨਾ ਚਿਰ ਇਕ ਸਾਜ਼ ਵਜਾਇਆ ਜਾਂਦਾ ਹੈ।

ਇਸ ਤਿਉਹਾਰ ਦੌਰਾਨ ਲੱਖਾਂ ਦੀ ਗਿਣਤੀ ਵਿਚ ਟਰਕੀਆਂ ਵੱਢੀਆਂ ਤੇ ਪਕਾਈਆਂ ਜਾਂਦੀਆਂ ਹਨ। ਇਸੇ ਕਾਰਨ ਇਸ ਨੂੰ ਟਰਕੀ ਡੇਅ ਵੀ ਕਿਹਾ ਜਾਂਦਾ ਹੈ। ਇਸ ਵਾਰੀ ਤਾਂ ਮੇਰੇ ਅੰਦਰਲਾ ਬੁੱਧ ਵੀ ਅਹਿੰਸਾ ਦੇ ਭਾਵਾਂ ਨਾਲ ਭਰ ਗਿਆ। ਇਹ ਵੱਖਰੀ ਗੱਲ ਹੈ ਕਿ ਟਰਕੀ ਪੰਛੀ ਵੀ ਕਈ ਵਾਰੀ ਹਿੰਸਕ ਹੋ ਜਾਂਦਾ ਹੈ ਤੇ ਕੁੱਕੜ ਦੀ ਤਰ੍ਹਾਂ ਬੰਦਿਆਂ ਨੂੰ ਵੱਢ ਵੀ ਦਿੰਦਾ ਹੈ। ਮੈਨੂੰ ਲੱਗਾ ਅਮਰੀਕੀ ਸਿਰਫ ਟਰਕੀ ਨਹੀਂ ਖਾਂਦੇ, ਟਰਕੀ ਨਾਂ ਦਾ ਦੇਸ਼ ਹੀ ਖਾ ਰਹੇ ਹਨ। ਯੂਰਪੀ ਤੋਂ ਆਏ ਯੂਰਪੀਨਾਂ ਨੇ ਅਮਰੀਕਾ ਦੇ ਰੈਡ ਇੰਡੀਅਨ ਦੇ ਨਾਂ ਨਾਲ ਜਾਣੇ ਜਾਂਦੇ ਇਥੋਂ ਦੇ ਮੂਲ ਵਾਸੀਆਂ ਦਾ ਵੀ ਖੂਬ ਵੱਢ-ਵਢਾਂਗਾ ਕਰਕੇ ਖਾਤਮਾ ਕੀਤਾ। ਅੱਜ ਵੀ ਇਹ ਹੋਰ ਦੇਸ਼ਾਂ ਨਾਲ ਕਰ ਰਿਹਾ ਹੈ। ਕਿਹਾ ਜਾਂਦਾ ਹੈ ਕਿ ਅਮਰੀਕਾ ਦੇ ਮੂਲਵਾਸੀ ਅਤੇ ਉਨ੍ਹਾਂ ਦੇ ਘਾਤਕ ਨੌਆਬਾਦਕਾਰ ਯੂਰਪੀ ਮਿਲ ਬੈਠ ਕੇ ਗੋਮਾਸ ਅਤੇ ਟਰਕੀ ਦਾ ਭੋਜ ਕਰਿਆ ਕਰਦੇ ਸਨ। ਬੈਂਜਾਮਿਨ ਫ੍ਰੈਂਕਲਿਨ ਨੇ ਤਾਂ ਇਕ ਵਾਰੀ ਟਰਕੀ ਨੂੰ ਹੀ ਅਮਰੀਕਾ ਦਾ ਕੌਮੀ ਪੰਛੀ ਗਰਦਾਨਣ ਦਾ ਸੁਝਾਅ ਦਿੱਤਾ ਸੀ।

ਟਰਕੀ ਅਮਰੀਕੀ ਮਹਾਂਦੀਪ ਦਾ ਇਕ ਵੱਡਾ ਸਾਰਾ ਜਮਾਂਦਰੂ ਪੰਛੀ ਹੈ। ਇਸ ਦਾ ਸਿਰ ਗੰਜਾ ਹੁੰਦਾ ਹੈ, ਇਸ ਦੀ ਚੁੰਜ ਨਾਲ ਮਾਸ ਦਾ ਇਕ ਲੋਥੜਾ ਲਮਕਦਾ ਰਹਿੰਦਾ ਹੈ ਤੇ ਇਸ ਦੇ ਖੰਭ ਵੀ ਉਘੜ-ਦੁਘੜੇ ਜਿਹੇ ਹੁੰਦੇ ਹਨ। ਇਸ ਕਰਕੇ ਇਹ ਕੁਝ ਭੱਦਾ ਜਿਹਾ ਵੀ ਜਾਪਦਾ ਹੈ। ਮੇਰੇ ਦਿਮਾਗ ਵਿਚ ਝਲ-ਕੁੱਕੜ ਸ਼ਬਦ ਆਉਂਦਾ ਹੈ। ਇਹ ਤਿੱਤਰ ਭਟਿੱਟਰ ਦੀ ਜੱਦ ਵਿਚੋਂ ਹੈ। ਬਹੁਤ ਸਾਰੇ ਸਥਾਨਾਂ ਦੇ ਨਾਂ ਜਾਨਵਰਾਂ ਦੇ ਨਾਂ 'ਤੇ ਪਏ ਹਨ ਜਿਵੇਂ ਅਮਰੀਕਾ ਵਿਚ ਬਫਲੋ, ਵਾਈਟ ਪਿਜਨ ਅਤੇ ਪੰਜਾਬ ਵਿਚ ਮੋਰਾਂਵਾਲੀ, ਗਿੱਦੜਬਾਹਾ ਪਰ ਕੁਝ ਹੱਦ ਤੱਕ ਇਸ ਤੋਂ ਉਲਟ ਵਰਤਾਰਾ ਵੀ ਹੈ ਅਰਥਾਤ ਜਾਨਵਰਾਂ ਦੇ ਨਾਂ ਸਥਾਨਾਂ ਦੇ ਨਾਂ 'ਤੇ ਹਨ। ਆਮ ਤੌਰ 'ਤੇ ਬਨਸਪਤੀਆਂ ਦੇ ਨਾਂ ਇਸ ਦੇ ਮੂਲ ਸਥਾਨ ਦੇ ਨਾਂ ਜਾਂ ਮੂਲ ਭਾਸ਼ਾ ਵਾਲੇ ਨਾਂ ਪਿਛੇ ਪਏ ਹੁੰਦੇ ਹਨ ਜਿਵੇਂ ਹਦਵਾਣਾ ਸ਼ਬਦ ਦਾ ਅਰਥ ਹੈ ਹਿੰਦੁਸਤਾਨ ਦਾ ਫਲ। ਇਸ ਦਾ ਕਾਰਨ ਇਹ ਹੈ ਕਿ ਬਨਸਪਤੀ ਜੜ ਚੀਜ਼ ਹੈ, ਇਸ ਲਈ ਕੁਦਰਤੀ ਤੌਰ 'ਤੇ ਇਸ ਦਾ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਤੱਕ ਪਸਰਨ ਵਿਚ ਹਜ਼ਾਰਾਂ ਸਦੀਆਂ ਲੱਗ ਸਕਦੀਆਂ ਹਨ ਪਰ ਜਾਨਵਰ ਗਤੀਸ਼ੀਲ ਹੋਣ ਕਰਕੇ ਛੇਤੀ ਦੁਰਾਡੇ ਥਾਂ ਪਰਵਾਸ ਕਰ ਸਕਦੇ ਹਨ। ਇਸ ਪ੍ਰਸੰਗ ਵਿਚ ਟਰਕੀ ਪੰਛੀ ਨੂੰ ਛੋਟ ਹੈ।

ਟਰਕੀ ਸ਼ਬਦ ਟਰਕੀ ਦੇਸ਼ ਦੇ ਨਾਂ 'ਤੇ ਹੀ ਪਿਆ ਹੈ ਪਰ ਹੈਰਾਨੀ ਵਾਲੀ ਗੱਲ ਹੈ ਕਿ ਇਹ ਪੰਛੀ ਟਰਕੀ ਵਿਚ ਨਾ ਕਦੇ ਸੀ ਤੇ ਨਾ ਹੀ ਹੁਣ ਹੈ। ਪਹਿਲਾਂ ਟਰਕੀ ਦੇਸ਼ ਦੀ ਗੱਲ ਹੀ ਕਰ ਲਈਏ। ਮਿਸਰ ਦੇ ਉਤਰ ਵਾਲੇ ਪਾਸੇ ਦੇ ਪ੍ਰਦੇਸ਼ ਲਈ ਟਰਕੀ ਸ਼ਬਦ ਚੌਧਵੀਂ ਸਦੀ ਤੋਂ ਪ੍ਰਚਲਿਤ ਹੈ। ਇਸ ਦਾ ਭਾਵ ਹੁੰਦਾ ਸੀ, 'ਤੁਰਕਾਂ ਦੇ ਕਬਜ਼ੇ ਹੇਠਲਾ ਪ੍ਰਦੇਸ਼।' ਟਰਕ ਸ਼ਬਦ ਅਰਬੀ, ਫਾਰਸੀ, ਇਤਾਲਵੀ, ਚੀਨੀ ਅਤੇ ਭਾਰਤ ਦੀਆਂ ਕਈ ਭਾਸ਼ਾਵਾਂ ਸਮੇਤ ਕਈ ਹੋਰ ਭਾਸ਼ਾਵਾਂ ਵਿਚ ਉਚਾਰਣ ਦੇ ਥੋੜੇ ਬਹੁਤੇ ਫਰਕ ਨਾਲ ਬੋਲਿਆ/ਲਿਖਿਆ ਜਾਂਦਾ ਹੈ। 1922 ਤਕ ਇਹ ਭੂਮੀ ਉਸਮਾਨੀ ਸਾਮਰਾਜ ਨਾਲ ਜਾਣੀ ਜਾਂਦੀ ਸੀ। ਪਰ ਪਹਿਲੇ ਸੰਸਾਰ ਯੁਧ ਪਿਛੋਂ ਉਸਮਾਨੀ ਸਾਮਰਾਜ ਦੇ ਭੋਗ ਪੈਣ ਨਾਲ ਇਸ ਨਵੇਂ ਦੇਸ਼ ਦਾ ਨਾਂ ਟਰਕੀ ਰੱਖ ਦਿੱਤਾ ਗਿਆ।

ਪੰਜਾਬੀ ਵਿਚ ਤੁਰਕ ਸ਼ਬਦ ਚਿਰਾਂ ਤੋਂ ਪ੍ਰਚਲਿਤ ਹੈ। ਤੁਰਕ ਲੋਕ ਖਾਨਾਬਦੋਸ਼ ਸਨ। ਇਸ ਲਈ ਕਠੋਰ ਅਤੇ ਨਿਰਦਈ ਸਮਝੇ ਜਾਂਦੇ ਸਨ।



ਇਨ੍ਹਾਂ ਦਾ ਅਜਿਹਾ ਬਿੰਬ ਯੂਰਪੀ ਦੇਸ਼ਾਂ ਵਿਚ ਹੈ। ਸਾਡੇ ਦੇਸ਼ ਵਿਚ ਵੀ ਅਜਿਹਾ ਹੀ ਪ੍ਰਭਾਵ ਹੈ। ਇਨ੍ਹਾਂ ਨੇ ਭਾਰਤ 'ਤੇ ਵੀ ਹਮਲੇ ਕਰਕੇ ਹਕੂਮਤਾਂ ਕਾਇਮ ਕੀਤੀਆਂ। ਵਿਦੇਸ਼ੀ ਹੋਣ ਕਰਕੇ ਪੰਜਾਬ ਤੇ ਹੋਰਨਾਂ ਥਾਂਵਾਂ 'ਤੇ ਤੁਰਕ ਦਾ ਮਤਲਬ ਹੀ ਵਿਦੇਸ਼ੀ ਹੋ ਗਿਆ ਤੇ ਮੁਸਲਮਾਨ ਹੋਣ ਕਰਕੇ ਤੁਰਕ ਦਾ ਮਤਲਬ ਮੁਸਲਮਾਨ ਵੀ ਹੋ ਗਿਆ। ਗੁਰੂ ਅਰਜਨ ਦੇਵ ਦਾ ਵਾਕ ਹੈ, 'ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥' ਸਾਰੇ ਮੁਸਲਮਾਨਾਂ ਦੀ ਭਾਸ਼ਾ ਨੂੰ ਵੀ ਤੋਰਕੀ ਕਿਹਾ ਜਾਣ ਲੱਗਾ। ਪੁਰਾਤਨ ਜਨਮਸਾਖੀ ਅਨੁਸਾਰ ਗੁਰੂ ਨਾਨਕ ਨੂੰ ਤੋਰਕੀ ਪੜ੍ਹਨ ਮੁਲਾਂ ਪਾਸ ਭੇਜਿਆ ਗਿਆ।

ਟਰਕੀ, ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ, ਅਮਰੀਕਾ ਦਾ ਜੱਦੀ ਪੰਛੀ ਹੈ। ਪੂਰਬੀ ਅਫਰੀਕਾ ਦਾ ਇਸ ਪੰਛੀ ਨਾਲ ਮਿਲਦਾ-ਜੁਲਦਾ ਇਕ ਹੋਰ ਪੰਛੀ ਹੈ, ਜਿਸ ਨੂੰ ਗਿਨੀਫਊਲ (ਭਟਿੱਟਰ) ਕਿਹਾ ਜਾਂਦਾ ਹੈ। ਪੁਰਾਣੇ ਵੇਲਿਆਂ ਵਿਚ ਇਹ ਪੰਛੀ ਉਸਮਾਨੀ ਰਾਜ ਦੇ ਰਸਤੇ ਯੂਰਪੀ ਦੇਸ਼ਾਂ ਵਿਚ ਲਿਆਇਆ ਜਾਂਦਾ ਸੀ। ਇਸ ਲਈ ਅੰਗਰੇਜ਼ੀ ਵਿਚ ਗਿਨੀਫਊਲ ਦਾ ਨਾਂ ਟਰਕੀ-ਕੌਕ (ਟਰਕੀ-ਕੁੱਕੜ) ਪੈ ਗਿਆ। ਅਮਰੀਕਾ ਵਿਚ ਨਵੇਂ ਨਵੇਂ ਵਸੇ ਯੂਰਪੀਆਂ ਨੇ ਆਪਣੇ ਪਿਛਲੇ ਯੂਰਪੀ ਦੇਸ਼ਾਂ ਵਿਚ ਅਮਰੀਕੀ ਟਰਕੀਆਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ। ਗੋਰਿਆਂ ਨੇ ਇਨ੍ਹਾਂ ਦੀ ਸ਼ਕਲ ਟਰਕੀ ਕਹਾਉਂਦੇ ਗਿਨੀਫਊਲ ਨਾਲ ਮਿਲਦੀ ਹੋਣ ਕਾਰਨ ਇਨ੍ਹਾਂ ਨਵੇਂ ਪੰਛੀਆਂ ਨੂੰ ਵੀ ਟਰਕੀ ਹੀ ਸਮਝਿਆ ਤੇ ਇਹੋ ਨਾਂ ਧਰ ਦਿੱਤਾ। ਹੋਰ ਤਾ ਹੋਰ ਇਨ੍ਹਾਂ ਨੂੰ ਜਹਾਜ਼ਾਂ ਵਿਚ ਲਿਆਉਣ ਵਾਲੇ ਸੌਦਾਗਰਾਂ ਨੂੰ ਵੀ 'ਟਰਕੀ ਮਰਚੈਂਟਸ' ਕਿਹਾ ਜਾਂਦਾ ਸੀ। ਇਸੇ ਕਰਕੇ ਮੱਕੀ ਨੂੰ ਵੀ ਟਰਕੀ ਕੌਰਨ, ਟਰਕੀ ਵ੍ਹੀਟ ਜਾਂ ਇੰਡੀਅਨ ਵ੍ਹੀਟ ਕਿਹਾ ਜਾਣ ਲੱਗਾ। ਹੁਣ ਟਰਕੀ ਸ਼ਬਦ ਇਸ ਨਕਲੀ ਟਰਕੀ ਲਈ ਹੀ ਪ੍ਰਚਲਿਤ ਹੋ ਗਿਆ। ਉਂਜ, ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ, ਗੋਰਿਆਂ ਦੇ ਮਨ ਵਿਚ ਟਰਕ ਲੋਕਾਂ ਬਾਰੇ ਚੰਗਾ ਬਿੰਬ ਨਹੀਂ ਹੈ, ਇਸ ਲਈ ਵੀ ਭੱਦੀ ਟਰਕੀ ਲਈ ਇਹ ਨਾਂ ਜਚਿਆ ਹੋਵੇਗਾ।

ਪਰ ਟਰਕੀ ਸ਼ਬਦ ਬਾਰੇ ਉਲਟਬਾਂਸੀ ਹੋਰ ਤਰ੍ਹਾਂ ਵੀ ਹੈ। ਜਿਸ ਦੇਸ਼ ਦੇ ਨਾਂ 'ਤੇ ਇਸ ਪੰਛੀ ਦਾ ਨਾਂ ਪਿਆ ਹੈ, ਉਸ ਦੇਸ਼ ਦੀ ਭਾਸ਼ਾ ਤੁਰਕ ਵਿਚ ਇਸ ਲਈ ਜੋ ਨਾਂ ਪ੍ਰਚਲਿਤ ਹੈ, ਉਹ ਹਿੰਦੁਸਤਾਨ ਨਾਲ ਸਬੰਧ ਰੱਖਦਾ ਹੈ, ਅਰਥਾਤ ਹਿੰਦੀ। ਅਸੀਂ ਜਾਣਦੇ ਹਾਂ ਕਿ ਕੋਲੰਬਸ ਹਿੰਦੁਸਤਾਨ ਦੀ ਖੋਜ ਲਈ ਤੁਰਿਆ ਸੀ ਪਰ ਖੋਜ ਮਾਰਿਆ ਅਮਰੀਕਾ ਜਿਸ ਨੂੰ ਉਸ ਨੇ ਪਹਿਲਾਂ ਹਿੰਦੁਸਤਾਨ ਹੀ ਸਮਝਿਆ। ਇਸ ਲਈ ਇਥੋਂ ਦੇ ਮੂਲ ਵਾਸੀਆਂ ਨੂੰ ਅੱਜ ਤੱਕ ਇੰਡੀਅਨ ਹੀ ਕਿਹਾ ਜਾਂਦਾ ਹੈ। ਇਥੋਂ ਦੇ ਕਈ ਸਥਾਨਾਂ ਦੇ ਨਾਂਵਾਂ ਵਿਚ ਇੰਡੀਅਨ ਸ਼ਬਦ ਲਗਦਾ ਹੈ। ਇਥੋਂ ਤੱਕ ਕਿ ਇਕ ਸਟੇਟ ਦਾ ਨਾਂ ਹੀ ਇੰਡੀਆਨਾ ਹੈ। ਖੈਰ, ਫਰਾਂਸੀਸੀ ਵਿਚ ਟਰਕੀ ਪੰਛੀ ਦਾ ਨਾਂ ਹੈ, 'ਕੌਕ ਦੀ ਇੰਦੇ' ਜਿਸ ਦਾ ਸ਼ਾਬਦਿਕ ਅਰਥ ਹੋਇਆ 'ਹਿੰਦ ਦਾ ਕੁੱਕੜ।' ਇਸ ਨੂੰ ਛੋਟਾ ਕਰਕੇ 'ਦਿੰਦੇ' (ਅੱਜ ਕਲ੍ਹ Dindon) ਸ਼ਬਦ ਬਣਿਆ। ਇਹ ਨਾਮ ਇਸ ਲਈ ਪਿਆ ਕਿਉਂਕਿ ਆਮ ਹੀ ਇਹ ਗਲਤ ਧਾਰਨਾ ਹੈ ਕਿ ਹਿੰਦੁਸਤਾਨ ਅਤੇ ਅਮਰੀਕਾ ਇਕ ਹੀ ਹੈ। ਅਮਰੀਕਾ ਦੇ ਮੂਲ ਵਾਸੀਆਂ ਨੂੰ ਇੰਡੀਅਨ ਕਿਹਾ ਜਾਂਦਾ ਹੈ। ਫਰਾਂਸੀਸੀ ਵਿਚ ਇਹ ਨਾਂ ਇਸ ਲਈ ਪਿਆ ਕਿ ਉਸ ਵੇਲੇ ਯੂਰਪ ਵਿਚ ਕੋਲੰਬਸੀ ਗਲਤ ਧਾਰਨਾ ਫੈਲੀ ਹੋਈ ਸੀ ਕਿ ਨਵਾਂ ਲਭਿਆ ਦੇਸ਼ (ਅਮਰੀਕਾ) ਪੂਰਬੀ ਏਸ਼ੀਆ ਅਰਥਾਤ ਹਿੰਦੁਸਤਾਨ ਹੈ। ਫਰਾਂਸੀਸੀ ਪ੍ਰਭਾਵ ਅਧੀਨ ਇਹੀ ਗਲਤ ਧਾਰਨਾ ਤੁਰਕੀ ਵਿਚ ਫੈਲ ਗਈ, ਇਸ ਲਈ ਇਸ ਦਾ ਨਾਂ ਉਥੇ ਹਿੰਦੀ ਪੈ ਗਿਆ। ਅਰਬ ਦੇਸ਼ਾਂ ਵਿਚ ਇਸ ਪੰਛੀ ਨੂੰ 'ਦੀਕ ਹਿੰਦੀ' ਕਹਿੰਦੇ ਹਨ, ਰੂਸੀ ਵਿਚ 'ਇੰਦਕ', ਪੋਲਿਸ਼ ਵਿਚ ਹਿੰਦੀ, ਅਜ਼ਰਬਾਈਜਾਨੀ ਵਿਚ ਹਿੰਦੁਸਕਾ। ਪੁਰਤਗੀਜ਼ ਭਾਸ਼ਾ ਵਿਚ ਇਸ ਨੂੰ ਪੇਰੂ ਕਿਹਾ ਜਾਂਦਾ ਹੈ ਜੋ ਕਿ ਸਹੀ ਧਾਰਨਾ ਅਧੀਨ ਹੈ ਕਿ ਇਹ ਪੇਰੂ ਦਾ ਪੰਛੀ ਹੈ। ਕੁਝ ਹਿੰਦੀ ਸ੍ਰੋਤਾਂ ਵਿਚ ਵੀ ਇਸ ਨੂੰ ਪੇਰੂ ਪੰਛੀ ਲਿਖਿਆ ਗਿਆ ਹੈ।

# ਤਵਾਰੀਖ-ਏ-ਗ਼ਦਰ

*(ਪਿਛਲੇ ਸਫੇ ਤੋਂ ਜਾਰੀ)*

ਵਿਚ ਸੁਰਗਵਾਸ ਕਰ ਗਏ। ਹੁਣ ਇਕ ਪੱਥਰ ਦੀ ਮੂਰਤੀ ਉਸ ਦੀ ਕਬਰ ਪੁਰ ਰੱਖੀ ਹੈ ਜਿਸ ਦੇ ਦੇਖਣ ਨੂੰ ਸਾਰੇ ਰੂਸ ਦੇ ਦੇਸ਼ ਭਗਤ ਦੂਰ ਦੂਰ ਤੋਂ ਆਉਂਦੇ ਹਨ। ਰੂਸ ਦੇ ਦੇਸ਼ ਭਗਤਾਂ ਨੇ ਇਕ ਆਵਾਜ਼ ਹੋ ਕੇ ਏਸ ਦੇ ਮਰਨ ਪਿਛੋਂ ਏਹ ਕਿਹਾ:

"ਦੀਵਾ ਬਲਦਾ ਬੁਝ ਗਿਆ,
ਵਿਚ ਅੰਧੇਰੀ ਰਾਤ।
ਚਤਰ ਸਿਆਣਾ ਤੁਰ ਗਿਆ,
ਕਿਸ ਸੇ ਕਰੀਏ ਬਾਤ।"

ਹਿੰਦੋਸਤਾਨ ਨੂੰ ਵੀ ਅਜਿਹੇ ਰਈਸਾਂ ਦੀ ਲੋੜ ਹੈ। ਗ਼ਦਰ ਦਾ ਕੰਮ ਬਹੁਤ ਵਧੂਗਾ।

## ਤੁਰਕੀ ਦੀ ਫੌਜ


ਤੁਰਕੀ ਨੂੰ ਬਲਕਾਨੀਆਂ ਦੀ ਲੜਾਈ ਤੋਂ ਏਹ ਸਿਖਿਆ ਮਿਲੀ ਹੈ ਕਿ ਫੌਜ ਦੀ ਦਰੁਸਤੀ ਕਰਨੀ ਚਾਹੀਦੀ ਹੈ। ਏਸ ਵਾਸਤੇ ਤੁਰਕੀ ਦੀ ਗਵਰਮਿੰਟ ਨੇ ਜਰਮਨੀ ਦੇ ਅਫ਼ਸਰ ਬੁਲਾਏ ਹਨ, ਭਈ ਉਸ ਦੀ ਫੌਜ ਠੀਕ ਹੋ ਜਾਵੇ। ਅੰਗਰੇਜ਼, ਫਰੰਚ ਤੇ ਰੂਸ ਤਿੰਨੇ ਤੁਰਕੀ ਦੇ ਵਰੁਧ ਹਨ। ਅਤੇ ਤਿੰਨਾਂ ਨੇ ਜੰਗ ਬਲਕਾਨੀਆਂ ਵਿਚ ਤੁਰਕੀ ਨੂੰ ਨੁਕਸਾਨ ਪੁਜਾਇਆ ਸੀ। ਬਲਕਾਨੀਆਂ ਦੀ ਫੌਜ ਨੂੰ ਫਰੰਚਾਂ ਨੇ ਠੀਕ ਕੀਤਾ ਸੀ। ਅਤੇ ਉਨ੍ਹਾਂ ਦਾ ਜੰਗੀ ਬੇੜਾ ਇਕ ਅੰਗਰੇਜ਼ ਦੇ ਹੇਠ ਹੈ। ਹੁਣ ਤੁਰਕੀ ਜਰਮਨੀ ਦੀ ਮਦਦ ਨਾਲ ਅਪਨੀ ਤਾਕਤ ਨੂੰ ਵਧਾਉਣਾ ਚਾਹੁੰਦਾ ਹੈ। ਪਰ ਏਹ ਤਿੰਨੇ ਝਗੜਦੇ ਹਨ। ਜਰਮਨੀ ਬੀ ਅਪਨੇ ਬਪਾਰ ਦੇ ਹੱਕ ਮੰਗਦੀ ਹੈ। ਅਤੇ "ਬਗਦਾਦ" ਦੀ ਰੇਲ ਪਰ ਅਪਨਾ ਹੱਥ ਪਾਉਣਾ ਚਾਹੁੰਦਾ ਹੈ। ਏਸ ਵਕਤ ਤਾਂ ਦੂਜੀ ਗਵਰਮਿੰਟਾਂ ਦੇ ਬਰਖਲਾਫ਼ ਤੁਰਕੀ ਦੀ ਵਲ ਦਾ ਹੈ। ਬੱਸ ਹੁਣ ਜਰਮਨੀ ਅਫਸਰਾਂ ਦੇ ਆਉਂਦੇ ਹੀ ਦੂਜੀ ਗਵਰਮਿੰਟਾਂ ਨੇ ਰੌਲਾ ਪਾ ਦਿਤਾ ਕਿ ਤੁਰਕੀ ਉਨ੍ਹਾਂ ਦੇ ਅਫ਼ਸਰ ਨਾ ਲਵੇ। ਭਲਾ ਜੀ ਕਿਸੇ ਗਵਰਮਿੰਟ ਦੇ ਕੰਮਾਂ ਵਿਚ ਦੂਜਿਆਂ ਦਾ ਹੱਥ ਪਾਉਣਾ ਕੀ ਹੱਕ ਹੈ। ਯੂਰਪ ਦੇ ਆਪੋ ਵਿਚ ਝਗੜਿਆਂ ਵਿਚੋਂ ਏਸ਼ੀਆ ਨੂੰ ਹੁਣ ਫੈਦਾ ਹੈ। ਪਰ ਤੁਰਕੀ ਦੇ ਕੰਮ ਵਿਚ ਹੱਥ ਪਾਉਣ ਤੋਂ ਪਤਾ ਲਗ ਗਿਆ ਹੈ ਕਿ ਅੰਗਰੇਜ਼ਾਂ ਦੀ ਸ਼ੈਤਾਨੀ ਹੈ। ਏਸ਼ੀਆ ਦੀ ਸਾਰੀ ਕੌਮਾਂ ਨੂੰ ਜਾਗਣਾ ਚਾਹੀਦਾ ਹੈ। ਭਈ ਯੂਰਪ ਦੀ ਕੌਮਾਂ ਦੀ ਗੁਲਾਮੀ ਤੋਂ ਛੁਟ ਜਾਣ।

## ਤਵਾਰੀਖ .ਗਦਰ 1857
## ਲੇਖਕ ਬੀਰ ਸਵਰਕਰ

(ਦੇਖੋ ਪਿਛਾ ਪ੍ਰਚਾ): ਏਨੀ ਹੀ ਨਹੀਂ ਹੁਣ ਅੰਗਰੇਜ਼ਾਂ ਨੇ ਏਹ ਠਾਣ ਲਿਆ ਕਿ ਨਵੀਂ ਬੰਦੂਕਾਂ ਨਵੇਂ ਕਾਰਤੂਸਾਂ ਨੂੰ ਮੂੰਹ ਨਾਲ ਤੋੜ ਕੇ ਚਲਾਉਣ ਦਾ ਹੁਕਮ ਦਿਤਾ ਜਾਵੇ। ਜਗਾ ਜਗਾ ਕਾਰਤੂਸ ਬਣਾਉਣਦੇ ਕਾਰਖਾਨੇ ਖੋਲ੍ਹ ਦਿਤੇ। ਕਾਰਤੂਸਾਂ ਨੂੰ ਚਿਕਨੇ ਬਣਾਉਣ ਨੂੰ ਉਨ੍ਹਾਂ ਉਤੇ ਗਊ ਤੇ ਸੂਰ ਦੀ ਚਰਬੀ ਲਾ ਦਿਤੀ। ਏਸ ਬਾਤ ਦਾ ਪਤਾ ਲੋਕਾਂ ਨੂੰ ਲੱਗ ਗਿਆ। ਇਕ ਦਿਨ ਇਕ ਬਰਾਹਮਣ ਸਿਪਾਹੀ ਲੋਟੇ ਵਿਚ ਪਾਣੀ ਲਈ ਜਾਂਦਾ ਸੀ। ਤਦ ਇਕ ਭੰਗੀ ਨੇ ਉਸ ਤੋਂ ਪਾਣੀ ਮੰਗਿਆ। ਬਰਾਹਮਣ ਨੇ ਜਵਾਬ ਦਿਤਾ ਕਿ ਤੈਨੂੰ ਪਾਣੀ ਪਿਆ ਕੇ ਮੇਰਾ ਲੋਟਾ ਖਰਾਬ ਹੋ ਜਾਊਗਾ। ਤਾਂ ਪਿਆਸੇ ਭੰਗੀ ਨੇ ਜਵਾਬ ਦਿਤਾ ਕਿ ਰੱਸੀ ਬਲ ਗਈ ਪਰ ਵੱਟ ਨਾ ਜਲਿਆ। ਕੀ ਜਾਤ ਪਾਤ ਦਾ ਨਾਓ ਹੁਣ ਬੀ ਬਾਕੀ ਹੈ? ਕੀ ਤੁਹਾਨੂੰ ਮਲੂਮ ਨਹੀਂ? ਕਿ ਛੇਤੀ ਹੀ ਤੁਹਾਨੂੰ ਸੂਰ ਤੇ ਗਊ ਦੀ ਚਰਬੀ ਨਾਲ ਚੋਪੜੀਆਂ ਹੋਈਆਂ ਕਾਰਤੂਸਾਂ ਮੂੰਹ ਨਾਲ ਤੋੜਨੀਆਂ ਪੈਣਗੀਆਂ। ਛੇਕੜ ਏਹ ਬਾਤ ਸਭ ਥਾਈਂ ਫੈਲ ਗਈ। ਅੰਗਰੇਜ਼ ਅਫਸਰਾਂ ਨੇ ਐਵੇਂ ਝੂਠੇ ਹੁਕਮ ਭੇਜਣੇ ਸ਼ੁਰੂ ਕਰ ਦਿਤੇ ਕਿ ਕਾਰਤੂਸਾਂ ਵਿਚ ਭੇਡਾਂ ਤੇ ਬੱਕਰੀਆਂ ਦੀ ਚਰਬੀ ਹੈ। ਪਰ ਸਪਾਹੀਆਂ ਨੂੰ ਕਾਰਖਾਨੇ ਵਿਚ ਚਰਬੀ ਪੁਜਾਉਣ ਵਾਲੇ ਠੇਕੇਦਾਰਾਂ ਤੋਂ ਪਤਾ ਮਿਲ ਗਿਆ ਕਿ ਭੰਗੀ ਦੀ ਬਾਤ ਠੀਕ ਹੈ। ਅੰਗਰੇਜ਼ ਅਫ਼ਸਰ ਝੂਠੇ ਤੇ ਬੇਈਮਾਨ ਹਨ। ਉਨ੍ਹਾਂ ਦੇ ਹੁਕਮ ਤੋਂ ਬੀ ਸਾਬਤ ਹੋ ਗਿਆ ਕਿਉਂਕਿ ਕਿਤੇ ਤਾਂ ਆਖਦੇ ਸਨ ਕਿ ਭੇਡ ਤੇ ਬੱਕਰੀ ਦੀ ਚਰਬੀ ਹੈ, ਕਿਤੇ ਆਖਦੇ ਸਨ ਸੂਰ ਤੇ ਗਊ ਦੀ ਚਰਬੀ ਫੇਰ ਨਾ ਵਰਤਾਂਗੇ।

## ਦੂਜਾ ਭਾਗ

ਅੰਗਰੇਜ਼ਾਂ ਦੀ ਬੇਇਮਾਨੀ ਲੁਟਮਾਰ ਅਗੇ ਮਜ਼ਬੀ ਕੰਮਾਂ ਵਿਚ ਦਖ਼ਲ ਦੇਣ ਤੋਂ ਜਦ ਲੋਕ ਤੰਗ ਹੋ ਗਏ ਤਾਂ ਕੁਛ ਵਿਦਵਾਨ ਤੇ ਮਹਾਂਪੁਰਸ਼ਾਂ ਨੇ ਸੋਚਿਆ ਕਿ ਗ਼ਦਰ ਕਰਕੇ ਏਨਾਂ ਬਦਮਾਸ਼ਾਂ ਦੇ ਜ਼ੁਲਮ ਵਿਚੋਂ ਦੇਸ਼ ਦਾ ਛੁਟਕਾਰਾ ਕੀਤਾ ਜਾਵੇ। ਏਸ ਤੋਂ ਮਗਰੋਂ ਐਮਰੀਕਾ ਵਾਂਗ ਸੰਮਲਤ ਸੂਬੇ ਹਿੰਦੋਤਸਾਨ ਦੇ ਬਣਾਏ ਜਾਣ। ਰਾਜ ਵਿਚ ਹਿੰਦੂ ਮੁਸਲਮਾਨਾਂ ਦੇ ਹੱਕ ਇਕੋ ਜਿਹੇ ਹੋਣ। ਕੋਈ ਹਾਕਮ ਨਾ ਹੋਵੇਗਾ ਸਗੋਂ ਸਾਰੇ ਭਾਈ ਭਾਈ ਬਣ ਕੇ ਰੇਹਨਗੇ ਅਤੇ ਏਸ ਗ਼ਦਰ ਦੇ ਆਗੂ ਨਾਨਾ ਸਾਹਿਬ, ਰਾਣੀ ਝਾਂਸੀ, ਨਵਾਬ ਅਲੀ ਨਕੀ ਖਾਂ। ਬਾਦਸ਼ਾਹ ਬਹਾਦਰ ਸ਼ਾਹ ਅਤੇ ਮੌਲਵੀ ਐਹਮਦ ਸ਼ਾਹ ਸਨ।



ਜੋ ਚਿਤ ਪਰੇਮ ਖੇਲਣ ਦਾ ਚਾਓ ਸਿਰ ਧਰ ਤਲੀ ਗਲੀ ਮੇਰੀ ਆਓ

ਗ਼ਦਰ

ਯੁਗੰਤਰ ਆਸ਼ਰਮ ਸਾਨ ਫ਼ਰਾਂਸਿਸਕੋ। ੩੦ ਦਸੰਬਰ ੧੯੧੩।

ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ
ਮੋਟੀਆਂ ਮੋਟੀਆਂ ਬਾਤਾਂ

ਲੇਖਾਂ ਦੀ ਲੜੀ

ਤੁਰਕੀ ਦੀ ਫ਼ੌਜ
ਤਵਾਰੀਖ਼ ਗ਼ਦਰ

The Secretary
Yugantar Ashram
San Francisco

*ਪੰਜਾਬੀ 'ਗ਼ਦਰ' ਦੇ ਤੀਜੇ ਅੰਕ (30 ਦਸੰਬਰ 1913) ਦਾ ਪਹਿਲਾ ਸਫਾ*

ਨਾਨਾ ਸਾਹਿਬ ਨੂੰ 1828 ਵਿਚ ਬਾਜੀ ਰਾਓ, ਮਰਹੱਟਿਆ ਦੇ ਰਾਜੇ ਨੇ ਮੁਤਬੰਨਾਂ ਕਰ ਲਿਆ ਸੀ। ਉਸ ਵੇਲੇ ਉਸ ਦੀ ਉਮਰ ਢਾਈ ਸਾਲ ਦੀ ਸੀ। 1951 ਵਿਚ ਨਾਨਾ ਸਾਹਿਬ ਨੂੰ ਬਾਜੀ ਰਾਓ ਅਪਨੀ ਗੱਦੀ ਪਰ ਬਹਾ ਕੇ ਮਰ ਗਿਆ। ਪਰ ਅੰਗਰੇਜ਼ਾਂ ਨੇ ਨਾਨਾ ਸਾਹਿਬ ਦੇ ਹਕ ਨੂੰ ਨਾ ਮੰਨਿਆ ਅਤੇ ਉਸ ਦੀ ਅੱਠ ਲੱਖ ਸਾਲ ਦੀ ਪਿਨਸ਼ਨ ਜੇਹੜੀ ਅੰਗਰੇਜ਼ ਬਾਜੀ ਰਓ ਨੂੰ ਉਸ ਦੇ ਮੁਲਕ ਬਦਲੇ ਦਿੰਦੇ ਸੀ, ਦਬ ਲਈ ਤਾਂ ਨਾਨਾ ਸਾਹਿਬ (ਨੇ) ਆਪਣੇ ਵਜ਼ੀਰ ਅਜ਼ਮੀ ਉਲਾ ਨੂੰ ਅਪੀਲ ਕਰਨ ਵਾਸਤੇ ਭੇਜਿਆ ਅਤੇ ਲੱਖਾਂ ਰੁਪੈਆ ਅੰਗਰੇਜ਼ ਵਕੀਲਾਂ ਨੂੰ ਖੁਲਾ ਕੇ ਮੁਕੱਦਮਾ ਚਲਵਾਇਆ ਪਰ ਕਿਸੇ ਨੇ ਕੁਝ ਨਾ ਸੁਣਿਆ। ਅਜ਼ੀਮ ਉਲਾ ਖਾਂ ਏਸ ਬੇਈਮਾਨੀ ਤੋਂ ਹੈਰਾਨ ਰਹਿ ਗਿਆ। ਅਤੇ ਅੰਗਰੇਜ਼ਾਂ ਦੇ ਹੱਥਾਂ ਵਿਚੋਂ ਮੁਲਕ ਨੂੰ ਕੱਢਣ ਦੀ ਖਾਤਰ ਦੂਜੀ ਯੂਰਪ ਦੀ ਕੌਮਾਂ ਦਾ ਪਤਾ ਲਾਉਂਦਾ ਹੋਇਆ 1854 ਵਿਚ ਵਾਪਸ ਦੇਸ਼ ਆਇਆ। ਨਾਨਾ ਸਾਹਿਬ ਨੇ ਕਿਹਾ ਜੇ ਅੰਗਰੇਜ਼ ਪਿਨਸ਼ਨ ਨਹੀਂ ਦਿੰਦੇ ਤਾਂ ਸਾਡਾ ਰਾਜ ਵਾਪਸ ਦੇ ਦੇਣਾ ਹੋਵੇਗਾ।

ਰਾਣੀ ਝਾਂਸੀ ਭੀ ਏਸੇ ਮੁਸੀਬਤ ਵਿਚ ਸੀ। 1853 ਵਿਚ ਝਾਂਸੀ ਦਾ ਰਾਜਾ ਬੇ ਉਲਾਦ ਮਰ ਗਿਆ। ਰਾਣੀ ਨੇ ਝਟ ਏਕ ਲੜਕੇ ਨੂੰ ਮੁਤਬੰਨਾ ਕਰਕੇ ਗੱਦੀ ਉਤੇ ਬਿਠਾ ਦਿਤਾ। ਅੰਗਰੇਜ਼ਾਂ ਨੇ ਉਸ ਨੂੰ ਗੱਦੀ ਤੋਂ ਉਤਾਰ ਕੇ ਆਪ ਰਿਆਸਤ ਸੰਭਾਲ ਲਈ। ਅਤੇ ਆਪ ਮਾਲਕ ਬਣ ਬੈਠੇ। ਰਾਣੀ ਝਾਂਸੀ ਦੀ ਉਮਰ ਉਸ ਵਕਤ ਕੁਲ 18 ਸਾਲ ਦੀ ਸੀ। ਪਰ ਉਹ ਬੜੀ ਅਕਲਮੰਦ ਸੀ। ਉਸ ਨੇ ਸੋਚਿਆ ਅੰਗਰੇਜ਼ ਵਕੀਲਾਂ ਨੂੰ ਪੈਸਾ ਖੁਲਾ ਕੇ ਅਪੀਲਾਂ ਕਰਨ ਨਾਲ ਕੁਛ ਨਹੀਂ ਬਨੂਗਾ, ਬਸ ਅਪਨੇ ਰਾਜ ਦੇ ਵਾਪਸ ਲੈਣ ਦਾ ਇਲਾਜ ਗ਼ਦਰ ਹੈ। ਅੰਗਰੇਜ਼ਾਂ ਦੇ ਲਹੂ ਬਹਾਉਣ ਬਿਨਾਂ ਕੁਛ ਨਾ ਬਣੂਗਾ। ਬਸ ਫੇਰ ਕੀ ਸੀ। ਝੱਟ ਸ਼ੇਰ ਔਰਤ ਨੇ ਅਪਨੇ ਦਿਲ ਵਿਚ ਗ਼ਦਰ ਦੀ ਲੜਾਈ ਦਾ ਠਾਣ ਠਾਨ ਕੇ ਨਾਨਾ ਸਾਹਿਬ ਨਾਲ ਖਤ ਪੱਤਰ ਸ਼ੁਰੂ ਕਰ ਦਿਤੇ। ਅੰਗਰੇਜ਼ਾਂ ਹਿਕ ਦੇ ਜ਼ੋਰ ਨਾਲ 1856 ਵਿਚ ਅਵਧ ਉਤੇ ਕਬਜ਼ਾ ਕਰ ਲਿਆ। ਅਤੇ ਵਾਜ਼ਦ ਅਲੀ ਸ਼ਾਹ ਤੇ ਉਸ ਦੇ ਵਜ਼ੀਰ ਅਲੀ ਨਕੀ ਖਾਂ ਨੂੰ ਕੈਦ ਕਰਕੇ ਕਲਕੱਤੇ ਭੇਜ ਦਿਤਾ।

## ਗਦਰ ਪਰਚਾਰ

ਗ਼ਦਰ ਦੀ ਫਤੇ ਖਾਤਰ ਦੋ ਬਾਤਾਂ ਦੀ ਲੋੜ ਹੈ। ਪਹਿਲਾਂ ਤਾਂ ਲੋਕਾਂ ਵਿਚ ਅਜ਼ਾਦੀ ਦੀ ਚਾਹ ਪੈਦਾ ਕਰਨੀ ਚਾਹੀਦੀ ਹੈ ਅਤੇ ਫੇਰ ਉਸ ਦੀ ਖਾਤਰ ਸਾਰੇ ਮੁਲਕ ਵਿਚ ਲੜਾਈ ਛੇੜ ਦਿਤੀ ਜਾਵੇ। ਏਹ ਸਾਰਾ ਕੰਮ ਚੋਰੀ ਚੋਰੀ ਕੀਤਾ ਜਾਵੇ। ਤੇ ਅੰਗਰੇਜ਼ਾਂ ਨੂੰ ਏਸ ਦਾ ਪਤਾ ਬੀ ਨਾ ਲੱਗੇ। ਬਸ ਗ਼ਦਰ ਪਰਚਾਰ ਸ਼ੁਰੂ ਹੋ ਗਿਆ ਅਤੇ ਪ੍ਰਚਾਰ ਤਿੰਨ ਤਰ੍ਹਾਂ ਦੇ ਸਨ।

ਅਸੀਂ ਪਹਿਲਾਂ ਕਹਿ ਚੁੱਕੇ ਹਾਂ ਕਿ ਹਿੰਦੋਤਸਾਨ ਦਾ ਤੀਜਾ ਹਿੱਸਾ ਅਜੇ ਰਾਜਿਆਂ ਤੇ ਨਵਾਬਾਂ ਦੇ ਹੇਠ ਸੀ। ਏਨਾ ਰਾਜਿਆਂ ਪਾਸ ਚੋਰੀ ਕਾਸਦ ਭੇਜੇ ਗਏ। ਅਤੇ ਉਨ੍ਹਾਂ ਨੂੰ ਸਾਫ਼ ਦੱਸ ਦਿਤਾ ਕਿ ਅੰਗਰੇਜ਼ ਕਿਸੇ ਬਹਾਨੇ ਸਾਰੀ ਰਿਆਸਤਾਂ ਪਰ ਕਬਜ਼ਾ ਕਰਨਾ ਚਹੁੰਦੇ ਹਨ। ਜੇ ਹੁਣ ਗ਼ਦਰ ਨਾ ਕੀਤਾ ਗਿਆ ਤਾਂ ਬੜੇ ਬੜੇ ਰਾਜੇ ਦਰ ਦਰ ਭੀਖ ਮੰਗਦੇ ਫਿਰਨਗੇ। ਬਹੁਤ ਸਮਝਦਾਰ ਰਾਜੇ ਗ਼ਦਰ ਦਾ ਪੱਖ ਕਰਨ ਲਗ ਪਏ ਅਤੇ ਬਾਦਸ਼ਾਹ ਬਹਾਦੁਰ ਸ਼ਾਹ ਦੇ ਮੈਹਲਾਂ ਵਿਚ ਖੁਲਮ ਖੁਲਾ ਗ਼ਦਰ ਦੇ ਮਤਲਕ ਸਭਾ ਹੋਣ ਲੱਗ ਪਈਆਂ ਤੇ ਸ਼ਾਹਜਾਦੇ ਫਰੰਗੀਆਂ ਨੂੰ ਬੁਰੀ ਨਜ਼ਰ ਨਾਲ ਦੇਖਣ ਲੱਗ ਪਏ।

ਅੰਗਰੇਜ਼ਾਂ ਦੀ ਹਿੰਦੋਤਸਤਾਨੀ ਫੌਜ ਵਿਚ ਬਹੁਤ ਪ੍ਰਚਾਰ ਹੋਇਆ। ਵਜ਼ੀਰ ਅਲੀ ਨਕੀ ਖਾਂ ਨੇ ਬੰਗਾਲ ਦੀ ਫੌਜ ਨੂੰ ਬੈਗਾੜ ਦਿੱਤਾ। ਅਤੇ ਉਨ੍ਹਾਂ ਨੇ ਫਕੀਰ ਅਤੇ ਸਾਧੂਆਂ ਦੇ ਭੇਸ ਵਿਚ ਗ਼ਦਰ ਦੇ ਉਪਦੇਸ਼ ਨੂੰ ਤਿਆਰ ਕਰਕੇ ਪਰਚਾਰ ਦੀ ਖਾਤਰ ਭੇਜਿਆ। ਉਪਦੇਸ਼ ਸੁਣ ਕੇ ਸਿਪਾਹੀ ਅੰਗਰੇਜ਼ਾਂ ਨੂੰ ਗਾਲਾਂ ਦੇਣ ਲੱਗ ਪਏ ਤੇ ਲੜਾਈ ਦੀ ਖਾਤਰ ਤਿਆਰ ਹੋ ਗਏ।

*(ਸਮਾਪਤ)*

## ਸਾਡੀਆਂ ਰਸਮਾਂ ਸਾਡੇ ਗੀਤ



ਨੀਲਮ ਸੈਣੀ
ਫੋਨ: 510-502-0551

# ਘੋੜੀਆਂ

***ਨੀਲਮ ਸੈਣੀ ਦੀ ਕਾਨੀ ਨੇ ਪੰਜਾਬੀ ਸਭਿਆਚਾਰ ਨਾਲ ਗੜੁੂੰਦ 'ਸਾਡੀਆਂ ਰਸਮਾਂ ਸਾਡੇ ਗੀਤ' ਦੀ ਰਚਨਾ ਕੀਤੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਠਾਠਾਂ ਮਾਰ ਰਿਹਾ ਹੈ। ਪੰਜਾਬੀ ਜੀਵਨ ਦਾ ਪਲ-ਪਲ ਲੋਕ ਗੀਤਾਂ ਵਿਚ ਪਰੋਇਆ ਮਿਲਦਾ ਹੈ ਅਤੇ ਰਸਮਾਂ-ਰਿਵਾਜ਼ਾਂ ਨੂੰ ਪ੍ਰਨਾਏ ਲੋਕ ਗੀਤ ਸਾਡੇ ਸਭਿਆਚਾਰ ਦਾ ਸਰਮਾਇਆ ਹਨ। ਲਿਖਾਰੀ ਨੇ ਇਨ੍ਹਾਂ ਰੀਤਾਂ ਦੇ ਪ੍ਰਸੰਗ ਵਿਚ ਲੋਕ ਗੀਤਾਂ ਬਾਰੇ ਸੱਦ ਲਾਈ ਹੈ ਜਿਹੜੇ ਵੱਖ-ਵੱਖ ਮੌਕਿਆਂ 'ਤੇ ਸਾਡੇ ਸਮਾਗਮਾਂ ਦਾ ਸ਼ਿੰਗਾਰ ਵੀ ਬਣਦੇ ਹਨ। ਇਸ ਵਾਰ ਲਿਖਾਰੀ ਨੇ ਵਿਆਹ ਮੌਕੇ ਗਾਈਆਂ ਜਾਂਦੀਆਂ ਘੋੜੀਆਂ ਬਾਰੇ ਤਫਸੀਲ ਦਿੱਤੀ ਹੈ। -ਸੰਪਾਦਕ***

ਵਿਆਹ ਵਾਲੇ ਘਰ ਮੁੰਡੇ ਲਈ ਗਾਏ ਜਾਣ ਵਾਲੇ ਸ਼ਗਨਾਂ ਦੇ ਗੀਤ ਘੋੜੀਆਂ ਅਖਵਾਉਂਦੇ ਹਨ। ਇਨ੍ਹਾਂ ਨੂੰ ਜੱਸ ਗੀਤ ਵੀ ਕਿਹਾ ਜਾਂਦਾ ਹੈ। ਪਹਿਲੇ ਸਮਿਆਂ ਵਿਚ ਰਾਤ ਨੂੰ ਬਕਾਇਦਾ ਗਾਉਣ ਦਾ ਸੱਦਾ ਦਿੱਤਾ ਜਾਂਦਾ ਸੀ। ਰਾਤ ਨੂੰ ਸਭ ਚਾਚੀਆਂ-ਤਾਈਆਂ, ਮਾਮੀਆਂ-ਮਾਸੀਆਂ, ਭੈਣਾਂ-ਭਰਜਾਈਆਂ ਮਿਲ ਕੇ ਘੋੜੀਆਂ ਗਾਉਂਦੀਆਂ ਸਨ।

ਵਿਆਹ ਵਾਲੇ ਦਿਨ ਵਿਆਹ ਵਾਲਾ ਮੁੰਡਾ ਘੋੜੀ 'ਤੇ ਚੜ੍ਹਾਇਆ ਜਾਂਦਾ ਸੀ। ਇਸੇ ਕਰ ਕੇ ਮੁੰਡੇ ਦੇ ਵਿਆਹ ਵਾਲੇ ਗੀਤਾਂ ਨੂੰ ਘੋੜੀਆਂ ਕਿਹਾ ਜਾਂਦਾ ਹੈ। ਇਨ੍ਹਾਂ ਘੋੜੀਆਂ ਵਿਚ ਘੋੜੀ ਦਾ ਮੁੱਲ ਪਾਇਆ ਅਤੇ ਤਾਰਿਆ ਜਾਂਦਾ ਸੀ। ਇਨ੍ਹਾਂ ਘੋੜੀਆਂ ਵਿਚ ਘੋੜੀ ਦੇ ਖ਼ਰੀਦਦਾਰ ਅਕਸਰ ਲਾੜੇ ਦੇ ਵਡੇਰੇ, ਭਾਵ ਬਾਬਾ, ਨਾਨਾ, ਬਾਪ, ਮਾਮਾ, ਚਾਚਾ ਅਤੇ ਤਾਇਆ ਆਦਿ ਹੁੰਦੇ ਸਨ। ਘੋੜੀ ਦੀਆਂ ਸਿਫ਼ਤਾਂ ਕੀਤੀਆਂ ਜਾਂਦੀਆਂ। ਸਿਹਰਾ ਗੁੰਦਣ ਦਾ ਜ਼ਿਕਰ ਹੁੰਦਾ। ਲਾਗੀਆਂ ਦੇ ਲਾਗਾਂ ਦੀ ਸਿਫ਼ਤ ਹੁੰਦੀ ਸੀ। ਸ਼ਗਨਾਂ ਦੀ ਵਿਸਥਾਰ ਸਹਿਤ ਵਿਆਖਿਆ ਹੁੰਦੀ ਸੀ। ਭੈਣਾਂ ਵਲੋਂ ਸਹੁਰੇ ਘਰ ਢੁੱਕਣ ਉਪਰੰਤ ਵੀਰ ਲਈ ਧਿਆਨ ਦੇਣ ਯੋਗ ਹਦਾਇਤਾਂ ਹੁੰਦੀਆਂ ਸਨ। ਖ਼ੁਸ਼ੀ ਦਾ ਪ੍ਰਗਟਾਵਾ ਹੁੰਦਾ ਸੀ। ਘਰ ਵਿਚ ਨਵਾਂ ਮੈਂਬਰ ਆਉਣ ਦਾ ਚਾਅ ਹੁੰਦਾ ਸੀ। ਨਵੀਂ ਬੰਨੋ ਦੇ ਰੂਪ ਅਤੇ ਹੁਸਨ ਦਾ ਚਰਚਾ ਹੁੰਦਾ ਸੀ। ਉਸ ਦੇ ਜ਼ੇਵਰਾਂ ਅਤੇ ਵਰੀ ਦੀ ਦਿਲ ਖੋਲ੍ਹ ਕੇ ਸਿਫ਼ਤ ਹੁੰਦੀ ਸੀ।

ਇਨ੍ਹਾਂ ਘੋੜੀਆਂ ਵਿਚ ਵਿਆਂਦੜ ਮੁੰਡੇ ਦੇ ਘਰ ਦਾ ਰੁਤਬਾ ਉਚਾ ਦਰਸਾਇਆ ਜਾਂਦਾ ਸੀ। ਉਸ ਦੇ ਸਕੇ ਸੰਬੰਧੀਆਂ ਦੀ ਭਰਵੀਂ ਵਡਿਆਈ ਕੀਤੀ ਜਾਂਦੀ ਸੀ। ਇਸ ਰਸਮ ਦਾ ਮਹੱਤਵ ਵੀ ਸਦਭਾਵਨਾ, ਭਾਈਚਾਰਕ ਸਾਂਝ, ਰਿਸ਼ਤਿਆਂ ਦਾ ਮਹੱਤਵ ਸਮਝਾਉਣ ਦੇ ਨਾਲ-ਨਾਲ ਮਨੋਰੰਜਨ ਕਰਨਾ ਸੀ । ਇਥੇ ਜ਼ਿਕਰਯੋਗ ਹੈ ਕਿ ਜਿਥੇ ਘਰ ਦੀਆਂ ਔਰਤਾਂ ਰਾਤ ਨੂੰ ਨੱਚਦੀਆਂ-ਗਾਉਂਦੀਆਂ ਆਪਣਾ ਮਨੋਰੰਜਨ ਕਰਦੀਆਂ ਸਨ, ਉਥੇ ਮਰਦ ਵੀ ਕਿਸੇ ਬੈਠਕ ਜਾਂ ਦਲਾਨ ਵਿਚ ਬੈਠੇ ਪੀਣ-ਪਿਲਾਉਣ ਵਿਚ ਮਸਤ ਹੁੰਦੇ ਸਨ। ਇਹ ਰਸਮ ਅਜੇ ਵੀ ਹੋ ਰਹੀ ਹੈ। ਪਰਦੇਸਾਂ ਵਿਚ ਮੁੰਡੇ ਵਾਲ਼ੇ ਘਰ ਵੀ 'ਲੇਡੀ ਸੰਗੀਤ' ਹੀ ਰੱਖਿਆ ਜਾਂਦਾ ਹੈ। ਇਸ ਮੌਕੇ ਕੁੱਝ ਘੋੜੀਆਂ ਅਤੇ ਢੋਲਕੀ ਦੇ ਗੀਤ ਗਾਉਣ ਤੋਂ ਬਾਅਦ ਡੀ.ਜੇ. ਚੱਲਦਾ ਹੈ। ਸਮੂਹਿਕ ਰੂਪ ਵਿਚ ਡਾਂਸ ਕੀਤਾ ਜਾਂਦਾ ਹੈ।

***ਘੋੜੀ ਤਾਂ ਮੇਰੇ ਵੀਰ ਦੀ***

ਘੋੜੀ ਤਾਂ ਮੇਰੇ ਵੀਰ ਦੀ,
ਨੀ ਬਿੰਦ੍ਰਾ ਵਣ ਵਿਚੋਂ ਆਈ।
ਆਉਂਦੀ ਮਾਤਾ ਨੇ ਰੋਕ ਲਈ,
ਦੇ ਜਾ ਢੋਲ ਧਰਾਈ।
ਜੋ ਕੁਝ ਮੰਗਣਾ ਮੰਗ ਲਾ,
ਨੀ ਮਾਤਾ ਦੇਰ ਨਾ ਲਾਈਂ।
ਸਵਾ ਰੁਪਈਆ ਰੋਕ ਦਾ,
ਰੱਖ ਜਾ ਢੋਲ ਧਰਾਈ।

***ਧੁਰ ਮੁਲਤਾਨੋਂ ਘੋੜੀ ਆਈ ਵੀਰਾ***

ਧੁਰ ਮੁਲਤਾਨੋਂ ਘੋੜੀ ਆਈ ਵੀਰਾ,
ਕਿਨ ਮੰਗੀ ਕਿਨ ਮੰਗਾਈ ਭੈਣੋਂ।
ਪੋਤੇ ਮੰਗੀ ਬਾਬੇ ਮੰਗਾਈ ਵੀਰਾ,
ਇਸ ਘੋੜੀ ਦਾ ਕੀ ਆ ਮੁੱਲ ਭੈਣੋਂ।
ਇਕ ਲੱਖ ਆ ਡੇਢ ਹਜ਼ਾਰ ਵੀਰਾ,
ਲੱਖ ਦਏਗਾ ਲਾੜੇ ਦਾ ਬਾਬਾ ਭੈਣੋਂ।

***ਸਿਰ ਬੰਨਿਆਂ ਤੇਰੇ ਚੀਰਾ ਰੇ ਬਣਦਾ***

ਸਿਰ ਬੰਨਿਆਂ ਤੇਰੇ ਚੀਰਾ ਰੇ ਬਣਦਾ,
ਤੇਰੇ ਚੀਰੇ ਨੇ ਤੇਰੀ ਕਲਗੀ ਨੇ,
ਬਿੰਦ੍ਰਾ ਵਣ ਮੋਹਿਆ।
ਮਾਏਂ ਨੀ ਰੰਗ ਕੇਸਰ ਡੋਲ੍ਹਾਂ,
ਕੇਸਰ ਡੋਲ੍ਹਾਂ, ਮੈਂ ਰੰਗ ਵਰੋਲਾਂ।
ਹਾਂ ਨੀ! ਇਹ ਕੇਸਰ, ਹਾਂ ਨੀ! ਇਹ ਵਟਣਾ!
ਭਾਈਆਂ ਪਿਆਰੇ ਦੇ ਲਾਇਓ।
ਮਾਏਂ ਨੀ ਰੰਗ ਕੇਸਰ ਡੋਲ੍ਹਾਂ,
ਗ਼ਲ ਬੰਨਿਆਂ ਤੇਰੇ ਵਰਦੀ ਵੇ ਬਣਦੀ,
ਤੇਰੀ ਵਰਦੀ ਨੇ, ਤੇਰੇ ਬਟਨਾਂ ਨੇ,
ਬਿੰਦ੍ਰਾ ਵਣ ਮੋਹਿਆ।

***ਘੋੜੀ ਚੜ੍ਹ ਬੰਨਿਆ***

ਘੋੜੀ ਚੜ੍ਹ ਬੰਨਿਆ ਤੈਨੂੰ ਬਾਬਾ ਬੁਲਾਵੇ,
ਮੈਂ ਸਦਕੇ ਵੀਰਾ ਦਾਦੀ ਸ਼ਗਨ ਮਨਾਵੇ,
ਮੈਂ ਸਦਕੇ ਵੀਰਾ ਦਾਣਾ ਮੋਤੀਆਂ ਦਾ ਖਾਵੇ।
ਘੋੜੀ ਚੜ੍ਹ ਬੰਨਿਆ ਤੈਨੂੰ ਬਾਪ ਬੁਲਾਵੇ,
ਮੈਂ ਸਦਕੇ ਵੀਰਾ ਮਾਤਾ ਸ਼ਗਨ ਮਨਾਵੇ,
ਮੈਂ ਸਦਕੇ ਵੀਰਾ ਦਾਣਾ ਮੋਤੀਆਂ ਦਾ ਖਾਵੇ।
ਘੋੜੀ ਚੜ੍ਹ ਬੰਨਿਆ ਤੈਨੂੰ ਮਾਮਾ ਬੁਲਾਵੇ,
ਮੈਂ ਸਦਕੇ ਵੀਰਾ ਮਾਮੀ ਸ਼ਗਨ ਮਨਾਵੇ,
ਮੈਂ ਸਦਕੇ ਵੀਰਾ ਦਾਣਾ ਮੋਤੀਆਂ ਦਾ ਖਾਵੇ।
ਘੋੜੀ ਚੜ੍ਹ ਬੰਨਿਆ ਤੈਨੂੰ ਵੀਰਾ ਬੁਲਾਵੇ,
ਮੈਂ ਸਦਕੇ ਵੀਰਾ ਭਾਬੋ ਸ਼ਗਨ ਮਨਾਵੇ,
ਮੈਂ ਸਦਕੇ ਵੀਰਾ ਦਾਣਾ ਮੋਤੀਆਂ ਦਾ ਖਾਵੇ।

***ਨੀਲੀ ਸੀ ਘੋੜੀ***

ਨੀਲੀ ਸੀ ਘੋੜੀ, ਲਾਲ ਵਛੇਰਾ।
ਬੰਨ੍ਹੀਂ ਵੇ ਲਾੜਿਆ! ਬਾਬੇ ਦੇ ਬਾਗੀਂ।
ਬਾਬੇ ਦੇ ਬਾਗੀਂ, ਦਾਦੀ ਦੀ ਡਿਓੜੀ।
ਨੀਲੀ ਸੀ ਘੋੜੀ, ਲਾਲ ਵਛੇਰਾ।

***ਬੰਨਰਾ***

ਚੀਰਾ ਪਹਿਨ ਕੇ ਬੰਨਰਾ,
ਨੀ ਜਾਂਦਾ ਮਾਤਾ ਦੇ ਵਿਹੜੇ।
ਨੀ ਜਾਂਦਾ ਮਾਤਾ ਦੇ ਵਿਹੜੇ,
ਨੀ ਪਾਉਂਦਾ ਪੰਜ-ਸੱਤ ਫ਼ੇਰੇ।
ਨੀ ਸਈਆਂ ਪੁੱਛਣ ਲੱਗੀਆਂ,
ਨੀ ਇਹ ਕੀ ਲੱਗਦਾ ਤੇਰਾ।
ਇਹ ਮੇਰੇ ਨੱਕ ਦੀ ਤੀਲੀ,
ਨੀ ਸੁੱਚੇ ਲੌਂਗ ਦਾ ਮੋਤੀ।

***ਵੀਰਾ ਘੋੜੀ ਆਈ***

ਵੀਰਾ ਘੋੜੀ ਆਈ ਤੇਰੇ ਚੜ੍ਹਨੇ ਨੂੰ,
ਆਪਣੀ ਦਾਦੀ ਮੰਗਵਾ ਲਾ,
ਪੂਰੇ ਸ਼ਗਨ ਕਰਨੇ ਨੂੰ।
ਆਪਣਾ ਬਾਬਾ ਮੰਗਵਾ ਲਾ,
ਦੰਮਾਂ ਬੋਰੀ ਫੜਨੇ ਨੂੰ।
ਵੀਰਾ ਘੋੜੀ ਆਈ ਤੇਰੇ ਚੜ੍ਹਨੇ ਨੂੰ,
ਆਪਣੀ ਮਾਤਾ ਮੰਗਵਾ ਲਾ,
ਪੂਰੇ ਸ਼ਗਨ ਕਰਨੇ ਨੂੰ।

***ਵਰਦੀ ਪਹਿਨੋਂ ਵੀਰਾ ਜੀ***

ਵਰਦੀ ਪਹਿਨੋਂ ਵੀਰਾ ਜੀ
ਕਿ ਅੱਜ ਤੁਸੀਂ ਸਹੁਰੇ ਜਾਣਾ।
ਜੇਬੀਂ ਪਾ ਲਓ ਵੀਰਾ ਜੀ
ਕਿ ਲੌਂਗ ਲਾਚੀ ਦਾਣਾ।
ਉਹ ਕੀ ਕਰਨਾ ਭੈਣੇਂ ਨੀ,
ਲੌਂਗ ਲਾਚੀ ਦਾਣਾ।
ਸਾਲੀਆਂ ਮੰਗਦੀਆਂ ਵੀਰਾ ਜੀ
ਕਿ ਲੌਂਗ ਲਾਚੀ ਦਾਣਾ।
ਲੌਂਗ ਦੇਣਾ ਵੀਰਾ ਜੀ
ਕਿ ਲਾਚੀਆਂ ਮੋੜ ਲਿਆਉਣਾ।

***ਘੋੜਾ ਮੰਗਾਇਆ ਵੀਰਾ***

ਘੋੜਾ ਮੰਗਾਇਆ ਵੀਰਾ,
ਤੇਰੀ ਵੇ ਰੀਝ ਦਾ, ਤੇਰੀ ਦਲੀਲ ਦਾ,
ਚੜ੍ਹਨੇ ਦੇ ਵੇਲ਼ੇ ਹਾਜ਼ਰ ਹੋਣਾ ਵੀਰਾ।
ਚੜ੍ਹਨੇ ਦੇ ਵੇਲ਼ੇ ਭੈਣੇਂ ਨੌਕਰ ਸਰਕਾਰ ਦਾ,
ਮੇਰਾ ਪਹਿਰਾ ਸੀ ਰਾਤ ਦਾ,
ਬੰਗਲੇ ਦੇ ਮੂਹਰੇ ਹਾਜ਼ਰ ਹੋਣਾ ਭੈਣੇਂ।
ਵੇ ਵੀਰਾ ਕਾਲੜੀਆਂ ਘਟਾਵਾਂ,
ਵੇ ਚੜ੍ਹ ਆਈਆਂ ਚੁਫ਼ੇਰੇ,
ਭਾਵੇਂ ਮੀਂਹ ਵਰੇਸੇ, ਗਲੀਏ ਚਿੱਕੜ ਹੋਵੇ,
ਜੰਞੀ ਚੜ੍ਹਨਾ ਸਵੇਰੇ।
ਵੇ ਵੀਰਾ ਭਿੱਜ ਜਾਊਗਾ ਜੋੜਾ,
ਵੇ ਵੀਰਾ ਭਿੱਜ ਜਾਊਗਾ ਘੋੜਾ,
ਸੂਹਿਆਂ ਵਾਲੀ ਦਾ ਡੋਲ਼ਾ।
ਦੰਮਾਂ ਦੀ ਬੋਰੀ ਤੇਰਾ ਬਾਬਾ ਫੜੇ।
ਦੰਮਾਂ ਦੀ ਬੋਰੀ ਤੇਰਾ ਬਾਬਾ ਫੜੇ।

***ਘੋੜੀ ਰਾਂਗਲੀ ਸਹੀਓ***

ਨੀ ਘੋੜੀ ਰਾਂਗਲੀ ਸਹੀਓ!
ਘੋੜੀ ਬਾਬੇ ਵਿਹੜੇ ਜਾਹ।
ਘੋੜੀ ਚਰਦੀ ਹਰਾ ਘਾਹ।
ਘੋੜੀ ਪੀਂਦੀ ਠੰਢਾ ਨੀਰ।
ਘੋੜੀ ਚੜ੍ਹੇ ਸੁਹਣਾ ਵੀਰ।
ਨੀ ਘੋੜੀ ਰਾਂਗਲੀ ਸਹੀਓ!
ਘੋੜੀ ਬਾਪੂ ਵਿਹੜੇ ਜਾਹ।
ਘੋੜੀ ਚਰਦੀ ਹਰਾ ਘਾਹ।
ਘੋੜੀ ਪੀਂਦੀ ਠੰਢਾ ਨੀਰ।
ਘੋੜੀ ਚੜ੍ਹੇ ਸੁਹਣਾ ਵੀਰ।
ਨੀ ਘੋੜੀ ਰਾਂਗਲੀ ਸਹੀਓ!

***ਲਟਕੇਂਦੇ ਵਾਲ ਸੁਹਣੇ ਦੇ***

ਜਦੋਂ ਲੱਗਿਆ ਵੀਰਾ ਤੈਨੂੰ ਮਾਈਆਂ ਵੇ,
ਤੇਰੀ ਮਾਂ ਨੂੰ ਮਿਲਣ ਵਧਾਈਆਂ ਵੇ।
ਲਟਕੇਂਦੇ ਵਾਲ ਸੁਹਣੇ ਦੇ!
ਸੁਹਣਿਆਂ ਵੀਰਾ ਵੇ ਤੈਨੂੰ ਘੋੜੀ ਚੜ੍ਹੇਂਨੀ ਆਂ।
ਜਦ ਚੜ੍ਹਿਆ ਵੀਰਾ ਘੋੜੀ ਵੇ,
ਤੇਰੇ ਨਾਲ ਭਰਾਵਾਂ ਦੀ ਜੋੜੀ ਵੇ।
ਲਟਕੇਂਦੇ ਵਾਲ ਸੁਹਣੇ ਦੇ!
ਸੁਹਣਿਆਂ ਵੀਰਾ ਵੇ ਤੈਨੂੰ ਘੋੜੀ ਚੜ੍ਹੇਂਨੀ ਆਂ।
ਮੇਰੇ ਚੰਨ ਨਾਲੋਂ ਸੁਹਣਿਆਂ ਵੀਰਾ ਵੇ,
ਤੇਰੇ ਸਿਰ 'ਤੇ ਸਜੇ ਸੁਹਣਾ ਚੀਰਾ ਵੇ।
ਲਟਕੇਂਦੇ ਵਾਲ ਸੁਹਣੇ ਦੇ!
ਸੁਹਣਿਆਂ ਵੀਰਾ ਵੇ ਤੈਨੂੰ ਘੋੜੀ ਚੜ੍ਹੇਂਨੀ ਆਂ।



ਜਦ ਚੜ੍ਹਿਆ ਵੀਰਾ ਖਾਰੇ ਵੇ,
ਤੇਰਾ ਬਾਪ ਰੁਪਈਏ ਵਾਰੇ ਵੇ।
ਲਟਕੇਂਦੇ ਵਾਲ ਸੁਹਣੇ ਦੇ!
ਸੁਹਣਿਆਂ ਵੀਰਾ ਵੇ ਤੈਨੂੰ ਘੋੜੀ ਚੜ੍ਹੇਂਨੀ ਆਂ।
ਜਦ ਲਈਆਂ ਵੀਰਾ ਲਾਵਾਂ ਵੇ,
ਤੇਰੇ ਕੋਲ ਖਲੋਤੀਆਂ ਗਾਵਾਂ ਵੇ।
ਲਟਕੇਂਦੇ ਵਾਲ ਸੁਹਣੇ ਦੇ!
ਸੁਹਣਿਆਂ ਵੀਰਾ ਵੇ ਤੈਨੂੰ ਘੋੜੀ ਚੜ੍ਹੇਂਨੀ ਆਂ।
ਜਦ ਲਿਆਂਦੀ ਵੀਰਾ ਡੋਲੀ ਵੇ,
ਤੇਰੀ ਡੋਲੀ ਵਿਚ ਮਮੋਲੀ ਵੇ।
ਲਟਕੇਂਦੇ ਵਾਲ ਸੁਹਣੇ ਦੇ!
ਸੁਹਣਿਆਂ ਵੀਰਾ ਵੇ ਤੈਨੂੰ ਘੋੜੀ ਚੜ੍ਹੇਂਨੀ ਆਂ।

***ਤੇਰੀ ਘੋੜੀ ਸਾਡੇ ਦਰਵਾਜ਼ੇ ਖੜ੍ਹੀ***

ਮੱਲਾ ਤੇਰੀ ਘੋੜੀ ਸਾਡੇ ਦਰਵਾਜ਼ੇ ਖੜ੍ਹੀ,
ਤੇਰੇ ਬਾਬੇ ਹਜ਼ਾਰੀ ਨੇ ਮੁੱਲ ਲਈ।
ਤੇਰੀ ਦਾਦੀ ਰਾਣੀ ਵਾਰੇ ਮੋਤੀਆਂ ਦੀ ਲੜੀ,
ਮੋਤੀਆਂ ਦੀ ਲੜੀ-ਹੀਰਿਆਂ 'ਨਾ ਜੜੀ।

***ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ***

ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ,
ਚਾਂਦੀ ਦੇ ਪੈਂਖੜ ਪਾਏ ਰਾਮਾ,
ਬਾਬਾ ਵਿਆਹੁਣ ਪੋਤੇ ਨੂੰ ਚੱਲਿਆ,
ਲੱਠੇ ਨੇ ਖੜ-ਖੜ ਲਾਈ ਰਾਮਾ।

***ਨਿੱਕੀ ਨਿੱਕੀ ਬੂੰਦੇ***

ਨਿੱਕੀ ਨਿੱਕੀ ਬੂੰਦੇ,
ਵੇ ਨਿੱਕਿਆ ਮੀਂਹ ਵੇ ਵਰ੍ਹੇ।
ਵੇ ਨਿੱਕਿਆ...
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ।
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ।

***ਵੀਰਾ ਘੋੜੀਆਂ ਵਿਕੇਂਦੀਆਂ ਵੇ***

ਵੀਰਾ ਘੋੜੀਆਂ ਵਿਕੇਂਦੀਆਂ ਵੇ,
ਗੰਗਾ ਯਮੁਨਾ ਤੋਂ ਪਾਰ।
ਵੀਰਾ ਬਾਬੇ ਨੂੰ ਕਹਿ ਦੇਈਂ ਵੇ,
ਲੈ ਦੇ ਦੋ ਅਤੇ ਚਾਰ।
ਵੀਰਾ ਘੋੜੀਆਂ ਵਿਕੇਂਦੀਆਂ ਵੇ,
ਗੰਗਾ ਯਮੁਨਾ ਤੋਂ ਪਾਰ।
ਵੀਰਾ ਨਾਨੇ ਨੂੰ ਕਹਿ ਦੇਈਂ ਵੇ,
ਲੈ ਦੇ ਦੋ ਅਤੇ ਚਾਰ।
ਵੀਰਾ ਘੋੜੀਆਂ ਵਿਕੇਂਦੀਆਂ ਵੇ,
ਗੰਗਾ ਯਮੁਨਾ ਤੋਂ ਪਾਰ।
ਵੀਰਾ ਬਾਪ ਨੂੰ ਕਹਿ ਦੇਈਂ ਵੇ,
ਲੈ ਦੇ ਦੋ ਅਤੇ ਚਾਰ।

***ਮਹਿਲਾਂ ਵਿਚੋਂ ਉਤਰੀ ਸ਼ਿਮਲਾਪਤੀ***

ਮਹਿਲਾਂ ਵਿਚੋਂ ਉਤਰੀ ਸ਼ਿਮਲਾਪਤੀ,
ਨੀ ਕਿਤੇ ਮੇਰਾ ਵੀ ਬੰਨੜਾ ਦੇਖਿਆ।
ਦੇਖਿਆ ਸੀ ਭੈਣੇਂ ਦੇਖਿਆ ਸੀ,
ਨਦੀਓਂ ਪਾਰ ਖੜ੍ਹਾ ਦੇਖਿਆ।
ਘੋੜੀ ਖਰੀਦੇ ਮੇਰਾ ਨਿੱਕੜਾ ਜਿਹਾ,
ਨੀ ਜਿਹਦੀ ਅੱਖ ਮੋਟੀ ਨੱਕ ਪਤਲਾ ਜਿਹਾ।
ਮਹਿਲਾਂ ਵਿਚੋਂ ਉਤਰੀ ਸ਼ਿਮਲਾਪਤੀ,
ਨੀ ਕਿਤੇ ਮੇਰਾ ਵੀ ਬੰਨੜਾ ਦੇਖਿਆ।
ਦੇਖਿਆ ਸੀ ਭੈਣੇਂ ਦੇਖਿਆ ਸੀ,
ਪੰਸਾਰੀ ਦੀ ਹੱਟ ਪੁਰ ਦੇਖਿਆ।
ਰਸਦ ਤੁਲਾਵੇ ਮੇਰਾ ਨਿੱਕੜਾ ਜਿਹਾ,
ਨੀ ਜਿਹਦੀ ਅੱਖ ਮੋਟੀ ਨੱਕ ਪਤਲਾ ਜਿਹਾ।

***ਸੁਹਣੀ ਨੀ ਘੋੜੀ ਵੀਰ ਦੀ***

ਉਚੇ ਨੂੰ ਪਾਣੀ ਡੋਲ੍ਹੀਏ,
ਪਾਣੀ ਨੀਵੇਂ ਨੂੰ ਆਵੇ।
ਨੀ ਸਹੀਓ ਪਾਣੀ ਨੀਵੇਂ ਨੂੰ ਆਵੇ।
ਸੁਹਣੀ ਨੀ ਘੋੜੀ ਵੀਰ ਦੀ
ਬਾਗੋਂ ਚਰ ਘਰ ਆਵੇ।
ਉਚੇ ਨੂੰ ਪਾਣੀ ਡੋਲ੍ਹੀਏ,
ਪਾਣੀ ਨੀਵੇਂ ਨੂੰ ਆਵੇ।
ਸੁਹਣਾ ਨੀ ਚੀਰਾ ਵੀਰ ਦਾ,
ਸਿਹਰੇ ਨਾਲ ਸੁਹਾਵੇ।

***ਧੰਨ ਘੋੜੀ***

ਘੋੜੀ ਤਾਂ ਮੇਰੇ ਕਾਨ੍ਹ ਦੀ, ਨੀ ਦੀਵਾਨ ਦੀ,
ਧੰਨ ਘੋੜੀ।
ਸੋਹੇ ਤਾਂ ਬਾਬੇ ਦੇ ਵਾਰ ਨੀ,
ਧੰਨ ਘੋੜੀ।

***ਨੀਲੀ ਜੀ ਘੋੜੀ***

ਵੀਰਾ ਵੇ ਤੇਰੀ ਨੀਲੀ ਜੀ ਘੋੜੀ,
ਵਾਗ ਛੁੱਟੇ ਘਰ ਆਵੇ।
ਵੀਰਾ ਵੇ ਤੇਰੀ ਪਤਲੀ ਜਿਹੀ ਨਾਜੋ,
ਸੱਗੀ ਨਾਲ ਸੁਹਾਵੇ।
ਵੀਰਾ ਵੇ ਤੇਰੀ ਨੀਲੀ ਜੀ ਘੋੜੀ,
ਵਾਗ ਛੁੱਟੇ ਘਰ ਆਵੇ।
ਵੀਰਾ ਵੇ ਤੇਰੀ ਪਤਲੀ ਜਿਹੀ ਨਾਜੋ,
ਫ਼ੁੱਲਾਂ ਨਾਲ ਸੁਹਾਵੇ।
ਵੀਰਾ ਵੇ ਤੇਰੀ ਨੀਲੀ ਜੀ ਘੋੜੀ,
ਵਾਗ ਛੁੱਟੇ ਘਰ ਆਵੇ।
ਵੀਰਾ ਵੇ ਤੇਰੀ ਪਤਲੀ ਜਿਹੀ ਨਾਜੋ,
ਕੈਂਠੀ ਨਾਲ ਸੁਹਾਵੇ।

***ਵੀਰਾ ਸੁਹਣੇ ਘੋੜੇ ਵਾਲਿਆ***

ਵੀਰਾ ਸੁਹਣੇ ਘੋੜੇ ਵਾਲਿਆ,
ਵੇ ਵੀਰਾ ਸੁਹਣੇ ਘੋੜੇ ਵਾਲਿਆ।
ਤੇਰੇ ਘੋੜੇ ਨੂੰ ਲੱਗੜੇ ਜਰਦ ਭਾਈਆ,
ਗੱਡੀ ਹੌਲੀ-ਹੌਲੀ ਤੋਰਿਓ।
ਗੱਡੀ ਸਹਿਜੇ-ਸਹਿਜੇ ਤੋਰਿਓ,
ਦੋ ਨੈਣਾਂ ਦੇ ਝਗੜੇ ਮੋੜ ਭਾਈਆ।
ਵੇ ਗੱਡੀ ਸਹਿਜੇ-ਸਹਿਜੇ ਮੋੜਿਓ,
ਗੱਡੀ ਸਹਿਜੇ-ਸਹਿਜੇ ਤੋਰਿਓ।

***ਘੋੜੀ ਤੇਰੀ ਅੰਬਰਸਰ ਦੀ***

ਘੋੜੀ ਤਾਂ ਤੇਰੀ ਅੰਬਰਸਰ ਦੀ ਵੀਰਾ,
ਕਾਠੀ ਬਣੀ ਪਟਿਆਲੇ।
ਘੋੜੀ ਚੜ੍ਹਦੇ, ਕਾਠੀ ਕੱਸਦੇ ਵੀਰਾ,
ਲਿਸ਼ਕ ਪਈ ਵੇ ਅੰਬਾਲੇ।
ਚੀਰਾ ਤਾਂ ਤੇਰਾ ਅੰਬਰਸਰ ਦਾ ਵੀਰਾ,
ਕਲ਼ਗੀ ਬਣੀ ਪਟਿਆਲੇ।
ਚੀਰਾ ਬੰਨ੍ਹਦੇ, ਕਲ਼ਗੀ ਸਜਾਉਂਦੇ ਵੀਰਾ,
ਲਿਸ਼ਕ ਪਈ ਵੇ ਅੰਬਾਲੇ।
ਵਰਦੀ ਤਾਂ ਤੇਰੀ ਅੰਬਰਸਰ ਦੀ ਵੀਰਾ,
ਬਟਨ ਬਣੇ ਪਟਿਆਲੇ।
ਵਰਦੀ ਪਾਉਂਦੇ, ਬਟਨ ਲਾਉਂਦੇ ਵੀਰਾ,
ਲਿਸ਼ਕ ਪਈ ਵੇ ਅੰਬਾਲੇ।

***ਘੋੜੀ ਬਾਬੇ ਵਿਹੜੇ ਜਾ***

ਨੀ ਘੋੜੀ ਬਾਬੇ ਵਿਹੜੇ ਜਾ,
ਤੇਰੇ ਬਾਬੇ ਦੇ ਮਨ ਸ਼ਾਦੀਆਂ।
ਤੇਰੀ ਦਾਦੀ ਦੇ ਮਨ ਚਾਅ,
ਨੀ ਘੋੜੀ ਚੁਗਦੀ ਹਰਿਆ ਘਾਹ।
ਨੀ ਘੋੜੀ ਪਈ ਕੁਵੱਲੜੇ ਰਾਹ,
ਨੀ ਘੋੜੀ ਰਾਵਲੀ ਕਹੀਏ!
ਨੀ ਘੋੜੀ ਨਾਨੇ ਵਿਹੜੇ ਜਾ,
ਤੇਰੇ ਨਾਨੇ ਦੇ ਮਨ ਸ਼ਾਦੀਆਂ।
ਤੇਰੀ ਨਾਨੀ ਦੇ ਮਨ ਚਾਅ,
ਨੀ ਘੋੜੀ ਚੁਗਦੀ ਹਰਿਆ ਘਾਹ।
ਨੀ ਘੋੜੀ ਪਈ ਕੁਵੱਲੜੇ ਰਾਹ,
ਨੀ ਘੋੜੀ ਰਾਵਲੀ ਕਹੀਏ!

***ਬਾਗ਼ਾਂ ਵੱਲ ਜਾਵੀਂ ਵੇ***

ਘੋੜਾ ਤਾਂ ਬੀੜੀਂ ਵੇ ਵੀਰਾ,
ਬਾਗ਼ਾਂ ਵੱਲ ਜਾਮੀਂ ਵੇ।
ਉਥੇ ਤਾਂ ਬੈਠੀ ਵੇ ਵੀਰਾ,
ਬਾਗ਼ਾਂ ਦੀ ਮਾਲਣ ਵੇ।
ਉਹਨੂੰ ਤਾਂ ਜਾ ਕੇ ਵੀਰਾ,
ਸੀਸ ਨਿਵਾਮੀਂ ਵੇ।
ਮਾਲਣ ਨੇ ਬਖ਼ਸ਼ਿਆ ਵੀਰਾ,
ਫ਼ੁੱਲਾਂ ਦਾ ਸਿਹਰਾ ਵੇ।
ਘੋੜਾ ਤਾਂ ਬੀੜੀਂ ਵੇ ਵੀਰਾ,
ਖੂਹੇ ਵੱਲ ਜਾਮੀਂ ਵੇ।
ਉਥੇ ਤਾਂ ਬੈਠੀ ਵੇ ਵੀਰਾ,
ਖੂਹੇ ਦੀ ਮਹਿਰਮ ਵੇ।
ਉਹਨੂੰ ਤਾਂ ਜਾ ਕੇ ਵੀਰਾ,
ਸੀਸ ਨਿਵਾਮੀਂ ਵੇ।
ਮਹਿਰਮ ਨੇ ਬਖ਼ਸ਼ਿਆ ਵੀਰਾ,
ਸੋਨੇ ਦਾ ਗੜਵਾ ਵੇ।
ਘੋੜਾ ਤਾਂ ਬੀੜੀਂ ਵੇ ਵੀਰਾ,
ਸਹੁਰਿਆਂ ਵੱਲ ਜਾਮੀਂ ਵੇ।

# ਗੁਜਰਾਤ ਫਾਈਲਾਂ



## ਪਰਦਾਪੋਸ਼ੀ ਦੀ ਚੀਰਫਾੜ

*'ਗੁਜਰਾਤ ਫਾਈਲਾਂ' ਦਲੇਰ ਪੱਤਰਕਾਰ ਰਾਣਾ ਅਯੂਬ ਦੀ ਅਜਿਹੀ ਲਿਖਤ ਹੈ ਜਿਸ 'ਚ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਦਾ ਖੁਲਾਸਾ ਹੋਇਆ ਹੈ। ਜਦੋਂ ਇਹ ਕਿਤਾਬ ਛਾਪਣ ਲਈ ਕਿਸੇ ਪ੍ਰਕਾਸ਼ਕ ਨੇ ਹਾਮੀ ਨਹੀਂ ਭਰੀ, ਉਹਨੇ ਇਹ ਕਿਤਾਬ ਆਪੇ ਛਾਪ ਲਈ। ਇਸ ਕਿਤਾਬ ਦਾ ਪੰਜਾਬੀ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਉਨ੍ਹਾਂ ਨੇ ਵੀ ਇਹ ਕਿਤਾਬ ਖੁਦ ਹੀ ਛਪਵਾਈ ਹੈ। -ਸੰਪਾਦਕ*



# ਅਫਸਰ, ਅਛੂਤ ਅਤੇ ਚਾਕਰੀ

**ਕਾਂਡ ਚੌਥਾ**

**ਭਾਗ ਪਹਿਲਾ**

### ਤੁਸੀਂ ਪੜ੍ਹ ਚੁੱਕੇ ਹੋ...

*ਹਫਤਾਵਾਰੀ 'ਤਹਿਲਕਾ' ਲਈ ਪੱਤਰਕਾਰੀ ਕਰਦਿਆਂ ਰਾਣਾ ਅਯੂਬ ਨੇ ਸਿਸਟਮ ਦਾ ਸੱਚ ਦੇਖਿਆ ਅਤੇ ਬੇਵੱਸ ਹੋਏ ਲੋਕਾਂ ਦੀ ਖਾਮੋਸ਼ੀ ਵਿਚੋਂ ਬੁਲੰਦ ਆਵਾਜ਼ ਲੱਭਦਿਆਂ-ਲੱਭਦਿਆਂ ਉਹ ਖੁਦ ਡਿਪਰੈਸ਼ਨ ਦੇ ਗੇੜ ਵਿਚ ਜਾ ਧਸੀ। ਇਕ ਦਿਨ ਅਚਾਨਕ ਮੁੰਬਈ ਦੇ ਡਾਕਟਰ ਚਿਟਨਿਸ ਦੇ ਮਸ਼ਵਰੇ ਨੇ ਉਸ ਅੰਦਰ ਫਿਰ ਚਿਣਗ ਬਾਲੀ। ਫਿਰ ਜਦੋਂ ਅੰਮੜੀ ਵਲੋਂ ਅਖਬਾਰ ਪੜ੍ਹਦਿਆਂ ਸੋਹਰਾਬੁਦੀਨ ਦਾ ਜ਼ਿਕਰ ਆਇਆ ਤਾਂ ਰਾਣਾ ਦੇ ਜ਼ਿਹਨ ਅੰਦਰ ਉਹ ਨਰੇਂਦਰ ਮੋਦੀ ਘੁੰਮ ਗਿਆ ਜਿਹੜਾ ਸਵਾਲ ਪੁੱਛਣ 'ਤੇ ਉਸ ਵੱਲ ਬਿਨਾ ਅੱਖ ਝਪਕਾਏ ਅਤੇ ਬਿਨਾ ਕੁਝ ਬੋਲੇ ਲਗਾਤਾਰ ਤਿੱਖਾ ਝਾਕਦਾ ਰਿਹਾ ਸੀ। ਇਸੇ ਮੋਦੀ ਦੇ ਬਖੀਏ ਉਧੇੜਨ ਲਈ ਫਿਰ ਰਾਣਾ ਨੇ ਲੱਕ ਬੰਨ੍ਹ ਲਿਆ ਅਤੇ ਅਮਰੀਕੀ ਫਿਲਮਸਾਜ਼ ਮੈਥਿਲੀ ਤਿਆਗੀ ਦਾ ਭੇਸ ਵਟਾ ਕੇ ਸਬੂਤ ਜੁਟਾਉਣ ਲੱਗੀ। ਉਸ ਨੇ ਐਂਟੀ-ਟੈਰਰਿਸਟ ਸਕੁਐਡ ਦੇ ਮੁਖੀ ਜੀ.ਐਲ. ਸਿੰਘਲ ਤੋਂ ਅੰਦਰ ਦੀਆਂ ਗੱਲਾਂ ਕਢਵਾਈਆਂ। ਫਿਰ ਸਿੰਘਲ ਵੱਲੋਂ ਸੁਝਾਏ ਸਾਬਕਾ ਪੁਲਿਸ ਅਫਸਰ ਰਾਜਨ ਪ੍ਰਿਯਾਦਰਸ਼ੀ ਵੱਲ ਰੁਖ ਕੀਤਾ। ਹੁਣ ਪੜ੍ਹੋ ਅੱਗੇ...*

ਕਾਰਪੋਰੇਟ ਭਾਸ਼ਾ ਵਿਚ ਸ਼ਬਦ **'takeaway'** (ਟੇਕਅਵੇਅ-ਲਾਹਾ) ਬੋਲਿਆ ਜਾਂਦਾ ਹੈ ਜਿਸ ਦਾ ਮਤਲਬ ਹੁੰਦਾ ਹੈ ਕੋਈ ਲਾਹੇਵੰਦੀ ਚੀਜ਼ ਜੋ ਕਿਸੇ ਸੰਮੇਲਨ, ਮੀਟਿੰਗ ਜਾਂ ਚਰਚਾ ਤੋਂ ਬਾਅਦ ਬੰਦਾ ਉਥੋਂ ਲੈ ਕੇ ਜਾਂਦਾ ਹੈ। ਰਾਜਨ ਪ੍ਰਿਯਾਦਰਸ਼ੀ ਮੇਰੇ ਲਈ ਇਤਫਾਕੀਆ ਲਾਹਾ ਸੀ। ਜਿਵੇਂ ਕਿਹਾ ਜਾਂਦਾ ਹੈ, ਇਹ ਸੇਵਾ-ਮੁਕਤ ਪੁਲਿਸ ਅਧਿਕਾਰੀ ਮੇਰੀ ਛਾਣਬੀਣ ਲਈ ਬੇਥਾਹ ਅਹਿਮੀਅਤ ਵਾਲੀ ਬਹੁਮੁੱਲੀ ਸੁਗਾਤ ਹੋ ਨਿਬੜਿਆ। ਮੈਨੂੰ ਲਾਜ਼ਮੀ ਸਵੀਕਾਰ ਕਰ ਲੈਣਾ ਚਾਹੀਦਾ ਹੈ ਕਿ ਮੈਨੂੰ ਰਾਜਨ ਪ੍ਰਿਯਾਦਰਸ਼ੀ ਨਾਂ ਦੇ ਪੁਲਿਸ ਅਫਸਰ ਦੀ ਉਕਾ ਹੀ ਜਾਣਕਾਰੀ ਨਹੀਂ ਸੀ, ਉਸ ਦੇ ਜੂਨੀਅਰ ਗਿਰੀਸ਼ ਸਿੰਘਲ ਨਾਲ ਗੱਲਬਾਤ ਦੌਰਾਨ ਹੀ ਉਸ ਦਾ ਜ਼ਿਕਰ ਆਇਆ ਸੀ। ਮੈਂ ਗੁਜਰਾਤ ਤੋਂ ਵਾਹਵਾ ਰਿਪੋਰਟਿੰਗ ਕਰਦੀ ਰਹੀ ਸੀ ਅਤੇ ਉਥੋਂ ਦੇ ਜ਼ਿਆਦਾਤਰ ਪੁਲਿਸ ਅਫਸਰਾਂ ਨੂੰ ਜਾਣਦੀ ਸੀ, ਜਾਂ ਮੈਂ ਇੰਞ ਵਿਸ਼ਵਾਸ ਕਰਦੀ ਸੀ। ਜ਼ਿਆਦਾਤਰ ਨਾਲ ਮੇਰੀ ਮੁਲਾਕਾਤ ਨਹੀਂ ਹੋਈ ਸੀ, ਪਰ ਨਿਊਜ਼ ਰਿਪੋਰਟਾਂ ਅਤੇ ਪੁਲਿਸ ਭਾਈਚਾਰੇ ਨਾਲ ਮੁਲਾਕਾਤਾਂ ਹੁੰਦੇ ਰਹਿਣ ਨਾਲ ਇਹ ਯਕੀਨੀ ਹੋ ਗਿਆ ਸੀ ਕਿ ਅਹਿਮ ਅਫਸਰਾਂ ਬਾਰੇ ਮੈਨੂੰ ਚੋਖੀ ਜਾਣਕਾਰੀ ਹੈ।

ਲਿਹਾਜ਼ਾ ਜਦੋਂ ਸਿੰਘਲ ਨੇ ਇਸ ਨਾਂ ਦਾ ਜ਼ਿਕਰ ਕੀਤਾ ਜਿਸ ਬਾਰੇ ਮੈਂ ਪੂਰੀ ਤਰ੍ਹਾਂ ਅਣਜਾਣ ਸੀ, ਤਾਂ ਮੈਨੂੰ ਹੈਰਾਨੀ ਤਾਂ ਹੋਣੀ ਹੀ ਸੀ। ਉਸ ਨੂੰ ਮਿਲਣ ਜਾਣ ਤੋਂ ਪਹਿਲਾਂ ਮੈਂ ਉਸ ਬਾਰੇ ਪਹਿਲਾਂ ਕੋਈ ਖੋਜ ਨਹੀਂ ਕੀਤੀ ਸੀ। ਉਸ ਨੂੰ ਮਿਲਣ ਦੀ ਹਾਮੀ ਭਰਨ ਦੀ ਇਕੋ ਇਕ ਵਜ੍ਹਾ ਇਹ ਸੀ ਕਿ ਸਿੰਘਲ ਦੇ ਦਿਮਾਗ ਵਿਚ ਕੋਈ ਸ਼ੱਕ ਪੈਦਾ ਨਾ ਹੋਵੇ ਅਤੇ ਉਸ ਨੂੰ ਤਸੱਲੀ ਰਹੇ ਕਿ ਮੈਂ ਉਸ ਦੀ ਸਲਾਹ ਅਨੁਸਾਰ ਤਨਦੇਹੀ ਨਾਲ ਜੁਟੀ ਹੋਈ ਸੀ। ਇਸ ਨੇ ਮੇਰੇ ਵਿਚ ਸਿੰਘਲ ਦਾ ਭਰੋਸਾ ਪੱਕਾ ਕਰਨ ਵਿਚ ਮਦਦ ਕੀਤੀ ਕਿ ਮੈਂ ਹੋਰ ਆਹਲਾ ਅਫਸਰਾਂ ਨੂੰ ਵੀ ਮਿਲ ਰਹੀ ਸੀ, ਖ਼ਾਸ ਕਰਕੇ ਉਨ੍ਹਾਂ ਨੂੰ ਜੋ ਵਿਵਾਦਾਂ 'ਚ ਘਿਰੇ ਨਹੀਂ ਅਤੇ ਸੁਰਖ਼ੀਆਂ ਵਿਚ ਨਹੀਂ ਸਨ। ਰਾਜਨ ਪ੍ਰਿਯਾਦਰਸ਼ੀ ਬਾਰੇ ਇਕ ਹੋਰ ਰੌਚਕ ਤੱਥ ਵੀ ਸੀ। ਜੂਨ 2004 ਵਿਚ 'ਟਾਈਮਜ਼ ਆਫ ਇੰਡੀਆ' ਨੂੰ ਦਿੱਤੀ ਇੰਟਰਵਿਊ ਵਿਚ ਪ੍ਰਿਯਾਦਰਸ਼ੀ (ਜੋ 1980 ਬੈਚ ਦੇ ਪੁਲਿਸ ਅਧਿਕਾਰੀ ਸਨ) ਨੇ ਕਿਹਾ ਸੀ ਕਿ ਸੂਬੇ ਦੇ ਆਹਲਾ ਦਰਜੇ ਦੇ ਪੁਲਿਸ ਅਫਸਰਾਂ ਵਿਚੋਂ ਇਕ ਹੋਣ ਦੇ ਬਾਵਜੂਦ ਉਸ ਨਾਲ ਅਜੇ ਵੀ ਉਸ ਦੇ ਪਿੰਡ ਵਿਚ ਅਛੂਤ ਵਾਲਾ ਵਰਤਾਓ ਕੀਤਾ ਜਾ ਰਿਹਾ ਸੀ। 'ਟਾਈਮਜ਼ ਆਫ ਇੰਡੀਆ' ਦੀ ਖ਼ਬਰ ਵਿਚ ਕਿਹਾ ਗਿਆ ਸੀ:

ਤਰ੍ਹਾਂ ਤਰ੍ਹਾਂ ਦੇ ਲੋਕ ਤਰ੍ਹਾਂ ਤਰ੍ਹਾਂ ਦੇ ਮਸਲੇ ਲੈ ਕੇ ਅਕਸਰ ਹੱਥ ਜੋੜ ਕੇ ਉਸ ਕੋਲ ਆਉਂਦੇ ਹਨ, ਪਰ ਜਦੋਂ ਉਹੀ ਪ੍ਰਿਯਾਦਰਸ਼ੀ ਦੇਹਗਾਮ ਤਾਲੁਕਾ ਵਿਚ ਆਪਣੇ ਜੱਦੀ ਪਿੰਡ ਕੜਗਰਾ ਜਾਂਦਾ ਹੈ ਤਾਂ ਸਮੀਕਰਨ ਨਾਟਕੀ ਤੌਰ 'ਤੇ ਬਦਲ ਜਾਂਦਾ ਹੈ।

ਇਹ ਸੀਨੀਅਰ ਪੁਲਿਸ ਅਫਸਰ ਅਜੇ ਵੀ ਪਿੰਡ ਦੇ ਉਚੀਆਂ ਜਾਤਾਂ ਦੇ ਰਿਹਾਇਸ਼ੀ ਇਲਾਕੇ ਵਿਚ ਘਰ ਨਹੀਂ ਖ਼ਰੀਦ ਸਕਦਾ। ਉਸ ਦਾ ਘਰ ਹੁਣ ਵੀ ਕੜਗਰਾ ਦੇ 'ਦਲਿਤ ਵਾਸ' ਵਿਚ ਹੈ। ਪ੍ਰਿਯਾਦਰਸ਼ੀ ਭਾਵੇਂ ਇਸ ਬਾਰੇ ਗੱਲ ਨਹੀਂ ਕਰਨੀ ਚਾਹੁੰਦਾ, ਸੂਤਰਾਂ ਦਾ ਕਹਿਣਾ ਹੈ ਕਿ ਪਿਛਲੇ ਸਾਲ ਵੀ ਪਿੰਡ ਦਾ ਹਜਾਮ ਦਲਿਤ ਗਾਹਕਾਂ ਦੀ ਹਜਾਮਤ ਨਹੀਂ ਕਰਦਾ ਸੀ।

ਤਕਨੀਕੀ ਤੌਰ 'ਤੇ ਗੱਲ ਕਰਨੀ ਹੋਵੇ ਤਾਂ ਇਸ ਨੇ ਫਿਲਮ ਦੇ ਨਜ਼ਰੀਏ ਤੋਂ ਮੇਰਾ ਕੰਮ ਸੌਖਾ ਕਰ ਦਿੱਤਾ। ਲੱਗਦੇ ਹੱਥ, ਛਾਣਬੀਣ ਦੇ ਅਖ਼ੀਰ ਵਿਚ ਚੋਖੀ ਸਮੱਗਰੀ ਇਹ ਦਰਸਾ ਰਹੀ ਸੀ ਕਿ ਪ੍ਰਸ਼ਾਸਨ ਵਲੋਂ ਜਿਨ੍ਹਾਂ ਜ਼ਿਆਦਾਤਰ ਅਫ਼ਸਰਾਂ ਨੂੰ ਖੱਜਲ-ਖੁਆਰ ਅਤੇ ਜ਼ਲੀਲ ਕੀਤਾ ਜਾ ਰਿਹਾ ਸੀ, ਉਹ ਪੱਛੜੀਆਂ ਸ਼੍ਰੇਣੀਆਂ ਦੇ ਸਨ। ਉਂਜ ਇਕ ਬਹੁਤ ਅਹਿਮ ਚੀਜ਼ ਵੱਲ ਮੇਰਾ ਧਿਆਨ ਨਹੀਂ ਸੀ ਗਿਆ। ਜਦੋਂ ਗੁਜਰਾਤ ਸੀ.ਆਈ.ਡੀ. ਵਲੋਂ ਫਰਜ਼ੀ ਮੁਕਾਬਲਿਆਂ ਦੀ ਜਾਂਚ ਹੱਥ ਲਈ ਗਈ, ਉਦੋਂ 2007 ਵਿਚ ਗੁਜਰਾਤ ਏ.ਟੀ.ਐਸ. ਦਾ ਡੀ.ਜੀ. (ਡਾਇਰੈਕਟਰ ਜਨਰਲ) ਰਾਜਨ ਪ੍ਰਿਯਾਦਰਸ਼ੀ ਸੀ। ਇਹੀ ਨਹੀਂ, 2002 ਦੀ ਹਿੰਸਾ ਦੌਰਾਨ ਉਹ ਬਤੌਰ ਰਾਜਕੋਟ ਆਈ.ਜੀ. ਬਹੁਤ ਅਹਿਮ ਅਹੁਦੇ ਉਪਰ ਸੀ।

ਇਉਂ ਮਾਈਕ ਅਤੇ ਮੈਂ ਰਾਜਨ ਪ੍ਰਿਯਾਦਰਸ਼ੀ ਨੂੰ ਮਿਲੇ। ਮੈਂ ਨਹੀਂ ਸੋਚਦੀ ਕਿ ਅਸੀਂ 60 ਕੁ ਸਾਲ ਦੀ ਉਮਰ ਦੇ ਇਸ ਬੰਦੇ ਨਾਲ ਆਪਣੀ ਪਹਿਲੀ ਮਿਲਣੀ ਨੂੰ ਕਦੇ ਭੁੱਲ ਸਕਦੇ ਹਾਂ। ਅਹਿਮਦਾਬਾਦ-ਨਰੋਦਾ ਪਾਟੀਆ ਦੇ ਮੱਧ ਵਰਗੀ ਇਲਾਕੇ ਵਿਚ ਉਸ ਦਾ ਇਕ ਮੰਜ਼ਿਲਾ ਬੰਗਲਾ ਸੀ। ਇਹ ਉਹੀ ਵੋਟਰ ਹਲਕਾ ਸੀ ਜਿਥੋਂ ਸਾਡੀ ਇਕ ਹੋਰ ਪਾਤਰ ਮਾਇਆ ਕੋਡਨਾਨੀ ਐਮ.ਐਲ.ਏ. ਸੀ। ਇਹ ਉਹ ਇਲਾਕਾ ਵੀ ਸੀ ਜਿਥੇ ਸਭ ਤੋਂ ਘਿਨਾਉਣੀ ਫਿਰਕੂ ਹਿੰਸਾ ਹੋਈ ਸੀ ਅਤੇ ਜਿਥੇ ਸਭ ਤੋਂ ਵੱਧ ਜਾਨੀ ਨੁਕਸਾਨ ਹੋਇਆ ਸੀ।

ਪ੍ਰਿਯਾਦਰਸ਼ੀ ਦਾ ਘਰ ਲੱਭਣ ਵਿਚ ਸਾਨੂੰ ਕਾਫ਼ੀ ਮੁਸ਼ਕਿਲ ਆਈ; ਅਸਲ ਵਿਚ ਇਹ ਕਲਪਨਾ ਤੋਂ ਬਾਹਰ ਸੀ ਕਿ ਏ.ਟੀ.ਐਸ. ਦਾ ਸਾਬਕਾ ਮੁਖੀ ਇਥੇ ਰਹਿ ਰਿਹਾ ਸੀ ਜੋ ਤੀਹ ਵਰ੍ਹੇ ਗੁਜਰਾਤ ਦੇ ਕਈ ਸਭ ਤੋਂ ਅਹਿਮ ਅਹੁਦਿਆਂ ਉਪਰ ਕੰਮ ਕਰ ਚੁੱਕਾ ਸੀ। ਉਸ ਦੇ ਰੈਣ ਬਸੇਰੇ ਤਕ ਪਹੁੰਚਣ ਲਈ ਸਰਕਾਰੀ ਸਕੂਲ ਅਤੇ ਬਹੁਤ ਸਾਰੇ ਚਾਲ ਤੇ ਨਾਲੇ ਪਾਰ ਕਰਨੇ ਪੈਂਦੇ ਸਨ। ਬਹੁਤੇ ਉਸ ਦੀ ਹੋਂਦ ਤੋਂ ਅਣਜਾਣ ਸਨ, ਅਸਲ ਵਿਚ ਉਸ ਦੇ ਨਾਲ ਦੇ ਗੁਆਂਢੀ ਵੀ ਉਸ ਨੂੰ ਐਸੇ ਪੁਲਸੀਏ ਦੇ ਤੌਰ 'ਤੇ ਜਾਣਦੇ ਸਨ ਜਿਸ ਨੇ ਆਪਣੀ ਫੋਟੋ ਸ਼ੀਸ਼ੇ ਵਿਚ ਜੜਾ ਕੇ ਆਪਣੇ ਘਰ ਦੇ ਦਰਵਾਜ਼ੇ ਉਪਰ ਲਗਾਈ ਹੋਈ ਸੀ।

ਪ੍ਰਿਯਾਦਰਸ਼ੀ ਬੇਤਾਬੀ ਨਾਲ ਸਾਡੀ ਇੰਤਜ਼ਾਰ ਕਰ ਰਿਹਾ ਸੀ, ਜਦੋਂ ਸਾਡੀ ਟੈਕਸੀ ਉਸ ਦੀ ਗਲੀ ਵਿਚ ਦਾਖ਼ਲ ਹੋਈ ਤਾਂ ਉਹ ਉਥੇ ਖੜ੍ਹ ਕੇ ਸਾਨੂੰ ਹੱਥ ਨਾਲ ਇਸ਼ਾਰਾ ਕਰ ਰਿਹਾ ਸੀ। 'ਜੀ ਆਇਆਂ ਨੂੰ' ਉਹ ਆਪਣੀ ਰਿਹਾਇਸ਼ ਦੀ ਛੱਤ ਤੋਂ ਚਾਈਂ-ਚਾਈਂ ਬੋਲਿਆ। ਉਸ ਦੇ ਘਰ ਦੀਆਂ ਕਲਪਨਾ ਤੋਂ ਬਾਹਰੀਆਂ ਬਾਰੀਕੀਆਂ ਵਿਚ ਮਗਨ ਹੋਏ ਅਸੀਂ ਦੋਵੇਂ ਅੰਦਰ ਚਲੇ ਗਏ। ਮੁੱਖ ਦੁਆਰ ਦੇ ਸੱਜੇ ਪਾਸੇ ਤਖ਼ਤੀ ਲੱਗੀ ਹੋਈ ਸੀ ਜਿਸ ਉਪਰ ਪ੍ਰਿਯਾਦਰਸ਼ੀ ਦੇ ਵੱਖ-ਵੱਖ ਅਹੁਦਿਆਂ ਉਪਰ ਰਹੇ ਹੋਣ ਦੀ ਤਫ਼ਸੀਲ ਦਿਤੀ ਹੋਈ ਸੀ। ਜਦੋਂ ਅਸੀਂ ਅੰਦਰ ਵੜੇ ਤਾਂ ਪੇਂਡੂ ਭਲਵਾਨੀ ਮੁੱਛਾਂ ਅਤੇ ਧੌਲੀ ਦਾੜ੍ਹੀ ਵਾਲੇ ਫੁਰਤੀਲੇ ਸੱਜਣ ਨੇ ਸਾਡੇ ਨਾਲ ਹੱਥ ਮਿਲਾਏ। ਸਾਨੂੰ ਦੋ ਸੂਤੀ ਦੁਪੱਟੇ, ਪੈੱਨ ਅਤੇ ਕਾਪੀਆਂ ਭੇਟ ਕੀਤੀਆਂ ਗਈਆਂ।

ਅਗਲੇ ਕੁਝ ਮਿੰਟਾਂ ਵਿਚ ਜੋ ਵਾਪਰਿਆ, ਉਹ ਹੁਲਾਸਪੂਰਨ ਸੀ। ਪ੍ਰਿਯਾਦਰਸ਼ੀ ਨੇ ਝਟਪਟ ਮਾਈਕ ਦੀ ਮਨਪਸੰਦ ਗੱਲ ਕੀਤੀ। ਸ਼ਕੰਜਵੀ ਆ ਗਈ। ਜਿਸ ਫ਼ਰਾਖ਼ਦਿਲੀ ਨਾਲ ਸਾਡੀ ਆਓ-ਭਗਤ ਹੋ ਰਹੀ ਸੀ, ਉਸ ਦੇ ਸਦਮੇ ਵਿਚੋਂ ਅਜੇ ਅਸੀਂ ਨਿਕਲੇ ਹੀ ਸੀ ਕਿ ਜਦੋਂ ਤੀਹ ਕੁ ਸਾਲ ਦਾ ਬੰਦਾ 10 ਸਾਲ ਦੇ ਬੱਚੇ ਨੂੰ ਲੈ ਕੇ ਕਮਰੇ ਵਿਚ ਆ ਗਿਆ। ਉਹ ਪ੍ਰਿਯਾਦਰਸ਼ੀ ਦੇ ਪੁੱਤਰ ਤੇ ਪੋਤਰਾ ਸਨ ਅਤੇ ਮਗਰਲੇ ਨੇ ਡਿਜੀਟਲ ਕੈਮਰਾ ਫੜਿਆ ਹੋਇਆ ਸੀ। 'ਸਾਡੇ ਘਰ ਵਿਦੇਸ਼ੀ ਫਿਲਮਸਾਜ਼ਾਂ ਨੇ ਰੋਜ਼ ਰੋਜ਼ ਨਹੀਂ ਆਉਣਾ, ਇਹ ਸਾਡੇ ਲਈ ਮਾਣ ਵਾਲੀ ਗੱਲ ਹੈ। ਬਸ ਇਕ ਫੋਟੋ ਲੈਣੀ ਏ', ਸਾਨੂੰ ਦੱਸਿਆ ਗਿਆ।

ਜਦੋਂ ਤੁਸੀਂ ਓਹਲੇ ਵਿਚ ਕੰਮ ਕਰਦੇ ਹੋ ਤਾਂ ਤੁਸੀਂ ਜੋ ਆਖ਼ਰੀ ਚੀਜ਼ ਕਰਨਾ ਚਾਹ ਰਹੇ ਹੁੰਦੇ ਹੋ, ਉਹ ਹੈ ਲੋਕਾਈ ਦੀਆਂ ਨਜ਼ਰਾਂ ਵਿਚ ਨਾ ਆਉਣਾ ਜਾਂ ਆਪਣੀ ਓਹਲੇ ਵਾਲੀ ਜ਼ਿੰਦਗੀ ਦੇ ਕੋਈ ਨਿਸ਼ਾਨ ਨਾ ਛੱਡਣਾ, ਪਰ ਇਸ ਹਾਲਤ ਵਿਚ ਫੋਟੋ ਖਿਚਵਾਉਣ ਤੋਂ ਨਾਂਹ ਕਰਨ ਨੇ ਸਾਡੀ ਕੋਈ ਮਦਦ ਨਹੀਂ ਸੀ ਕਰਨੀ। ਨਾਲ ਹੀ ਤਖ਼ਤੀ ਉਪਰ ਦਿਤੀ ਉਸ ਦੇ ਜੀਵਨ-ਪੰਧ ਦੇ ਗ੍ਰਾਫ ਦੀ ਤਰਤੀਬ ਇਹੋ ਦੱਸਦੀ ਸੀ ਕਿ ਪ੍ਰਿਯਾਦਰਸ਼ੀ ਸਾਡੇ ਲਈ ਬਹੁਤ ਸਹਾਈ ਹੋ ਸਕਦਾ ਸੀ। ਮਾਈਕ ਨੇ ਅਤੇ ਮੈਂ ਉਸ ਦੇ ਪੋਤੇ ਦੀਆਂ ਇਛਾਵਾਂ ਪੂਰੀਆਂ ਕਰ ਦਿਤੀਆਂ ਅਤੇ ਦੋ ਫੋਟੋ ਖਿੱਚੀਆਂ ਗਈਆਂ। ਫਿਰ ਸਾਨੂੰ ਬੈਠਕ ਵਿਚ ਲਿਜਾਇਆ ਗਿਆ। ਬੈਠਕ ਵਿਚ ਰਾਜ ਤੇ ਵਜ਼ਾਰਤ ਦੇ ਵਜ਼ੀਰਾਂ ਅਤੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਪ੍ਰਿਯਾਦਰਸ਼ੀ ਦੀ ਫੋਟੋ ਲੱਗੀ ਹੋਈ ਸੀ।

'ਤੁਸੀਂ ਸਾਡੀ ਫੋਟੋ ਜੜਾ ਕੇ ਇਥੇ ਟੰਗਣਾ ਚਾਹੁੰਦੇ ਹੋ, ਸਰ', ਮੈਂ ਆਪਣੀ ਫੋਟੋ ਲਏ ਜਾਣ ਦਾ ਮਨੋਰਥ ਜਾਣਨ ਦੀ ਉਤਸੁਕਤਾ ਵਿਚੋਂ ਗੁਸਤਾਖ਼ੀ ਨਾਲ ਕਿਹਾ। ਸਾਨੂੰ ਦੱਸਿਆ ਗਿਆ ਕਿ ਉਹ ਹਰ ਮਹੀਨੇ ਸਥਾਨਕ ਖ਼ਬਰਾਂ ਦਾ ਸਪਲੀਮੈਂਟ ਕੱਢਦਾ ਸੀ ਅਤੇ ਉਹ ਆਪਣੀ ਜਾਣ-ਪਛਾਣ ਵਾਲੇ ਲੋਕਾਂ ਵਿਚ ਮੁਫ਼ਤ ਵੰਡਦਾ ਸੀ। ਇਹ ਰਾਹਤ ਵਾਲੀ ਗੱਲ ਸੀ। ਅਸੀਂ ਇਹ ਗੱਲ ਇਸ ਯਕੀਨ-ਦਹਾਨੀ ਉਪਰ ਛੱਡ ਦਿਤੀ ਕਿ ਜਦੋਂ ਗੁਜਰਾਤ ਵਿਚ ਫਿਲਮ ਦੇ ਸਾਰੇ ਪਾਤਰਾਂ ਨਾਲ ਸਾਡਾ ਤੁਆਰਫ਼ ਹੋ ਗਿਆ ਤਾਂ ਉਹ ਫੋਟੋ ਨੂੰ ਇਸਤੇਮਾਲ ਕਰ ਲੈਣ। 'ਤੁਸੀਂ ਜਾਣਦੇ ਹੋ ਸਰ, ਅਸੀਂ ਨਹੀਂ ਚਾਹੁੰਦੇ ਕਿ ਅਣਚਾਹੇ ਹੀ ਨਜ਼ਰਾਂ 'ਚ ਚੜ੍ਹਿਆ ਜਾਵੇ। ਅਸੀਂ ਮਸ਼ਹੂਰੀ ਤੋਂ ਗੁਰੇਜ਼ ਕਰਨਾ ਚਾਹੁੰਦੇ ਹਾਂ।' ਮੈਂ ਇਹ ਗੁਜ਼ਾਰਿਸ਼ ਕੀਤੀ ਅਤੇ ਉਨ੍ਹਾਂ ਨੇ ਨਿਮਰਤਾ ਨਾਲ ਮੰਨ ਲਈ।


ਗੱਲਬਾਤ ਇਕ-ਪਾਤਰੀ ਸੀ।

ਘੰਟੇ ਕੁ ਵਿਚ ਅਸੀਂ ਮਹਿਸੂਸ ਕਰ ਲਿਆ ਕਿ ਪ੍ਰਿਯਾਦਰਸ਼ੀ ਨੇ ਸਾਨੂੰ ਆਪਣੀ ਜੀਵਨੀ ਦਾ ਸੰਖੇਪ ਵੇਰਵਾ ਲਿਖਣ ਜੋਗੀ ਵਾਹਵਾ ਸਮੱਗਰੀ ਦੇ ਦਿਤੀ ਸੀ। ਉਹ ਹਰ ਲਿਹਾਜ਼ ਨਾਲ ਇਕ ਪਾਤਰ ਸੀ, ਜਿਸ ਤਰ੍ਹਾਂ ਦੇ ਪਾਤਰ ਦੀ ਝਲਕ ਤੁਸੀਂ ਕਿਸੇ ਫਿਲਮ ਜਾਂ ਨਾਵਲ ਵਿਚ ਦੇਖਦੇ ਹੋ। ਦਰਅਸਲ ਇਹ ਮਿਲਣੀ ਮੈਨੂੰ ਉਸ ਤੌਰ-ਤਰੀਕੇ ਨੂੰ ਬਹੁਤ ਹੀ ਅਹਿਮ ਪੱਖ ਤੋਂ ਘੋਖਣ ਵਿਚ ਸਹਾਈ ਹੋਵੇਗੀ ਜਿਵੇਂ ਗੁਜਰਾਤ ਵਿਚ ਰਾਜ ਮਸ਼ੀਨਰੀ ਕੰਮ ਕਰ ਰਹੀ ਸੀ। ਉਸ ਦੇ ਮੂੰਹੋਂ ਉਸ ਦੇ ਪਿੰਡ ਦੇ ਹਜਾਮ ਦੇ ਰਵੱਈਏ ਬਾਰੇ ਸੁਣ ਕੇ ਸਾਨੂੰ ਸਦਮਾ ਪਹੁੰਚਿਆ ਜਿਸ ਨੇ ਉਸ ਦੀ ਹਜਾਮਤ ਕਰਨ ਤੋਂ ਨਾਂਹ ਕਰ ਦਿਤੀ ਸੀ ਅਤੇ ਇਸੇ ਕਰ ਕੇ ਗੁਜਰਾਤ ਦੇ ਬਾਰਡਰ ਰੇਂਜ ਦੇ ਆਈ.ਜੀ. ਦੇ ਅਹੁਦੇ ਉਪਰ ਹੋਣ ਦੇ ਬਾਵਜੂਦ ਉਸ ਨੂੰ ਆਪਣਾ ਘਰ ਦਲਿਤ ਬਸਤੀ ਵਿਚ ਬਣਾਉਣਾ ਪਿਆ ਸੀ। ਦਲਿਤ ਹੋਣ ਦੀ ਪਛਾਣ ਨੇ ਉਸ ਦਾ ਖਹਿੜਾ ਨਾ ਛੱਡਿਆ। ਗੁਜਰਾਤ ਵਿਚ ਪੁਲਿਸ ਦੀ ਨੌਕਰੀ ਦੌਰਾਨ ਉਸ ਨੂੰ ਆਪਣੇ ਸੀਨੀਅਰਾਂ ਦੇ ਘਟੀਆ ਕੰਮ ਕਰਨੇ ਪਏ; ਪਰ ਉਹ ਐਸੇ ਕੰਮ ਕਰਨ ਤੋਂ ਨਾਂਹ ਕਰ ਦਿੰਦਾ ਸੀ। 'ਇਹ ਬਹੁਤ ਹੀ ਅਜੀਬ ਸੀ, ਤੁਸੀਂ ਜਾਣਦੇ ਹੋ ਇਸ ਦਾ ਮਤਲਬ ਸੀ ਕਿ ਜੇ ਤੁਸੀਂ ਦਲਿਤ ਹੋ ਤਾਂ ਕੋਈ ਵੀ ਤੁਹਾਨੂੰ ਕੁਝ ਵੀ ਕਹਿ ਦੇਵੇ ਉਹ ਸਾਫ਼ ਬਚ ਸਕਦਾ ਸੀ। ਉਥੇ ਕੋਈ ਮਾਣ-ਸਨਮਾਨ ਨਹੀਂ ਸੀ। ਮੇਰਾ ਕਹਿਣ ਦਾ ਭਾਵ, ਦਲਿਤ ਅਫ਼ਸਰ ਨੂੰ ਬੇਰਹਿਮੀ ਨਾਲ ਕਤਲ ਕਰਨ ਲਈ ਕਿਹਾ ਜਾ ਸਕਦਾ ਸੀ, ਕਿਉਂਕਿ ਉਸ ਦਾ (ਜ਼ਾਹਰਾ ਤੌਰ 'ਤੇ) ਕੋਈ ਸਵੈਮਾਣ, ਕੋਈ ਆਦਰਸ਼ ਨਹੀਂ ਸਨ। ਗੁਜਰਾਤ ਪੁਲਿਸ ਵਿਚ ਉਚ ਜਾਤੀਆਂ ਹਰ ਕਿਸੇ ਦੀਆਂ ਨਜ਼ਰਾਂ ਵਿਚ ਚੰਗੀਆਂ ਹਨ।'

ਜਿਉਂ ਹੀ ਸਾਡੀ ਗੱਲਬਾਤ ਦਾ ਸਿਲਸਿਲਾ ਅੱਗੇ ਵਧਿਆ, ਪ੍ਰਿਯਾਦਰਸ਼ੀ ਹੋਰ ਵੀ ਉਤਸੁਕ ਜਾਪਦਾ ਸੀ, ਪਰ ਉਦੋਂ ਤਕ ਉਹ ਪਹਿਲਾਂ ਹੀ ਬਹੁਤ ਕੁਝ ਦੱਸ ਚੁੱਕਾ ਸੀ। ਆਪਣੀ ਤੀਜੀ ਮੁਲਾਕਾਤ ਦੌਰਾਨ, ਮੈਂ ਉਸ ਨੂੰ ਇਕੱਲੀ ਮਿਲਣ ਗਈ। ਮੈਂ ਤੈਅ ਕੀਤਾ ਕਿ ਮਾਈਕ ਅਰਾਮ ਕਰ ਲਵੇ ਤਾਂ ਜੋ ਉਹ ਸਾਡੇ ਫਿਲਮਾਉਣ ਦੇ ਕੰਮ ਬਾਬਤ ਮਾਇਆ ਕੋਡਨਾਨੀ ਦੇ ਦਫ਼ਤਰ ਜਾ ਸਕੇ। ਇਹ ਸੁਝਾਅ ਖ਼ੁਦ ਮਾਈਕ ਨੇ ਦਿਤਾ ਸੀ। 'ਕੀ ਸਾਨੂੰ ਕੁਝ ਐਸਾ ਨਹੀਂ ਕਰਨਾ ਚਾਹੀਦਾ ਜਿਸ ਤੋਂ ਉਨ੍ਹਾਂ ਦਾ ਭਰੋਸਾ ਬੱਝ ਜਾਵੇ ਕਿ ਅਸੀਂ ਸੱਚੀਮੁੱਚੀ ਫਿਲਮਸਾਜ਼ ਹਾਂ?' ਕੋਡਨਾਨੀ ਦਾ ਅਮਲਾ ਉਸ ਨੂੰ ਆਲਾ-ਦੁਆਲਾ ਦਿਖਾ ਕੇ ਬਹੁਤ ਖੁਸ਼ ਸੀ। ਸ਼ਾਮ ਨੂੰ ਉਸ ਦਾ ਸੁਨੇਹਾ ਆ ਗਿਆ: ਕੀ ਮੈਂ ਉਸ ਦੇ ਘਰ ਦੀ ਕੋਈ ਖ਼ਾਸ ਲੋਕੇਸ਼ਨ ਫਿਲਮਾਉਣਾ ਚਾਹਾਂਗੀ, ਤੇ ਕੀ ਅਸੀਂ ਐਤਵਾਰ ਨੂੰ ਉਸ ਦੇ ਘਰ ਦੁਪਹਿਰ ਦਾ ਖਾਣਾ ਲੈਣਾ ਚਾਹਾਂਗੇ?' ਮੈਂ ਝਟਪਟ 'ਹਾਂ' ਵਿਚ ਜਵਾਬ ਭੇਜ ਦਿਤਾ।

ਉਸ ਦਿਨ ਜਦੋਂ ਮੈਂ ਪ੍ਰਿਯਾਦਰਸ਼ੀ ਨੂੰ ਮਿਲੀ, ਉਸ ਨੇ ਆਪਣੇ ਅਖ਼ਬਾਰ ਦੀਆਂ ਕਾਪੀਆਂ ਮੇਰੇ ਲਈ ਛਾਂਟ ਕੇ ਕੱਢ ਰੱਖੀਆਂ ਸਨ। 'ਤੁਸੀਂ ਇਨ੍ਹਾਂ ਵਿਚੋਂ ਜੋ ਵੀ ਚਾਹੋ, ਲੈ ਸਕਦੇ ਹੋ। ਮੇਰੀ ਸੋਚ ਹੈ ਕਿ ਹੁਣ ਤੁਹਾਨੂੰ ਮੇਰੇ ਬਾਰੇ ਸਾਰੀ ਜਾਣਕਾਰੀ ਹੈ। ਤੁਸੀਂ ਫਿਲਮ ਕਦੋਂ ਸ਼ੂਟ ਕਰਨ ਜਾ ਰਹੇ ਹੋ?' ਉਹ ਪੂਰਾ ਉਤਸੁਕ ਸੀ, ਉਸ ਦੀ ਜਿਸਮਾਨੀ ਨਕਲੋ-ਹਰਕਤ ਤੋਂ ਇਹ ਸਾਫ਼ ਜ਼ਾਹਿਰ ਹੋ ਰਿਹਾ ਸੀ। ਉਸ ਨੇ ਆਪਣੇ ਲਾਹੇ ਲਈ ਸਾਡੇ ਕੋਲ ਕੁਝ ਵਧੇਰੇ ਹੀ ਉਗ਼ਲ ਦਿਤਾ ਸੀ। ਜਦੋਂ ਉਸ ਨੂੰ ਸੂਬੇ ਦੇ ਏ.ਟੀ.ਐਸ. ਦਾ ਮੁਖੀ ਬਣਾਇਆ ਗਿਆ, ਤਤਕਾਲੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਉਸ ਦੇ ਬੰਗਲੇ ਵਿਚ ਦੇਰ ਰਾਤ ਉਸ ਦੀਆਂ ਜੋ ਖੁਫ਼ੀਆ ਮੀਟਿੰਗਾਂ ਹੋਈਆਂ ਅਤੇ ਜਿਸ ਨੇ ਇਕ ਵਾਰ ਉਸ ਨੂੰ ਇਕ ਹਵਾਲਾਤੀ ਨੂੰ ਮਾਰਨ ਲਈ ਕਿਹਾ, ਇਸ ਸਭ ਕਾਸੇ ਦੇ ਸਮੇਂ ਦਾ ਵੇਰਵਾ। ਹਰ ਵਾਰ ਜਦੋਂ ਮੈਂ ਰਾਜਨ ਪ੍ਰਿਯਾਦਰਸ਼ੀ ਨੂੰ ਮਿਲੀ, ਮੈਨੂੰ ਮਹਿਸੂਸ ਹੁੰਦਾ ਕਿ ਮੈਂ ਵਧੇਰੇ ਹੀ ਹਾਸਲ ਕਰਕੇ ਮੁੜੀ ਸੀ।

**(ਚਲਦਾ)**



*ਨਰੋਦਾ ਪਾਟੀਆ ਵਿਚ ਹਿੰਸਾ ਦੀ ਮਾਰ ਹੇਠ ਆਈ ਇਕ ਗਰਭਵਤੀ ਔਰਤ ਜਿਸ ਦਾ ਢਿੱਡ ਹਮਲਾਵਰ ਬਜਰੰਗੀ ਬਾਬੂ ਨੇ ਪਾੜ ਘੱਤਿਆ ਸੀ।*

*ਮਾਈਕ ਅਤੇ ਮੈਂ ਰਾਜਨ ਪ੍ਰਿਯਾਦਰਸ਼ੀ ਨੂੰ ਮਿਲੇ। ਮੈਂ ਨਹੀਂ ਸੋਚਦੀ ਕਿ ਅਸੀਂ 60 ਕੁ ਸਾਲ ਦੀ ਉਮਰ ਦੇ ਇਸ ਬੰਦੇ ਨਾਲ ਆਪਣੀ ਪਹਿਲੀ ਮਿਲਣੀ ਨੂੰ ਕਦੇ ਭੁੱਲ ਸਕਦੇ ਹਾਂ। ਅਹਿਮਦਾਬਾਦ-ਨਰੋਦਾ ਪਾਟੀਆ ਦੇ ਮੱਧ ਵਰਗੀ ਇਲਾਕੇ ਵਿਚ ਉਸ ਦਾ ਇਕ ਮੰਜ਼ਿਲਾ ਬੰਗਲਾ ਸੀ। ਇਹ ਉਹੀ ਵੋਟਰ ਹਲਕਾ ਸੀ ਜਿਥੋਂ ਸਾਡੀ ਇਕ ਹੋਰ ਪਾਤਰ ਮਾਇਆ ਕੋਡਨਾਨੀ ਐਮ.ਐਲ.ਏ. ਸੀ। ਇਹ ਉਹ ਇਲਾਕਾ ਵੀ ਸੀ ਜਿਥੇ ਸਭ ਤੋਂ ਘਿਨਾਉਣੀ ਫਿਰਕੂ ਹਿੰਸਾ ਹੋਈ ਸੀ ਅਤੇ ਜਿਥੇ ਸਭ ਤੋਂ ਵੱਧ ਜਾਨੀ ਨੁਕਸਾਨ ਹੋਇਆ ਸੀ।*

# ਅਲਵਿਦਾ ਓਮ...

ਪੰਜਾਬ ਤੋਂ ਉਠਿਆ ਉਮਦਾ ਕਲਾਕਾਰ ਓਮ ਪੁਰੀ ਮੁੰਬਈ ਜਾ ਕੇ ਆਪਣੀ ਕਹਾਣੀ ਆਪ ਕਹਿਣ ਵਿਚ ਬੜਾ ਕਾਮਯਾਬ ਰਿਹਾ, ਪਰ 6 ਜਨਵਰੀ 2017 ਦੀ ਸਵੇਰ ਨੂੰ ਜਦੋਂ ਉਸ ਦਾ ਸਰੀਰਕ ਅੰਤ ਹੋਇਆ ਤਾਂ ਵੀ ਉਸ ਨਾਲ ਕਈ ਕਥਾ-ਕਹਾਣੀਆਂ ਜੁੜ ਗਈਆਂ। ਉਸ ਦੀ ਮੌਤ, ਖੁਦ ਇਕ ਕਹਾਣੀ ਬਣ ਗਈ ਹੈ ਅਤੇ ਅਖ਼ਬਾਰਾਂ ਵਿਚ ਉਸ ਬਾਰੇ ਨਿੱਤ ਨਵੇਂ ਕਿੱਸੇ ਛਪ ਰਹੇ ਹਨ।

ਓਮ ਪੁਰੀ ਜਿਸ ਦਾ ਪੂਰਾ ਨਾਂ ਓਮ ਪ੍ਰਕਾਸ਼ ਪੁਰੀ ਸੀ, ਦਾ ਜਨਮ 18 ਅਕਤੂਬਰ 1950 ਨੂੰ ਹੋਇਆ। ਉਸ ਦੇ ਪਿਤਾ ਨੇ ਰੇਲਵੇ ਅਤੇ ਫੌਜ ਵਿਚ ਕੰਮ ਕੀਤਾ, ਪਰ ਘਰ ਦੇ ਹਾਲਾਤ ਅਜਿਹੇ ਬਣੇ ਕਿ ਉਸ ਨੂੰ ਪਟਿਆਲਾ ਨੇੜਲੇ ਆਪਣੇ ਨਾਨਕੇ ਪਿੰਡ ਸਨੌਰ ਵਿਚ


**ਗੁਰਜੰਟ ਸਿੰਘ**


ਆਪਣੇ ਮਾਮਿਆਂ ਕੋਲ ਡੇਰਾ ਲਾਉਣਾ ਪਿਆ। ਉਥੋਂ ਹੀ ਉਹਦੀ ਅਦਾਕਾਰੀ ਦਾ ਆਰੰਭ ਹੋਇਆ, ਇਸੇ ਸ਼ੌਕ ਕਰ ਕੇ ਉਹਨੇ ਦਿੱਲੀ ਵਿਚ ਨੈਸ਼ਨਲ ਸਕੂਲ ਆਫ ਡਰਾਮਾ ਅਤੇ ਪੁਣੇ ਦੀ ਵੱਕਾਰੀ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਆਫ਼ ਇੰਡੀਆ ਤੋਂ ਅਦਾਕਾਰੀ ਦੇ ਗੁਰ ਸਿੱਖੇ, ਆਪਣੀ ਸਾਧਾਰਨ ਸੂਰਤ ਦੇ ਬਾਵਜੂਦ ਆਪਣੀ ਅਦਾਕਰੀ ਦੇ ਸਿਰ ਉਤੇ ਫਿਲਮ ਸੰਸਾਰ ਵਿਚ ਧੁੰਮਾਂ ਪਾਈਆਂ, ਸਿਰਫ਼ ਭਾਰਤ ਵਿਚ ਹੀ ਨਹੀਂ ਸਗੋਂ ਦੇਸ਼-ਵਿਦੇਸ਼ ਵਿਚ ਵੀ। ਅੰਗੇਰਜ਼ੀ ਦੀ ਘੱਟ ਮੁਹਾਰਤ ਦੇ ਬਾਵਜੂਦ ਉਸ ਨੇ ਤਕਰੀਬਨ ਦੋ ਦਰਜਨ ਅੰਗਰੇਜ਼ੀ ਫਿਲਮਾਂ ਵਿਚ ਆਪਣੀ ਕਲਾ ਦੇ ਜੌਹਰ ਦਿਖਾਏ।

ਓਮ ਪੁਰੀ ਦੀ ਪਹਿਲੀ ਫਿਲਮ 'ਘਾਸੀਰਾਮ ਕੋਤਵਾਲ' ਸੀ ਜੋ 1972 ਵਿਚ ਬਣੀ ਸੀ। ਇਹ ਮਰਾਠੀ ਫਿਲਮ ਸੀ ਅਤੇ ਨਾਟਕ 'ਘਾਸੀਰਾਮ ਕੋਤਵਾਲ' ਉਤੇ ਹੀ ਆਧਾਰਤ ਸੀ। 1977 ਵਿਚ ਉਸ ਦੀਆਂ ਤਿੰਨ ਫਿਲਮਾਂ 'ਗੋਧੂਲੀ', 'ਭੂਮਿਕਾ' ਤੇ 'ਤਬਲਿਊ ਨੀਨਾਦੇ ਮਗਨੇ' (ਕੰਨੜ) ਰਿਲੀਜ਼ ਹੋਈਆਂ। ਇਸ ਤੋਂ ਬਾਅਦ 1978 ਅਤੇ 1980 ਵਿਚ ਆਈਆਂ ਫਿਲਮਾਂ, ਕ੍ਰਮਵਾਰ 'ਅਰਵਿੰਦ ਦੇਸਾਈ ਦੀ ਅਜੀਬ ਦਾਸਤਾਨ' ਅਤੇ 'ਅਲਬਰਟ ਪਿੰਟੋ ਕੋ ਗੁੱਸਾ ਕਿਊਂ ਆਤਾ ਹੈ' ਵਿਚ ਉਸ ਨੇ ਅਹਿਮ ਕਿਰਦਾਰ ਨਿਭਾਏ, ਪਰ ਉਸ ਦੀ ਅਸਲੀ ਪਛਾਣ ਗੋਵਿੰਦ ਨਿਹਲਾਨੀ ਦੀ 1980 ਵਿਚ ਹੀ ਬਣੀ ਫਿਲਮ ਫਿਲਮ 'ਆਕ੍ਰੋਸ਼' ਨਾਲ ਬਣੀ। ਇਸ ਫਿਲਮ ਲਈ ਉਸ ਨੂੰ ਫਿਲਮਫੇਅਰ ਦਾ ਸਰਵੋਤਮ ਸਹਾਇਕ ਅਦਾਕਾਰ ਦਾ ਪੁਰਸਕਾਰ ਵੀ ਮਿਲਿਆ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ! ਫਿਰ ਉਸ ਨੇ ਕਦੀ ਪਿਛੇ ਮੁੜ ਕੇ ਨਹੀਂ ਦੇਖਿਆ ਅਤੇ ਸਦਗਤੀ, ਅਰਧ ਸੱਤਿਆ, ਮਿਰਚ ਮਸਾਲਾ, ਆਘਾਤ, ਘਾਇਲ, ਸਿਟੀ ਆਫ਼ ਜੁਆਏ, ਮਾਇਆ ਮੇਮ ਸਾਹਿਬ, ਪਤੰਗ, ਧ੍ਰੋਹ ਕਾਲ, ਵੋਹ ਛੋਕਰੀ ਵਰਗੀਆਂ ਯਾਦਗਾਰੀ ਫਿਲਮਾਂ ਵਿਚ ਕੰਮ ਕੀਤਾ। ਉਹ ਸਾਰਥਕ ਸਿਨੇਮਾ ਵਜੋਂ ਮਸ਼ਹੂਰ ਹੋਈਆਂ ਕਲਾ ਫਿਲਮਾਂ ਦਾ ਸ਼ਾਹਸਵਾਰ ਸੀ, ਪਰ ਉਸ ਨੇ ਵਾਪਰਕ ਫਿਲਮਾਂ ਵਿਚ ਵੀ ਸਫ਼ਲਤਾ ਦੇ ਝੰਡੇ ਖੂਬ ਗੱਡੇ।

ਉਂਝ ਉਸ ਦੇ ਬਚਪਨ ਵਾਂਗ ਉਸ ਦਾ ਵਿਆਹੁਤਾ ਜੀਵਨ ਬਹੁਤਾ ਸੁਖਾਲਾ ਨਹੀਂ ਰਿਹਾ। ਉਸ ਨੇ ਦੋ ਵਿਆਹ ਕਰਵਾਏ; ਪਹਿਲਾ ਸੀਮਾ ਕਪੂਰ ਨਾਲ ਅਤੇ ਫਿਰ ਨੰਦਿਤਾ ਸੀ. ਪੁਰੀ ਨਾਲ ਪਰ ਗੱਲ ਬਣ ਨਾ ਸਕੀ। ਨੰਦਿਤਾ ਤੋਂ ਉਸ ਦਾ ਪੁੱਤਰ ਈਸ਼ਾਨ ਪੈਦਾ ਹੋਇਆ। ਈਸ਼ਾਨ ਅਤੇ ਨੰਦਿਤਾ ਅੱਜ ਕੱਲ੍ਹ ਵੱਖਰੇ ਰਹਿ ਰਹੇ ਸਨ ਅਤੇ ਕਿਹਾ ਜਾ ਰਿਹਾ ਹੈ ਕਿ ਮੌਤ ਤੋਂ ਇਕ ਦਿਨ ਪਹਿਲਾਂ ਉਹ ਆਪਣੇ ਪੁੱਤਰ ਨੂੰ ਮਿਲਣ ਲਈ ਤੜਫ ਰਿਹਾ ਸੀ। ਉਸ ਦੀ ਮੌਤ ਬਾਰੇ ਪਹਿਲਾਂ ਇਹ ਖ਼ਬਰ ਆਈ ਕਿ ਮੌਤ ਦਿਲ ਦੇ ਦੌਰੇ ਕਾਰਨ ਹੋਈ ਹੈ, ਪਰ ਮਗਰੋਂ ਇਹ ਗੱਲ ਸਾਹਮਣੇ ਆਈ ਕਿ ਉਸ ਦੇ ਸਿਰ ਉਤੇ ਸੱਟ ਦਾ ਡੂੰਘਾ ਨਿਸ਼ਾਨ ਸੀ। ਹੁਣ ਪੁਲਿਸ ਅਧਿਕਾਰੀ ਉਸ ਦੇ ਨੇੜਲਿਆਂ ਅਤੇ ਪਤਨੀ ਤੋਂ ਇਸ ਬਾਰੇ ਛਾਣ-ਬੀਣ ਕਰ ਰਹੇ ਹਨ।


ਕੁਝ ਵੀ ਹੋਵੇ ਫਿਲਮ ਸੰਸਾਰ ਵਿਚ ਓਮ ਪੁਰੀ ਦਾ ਯੋਗਦਾਨ ਭੁੱਲਿਆ ਨਹੀਂ ਜਾ ਸਕੇਗਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਉਸ ਦੀ ਅਦਾਕਾਰੀ ਤੋਂ ਪ੍ਰੇਰਨਾ ਲੈਂਦੀਆਂ ਰਹਿਣਗੀਆਂ। ਅਸਲ ਵਿਚ ਯਾਦਗਾਰੀ ਫਿਲਮਾਂ ਵਿਚ ਯਾਦਗਾਰੀ ਕਿਰਦਾਰ ਅਦਾ ਕਰ ਕੇ ਓਮ ਪੁਰੀ ਨੇ ਆਪਣਾ ਨਾਂ ਫਿਲਮ ਸੰਸਾਰ ਵਿਚ ਅਮਰ ਕਰ ਲਿਆ ਹੈ। ਉਸ ਦਾ ਮਿੱਤਰ ਅਤੇ ਅਦਾਕਾਰ ਨਸੀਰੂਦੀਨਸ਼ਾਹ ਤਾਂ ਉਸ ਦੀ ਅਦਾਕਾਰੀ ਤੋਂ ਵਾਰੇ-ਵਾਰੇ ਜਾਂਦਾ ਹੈ। ਇਨ੍ਹਾਂ ਦੋਵਾਂ ਨੇ ਕਈ ਫਿਲਮਾਂ ਵਿਚ ਇਕੱਠਿਆਂ ਕੰਮ ਕੀਤਾ।








*ਫਿਲਮ 'ਸਿਟੀ ਆਫ ਜੁਆਏ' ਅਤੇ 'ਸਦਗਤੀ' ਦੀਆਂ ਦੋ ਝਲਕੀਆਂ।*








*ਵੱਖਰੇ ਅੰਦਾਜ਼ ਵਾਲੇ ਅਦਾਕਾਰ ਓਮ ਪੁਰੀ ਦੀਆਂ ਵੱਖ-ਵੱਖ ਤਸਵੀਰਾਂ।*

# ਹਿੰਦੀ ਮੀਡੀਅਮ: ਇਰਫਾਨ ਤੇ ਸਬਾ ਦੀ ਗੱਲ



*ਫਿਲਮ 'ਹਿੰਦੀ ਮੀਡੀਅਮ' ਵਿਚ ਸਬਾ ਕਮਰ ਅਤੇ ਇਰਫਾਨ ਖਾਨ।*

ਵੱਖਰੇ ਕਿਰਦਾਰਾਂ ਵਾਲੀਆਂ ਅਲੱਗ ਜਿਹੀਆਂ ਫਿਲਮਾਂ ਬਣਾਉਣ ਲਈ ਮਸ਼ਹੂਰ ਅਦਾਕਾਰ ਇਰਫ਼ਾਨ ਖਾਨ ਦੀ ਇਕ ਹੋਰ ਵੱਖਰੀ ਫਿਲਮ 'ਹਿੰਦੀ ਮੀਡੀਅਮ' ਆ ਰਹੀ ਹੈ। ਸਾਕੇਤ ਚੌਧਰੀ ਦੇ ਨਿਰਦੇਸ਼ਨ ਹੇਠ ਬਣੀ ਇਹ ਫਿਲਮ ਇਸੇ ਸਾਲ 31 ਮਾਰਚ ਨੂੰ ਰਿਲੀਜ਼ ਹੋ ਰਹੀ ਹੈ। ਇਸ ਫਿਲਮ ਵਿਚ ਇਰਫਾਨ ਦੀ ਜੋੜੀ ਪਾਕਿਸਤਾਨੀ ਅਦਾਕਾਰਾ ਸਬਾ ਕਮਰ ਜ਼ਮਾਨ ਨਾਲ ਹੈ। ਯਾਦ ਰਹੇ ਕਿ ਸਿਆਸੀ ਕਾਰਨਾਂ ਕਰ ਕੇ ਪਾਕਿਸਤਾਨੀ ਕਲਾਕਾਰਾਂ ਖਿਲਾਫ਼ ਕਾਫ਼ੀ ਰੋਸ ਉਠਣ ਤੋਂ ਬਾਅਦ ਉਨ੍ਹਾਂ ਦੀਆਂ ਫਿਲਮਾਂ ਰਿਲੀਜ਼ ਹੋਣ ਬਾਰੇ ਅੱਜ ਕੱਲ੍ਹ ਖਦਸ਼ਾ ਹੀ ਰਹਿੰਦਾ ਹੈ, ਪਰ ਇਰਫ਼ਾਨ ਖਾਨ ਆਖਦਾ ਹੈ ਕਿ ਜਿਨ੍ਹਾਂ ਫਿਲਮਾਂ ਉਤੇ ਪਹਿਲਾਂ ਹੀ ਪੈਸਾ ਲੱਗਿਆ ਹੋਇਆ ਹੈ, ਉਨ੍ਹਾਂ ਫਿਲਮਾਂ ਨੂੰ ਇਉਂ ਨਿਸ਼ਾਨਾ ਨਹੀਂ ਬਣਾਉਣਾ ਚਾਹੀਦਾ। ਉਂਝ ਵੀ ਪਾਕਿਸਤਾਨ ਨਾਲ ਸਿਆਸੀ ਦੁਸ਼ਮਣੀ ਦਾ ਅਸਰ ਕਲਾਕਾਰਾਂ 'ਤੇ ਨਹੀਂ ਪੈਣਾ ਚਾਹੀਦਾ, ਕਿਉਂਕਿ ਕਲਾਕਾਰ ਸਭ ਦੇਸ਼ਾਂ ਦੇ ਸਾਂਝੇ ਹੁੰਦੇ ਹਨ; ਇਸ ਲਈ ਹੁਣ ਸਾਨੂੰ ਪਾਕਿਸਤਾਨੀ ਕਲਾਕਾਰਾਂ ਦਾ ਸਵਾਗਤ ਕਰਨਾ ਚਾਹੀਦਾ ਹੈ। ਚੇਤੇ ਰਹੇ ਕਿ ਸ਼ਾਹਰੁਖ ਖਾਨ ਦੀ ਫਿਲਮ 'ਰਈਸ' ਵੀ 25 ਜਨਵਰੀ ਨੂੰ ਰਿਲੀਜ਼ ਹੋ ਰਹੀ ਹੈ। ਇਸ ਫਿਲਮ ਵਿਚ ਨਾਇਕਾ ਵਜੋਂ ਪਾਕਿਸਤਾਨੀ ਸਟਾਰ ਅਦਾਕਾਰਾ ਮਹੀਰਾ ਖਾਨ ਨੇ ਕਿਰਦਾਰ ਨਿਭਾਇਆ ਹੈ।

ਸਬਾ ਕਮਰ ਜਿਸ ਦਾ ਜਨਮ 5 ਅਪਰੈਲ 1984 ਨੂੰ ਹੈਦਾਰਾਬਾਦ (ਪਾਕਿਸਤਾਨ) ਵਿਚ

**ਕੀਰਤ ਕਾਸ਼ਨੀ**


ਹੋਇਆ, ਗੁਜਰਾਂਵਾਲਾ ਤੋਂ ਲਾਹੌਰ ਪੜ੍ਹਨ ਗਈ ਸੀ, ਪਰ ਉਥੇ ਉਸ ਦਾ ਸ਼ੌਕ ਅਦਾਕਾਰੀ ਵੱਲ ਹੋ ਗਿਆ। ਸਾਲ 2004 ਵਿਚ ਨਾਟਕ 'ਮੈਂ ਔਰਤ ਹੂੰ' ਨਾਲ ਉਸ ਨੇ ਆਪਣਾ ਕਰੀਅਰ ਸ਼ੁਰੂ ਕੀਤਾ ਅਤੇ ਛੇਤੀ ਹੀ ਆਪਣੀ ਸਫ਼ਲਤਾ ਲਈ ਰਾਹ ਮੋਕਲਾ ਕਰ ਲਿਆ। ਉਸ ਨੇ ਬਹੁਤ ਸਾਰੇ ਇਨਾਮ ਹਾਸਲ ਕੀਤੇ। 2013 ਵਿਚ ਉਸ ਨੇ ਟੈਲੀਫ਼ਿਲਮ 'ਆਈਨਾ' ਵਿਚ ਆਪਣੀ ਛਾਪ ਛੱਡੀ ਅਤੇ ਫਿਰ 2014 ਵਿਚ ਉਸ ਨੇ ਪ੍ਰਸਿਧ ਫਿਲਮਸਾਜ਼ ਸਰਮਦ ਸੁਲਤਾਨ ਖੂਸਟ ਦੀ ਫਿਲਮ 'ਮੈਂ ਮੰਟੋ' ਵਿਚ ਅਹਿਮ ਕਿਰਦਾਰ ਨਿਭਾਇਆ। ਇਸ ਤੋਂ ਬਾਅਦ ਉਹ 'ਲਾਹੌਰ ਸੇ ਆਗੇ' ਫਿਲਮ ਵਿਚ ਵੀ ਦਿਖਾਈ ਦਿੱਤੀ। 'ਹਿੰਦੀ ਮੀਡੀਅਮ' ਉਸ ਦੀ ਪਹਿਲੀ ਹਿੰਦੀ/ਬੌਲੀਵੁੱਡ ਫਿਲਮ ਹੈ ਅਤੇ ਇਹ ਫਿਲਮ ਨਵੀਂ ਦਿੱਲੀ ਵਿਚ ਚਾਂਦਨੀ ਚੌਕ ਵਿਚ ਰਹਿੰਦੇ ਇਕ ਜੋੜੇ ਦੁਆਲੇ ਬੁਣੀ ਗਈ ਹੈ।



*ਸਬਾ ਕਮਰ*

ਸਬਾ ਕਮਰ ਨੇ ਦਾਸਤਾਨ, ਮਾਤ, ਥਕਾਨ, ਪਾਣੀ ਜੈਸਾ ਪਿਆਰ, ਮੈਂ ਚਾਦ ਸੀ ਵਰਗੇ ਟੈਲੀਵਿਜ਼ਨ ਲੜੀਵਾਰਾਂ ਵਿਚ ਕੰਮ ਕੀਤਾ ਹੈ, ਉਸ ਦੀ ਅਗਲੀ ਫਿਲਮ 'ਕਮਬਖ਼ਤ' ਬਣ ਕੇ ਤਿਆਰ ਹੈ। ਇਹ ਪਾਕਿਸਤਾਨੀ ਫਿਲਮ ਇਕ ਅੱਧਖੜ ਬੰਦੇ ਦੁਆਲੇ ਘੁੰਮਦੀ ਹੈ ਜੋ ਪਖਤੂਨਖਵਾ ਦੇ ਪਛੜੇ ਇਲਾਕੇ ਵਿਚੋਂ ਆਇਆ ਹੈ ਅਤੇ ਉਸ ਦਾ ਮੇਲ ਸ਼ਹਿਰੀ ਨੌਜਵਾਨ ਨਾਲ ਹੋ ਜਾਂਦਾ ਹੈ। ਫਿਲਮ ਦੋਹਾਂ ਦੀ ਦੋਸਤੀ ਦੀ ਕਹਾਣੀ ਹੈ।

# ਅਲੱਗ ਅਦਾ ਵਾਲਾ ਓਮ



***ਅਦਾਕਾਰ ਓਮ ਪੁਰੀ ਨੇ ਪੌੜੀ ਦੇ ਐਨ ਹੇਠਲੇ ਪੌਡੇ ਤੋਂ ਆਪਣੀ ਜ਼ਿੰਦਗੀ ਅਤੇ ਕਰੀਅਰ ਦੀ ਸ਼ੁਰੂਆਤ ਕੀਤੀ, ਪਰ ਉਹ ਆਪਣੀ ਮਿਹਨਤ ਅਤੇ ਲਗਨ ਨਾਲ ਗੁਰਬਤ ਦੀਆਂ ਗਲੀਆਂ ਵਿਚੋਂ ਉਠ ਕੇ ਕੌਮਾਂਤਰੀ ਪੱਧਰ ਉਤੇ ਛਾ ਗਿਆ। ਉਸ ਦੀ ਪੱਤਰਕਾਰ/ਲੇਖਕ ਪਤਨੀ ਨੰਦਿਤਾ ਸੀ. ਪੁਰੀ ਨੇ ਅੰਗਰੇਜ਼ੀ ਜ਼ੁਬਾਨ ਵਿਚ ਉਸ ਦੀ ਜੀਵਨੀ 'ਅਨਲਾਈਕਲੀ ਹੀਰੋ: ਓਮ ਪੁਰੀ' ਲਿਖੀ ਹੈ। ਇਸ ਕਿਤਾਬ ਦਾ ਪੰਜਾਬੀ ਤਰਜਮਾ (ਜ਼ਿੰਦਗੀ ਦਾ ਨਾਇਕ: ਓਮ ਪੁਰੀ) ਅਰਵਿੰਦਰ ਜੌਹਲ ਨੇ ਕੀਤਾ ਹੈ। ਇਸ ਕਿਤਾਬ ਵਿਚ ਓਮ ਪੁਰੀ ਦੀ ਜ਼ਿੰਦਗੀ ਅਤੇ ਫਿਲਮੀ ਕਰੀਅਰ ਬਾਰੇ ਵੱਖਰੇ ਹੀ ਦਰਸ਼ਨ ਹੁੰਦੇ ਹਨ। ਅਸੀਂ ਆਪਣੇ ਪਾਠਕਾਂ ਲਈ ਇਸ ਕਿਤਾਬ ਦੇ ਕੁਝ ਅੰਸ਼ ਪੇਸ਼ ਕਰ ਰਹੇ ਹਾਂ। -ਸੰਪਾਦਕ***

ਓਮ ਪੁਰੀ ਦਾ ਜਨਮ ਅੰਬਾਲਾ (ਉਸ ਸਮੇਂ ਪੰਜਾਬ, ਹੁਣ ਹਰਿਆਣਾ) ਵਿਚ ਹੋਇਆ, ਪਰ ਉਸ ਦੀ ਜਨਮ ਤਾਰੀਖ ਅਤੇ ਸਾਲ ਬਾਰੇ ਕਿਸੇ ਨੂੰ ਕੁਝ ਪੱਕਾ ਪਤਾ ਨਹੀਂ। ਨਾ ਤਾਂ ਉਸ ਦੇ ਕੋਲ ਕੋਈ ਜਨਮ ਸਰਟੀਫਿਕੇਟ ਹੈ ਅਤੇ ਨਾ ਹੀ ਕੋਈ ਹੋਰ ਰਿਕਾਰਡ। ਘਰਦਿਆਂ ਨੂੰ ਵੀ ਇਹ ਪੱਕਾ ਪਤਾ ਨਹੀਂ ਕਿ ਉਸ ਦਾ ਜਨਮ 1949 ਵਿਚ ਹੋਇਆ ਜਾਂ 1950 ਵਿਚ। ਓਮ ਜਦੋਂ ਵੀ ਆਪਣੀ ਮਾਂ ਤਾਰਾ ਦੇਵੀ ਤੋਂ ਆਪਣੇ ਜਨਮ ਦੀ ਤਾਰੀਖ ਬਾਰੇ ਪੁੱਛਦਾ ਤਾਂ ਉਸ ਦਾ ਜਵਾਬ ਹੁੰਦਾ, "ਤੇਰਾ ਜਨਮ ਦਸਹਿਰੇ ਤੋਂ ਦੋ ਦਿਨ ਬਾਅਦ ਹੋਇਆ ਸੀ।"

ਬਾਅਦ ਵਿਚ ਜਦੋਂ ਓਮ ਨੂੰ ਪਟਿਆਲਾ ਨੇੜਲੇ ਪਿੰਡ ਸਨੌਰ ਦੇ ਸਰਕਾਰੀ ਸਕੂਲ ਵਿਚ ਦਾਖ਼ਲ ਕਰਵਾਇਆ ਗਿਆ ਤਾਂ ਉਸ ਦੇ ਕਿਸੇ ਮਾਮੇ ਨੇ ਸਕੂਲ ਦੇ ਦਾਖ਼ਲਾ ਰਜਿਸਟਰ ਵਿਚ ਉਸ ਦੀ ਜਨਮ ਤਾਰੀਖ 9 ਮਾਰਚ 1950 ਲਿਖਵਾ ਦਿਤੀ। ਸਰਕਾਰੀ ਰਿਕਾਰਡ ਵਿਚ ਓਮ ਦੀ ਜਨਮ ਤਾਰੀਖ ਇਹੀ ਚੱਲਦੀ ਰਹੀ। ਕੁਝ ਸਾਲਾਂ ਮਗਰੋਂ ਜਦੋਂ ਓਮ ਬੰਬਈ ਪੁੱਜ ਗਿਆ ਤਾਂ ਉਸ ਨੇ ਆਪਣੀ ਨਵੀਂ ਜਨਮ ਤਾਰੀਖ ਤੈਅ ਕਰਨ ਬਾਰੇ ਸੋਚਿਆ। ਉਸ ਸਾਲ ਉਸ ਨੇ ਦਸਹਿਰੇ ਤੋਂ ਦੋ ਦਿਨ ਬਾਅਦ ਦੀ ਤਾਰਖੀ ਦੇਖ ਕੇ 18 ਅਕਤੂਬਰ ਨੂੰ ਆਪਣਾ ਜਨਮ ਦਿਨ ਮਨਾਉਣ ਦਾ ਫੈਸਲਾ ਕੀਤਾ। ਉਦੋਂ ਤੋਂ ਉਹ ਇਸੇ ਦਿਨ ਆਪਣੇ ਪਰਿਵਾਰ ਤੇ ਮਿੱਤਰਾਂ ਨਾਲ ਆਪਣਾ ਜਨਮ ਦਿਨ ਮਨਾਉਂਦਾ ਹੈ। ਉਦੋਂ ਤੋਂ ਸਾਲ ਵਿਚ ਦੋ ਵਾਰ ਓਮ ਨੂੰ ਜਨਮ ਦਿਨ ਦੀਆਂ ਵਧਾਈਆਂ ਮਿਲਦੀਆਂ ਹਨ। ਆਪਣੇ ਜਨਮ ਦਿਨ ਦੀ ਤਾਰੀਖ ਖੁਦ ਮਿਥਣ ਲਈ ਉਸ ਨੂੰ ਲੰਬਾ ਅਰਸਾ ਲੱਗਿਆ, ਕਿਉਂਕਿ ਸਕੂਲ ਕਾਲਜ ਦੇ ਦਿਨਾਂ ਦੌਰਾਨ ਤਾਂ ਓਮ ਨੂੰ ਆਪਣਾ ਜਨਮ ਦਿਨ ਮਨਾਉਣ ਦਾ ਕਦੇ ਚੇਤਾ ਹੀ ਨਹੀਂ ਸੀ ਆਇਆ। ਜਦੋਂ ਤੱਕ ਮਾਂ ਜਿਉਂਦੀ ਸੀ ਤਾਂ ਉਸ ਹਰ ਸਾਲ ਦਸਹਿਰੇ ਤੋਂ ਦੋ ਦਿਨ ਬਾਅਦ ਉਸ ਲਈ ਖੀਰ ਬਣਾਉਂਦੀ ਸੀ। ਇਸੇ ਮੌਕੇ ਇਸ ਤੋਂ ਇਲਾਵਾ ਕਦੇ ਕੋਈ ਹੋਰ ਜਸ਼ਨ ਨਹੀਂ ਸੀ ਮਨਾਇਆ ਜਾਂਦਾ ਤੇ ਇਸ ਤਰ੍ਹਾਂ ਦੇਸ਼ ਦੇ ਇਸ ਮਹਾਨ ਕਲਾਕਾਰ ਦਾ ਜਨਮ ਦਿਨ ਖੀਰ ਬਣਾ ਕੇ ਹੀ ਮਨਾ ਲਿਆ ਜਾਂਦਾ ਸੀ। ਓਮ ਦੇ ਦੋਸਤ ਅਤੇ ਸਾਥੀ ਕਲਾਕਾਰ ਨਸੀਰੂਦੀਨ ਸ਼ਾਹ ਦਾ ਕਹਿਣਾ ਹੈ ਕਿ ਓਮ ਬਾਰੇ ਇਹ ਕਹਿਣਾ ਬਿਲਕੁਲ ਢੁੱਕਵਾਂ ਹੋਵੇਗਾ ਕਿ ਉਹ ਮੂੰਹ ਵਿਚ ਕਾਠ ਦਾ ਚਮਚਾ ਲੈ ਕੇ ਪੈਦਾ ਹੋਇਆ।


ਓਮ, ਟੇਕ ਚੰਦ ਪੁਰੀ ਅਤੇ ਤਾਰਾ ਦੇਵੀ ਦੀ ਸਭ ਤੋਂ ਛੋਟੀ ਸੰਤਾਨ ਸੀ। ਉਸ ਦੇ ਹੋਰ ਅੱਠ ਭੈਣਾਂ ਅਤੇ ਭਰਾ ਹੋਏ, ਪਰ ਜਿਉਂਦਾ ਸਿਰਫ਼ ਵੇਦ ਹੀ ਬਚਿਆ। ਉਸ ਦੇ ਬਾਕੀ ਭੈਣ ਭਰਾ ਬਚਪਨ ਵਿਚ ਹੀ ਇਲਾਜ ਖੁਣੋਂ ਰੱਬ ਨੂੰ ਪਿਆਰੇ ਹੋ ਗਏ।

---

ਜਦੋਂ ਓਮ ਦਾ ਪਰਿਵਾਰ ਬਠਿੰਡਾ ਆਇਆ ਤਾਂ ਉਸ ਦੀ ਉਮਰ ਸੱਤ ਕੁ ਸਾਲ ਸੀ। ਇਸ ਵੇਲੇ ਓਮ ਦੇ ਪਿਤਾ ਜੋ ਰੇਲਵੇ ਸਟੋਰ ਦੇ ਇੰਚਾਰਜ ਸਨ, ਨੂੰ ਚੋਰੀ ਦੇ ਇਲਜ਼ਾਮ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਇਹ ਚਾਰ ਮਹੀਨੇ ਓਮ ਦੇ ਪਰਿਵਾਰ 'ਤੇ ਬਹੁਤ ਭਾਰੀ ਸਨ। ਇਸ ਵੇਲੇ ਦੀ ਇਕ ਹੋਰ ਘਟਨਾ ਓਮ ਨੂੰ ਯਾਦ ਹੈ ਜਦੋਂ ਉਹ ਆਪਣੀ ਮਾਂ ਨਾਲ ਰੇਡ ਗੱਡੀ ਵਿਚ ਸਫ਼ਰ ਕਰ ਰਿਹਾ ਸੀ ਤਾਂ ਮਾਂ ਨੇ ਰਾਹ ਵਿਚ ਜ਼ੋਰ-ਜ਼ੋਰ ਨਾਲ ਰੋਣਾ ਸ਼ੁਰੂ ਕਰ ਦਿਤਾ। ਜਦੋਂ ਹੋਰ ਮੁਸਾਫਰਾਂ ਨੇ ਉਸ ਦੀ ਮਾਂ ਤੋਂ ਰੋਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਆਪਣੀ ਦੁੱਖ ਭਰੀ ਕਹਾਣੀ ਸੁਣਾ ਦਿਤੀ। ਉਨ੍ਹਾਂ ਵਿਚੋਂ ਕਿਸੇ ਸੱਜਣ ਪੁਰਸ਼ ਨੇ ਖੜ੍ਹੇ ਹੋ ਕੇ ਹੋਰ ਮੁਸਾਫਰਾਂ ਤੋਂ ਕੁਝ ਪੈਸੇ ਇਕੱਠੇ ਕਰ ਕੇ ਉਸ ਦੀ ਮਾਂ ਨੂੰ ਦਿਤੇ ਤਾਂ ਜੋ ਸੰਕਟ ਦੇ ਇਸ ਮੌਕੇ ਉਹ ਘੱਟੋ-ਘੱਟ ਆਪਣੇ ਬੱਚਿਆਂ ਦੇ ਮੂੰਹ ਰੋਟੀ ਦਾ ਟੁਕੜਾ ਤਾਂ ਪਾ ਸਕੇ।

ਇਸੇ ਸਮੇਂ ਦੌਰਾਨ ਦੋ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਦੀ ਚੀਸ ਉਸ ਨੂੰ ਅੱਜ ਵੀ ਮਹਿਸੂਸ ਹੁੰਦੀ ਹੈ। ਇਕ ਚਿੱਟੀਆਂ ਮੁੱਛਾਂ ਵਾਲੇ ਬਜ਼ੁਰਗ ਪੰਡਿਤ ਨੇ ਸੱਤ ਸਾਲਾ ਓਮ ਦਾ ਜਿਨਸੀ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕੀਤੀ। ਛੋਟਾ ਹੋਣ ਕਾਰਨ ਓਮ ਨੂੰ ਭਾਵੇਂ ਕੁਝ ਸਮਝ ਤਾਂ ਨਾ ਆਇਆ, ਪਰ ਉਸ ਨੂੰ ਏਨਾ ਜ਼ਰੂਰ ਲੱਗਿਆ ਕਿ ਪੰਡਿਤ ਵੱਲੋਂ ਕੁਝ ਗ਼ਲਤ ਕੀਤਾ ਜਾ ਰਿਹਾ ਹੈ। ਉਸ ਨੇ ਭਾਵੇਂ ਇਸ ਬਾਰੇ ਆਪਣੀ ਮਾਂ ਕੋਲ ਤਾਂ ਸ਼ਿਕਾਇਤ ਨਾ ਕੀਤੀ, ਪਰ ਉਸ ਨੇ ਪੰਡਿਤ ਦੇ ਘਰ ਜਾਣਾ ਬੰਦ ਕਰ ਦਿਤਾ।

ਇਸ ਸਮੇਂ ਦੌਰਾਨ ਇਕ ਹੋਰ ਘਟਨਾ ਨੇ ਉਸ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰ ਦਿਤਾ ਅਤੇ ਉਹ ਬਹੁਤ ਰੋਇਆ। ਉਸ ਦੇ ਬਾਊ ਜੀ ਅਜੇ ਜੇਲ੍ਹ ਵਿਚ ਹੀ ਬੰਦ ਸਨ ਕਿ ਰੇਲਵੇ ਵਾਲਿਆਂ ਨੇ ਉਨ੍ਹਾਂ ਨੂੰ ਕੁਆਰਟਰ ਖਾਲੀ ਕਰਨ ਲਈ ਕਹਿ ਦਿਤਾ। ਉਸ ਦੀ ਮਾਂ ਤਾਰਾ ਦੇਵੀ ਅਜੇ ਰੇਲਵੇ ਅਧਿਕਾਰੀਆਂ ਕੋਲ ਆਪਣੀ ਫਰਿਆਦ ਲੈ ਕੇ ਜਾਣ ਹੀ ਵਾਲੀ ਸੀ ਕਿ ਉਪਰਲੇ ਅਫਸਰਾਂ ਨੇ ਸਵੀਪਰ ਦੇ ਨਾਲ ਕੋਈ ਬੰਦਾ ਭੇਜ ਕੇ ਪਰਿਵਾਰ ਨੂੰ ਧਮਕੀ ਦਿਤੀ ਕਿ ਜੇ ਉਨ੍ਹਾਂ ਛੇਤੀ ਘਰ ਖਾਲੀ ਨਾ ਕੀਤਾ ਤਾਂ ਉਨ੍ਹਾਂ ਤੋਂ ਘਰ ਜਬਰੀ ਖਾਲੀ ਕਰਵਾ ਲਿਆ ਜਾਵੇਗਾ ਅਤੇ ਅਖੀਰ ਉਨ੍ਹਾਂ ਨੂੰ ਕਾਹਲੀ ਕਾਹਲੀ ਘਰ ਖਾਲੀ ਕਰ ਕੇ 5 ਰੁਪਏ ਮਹੀਨੇ ਦੇ ਕਿਰਾਏ 'ਤੇ ਘਰ ਲੈਣਾ ਪਿਆ। ਆਖਰ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਦੇ ਮੱਦੇਨਜ਼ਰ ਉਸ ਦੇ ਭਰਾ ਵੇਦ ਨੇ ਰੇਲਵੇ ਕੁਲੀ ਅਤੇ ਮਜ਼ਦੂਰ ਵਜੋਂ ਕੰਮ ਕਰਨਾ ਸ਼ੁਰੂ ਕਰ ਦਿਤਾ ਜਦੋਂ ਕਿ ਓਮ ਨੂੰ ਚਾਹ ਦੀ ਦੁਕਾਨ ਵਿਚ ਕੰਮ ਕਰਨਾ ਪਿਆ।




***ਨੰਦਿਤਾ ਪੁਰੀ ਵੱਲੋਂ ਓਮ ਪੁਰੀ ਦੀ ਲਿਖੀ ਜੀਵਨੀ ਦਾ ਟਾਈਟਲ।***

ਇਉਂ ਸੱਤ ਸਾਲ ਦੀ ਛੋਟੀ ਜਿਹੀ ਉਮਰ ਵਿਚ ਹੀ ਓਮ ਚਾਹ ਦੀ ਦੁਕਾਨ ਵਿਚ ਗਿਲਾਸ ਅਤੇ ਕੱਪ ਧੋ ਕੇ ਪਰਿਵਾਰ ਦੀ ਗੱਡੀ ਤੋਰਨ ਵਿਚ ਆਪਣਾ ਮਾਲੀ ਯੋਗਦਾਨ ਪਾਉਣ ਲੱਗਾ। ਇਕ ਸ਼ਾਮ ਚਾਹ ਦੀ ਦੁਕਾਨ ਦਾ ਮਾਲਕ ਦਾਰੂ ਪੀ ਕੇ ਉਨ੍ਹਾਂ ਦੇ ਘਰ ਆਇਆ ਤੇ ਉਸ ਦੀ ਮਾਂ ਨਾਲ ਨੇੜਤਾ ਕਾਇਮ ਕਰਨ ਦਾ ਯਤਨ ਕਰਨ ਲੱਗਾ, ਕਿਉਂਕਿ ਉਸ ਨੂੰ ਪਤਾ ਸੀ ਕਿ ਉਸ ਦਾ ਪਿਤਾ ਜੇਲ੍ਹ ਵਿਚ ਹੈ। ਓਮ ਦੀ ਮਾਂ ਨੇ ਚੰਗੀ ਝਾੜ-ਝੰਬ ਕਰ ਕੇ ਉਸ ਨੂੰ ਘਰੋਂ ਬਾਹਰ ਕੱਢ ਦਿਤਾ। ਓਮ ਨੂੰ ਅੱਜ ਵੀ ਯਾਦ ਹੈ ਕਿ ਜਾਂਦਾ ਹੋਇਆ ਉਹ ਬੰਦਾ ਉਸ ਦੀ ਮਾਂ ਨੂੰ ਕਹਿ ਰਿਹਾ ਸੀ- "ਕੱਲ੍ਹ ਤੋਂ ਆਪਣੇ ਪੁੱਤਰ ਨੂੰ ਮੇਰੀ ਦੁਕਾਨ ਉਤੇ ਨਾ ਭੇਜੀਂ।"

---

ਓਮ ਨੇ 1967 ਵਿਚ ਪਟਿਆਲਾ ਦੇ ਖਾਲਸਾ ਕਾਲਜ ਵਿਚ ਦਾਖ਼ਲਾ ਲਿਆ। ਉਸ ਦਾ ਮੁਖ ਮਕਸਦ ਕਿਸੇ ਨਾ ਕਿਸੇ ਤਰ੍ਹਾਂ ਬੀ.ਏ. ਕਰਨਾ ਸੀ। ਉਹ ਟਿਊਸ਼ਨ ਪੜ੍ਹਾਉਣ ਦੇ ਨਾਲ ਨਾਲ ਕਿਸੇ ਵਕੀਲ ਕੋਲ ਮੁਨਸ਼ੀ ਵਜੋਂ ਵੀ ਕੰਮ ਕਰਦਾ ਸੀ ਜਿਸ ਨਾਲ ਉਸ ਨੂੰ ਹਰ ਮਹੀਨੇ 80 ਰੁਪਏ ਮਿਲ ਜਾਂਦੇ ਸਨ। ਅੱਠ ਮਹੀਨੇ ਮਗਰੋਂ ਜਦੋਂ ਵਕੀਲ ਨੇ ਓਮ ਨੂੰ ਨਾਟਕ ਖੇਡਣ ਲਈ ਦੋ ਮਹੀਨੇ ਦੀ ਛੁੱਟੀ ਦੇਣ ਤੋਂ ਨਾਂਹ ਕਰ ਦਿਤੀ ਤਾਂ ਉਸ ਨੇ ਨਾਟਕ 'ਸਮੁੰਦਰ ਪਾਰ' ਵਿਚ ਮੁੱਖ ਕਿਰਦਾਰ ਨਿਭਾਉਣ ਲਈ ਨੌਕਰੀ ਛੱਡ ਦਿਤੀ। ਉਸ ਦੇ ਕੁਝ ਦੋਸਤਾਂ ਨੇ ਇਹ ਗੱਲ ਕਾਲਜ ਦੇ ਪ੍ਰਿੰਸੀਪਲ ਨੂੰ ਦੱਸ ਦਿਤੀ ਜਿਨ੍ਹਾਂ ਕਾਲਜ ਵਿਚ ਹੀ ਉਸ ਨੂੰ ਲੈਬ ਅਸਿਸਟੈਂਟ ਦੀ ਨੌਕਰੀ ਦੇ ਦਿਤੀ। ਹੁਣ ਉਸ ਨੂੰ 80 ਰੁਪਏ ਮਹੀਨੇ ਦੇ ਥਾਂ 120 ਰੁਪਏ ਮਿਲਣ ਲੱਗੇ, ਪਰ ਉਸ ਦੇ ਜੀਵਨ ਦਾ ਮਹੱਤਵਪੂਰਨ ਸਮਾਂ ਯੂਥ ਫੈਸਟੀਵਲ ਦੌਰਾਨ ਆਇਆ। ਉਦੋਂ ਉਹ ਬੀ.ਏ. ਦੇ ਪਹਿਲੇ ਸਾਲ ਦਾ ਵਿਦਿਆਰਥੀ ਸੀ। ਯੂਥ ਫੈਸਟੀਵਲ ਦੌਰਾਨ ਪੇਸ਼ ਨਾਟਕ ਵਿਚ ਉਸ ਵੱਲੋਂ ਕੀਤੀ ਅਦਾਕਾਰੀ ਨੇ ਉਸ ਨੂੰ ਨਵੇਂ ਸਵੈ-ਵਿਸ਼ਵਾਸ਼ ਨਾਲ ਭਰ ਦਿਤਾ ਅਤੇ ਉਸ ਦੇ ਕਰੀਅਰ ਦੀ ਦਿਸ਼ਾ ਤੈਅ ਕਰਨ ਵਿਚ ਅਹਿਮ ਭੂਮਿਕਾ ਨਿਭਾਈ।


ਆਧੁਨਿਕ ਪੰਜਾਬੀ ਨਾਟਕ ਦੇ ਪਿਤਾਮਾ ਹਰਪਾਲ ਟਿਵਾਣਾ ਨੇ ਓਮ ਦੇ ਕਰੀਅਰ ਨੂੰ ਅਹਿਮ ਮੋੜ ਦਿੱਤਾ। ਖਾਲਸਾ ਕਾਲਜ ਵਿਚ ਯੂਥ ਫੈਸਟੀਵਲ ਦੌਰਾਨ ਟਿਵਾਣਾ ਨੇ ਓਮ ਨੂੰ ਪਹਿਲੀ ਵਾਰ ਨਾਟਕ 'ਅਣਹੋਣੀ' ਵਿਚ ਅਦਾਕਾਰੀ ਕਰਦਿਆਂ ਦੇਖਿਆ। ਇਹ ਨਾਟਕ ਕਪੂਰ ਸਿੰਘ ਘੁੰਮਣ ਦਾ ਲਿਖਿਆ ਹੋਇਆ ਸੀ। ਟਿਵਾਣਾ ਓਮ ਦੀ ਅਦਾਕਾਰੀ ਤੋਂ ਕਾਫੀ ਪ੍ਰਭਾਵਿਤ ਹੋਏ। ਉਹ 'ਪੰਜਾਬ ਕਲਾ ਪੰਚ' ਨਾਮੀ ਨਾਟਕ ਗਰੁੱਪ ਚਲਾਉਂਦੇ ਸਨ। ਉਨ੍ਹਾਂ ਓਮ ਨੂੰ ਆਪਣੇ ਨਾਲ ਕੰਮ ਕਰਨ ਦੀ ਪੇਸ਼ਕਸ਼ ਕੀਤੀ। ਓਮ ਆਪਣੀ ਮਾਲੀ ਹਾਲਤ ਕਾਰਨ ਟਿਵਾਣਾ ਦੇ ਨਾਟਕ ਗਰੁੱਪ ਨਾਲ ਕੰਮ ਕਰਨ ਤੋਂ ਝਿਜਕ ਰਿਹਾ ਸੀ। ਉਸ ਦੀ ਸਮੱਸਿਆ ਪਤਾ ਲੱਗਣ 'ਤੇ ਟਿਵਾਣਾ ਉਸ ਨੂੰ ਤਨਖਾਹ ਵਜੋਂ ਡੇਢ ਸੌ ਰੁਪਏ ਮਹੀਨਾ ਦੇਣ ਲਈ ਰਾਜ਼ੀ ਹੋ ਗਏ।


---

ਓਮ 1976 ਵਿਚ ਬੰਬਈ ਪੁੱਜਿਆ। ਸਭ ਤੋਂ ਪਹਿਲਾਂ ਉਹ ਸ਼ਾਂਤਾਕਰੂਜ਼ ਵਿਚਲੇ ਨਸੀਰ ਦੇ ਪੀ.ਜੀ. ਪਹੁੰਚਿਆ। ਇਸ ਜਗ੍ਹਾ ਨੂੰ ਮਾਰਟਿਨ ਵਿਲਾ ਕਿਹਾ ਜਾਂਦਾ ਹੈ ਜੋ ਸੇਕਰਡ ਹਾਰਟ ਚਰਚ ਦੇ ਪਿਛੇ ਪੈਂਦੀ ਸੀ। ਨਸੀਰ ਦੇ ਨਾਲ ਇਸ ਕਮਰੇ ਵਿਚ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਆਫ ਇੰਡੀਆ (ਐਫ਼.ਟੀ.ਆਈ.ਆਈ.) ਦਾ ਹੀ ਇਕ ਲੜਕਾ ਟਿੱਕਾ ਸਿੰਘ ਰਹਿੰਦਾ ਸੀ। ਮਕਾਨ ਮਾਲਕ ਨੂੰ ਬੇਨਤੀ ਕਰਨ 'ਤੇ ਉਸ ਨੇ ਓਮ ਨੂੰ ਇਕ ਹਫ਼ਤੇ ਲਈ ਉਥੇ ਰਹਿਣ ਦੀ ਆਗਿਆ ਦੇ ਦਿਤੀ, ਪਰ ਜਦੋਂ ਇਕ ਹਫ਼ਤੇ ਦੀ ਥਾਂ 15 ਦਿਨ ਲੰਘ ਗਏ ਤਾਂ ਘਰ ਦੀ ਮਾਲਕਣ ਨੇ ਓਮ ਨੂੰ ਉਥੋਂ ਚਲੇ ਜਾਣ ਲਈ ਕਿਹਾ। ਨਸੀਰ ਨੇ ਆਪਣੇ ਇਕ ਦੋਸਤ ਚਾਵਲਾ ਨੂੰ ਬੁਲਾਇਆ ਜੋ ਮਕਾਨ ਦਿਵਾਉਣ ਵਾਲਾ ਏਜੰਟ ਸੀ। ਉਸ ਨੇ ਓਮ ਨੂੰ ਬਾਂਦਰਾ ਵਿਚ ਪੀ.ਜੀ. ਦਿਵਾ ਦਿਤਾ। ਇਹ ਸੇਂਟ ਐਂਡਰਿਊਜ਼ ਚਰਚ ਦੇ ਨੇੜੇ ਸੇਂਟ ਫਰਾਂਸਿਸ ਰੋਡ 'ਤੇ ਇਕ ਗਲੀ ਵਿਚ ਸੀ।

---

ਹਰ ਕਲਾਕਾਰ ਦੇ ਜੀਵਨ ਵਿਚ ਅਜਿਹਾ ਵੇਲਾ ਵੀ ਆਉਂਦਾ ਹੈ ਜਦੋਂ ਉਸ ਵੱਲੋਂ ਕੀਤਾ ਖਾਸ ਕੰਮ ਉਸ ਦੀ ਪ੍ਰਭਿਤਾ ਦੀ ਪਛਾਣ ਬਣ ਜਾਂਦਾ ਹੈ। ਓਮ ਦੇ ਮਾਮਲੇ ਵਿਚ ਇਹ ਗੱਲ ਫ਼ਿਲਮ 'ਅਰਧ ਸੱਤਿਆ' ਉਤੇ ਬਿਲਕੁਲ ਢੁਕਦੀ ਹੈ। ਇਸ ਫਿਲਮ ਨੇ ਨਾ ਕੇਵਲ ਓਮ ਨੂੰ ਜਾਨਦਾਰ ਕਲਾਕਾਰ ਵਜੋਂ ਸਥਾਪਤ ਕੀਤਾ, ਸਗੋਂ ਇਸ ਨੇ ਓਮ ਦੇ ਜੀਵਨ ਨੂੰ ਬੇਹੱਦ ਮਹੱਤਵਪੂਰਨ ਮੋੜ ਵੀ ਦਿੱਤਾ।



***ਖੱਬਿਓਂ: ਫਿਲਮ ਅਦਾਕਾਰ ਓਮ ਪੁਰੀ, ਪਤਨੀ ਨੰਦਿਤਾ ਪੁਰੀ ਅਤੇ ਪੁੱਤਰ ਈਸ਼ਾਨ ਪੁਰੀ ਨਾਲ; ਪਹਿਲੀ ਪਤਨੀ ਸੀਮਾ ਕਪੂਰ ਅਤੇ (ਐਨ ਸੱਜੇ) ਅੱਲ੍ਹੜ ਉਮਰ ਵੇਲੇ ਦੀ ਇਕ ਦਰਲੱਭ ਤਸਵੀਰ।***


20% OFF
PUNJABI MEGA PACK
$19.99 FOR 24 MONTHS
Save $120 over 2 years
All offers require credit qualification, 2-Year commitment with early termination fee and eAutoPay.
Requires subscription to a qualifying American or DishLATINO package starting at $29.99/mo.
ORDER THROUGH DISH!
Dish.com/Punjabi 1-844-326-9607
dish
YOUR CULTURE AT HOME
PTC PUNJABI
jus punjabi
WILLOW HD
PTC NEWS
JUS one
+5 CHANNELS
Offer for new and qualifying former customers only. Important Terms and Conditions:
Qualification: Advertised price requires credit qualification and eAutoPay. Upfront activation and/or receiver upgrade fees may apply based on credit qualification. Offer ends 4/05/17. 2-Year Commitment: Early termination fee of $20/mo. remaining applies if you cancel early. $120 Savings Offer: Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). NOT included in advertised price (and subject to change): Taxes & surcharges, add-on programming (including premium channels), Protection Plan, and transactional fees. Other: All packages, programming, features, and functionality are subject to change without notice. After 6 mos., you will be billed $8.99/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only.
© 2017 DISH Network L.L.C. All rights reserved.